# ਸਿੱਖ ਰਾਜ ਤੇ ਸ਼ੇਰੇ ਪੰਜਾਬ



ਗਿਆਨੀ ਸੋਹਣ ਸਿੰਘ ਸੀਤਲ

Sri Satguru Jagjit Singh Ji eLibrary NamdhariElibrary@gmail.com

# ਸਿੱਖ ਰਾਜ ਤੇ ਸ਼ੇਰੇ-ਪੰਜਾਬ

ਲੇਖਕ :

**ਸੋਹਣ ਸਿੰਘ ਸੀਤਲ**

(ਕਰਤਾ 'ਸਿੱਖ ਰਾਜ ਕਿਵੇਂ ਬਣਿਆ ?'
'ਸਿੱਖ ਰਾਜ ਕਿਵੇਂ ਗਿਆ ?' ਆਦਿ)

ESTD.
1940

**ਲਾਹੌਰ ਬੁੱਕ ਸ਼ਾਪ**

*2-ਲਾਜਪਤ ਰਾਇ ਮਾਰਕਿਟ, ਲੁਧਿਆਣਾ*

Sri Satguru Jagjit Singh Ji eLibrary NamdhariElibrary@gmail.com

# SIKH RAJ TE SHERE-PUNJAB

*by*

***Sohan Singh Seetal***

*2010*


ਮੁੱਲ : 120/- ਰੁਪਏ

ਪ੍ਰਕਾਸ਼ਕ : ਲਾਹੌਰ ਬੁੱਕ ਸ਼ਾਪ, 2-ਲਾਜਪਤ ਰਾਏ ਮਾਰਕਿਟ,
ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ ।
Ph. : 2740738, 6540738
E-Mail:-lahorebookshop40@Rediffmail.com

Printed in India

ਲੇਜ਼ਰ ਸੈਟਿੰਗ : ਲਿਟਲ ਗ੍ਰਾਫ਼ਿਕਸ, ਕੋਟ ਕਿਸ਼ਨ ਚੰਦ, ਜਲੰਧਰ।

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ।



Sri Satguru Jagjit Singh Ji eLibrary NamdhariElibrary@gmail.com

# ਤਤਕਰਾ

## ਪਹਿਲਾ ਕਾਂਡ 21-31


ਮੁੱਢਲੀ ਬੇਨਤੀ 19
ਸਿੱਖਾਂ ਦਾ ਨਿਸ਼ਾਨਾ 21
ਸ਼ੇਰੇ-ਪੰਜਾਬ ਦੇ ਵੱਡੇ 22
ਬੁੱਢਾ ਸਿੰਘ 23
ਨੌਧ ਸਿੰਘ 24
ਚੜ੍ਹਤ ਸਿੰਘ 24
ਰੁਹਤਾਸ ਉੱਤੇ ਕਬਜ਼ਾ 25
ਮੁਲਕ ਮੱਲਿਆ 26
ਜੰਮੂ ਦਾ ਝਗੜਾ 26
ਚੜ੍ਹਤ ਸਿੰਘ ਸੁਰਗਵਾਸ 26
ਮਹਾਂ ਸਿੰਘ 27
ਮਾਈ ਦੇਸਾਂ 27
ਮਹਾਂ ਸਿੰਘ ਦਾ ਵਿਆਹ 27
ਕਿਲ੍ਹਾ ਰੁਹਤਾਸ 27
ਕੋਟਲੀ ਲੁਹਾਰਾਂ 28
ਰਸੂਲ ਨਗਰ ਉੱਤੇ ਕਬਜ਼ਾ 28
ਹੋਰ ਮੱਲਾਂ 28
ਜੰਮੂ ਦਾ ਰਾਜਾ 28
ਮਹਾਂ ਸਿੰਘ ਨੇ ਜੰਮੂ ਲੁੱਟਿਆ 29
ਅਲੀਪੁਰ ਉੱਤੇ ਕਬਜ਼ਾ 29
ਜੈ ਸਿੰਘ ਤੇ ਮਹਾਂ ਸਿੰਘ ਦਾ ਵਿਗਾੜ 29
ਰਾਮਗੜ੍ਹੀਆ ਨੂੰ ਸੱਦਾ 29
ਜੈ ਸਿੰਘ ਤੇ ਮਹਾਂ ਸਿੰਘ ਦੀ ਲੜਾਈ 30
ਗੁਰਬਖਸ਼ ਸਿੰਘ ਦਾ ਕਤਲ 30


Sri Satguru Jagjit Singh Ji eLibrary NamdhariElibrary@gmail.com

| | |
|---|---|
| ਸਦਾ ਕੌਰ | 30 |
| ਮਹਿਤਾਬ ਕੌਰ ਦਾ ਵਿਆਹ | 30 |
| ਕਿਲ੍ਹਾ ਮਾਨਚਰ ਉੱਤੇ ਕਬਜ਼ਾ | 30 |
| ਗੁੱਜਰ ਸਿੰਘ ਭੰਗੀ ਦੇ ਲੜਕੇ | 31 |
| ਮਹਾਂ ਸਿੰਘ ਦੀ ਸਾਹਿਬ ਸਿੰਘ 'ਤੇ ਚੜ੍ਹਾਈ | 31 |
| ਰਣਜੀਤ ਸਿੰਘ ਦੀ ਪਹਿਲੀ ਫ਼ਤਹਿ | 31 |
| ਮਹਾਂ ਸਿੰਘ ਸੁਰਗਵਾਸ | 31 |


## ਦੂਜਾ ਕਾਂਡ 32-43


| | |
|---|---|
| ਰਣਜੀਤ ਸਿੰਘ ਦਾ ਜਨਮ | 32 |
| ਚੇਚਕ | 32 |
| ਵਿੱਦਿਆ | 32 |
| ਛੋਟੀ ਉਮਰ ਤੋਂ ਜੰਗ ਵਿਚ | 33 |
| ਮਿਸਲ ਦਾ ਸਰਦਾਰ ਬਣਿਆ | 33 |
| ਸ਼ਾਹ ਜ਼ਮਾਨ | 34 |
| ਸ਼ਾਹ ਜ਼ਮਾਨ ਦਾ ਪਹਿਲਾ ਹਮਲਾ | 34 |
| ਹਮਾਂਯੂੰ ਅੰਨਾ ਕੀਤਾ ਗਿਆ | 34 |
| ਸ਼ਾਹ ਜ਼ਮਾਨ ਦਾ ਦੂਜਾ ਹਮਲਾ | 35 |
| ਰਣਜੀਤ ਸਿੰਘ ਸਦਾ ਕੌਰ ਦੀ ਮਦਦ ਵਾਸਤੇ | 35 |
| ਜ਼ਮਾਨ ਦਾ ਦੂਤ ਰਣਜੀਤ ਸਿੰਘ ਕੋਲ | 35 |
| ਜ਼ਮਾਨ ਦਾ ਤੀਜਾ ਹਮਲਾ | 36 |
| ਜ਼ਮਾਨ ਦੀਆਂ ਸਿੱਖਾਂ ਵੱਲ ਚਿੱਠੀਆਂ | 36 |
| ਜ਼ਮਾਨ ਲਾਹੌਰ ਵਿਚ | 36 |
| ਅੰਮ੍ਰਿਤਸਰ, ਜ਼ਮਾਨ ਸਿੱਖਾਂ ਤੋਂ ਹਾਰ ਗਿਆ | 37 |
| ਜ਼ਮਾਨ ਵਾਪਸ | 37 |
| ਸ਼ਾਹਾਂਚੀ ਬਾਸ਼ੀ ਕਤਲ | 38 |
| ਰਣਜੀਤ ਸਿੰਘ ਦੀ ਦੂਜੀ ਸ਼ਾਦੀ ਨਕਾਇਣ ਨਾਲ | 38 |
| ਜ਼ਮਾਨ ਦਾ ਚੌਥਾ ਹਮਲਾ | 39 |
| ਅੰਮ੍ਰਿਤਸਰ ਕੋਲ ਲੜਾਈ | 39 |


Sri Satguru Jagjit Singh Ji eLibrary NamdhariElibrary@gmail.com

ਜ਼ਮਾਨ ਲਾਹੌਰ 40
ਰਣਜੀਤ ਸਿੰਘ ਨੇ ਜ਼ਮਾਨ ਨੂੰ ਵੰਗਾਰਿਆ 40
ਜ਼ਮਾਨ ਵਾਪਸ 40
ਸ਼ਾਹ ਜ਼ਮਾਨ ਕੈਦ 40
ਲਾਹੌਰ ਦੇ ਹਾਕਮਾਂ ਤੇ ਪਰਜਾ ਵਿਚ ਅਜੋੜ 41
ਲਾਹੌਰੀਆਂ ਵੱਲੋਂ ਰਣਜੀਤ ਸਿੰਘ ਨੂੰ ਸੱਦਾ 41
ਰਣਜੀਤ ਸਿੰਘ ਲਾਹੌਰ ਪੁੱਜਾ 42
ਰਣਜੀਤ ਸਿੰਘ ਦਾ ਲਾਹੌਰ 'ਤੇ ਕਬਜ਼ਾ 42
ਚੇਤ ਸਿੰਘ ਨੂੰ ਜਾਗੀਰ 42

**ਤੀਜਾ ਕਾਂਡ 44-71**

ਲਾਹੌਰ ਦਾ ਉਦਾਲਾ 44
ਰਣਜੀਤ ਸਿੰਘ ਦੇ ਵਿਰੋਧੀ 44
ਨਜ਼ਾਮੁੱਦੀਨ ਦੀ ਈਰਖਾ 45
ਭਸੀਣ ਦੀ ਲੜਾਈ 45
ਗੁਲਾਬ ਸਿੰਘ ਭੰਗੀ ਦਾ ਚਲਾਣਾ 45
ਦੱਬਿਆ ਖ਼ਜ਼ਾਨਾ ਮਿਲਿਆ 45
ਰਾਮਗੜ੍ਹੀਆ ਨੂੰ ਹਾਰ ਦਿੱਤੀ 46
ਦਿਲਾਵਰਗੜ੍ਹ ਜ਼ਬਤ 46
ਦਲ ਸਿੰਘ ਨਜ਼ਰਬੰਦ 47
ਗੁਜਰਾਤ ਉੱਤੇ ਧਾਵਾ 47
ਅਕਾਲਗੜ੍ਹ ਜ਼ਬਤ 47
'ਮਹਾਰਾਜਾ' ਲਕਬ ਧਾਰਨ ਕੀਤਾ 47
ਨਾਨਕਸ਼ਾਹੀ ਸਿੱਕਾ 48
ਸ਼ਹਿਰ ਦੇ ਹਾਕਮ ਥਾਪੇ 48
ਸਰਕਾਰ ਅੰਗਰੇਜ਼ੀ ਵੱਲੋਂ ਤੋਹਫ਼ੇ 49
ਕਸੂਰ 'ਤੇ ਚੜ੍ਹਾਈ 49
ਸੰਸਾਰ ਚੰਦ 'ਤੇ ਚੜ੍ਹਾਈ 49
ਸੁਜਾਨਪੁਰ 'ਤੇ ਕਬਜ਼ਾ 50
ਖੜਕ ਸਿੰਘ ਦਾ ਜਨਮ 50

ਫ਼ਤਹਿ ਸਿੰਘ ਨਾਲ ਪੱਗ ਵਟਾਈ 50
ਪਿੰਡ ਭੱਟੀਆਂ, ਧੰਨੀ, ਚਨਿਓਟ ਉੱਤੇ ਕਬਜ਼ਾ 51
ਡਸਕੇ ਉੱਤੇ ਹਮਲਾ 51
ਕਸੂਰ ਉੱਤੇ ਦੂਜਾ ਹਮਲਾ 51
ਮੁਲਤਾਨ ਉੱਤੇ ਪਹਿਲੀ ਫ਼ਤਹਿ 52
ਖੜਕ ਸਿੰਘ ਦੀ ਮੰਗਣੀ 52
ਹਰਦੁਆਰ ਦੀ ਯਾਤਰਾ 52
ਫਗਵਾੜਾ ਸ਼ਹਿਰ ਫ਼ਤਹਿ ਕੀਤਾ 53
ਹੁਸ਼ਿਆਰਪੁਰ ਤੇ ਬਿਜਵਾੜਾ ਉੱਤੇ ਕਬਜ਼ਾ 53
ਅੰਮ੍ਰਿਤਸਰ ਉੱਤੇ ਕਬਜ਼ਾ 53
ਅੰਮ੍ਰਿਤਸਰ ਵਿਚ ਫ਼ੌਜੀ ਦਰਬਾਰ 54
ਸਰਦਾਰਾਂ ਨੂੰ ਅਹੁਦੇ 54
ਸ਼ਾਲਾਮਾਰ ਬਾਗ਼ 55
ਝੰਗ ਉੱਤੇ ਪਹਿਲਾ ਹਮਲਾ 56
ਮੁਲਤਾਨ ਉੱਤੇ ਦੂਜਾ ਹਮਲਾ 56
ਹੁਲਕਰ ਮਰਹੱਟਾ 56
ਹੁਲਕਰ ਤੇ ਲੇਕ ਦੀ ਸੁਲ੍ਹਾ 57
ਰਣਜੀਤ ਸਿੰਘ ਦੀ ਅੰਗਰੇਜ਼ਾਂ ਨਾਲ ਪਹਿਲੀ ਸੁਲ੍ਹਾ 57
ਕਟਾਸ ਦੀ ਯਾਤਰਾ, ਮਿਆਨੀ ਵਿਚ ਬਿਮਾਰ 57
ਨਾਭੇ ਪਟਿਆਲੇ ਦਾ ਝਗੜਾ 57
ਸ਼ੇਰੇ-ਪੰਜਾਬ ਸਤਲੁਜੋਂ ਪਾਰ 58
ਕਰਤਾਰਪੁਰ, ਜਲੰਧਰ, ਰਾਹੋਂ ਤੇ ਫਿਲੌਰ ਤੋਂ ਨਜ਼ਰਾਨੇ 58
ਲੁਧਿਆਣਾ ਫ਼ਤਹਿ 58
ਨਾਭੇ ਪਟਿਆਲੇ ਦੀ ਸੁਲ੍ਹਾ ਕਰਾਈ 58
ਸੰਸਾਰ ਚੰਦ ਦੀ ਮਦਦ 58
ਜਵਾਲਾ ਮੁਖੀ 58
ਸ਼ੇਰ ਸਿੰਘ ਤੇ ਤਾਰਾ ਸਿੰਘ ਦਾ ਜਨਮ 59
ਕੁਤਬੁੱਦੀਨ ਖ਼ਾਂ ਕਸੂਰੀ ਦੀ ਬਗ਼ਾਵਤ 59

Sri Satguru Jagjit Singh Ji eLibrary NamdhariElibrary@gmail.com

| | |
|---|---|
| ਕਸੂਰ ਫ਼ਤਹਿ | 59 |
| ਮੁਲਤਾਨ ਉੱਤੇ ਤੀਜਾ ਹਮਲਾ | 60 |
| ਦੀਪਾਲਪੁਰ ਜ਼ਬਤ | 60 |
| ਬਹਾਵਲਪੁਰ ਤੋਂ ਨਜ਼ਰਾਨਾ ਲਿਆ | 60 |
| ਸ਼ੇਰੇ-ਪੰਜਾਬ ਦੂਜੀ ਵਾਰ ਪਟਿਆਲੇ | 61 |
| ਮਾਲਵੇ ਦੇ ਸਰਦਾਰਾਂ ਤੋਂ ਨਜ਼ਰਾਨੇ ਲਏ | 61 |
| ਨਾਰਾਇਣਗੜ੍ਹ ਫ਼ਤਹਿ | 61 |
| ਡੱਲੇਵਾਲੀ ਮਿਸਲ ਦੇ ਇਲਾਕੇ ਉੱਤੇ ਕਬਜ਼ਾ | 62 |
| ਮੁਹਕਮ ਚੰਦ | 62 |
| ਪਹਾੜੀਆਂ ਰਾਜਿਆਂ ਤੋਂ ਨਜ਼ਰਾਨੇ | 62 |
| ਸ਼ੇਖੂਪੁਰ ਫ਼ਤਹਿ, ਖੜਕ ਸਿੰਘ ਨੂੰ ਜਾਗੀਰ | 62 |
| ਲਾਹੌਰ ਵਿਚ ਸ਼ਾਹੀ ਦਰਬਾਰ | 63 |
| ਸਿਆਲਕੋਟ ’ਤੇ ਚੜ੍ਹਾਈ | 63 |
| ਗੁਜਰਾਤ ਤੋਂ ਨਜ਼ਰਾਨਾ | 63 |
| ਅਖਨੂਰ ਤੋਂ ਨਜ਼ਰਾਨਾ | 63 |
| ਅੰਗਰੇਜ਼ਾਂ ਵੱਲੋਂ ਤੋਹਫ਼ੇ | 63 |
| ਕਿਲ੍ਹਾ ਗੋਬਿੰਦਗੜ੍ਹ ਪੱਕਾ ਕੀਤਾ | 64 |
| ਮੁਲਤਾਨ ਤੋਂ ਮਾਮਲਾ ਲਿਆ | 64 |
| ਭਵਾਨੀ ਦਾਸ | 64 |
| ਮਾਲਵੇ ਦੇ ਰਾਜੇ | 64 |
| ਮਾਲਵੇ ਦੇ ਰਾਜਿਆਂ ਦੀ ਅੰਗਰੇਜ਼ਾਂ ਕੋਲ ਅਰਜ਼ੀ | 65 |
| ਸ਼ੇਰੇ-ਪੰਜਾਬ ਨੇ ਰਾਜਿਆਂ ਨੂੰ ਭਰੋਸਾ ਦੁਆਇਆ | 65 |
| ਮੈਟਕਾਫ਼ | 65 |
| ਮਾਲਵੇ ਦੀ ਤੀਜੀ ਮੁਹਿੰਮ | 66 |
| ਅੰਗਰੇਜ਼ੀ ਫ਼ੌਜ ਮਾਲਵੇ ਵਿਚ | 67 |
| ਮੈਕਕਾਫ਼ ਦੇ ਸਿਪਾਹੀਆਂ ਨਾਲ ਅਕਾਲੀਆਂ ਦੀ ਮੁੱਠਭੇੜ | 68 |
| ਆਕਟਰਲੋਨੀ ਦਾ ਐਲਾਨ | 68 |
| ਮਹਾਰਾਜ ਲੜਾਈ ਵਾਸਤੇ ਤਿਆਰ | 69 |


Sri Satguru Jagjit Singh Ji eLibrary NamdhariElibrary@gmail.com

ਰਣਜੀਤ ਸਿੰਘ ਸੋਚਾਂ ਵਿਚ 69

1809 ਦੀ ਸੁਲ੍ਹਾ 69

ਮਾਲਵੇ ਦੀਆਂ ਰਿਆਸਤਾਂ ਦੀ ਰਾਖੀ ਦਾ ਐਲਾਨ 71

ਲੁਧਿਆਣੇ ਵਿਚ ਅੰਗਰੇਜ਼ੀ ਛਾਉਣੀ 71


**ਚੌਥਾ ਕਾਂਡ 72-99**


ਸੰਸਾਰ ਚੰਦ ਦੀ ਮਦਦ 72

ਕਿਲ੍ਹਾ ਕਾਂਗੜੇ 'ਤੇ ਕਬਜ਼ਾ 72

ਪਹਾੜੀ ਰਾਜਿਆਂ ਤੋਂ ਨਜ਼ਰਾਨੇ 73

ਹਰਿਆਣੇ 'ਤੇ ਕਬਜ਼ਾ 73

ਭੂਪ ਸਿੰਘ ਦਾ ਇਲਾਕਾ ਜ਼ਬਤ 73

ਅੰਗਰੇਜ਼ੀ ਢੰਗ ਦੀ ਕਵਾਇਦ ਸਿਖਾਉਣੀ 73

ਵਜ਼ੀਰਾਬਾਦ ਤੋਂ ਨਜ਼ਰਾਨਾ 74

ਗੁਜਰਾਤ ਉੱਤੇ ਕਬਜ਼ਾ 74

ਖ਼ੁਸ਼ਾਬ ਉੱਤੇ ਧਾਵਾ 74

ਸਾਹੀਵਾਲ ਉੱਤੇ ਕਬਜ਼ਾ 74

ਉੱਚ ਦੇ ਸੱਯਦਾਂ ਤੋਂ ਨਜ਼ਰਾਨਾ 75

ਕਾਬਲ ਦੀ ਖ਼ਾਨਾ-ਜੰਗੀ 75

ਸ਼ੁਜਾਹ ਨਾਲ ਮੁਲਾਕਾਤ 75

ਸ਼ੁਜਾਹ ਨੇ ਪਿਸ਼ਾਵਰ ਮੱਲ ਲਿਆ 75

ਮੁਲਤਾਨ ਉੱਤੇ ਚੌਥਾ ਹਮਲਾ 75

ਸ਼ਹਿਰ ਉੱਤੇ ਕਬਜ਼ਾ 75

ਕਿਲ੍ਹੇ ਉੱਤੇ ਧਾਵਾ 76

ਮੁਜ਼ੱਫ਼ਰ ਖ਼ਾਂ ਨੇ ਨਜ਼ਰਾਨਾ ਦਿੱਤਾ 76

ਵਜ਼ੀਰਾਬਾਦ ਜ਼ਬਤ 77

ਜੰਮੂ ਉੱਤੇ ਕਬਜ਼ਾ 77

ਡਸਕੇ ਉੱਤੇ ਕਬਜ਼ਾ 77

ਹੱਲੋਵਾਲ 'ਤੇ ਕਬਜ਼ਾ 78

ਭਿੰਬਰ ਤੋਂ ਨਜ਼ਰਾਨਾ 78


Sri Satguru Jagjit Singh Ji eLibrary NamdhariElibrary@gmail.com

ਕਿਲ੍ਹਾ ਕਸਕ ਉੱਤੇ ਕਬਜ਼ਾ 78
ਕਿਲ੍ਹਾ ਮੰਗਲਾ ਉੱਤੇ ਕਬਜ਼ਾ 79
ਸਾਹਿਬ ਸਿੰਘ ਭੰਗੀ ਨੂੰ ਜਾਗੀਰ, ਨਿਧਾਨ ਸਿੰਘ ਪੱਟੂ ਨੂੰ ਜਾਗੀਰ 79
ਫ਼ਤਹਿ ਖ਼ਾਂ ਨੂੰ ਜਾਗੀਰ 79
ਧਰਮ ਸਿੰਘ ਨੂੰ ਜਾਗੀਰ 79
ਸ਼ਾਹ ਮਹਿਮੂਦ ਨਾਲ ਮੁਲਾਕਾਤ 79
ਨਕਈ ਮਿਸਲ ਦਾ ਇਲਾਕਾ ਜ਼ਬਤ 80
ਕਿਲ੍ਹਾ ਕੋਟਲਾ ਉੱਤੇ ਕਬਜ਼ਾ 80
ਬੁੱਧ ਸਿੰਘ ਜਲੰਧਰ ਦਾ ਇਲਾਕਾ ਜ਼ਬਤ 80
ਨਿਧਾਨ ਸਿੰਘ ਕਨ੍ਹਈਆ ਦਾ ਇਲਾਕਾ ਜ਼ਬਤ 81
ਜਮਾਂਦਾਰ ਖ਼ੁਸ਼ਹਾਲ ਸਿੰਘ ਡਿਉਢੀਵਾਲਾ 81
ਸ਼ਾਹ ਜ਼ਮਾਨ ਨਾਲ ਮੁਲਾਕਾਤ 81
ਮੁਹਕਮ ਚੰਦ ਨੇ ਅਕਟਰਲੋਨੀ ਨੂੰ ਕਿਲ੍ਹਾ ਨਾ ਵੇਖਣ ਦਿੱਤਾ 82
ਸੁਲਤਾਨ ਖ਼ਾਂ ਕੈਦ, ਭਿੰਬਰ ਜ਼ਬਤ 83
ਜੰਮੂ ਤੇ ਅਖਨੂਰ ਜ਼ਬਤ 83
ਖ਼ਰਾਜ ਲਿਆ 83
ਜੈਮਲ ਸਿੰਘ ਸੁਰਗਵਾਸ 83
ਸ਼ਾਹ ਸ਼ੁਜਾਹ ਕੈਦ 84
ਸ਼ਾਹ ਜਮਾਨ ਦਾ ਤੇ ਸ਼ੁਜਾਹ ਦਾ ਪਰਵਾਰ ਲਾਹੌਰ 84
ਵਫ਼ਾ ਬੇਗ਼ਮ ਨੇ ਕੋਹਿਨੂਰ ਦੇਣਾ ਮੰਨਿਆ 84
ਕਸ਼ਮੀਰ ਫ਼ਤਹਿ ਕਰਨ ਲਈ ਫ਼ਤਹਿ ਖ਼ਾਂ ਦੀ ਮਦਦ 84
ਸ਼ੇਰਗੜ੍ਹ ਦੀ ਲੜਾਈ 85
ਸ਼ਾਹ ਦੀ ਕੈਦ 'ਚੋਂ ਰਿਹਾਈ 85
ਫ਼ਤਹਿ ਖ਼ਾਂ ਤੇ ਮੁਹਕਮ ਚੰਦ ਵਿਚ ਝਗੜਾ 85
ਸ਼ੁਜਾਹ ਲਾਹੌਰ 86
ਕਿਲ੍ਹਾ ਅਟਕ ਉੱਤੇ ਕਬਜ਼ਾ 86
ਸ਼ੁਜਾਹ ਦੀ ਬੇਵਫ਼ਾਈ 86
ਕੋਹਿਨੂਰ ਲਿਆ 86

Sri Satguru Jagjit Singh Ji eLibrary NamdhariElibrary@gmail.com

ਕਿਲ੍ਹਾ ਅਟਕ ਦੀ ਪਕਿਆਈ 86
ਪਠਾਣ ਤੇ ਸਿੱਖ ਮੈਦਾਨ ਵਿਚ 87
ਹਜ਼ਰੋ ਦੀ ਲੜਾਈ 87
ਕਸ਼ਮੀਰ ਫ਼ਤਹਿ ਕਰਨ ਦੀ ਤਿਆਰੀ 87
ਫ਼ਤਹਿ ਖ਼ਾਂ ਦੀ ਮੁਲਤਾਨ 'ਤੇ ਚੜ੍ਹਾਈ ਤੇ ਰਾਹ 'ਚੋਂ ਵਾਪਸੀ 88
ਕਸ਼ਮੀਰ 'ਤੇ ਚੜ੍ਹਾਈ 88
ਸੁਪੀਨ ਦੀ ਲੜਾਈ 89
ਮਹਾਰਾਜੇ ਦੀਆਂ ਔਕੜਾਂ 89
ਰਾਮ ਦਿਆਲ ਵਾਪਸ 90
ਮੁਹਕਮ ਚੰਦ ਸੁਰਗਵਾਸ 90
ਅੰਗਰੇਜ਼ਾਂ ਵੱਲੋਂ ਤੋਹਫ਼ੇ 90
ਸ਼ੁਜਾਹ ਲਾਹੌਰੋਂ ਨੱਸ ਕੇ ਲੁਧਿਆਣੇ 90
ਦੀਨਾ ਨਾਥ ਨੌਕਰ ਹੋਇਆ 91
ਰਾਜੌੜੀ, ਕੋਟਲੀ, ਭਿੰਬਰ, ਜ਼ਬਤ 91
ਮਿਸਲ ਰਾਮਗੜ੍ਹੀਆ ਦੇ ਇਲਾਕੇ ਜ਼ਬਤ 91
ਨੂਰਪੁਰ ਜ਼ਬਤ 91
ਜੱਸਵਾਂ 'ਤੇ ਕਬਜ਼ਾ 91
ਪਾਕਪਟਨ ਤੋਂ ਨਜ਼ਰਾਨਾ 92
ਬਹਾਵਲਪੁਰ ਤੋਂ ਨਜ਼ਰਾਨਾ 92
ਮੁਲਤਾਨ ਨੂੰ ਘੇਰਾ 92
ਮਾਨਕੇਰਾ ਤੋਂ ਨਜ਼ਰਾਨਾ 92
ਝੰਗ ਜ਼ਬਤ 93
ਇਲਾਕਾ ਉੱਚ ਤੇ ਕੋਟ ਮਹਾਰਾਜਾ ਜ਼ਬਤ 93
ਅਬਦੁੱਸਸਮੱਦ ਖ਼ਾਂ ਲਾਹੌਰ 93
ਫ਼ਤਹਿ ਖ਼ਾਂ ਨੇ ਕਸ਼ਮੀਰ ਮਲ ਲਿਆ 93
ਰਾਮ ਸਿੰਘ ਨੂੰ ਸਜ਼ਾ 93
ਖੜਕ ਸਿੰਘ ਨੂੰ ਰਾਜ ਤਿਲਕ 94
ਪਹਾੜੀ ਰਾਜਿਆਂ ਤੋਂ ਨਜ਼ਰਾਨੇ 94

Sri Satguru Jagjit Singh Ji eLibrary NamdhariElibrary@gmail.com

ਨਿਹਾਲ ਸਿੰਘ ਅਟਾਰੀ ਦੀ ਕੁਰਬਾਨੀ 94
ਨਿਹਾਲ ਸਿਘ ਅਟਾਰੀ ਸੁਰਗਵਾਸ 94
ਭਵਾਨੀ ਦਾਸ ਦਾ ਮੁਲਤਾਨ 'ਤੇ ਹਮਲਾ 95
ਭਵਾਨੀ ਦਾਸ ਨੂੰ ਸਜ਼ਾ 95
ਧਿਆਨ ਸਿੰਘ ਡੋਗਰਾ ਡਿਉਢੀਵਾਲਾ 95
ਰਾਮ ਸਿੰਘ ਨੂੰ ਅਹੁਦਾ 95
ਤੇਜ ਸਿੰਘ ਨੂੰ ਅਹੁਦਾ 96
ਭਾਈ ਰਾਮ ਸਿੰਘ ਰਿਹਾਅ 96
ਮੁਹੰਮਦ ਖ਼ਾਂ ਦਾ ਕਤਲ 96
ਮਿੱਠਾ ਟਿਵਾਣਾ ਫ਼ਤਹਿ 96
ਮਾਨਕੇਰਾ ਨਾਲ ਨਵਾਂ ਅਹਿਦਨਾਮਾ 96
ਮੁਲਤਾਨ 'ਤੇ ਆਖ਼ਰੀ ਹਮਲਾ 97
ਖ਼ਾਨਗੜ੍ਹ ਤੇ ਮੁਜ਼ੱਫਰਗੜ੍ਹ ਉੱਤੇ ਕਬਜ਼ਾ 97
ਸ਼ਹਿਰ ਮੁਲਤਾਨ ਨੂੰ ਘੇਰਾ 97
ਸ਼ਹਿਰ ਉੱਤੇ ਕਬਜ਼ਾ 97
ਕਿਲ੍ਹੇ ਨੂੰ ਘੇਰਾ 97
ਕਿਲ੍ਹਾ ਮੁਲਤਾਨ ਫ਼ਤਹਿ 98
ਗ਼ੁਲਾਮ ਜ਼ੀਲਾਨੀ 98
ਮੁਜ਼ੱਫਰ ਖ਼ਾਂ ਕਤਲ 99


**ਪੰਜਵਾਂ ਕਾਂਡ 100-116**


ਵਜ਼ੀਰ ਫ਼ਤਹਿ ਖ਼ਾਂ ਕਤਲ 100
ਮੁਹੰਮਦ ਅਜ਼ੀਮ ਖ਼ਾਂ ਦਾ ਕਾਬਲ 'ਤੇ ਕਬਜ਼ਾ 100
ਮਹਾਰਾਜੇ ਦੀ ਪਿਸ਼ਾਵਰ 'ਤੇ ਚੜ੍ਹਾਈ 100
ਫ਼ੀਰੋਜ਼ ਖ਼ਾਂ ਦਾ ਹਮਲਾ 100
ਮਹਾਰਾਜੇ ਨੇ ਅਟਕ ਵਿਚ ਦੀ ਲੰਘਣਾ 101
ਖਟਕਾਂ ਨਾਲ ਲੜਾਈ 101
ਪਿਸ਼ਾਵਰ ਉੱਤੇ ਸਿੱਖਾਂ ਦਾ ਕਬਜ਼ਾ 101
ਜਹਾਂਦਾਦ ਖ਼ਾਂ ਨੂੰ ਪਿਸ਼ਾਵਰ ਦਿੱਤਾ 101


Sri Satguru Jagjit Singh Ji eLibrary NamdhariElibrary@gmail.com

ਦੋਸਤ ਮੁਹੰਮਦ ਖ਼ਾਂ ਨੇ ਪਿਸ਼ਾਵਰ ਮੱਲ ਕੇ ਮਹਾਰਾਜੇ ਦੀ ਈਨ ਮੰਨੀ 102
ਦੋਸਤ ਮੁਹੰਮਦ ਨੂੰ ਪਿਸ਼ਾਵਰ ਦਿੱਤਾ 102
ਬਿਲਾਸਪੁਰੀਏ ਤੋਂ ਨਜ਼ਰਾਨਾ ਲਿਆ 102
ਗਵਰਨਰ ਕਸ਼ਮੀਰ ਜੱਬਾਰ ਖ਼ਾਂ 103
ਪੰਡਤ ਬੀਰਧਰ 103
ਕਸ਼ਮੀਰ ਉੱਤੇ ਆਖ਼ਰੀ ਚੜ੍ਹਾਈ 103
ਰਾਜੌੜੀ ਨੂੰ ਘੇਰਾ 103
ਰਾਜਾ ਪੁਣਛ ਨੇ ਈਨ ਮੰਨ ਲਈ 104
ਜੱਬਾਰ ਖ਼ਾਂ ਲੜ ਕੇ ਹਾਰ ਗਿਆ 104
ਸ੍ਰੀਨਗਰ ਉੱਤੇ ਕਬਜ਼ਾ 105
ਕਿਲ੍ਹਾ ਅਜ਼ੀਮਗੜ੍ਹ ਉੱਤੇ ਕਬਜ਼ਾ 105
ਕਿਲ੍ਹਾ ਦੇਵਬੰਦ ਉੱਤੇ ਕਬਜ਼ਾ 105
ਜ਼ਬਰਦਸਤ ਖ਼ਾਂ ਨੇ ਈਨ ਮੰਨੀ 105
ਮੁਲਤਾਨਾ ਸਿੰਘ ਤੇ ਕਸ਼ਮੀਰਾ ਸਿੰਘ ਦਾ ਜਨਮ 106
ਮੁਲਤਾਨ ਦਾ ਦੌਰਾ 106
ਸ਼ਾਮ ਸਿੰਘ ਪਸ਼ੌਰੀਏ ਨੂੰ ਸਜ਼ਾ 106
ਸਾਵਣ ਮੱਲ ਨੂੰ ਮੁਲਤਾਨ ਦਿੱਤਾ 106
ਡੇਰਾ ਗ਼ਾਜ਼ੀ ਖ਼ਾਂ 'ਤੇ ਕਬਜ਼ਾ 106
ਮਾਨਕੇਰਾਂ ਤੋਂ ਨਜ਼ਰਾਨਾ 106
ਮੂਰਕ੍ਰਾਫਟ 107
ਅਪਾ ਸਾਹਿਬ ਅੰਮ੍ਰਿਤਸਰ 107
ਕਿਸ਼ਤਵਾਰ 'ਤੇ ਮਾਨਕੋਟ ਉੱਤੇ ਕਬਜ਼ਾ 107
ਕਿਲ੍ਹਾ ਦੇਵ ਬਟਾਲਾ 'ਤੇ ਕਬਜ਼ਾ 107
ਨੰਦ ਸਿੰਘ ਤੋਂ ਕਿਲ੍ਹਾ ਵਾਪਸ ਲਿਆ 107
ਹਜ਼ਾਰੇ ਦੀ ਬਗ਼ਾਵਤ 107
ਰਾਮ ਦਿਆਲ ਕਤਲ 107
ਨਲਵਾ ਗਵਰਨਰ ਕਸ਼ਮੀਰ ਬਣਿਆ 108
ਨੌਨਿਹਾਲ ਸਿੰਘ ਦਾ ਜਨਮ 108

Sri Satguru Jagjit Singh Ji eLibrary NamdhariElibrary@gmail.com

ਸਦਾ ਕੌਰ 108
ਸਦਾ ਕੌਰ ਦਾ ਅੰਗਰੇਜ਼ਾਂ ਨਾਲ ਚਿੱਠੀ ਪੱਤਰ 109
ਸਦਾ ਕੌਰ ਦਾ ਮਹਾਰਾਜੇ ਨਾਲ ਵਿਗਾੜ 109
ਸਦਾ ਕੌਰ ਕੈਦ 109
ਮਾਨਕੇਰਾ ਦੀ ਮੁਹਿੰਮ 110
ਭੱਕਰ 'ਤੇ ਕਬਜ਼ਾ 110
ਡੇਹਰਾ ਇਸਮਾਈਲ ਖ਼ਾਂ 'ਤੇ ਕਬਜ਼ਾ 110
ਮਾਨਕੇਰਾ ਫ਼ਤਹਿ 110
ਟਾਂਕ ਤੇ ਸਾਗਰ ਤੋਂ ਨਜ਼ਰਾਨਾ 110
ਬਹਾਵਲਪੁਰ ਤੋਂ ਨਜ਼ਰਾਨਾ 111
ਨਾਰਾ ਦੀ ਬਗ਼ਾਵਤ 111
ਮੋਤੀ ਰਾਮ ਗਵਰਨਰ ਕਸ਼ਮੀਰ 111
ਨੈਪੋਲੀਅਨ 111
ਵੰਤੂਰਾ ਤੇ ਅਲਾਰਡ 111
ਗੁਲਾਬ ਸਿੰਘ ਧਿਆਨ ਸਿੰਘ ਡੋਗਰੇ 112
ਪੁਖਲੀ ਤੇ ਧਮਤੋਰ ਵਿਚ ਬਗ਼ਾਵਤ 112
ਦਲ ਸਿੰਘ ਨੇ ਆਤਮਘਾਤ ਕੀਤਾ 112
ਪਿਸ਼ਾਵਰ ਤੋਂ ਖ਼ਰਾਜ 113
ਮੁਹੰਮਦ ਅਜ਼ੀਮ ਖ਼ਾਂ ਦੀ ਚੜ੍ਹਾਈ 113
ਅਜ਼ੀਮ ਦਾ ਪਿਸ਼ਾਵਰ ਉੱਤੇ ਕਬਜ਼ਾ 113
ਮਹਾਰਾਜੇ ਦੀ ਚੜ੍ਹਾਈ 113
ਜਹਾਂਗੀਰਾ ਉੱਤੇ ਸਿੱਖਾਂ ਦਾ ਕਬਜ਼ਾ 113
ਮਹਾਰਾਜਾ ਅਟਕੋਂ ਪਾਰ 114
ਜੈ ਸਿੰਘ ਨੇ ਮਾਫ਼ੀ ਮੰਗੀ 114
ਨੌਸ਼ਹਿਰੇ ਦੀ ਲੜਾਈ 115
ਅਕਾਲੀ ਫੂਲਾ ਸਿੰਘ ਸ਼ਹੀਦ 115
ਮੁਹੰਮਦ ਅਜ਼ੀਮ ਖ਼ਾਂ ਮਰ ਗਿਆ 115
ਮਹਾਰਾਜੇ ਦਾ ਪਿਸ਼ਾਵਰ ਉੱਤੇ ਕਬਜ਼ਾ 115


Sri Satguru Jagjit Singh Ji eLibrary NamdhariElibrary@gmail.com

ਦੋਸਤ ਮੁਹੰਮਦ ਖ਼ਾਂ ਤੇ ਯਾਰ ਮੁਹੰਮਦ ਖ਼ਾਂ ਨੇ ਮਾਫ਼ੀ ਮੰਗੀ ਤੇ
ਪਿਸ਼ਾਵਰ ਲਿਆ 116

## ਛੇਵਾਂ ਕਾਂਡ 117-129

ਸੰਸਾਰ ਚੰਦ ਸੁਰਗਵਾਸ 117
ਰਾਮਾਨੰਦ ਸਰਾਫ ਦਾ ਚਲਾਣਾ 117
ਅੰਮ੍ਰਿਤਸਰ ਦੀ ਫ਼ਸੀਲ 117
ਡੇਹਰਾ ਗ਼ਾਜ਼ੀ ਖ਼ਾਂ ਦਾ ਦੌਰਾ 117
ਲਾਹੌਰ ਦੀ ਫ਼ਸੀਲ 117
ਮੋਤੀ ਰਾਮ ਤੇ ਕਿਰਪਾ ਰਾਮ ਨੂੰ ਸਜ਼ਾ 117
ਕਸ਼ਮੀਰ ਦੇ ਗਵਰਨਰ 118
ਕਿਰਪਾ ਰਾਮ ਗਵਰਨਰ ਕਸ਼ਮੀਰ 118
ਭਰਤਪੁਰ ਨੇ ਮਦਦ ਮੰਗੀ 118
ਦੀਵਾਨ ਚੰਦ ਦਾ ਚਲਾਣਾ 118
ਫ਼ਤਹਿ ਸਿੰਘ ਨਾਲ ਨਾਰਾਜ਼ਗੀ ਤੇ ਸੁਲ੍ਹਾ 118
ਨਜ਼ਾਮ ਹੈਦਰਾਬਾਦ ਵੱਲੋਂ ਤੋਹਫ਼ੇ 119
ਹਿਰਾਤ ਵੱਲੋਂ ਤੋਹਫ਼ੇ 119
ਕਾਂਗੜੇ ਦਾ ਦੌਰਾ 119
ਕਿਲ੍ਹਾ ਕੋਟਲਰ ਫ਼ਤਹਿ 120
ਗੰਦਗੜ੍ਹ ਦੀ ਬਗ਼ਾਵਤ 120
ਕਿਲ੍ਹਾ ਸਿਰੀ ਕੋਟ ਫ਼ਤਹਿ 120
ਪਿਸ਼ਾਵਰ ਤੋਂ ਖ਼ਰਾਜ 120
ਗੰਗਾ ਰਾਮ ਦਾ ਚਲਾਣਾ 120
ਨਵਾਬ ਸਾਦਿਕ ਮੁਹੰਮਦ ਦਾ ਚਲਾਣਾ 120
ਜ਼ਾਲਮ ਸੈਨ ਦਾ ਚਲਾਣਾ 120
ਬੀਰ ਸਿੰਘ ਕੈਦ 121
ਮਹਾਰਾਜ ਬਿਮਾਰ ਡਾ. ਮਰੇ 121
ਸੱਯਦ ਅਹਿਮਦ ਸ਼ਾਹ ਬਰੇਲਵੀ 121
ਸੱਯਦ ਅਹਿਮਦ ਦੀ ਬਗ਼ਾਵਤ 121

Sri Satguru Jagjit Singh Ji eLibrary NamdhariElibrary@gmail.com

| | |
|---|---|
| ਸੱਯਦ ਅਹਿਮਦ ਹਾਰ ਗਿਆ | 122 |
| ਲਾਹੌਰ ਵਿਚ ਹੈਜ਼ਾ ਬੁੱਧ ਸਿੰਘ ਦਾ ਚਲਾਣਾ | 122 |
| ਕਸ਼ਮੀਰ ਵਿਚ ਭੁਚਾਲ | 122 |
| ਸਿੱਖ ਮਿਸ਼ਨ ਸ਼ਿਮਲੇ | 122 |
| ਅੰਗਰੇਜ਼ੀ ਮਿਸ਼ਨ ਅੰਮ੍ਰਿਤਸਰ | 122 |
| ਅੰਗਰੇਜ਼ੀ ਪਾਲਸੀ ਵਿਚ ਤਬਦੀਲੀ | 122 |
| ਅੰਗਰੇਜ਼ ਸੈਨਾਪਤੀ ਨੇ ਪੰਜਾਬ ਦੇ ਕਿਲ੍ਹੇ ਵੇਖਣੇ ਚਾਹੇ | 123 |
| ਸਤਲੁਜ ਪਾਰ | 123 |
| ਧਿਆਨ ਸਿੰਘ ਵਜ਼ੀਰ ਬਣਿਆ | 123 |
| ਹੀਰਾ ਸਿੰਘਾ ਰਾਜਾ | 123 |
| ਅਨਰੋਧ ਚੰਦ ਨਾਲ ਨਾਰਾਜ਼ਗੀ | 123 |
| ਫ਼ਤਹਿ ਚੰਦ ਨੂੰ ਜਾਗੀਰ | 124 |
| ਜੋਧਬੀਰ ਚੰਦ ਨੂੰ ਜਾਗੀਰ | 124 |
| ਸੱਯਦ ਅਹਿਮਦ ਦਾ ਪਿਸ਼ਾਵਰ 'ਤੇ ਹਮਲਾ, ਯਾਰ ਮੁਹੰਮਦ ਕਤਲ | 124 |
| ਸਿੱਖਾਂ ਦਾ ਫਿਰ ਪਿਸ਼ਾਵਰ 'ਤੇ ਕਬਜ਼ਾ | 124 |
| ਘੋੜਾ ਲੇਲੀ | 124 |
| ਸੁਲਤਾਨ ਮੁਹੰਮਦ ਖ਼ਾਂ ਪਿਸ਼ਾਵਰ ਦਾ ਗਵਰਨਰ | 124 |
| ਸੱਯਦ ਨਲਵੇ ਤੋਂ ਹਾਰ ਗਿਆ | 125 |
| ਸੱਯਦ ਅਹਿਮਦ ਦਾ ਪਿਸ਼ਾਵਰ 'ਤੇ ਕਬਜ਼ਾ | 125 |
| ਸੱਯਦ ਦੇ ਫ਼ਤਵੇ | 125 |
| ਸੱਯਦ ਅਹਿਮਦ ਕਤਲ | 126 |
| ਬਲੋਚਸਤਾਨ ਵੱਲੋਂ ਤੋਹਫ਼ੇ | 126 |
| ਬਾਦਸ਼ਾਹ ਇੰਗਲੈਂਡ ਵੱਲੋਂ ਬਰਨਜ਼ ਤੋਹਫ਼ੇ ਲੈ ਕੇ ਆਇਆ | 126 |
| ਜੈਕੋਮੈਂਟ ਸੈਲਾਨੀ | 127 |
| ਸਿੰਧ ਤੇ ਬਹਾਵਲਪੁਰ | 127 |
| ਡੇਹਰਾ ਗਾਜ਼ੀ ਖ਼ਾਂ ਜ਼ਬਤ | 127 |
| ਸਿੱਖ ਮਿਸ਼ਨ ਸ਼ਿਮਲੇ | 127 |
| ਵੇਡ ਲਾਹੌਰ | 128 |
| ਰੋਪੜ ਦੀ ਮੁਲਾਕਾਤ | 128 |

Sri Satguru Jagjit Singh Ji eLibrary NamdhariElibrary@gmail.com

## ਸੱਤਵਾਂ ਕਾਂਡ 130-140


| | |
|---|---|
| ਪੋਟਿੰਜਰ ਸਿੰਧ ਵਿਚ | 130 |
| ਗਵਰਨਰ-ਜਨਰਲ ਦੀ ਚਿੱਠੀ | 130 |
| ਸਿੰਧ ਦੀ ਹਾਲਤ | 130 |
| ਅੰਗਰੇਜ਼ਾਂ ਦਾ ਸਿੰਧ ਨਾਲ ਅਹਿਦਨਾਮਾ | 130 |
| ਟਾਂਕ ਤੇ ਬੰਨੂੰ ਤੋਂ ਨਜ਼ਰਾਨੇ | 131 |
| ਕੰਧਾਰ ਤੋਂ ਤੋਹਫ਼ੇ | 131 |
| ਦੇਸਾ ਸਿੰਘ ਸੁਰਗਵਾਸ | 131 |
| ਲਹਿਣਾ ਸਿੰਘ ਗਵਰਨਰ | 131 |
| ਹਜ਼ਾਰੇ ਤੇ ਪਿਸ਼ਾਵਰ ਤੋਂ ਖ਼ਰਾਜ | 131 |
| ਬਸਾਖਾ ਸਿੰਘ ਨੂੰ ਸਜ਼ਾ | 131 |
| ਕਸ਼ਮੀਰ ਵਿਚ ਕਾਲ | 131 |
| ਗ਼ੁਲਾਮ ਮਹੀਯੁੱਦੀਨ ਨੂੰ ਸਜ਼ਾ | 132 |
| ਕੁਤਬੁੱਦੀਨ ਦਾ ਚਲਾਣਾ | 132 |
| ਸਦਾ ਕੌਰ ਸੁਰਗਵਾਸ | 132 |
| ਸਿੱਖਾਂ ਤੇ ਅੰਗਰੇਜ਼ਾਂ ਦੇ ਤਜਾਰਤੀ ਅਹਿਦਨਾਮੇ | 132 |
| ਅਫ਼ਗਾਨਿਸਤਾਨ ਦੇ ਟੁਕੜੇ | 132 |
| ਸ਼ੁਜਾਹ ਦਾ ਕਾਬਲ 'ਤੇ ਹਮਲਾ | 133 |
| ਸੰਘਰ ਜ਼ਬਤ | 133 |
| ਮਹਾਰਾਜਾ ਬਿਮਾਰ | 133 |
| ਭਵਾਨੀਦਾਸ ਸੁਰਗਵਾਸ | 133 |
| ਬੰਨੂੰ ਦੀ ਬਗ਼ਾਵਤ | 133 |
| ਪਿਸ਼ਾਵਰ ਜ਼ਬਤ, ਕੰਵਰ ਗਵਰਨਰ | 134 |
| ਸਿੱਖ ਮਿਸ਼ਨ ਕਲਕੱਤੇ | 134 |
| ਕੰਵਰ ਪ੍ਰਤਾਪ ਸਿੰਘ ਤੇ ਪਸ਼ੌਰਾ ਸਿੰਘ ਤੋਂ ਨਜ਼ਰਾਨੇ | 134 |
| ਲਦਾਖ਼ ਫ਼ਤਹਿ | 134 |
| ਨੌਨਿਹਾਲ ਸਿੰਘ ਦੀ ਮੰਗਣੀ | 135 |
| ਦੋਸਤ ਮੁਹੰਮਦ ਦੀ ਪਿਸ਼ਾਵਰ 'ਤੇ ਚੜ੍ਹਾਈ ਤੇ ਵਾਪਸੀ | 135 |


Sri Satguru Jagjit Singh Ji eLibrary NamdhariElibrary@gmail.com

ਸਿੱਖ ਏਲਚੀ ਕੈਦ ਤੇ ਰਿਹਾਅ 135
ਮਹਾਰਾਜ ਬਿਮਾਰ 136
ਸੈਲਾਨੀ ਤੇ ਏਲਚੀ ਆਏ 136
ਡੇਹਰਾ ਇਸਮਾਈਲ ਖ਼ਾਂ ਜ਼ਬਤ 136
ਟਾਂਕ ਉੱਤੇ ਕਬਜ਼ਾ 136
ਪੰਜਤਾਰ ਉੱਤੇ ਕਬਜ਼ਾ 136
ਅਲਾਰਡ ਹੱਥ ਫ਼ਰਾਂਸ ਦੇ ਖ਼ਤ 137
ਸਿੰਧ ਬਾਰੇ ਝਗੜਾ 137
ਕੰਵਰ ਨੌਨਿਹਾਲ ਸਿੰਘ ਦਾ ਵਿਆਹ 137
ਹੈਨਰੀ ਫ਼ੇਨ ਦੀ ਪੰਜਾਬ ਫ਼ਤਹਿ ਕਰਨ ਬਾਰੇ ਗਏ 138
ਜੰਗ ਜਮਰੌਦ 139
ਨਲਵਾ ਸ਼ਹੀਦ 139

**ਅੱਠਵਾਂ ਕਾਂਡ 141-145**

ਫ਼ਤਹਿ ਸਿੰਘ ਆਹਲੂਵਾਲੀਆ ਸੁਰਗਵਾਸ 141
ਬਲਬੀਰ ਸਿੰਘ ਰਾਜਾ ਮੰਡੀ 141
ਪੈਂਦੇ ਖ਼ਾਂ ਦੀ ਬਗ਼ਾਵਤ 141
ਫ਼ਤਹਿ ਖ਼ਾਂ ਨੂੰ ਜਾਗੀਰ 141
ਸ਼ਾਹ ਅਯੂਬ ਦਾ ਚਲਾਣਾ 141
ਅੰਗਰੇਜ਼ੀ ਮਿਸ਼ਨ ਕਾਬਲ 141
ਅੰਗਰੇਜ਼ੀ ਮਿਸ਼ਨ ਮਹਾਰਾਜੇ ਕੋਲ 142
ਤਿੰਨ-ਧਿਰਾ ਅਹਿਦਨਾਮਾ 142
ਦਲੀਪ ਸਿੰਘ ਦਾ ਜਨਮ 143
ਫਿਰੋਜ਼ਪੁਰ ਦੀ ਮੁਲਾਕਾਤ 143
ਸ਼ੁਜਾਹ ਦੀ ਕੰਧਾਰ 'ਤੇ ਚੜ੍ਹਾਈ 143
ਕੰਧਾਰ 'ਤੇ ਕਬਜ਼ਾ, ਸ਼ੁਜਾਹ ਬਾਦਸ਼ਾਹ ਬਣਿਆ 143
ਕਾਬਲ ਫ਼ਤਹਿ 144
ਮਹਾਰਾਜ ਬਿਮਾਰ 144
ਅੰਤਮ ਦਰਬਾਰ 144

Sri Satguru Jagjit Singh Ji eLibrary NamdhariElibrary@gmail.com

ਖੜਕ ਸਿੰਘ ਨੂੰ ਰਾਜ ਤਿਲਕ 144
ਧਿਆਨ ਸਿੰਘ ਵਜ਼ੀਰ 144
ਸ਼ੇਰੇ-ਪੰਜਾਬ ਸੁਰਗਵਾਸ 144
ਅੰਤਕਾ ਨੰ: 1 ਮਹਾਰਾਜੇ ਦੀ ਸ਼ਖਸੀਅਤ, ਫ਼ੌਜ ਤੇ ਆਮਦਨ 146
ਅੰਤਕਾ ਨੰ: 2 ਮਹਾਰਾਜੇ ਦਾ ਪਰਿਵਾਰ 148
ਅੰਤਕਾ ਨੰ: 3 ਮਹਾਰਾਜੇ ਦੇ ਅਫ਼ਸਰ (ਦੇਸੀ) 151
ਅੰਤਕਾ ਨੰ: 4 ਪ੍ਰਸਿੱਧ ਤਾਰੀਖ਼ਾਂ 156

Sri Satguru Jagjit Singh Ji eLibrary NamdhariElibrary@gmail.com

# ਮੁੱਢਲੀ ਬੇਨਤੀ

**"ਇਕ ਵਹ ਹੈਂ, ਜੋ ਬਦਲਤੇ ਹੈਂ ਜ਼ਮਾਨੇ ਕੇ ਸਾਥ ਸਾਥ,**
**ਮਰਦ ਵੋਹ ਹੈਂ, ਜੋ ਜ਼ਮਾਨੇ ਕੋ ਬਦਲ ਦੇਤੇ ਹੈਂ"**

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਇਕ ਏਹੋ ਜਿਹਾ ਹੀ 'ਮਰਦ' ਸੀ, ਜਿਸ ਨੇ ਹਿੰਦੁਸਤਾਨ ਦਾ ਪੁਰਾਤਨ ਇਤਿਹਾਸ ਬਦਲ ਦਿੱਤਾ ਸੀ। ਉਸ ਤੋਂ ਪਹਿਲਾਂ ਅਟਕੋਂ ਪਾਰੋਂ ਲੁਟੇਰਿਆਂ ਦੀਆਂ ਧਾੜਾਂ ਚੜ੍ਹ ਕੇ ਆਉਂਦੀਆਂ ਹੁੰਦੀਆਂ ਸਨ, ਜੋ ਸਾਡੇ ਦੇਸ਼ ਨੂੰ ਵੈਰਾਨ ਕਰਦੀਆਂ ਰਹਿੰਦੀਆਂ ਸਨ। ਸ਼ੇਰੇ-ਪੰਜਾਬ ਨੇ ਕੇਵਲ ਉਹਨਾਂ ਧਾੜਾਂ ਨੂੰ ਡੱਕਾ ਹੀ ਨਹੀਂ ਪਾਇਆ, ਸਗੋਂ ਅਟਕ ਦੀਆਂ ਸਾਰੀਆਂ ਅਟਕਾਂ ਭੰਨ ਕੇ ਜਮਰੌਦ ਕੋਲ ਜਾ ਝੰਡੇ ਗੱਡੇ। ਜਿਹੜੇ ਪਠਾਣ ਸਾਡੇ ਦੇਸ਼ ਨੂੰ ਲੁੱਟ ਕੇ ਲੈ ਜਾਂਦੇ ਸਨ, ਉਹਨਾਂ ਦੀ ਔਲਾਦ ਪੰਜਾਬੀ ਮਹਾਰਾਜੇ ਅੱਗੇ ਨਜ਼ਰਾਨੇ ਤਾਰਨ ਉੱਤੇ ਮਜਬੂਰ ਹੋ ਗਈ। ਉਸ ਤੋਂ ਪਿਛੋਂ ਜੇ ਕੋਈ ਪਿਸ਼ਾਵਰ ਤੋਂ ਪਾਰ ਦਾ ਪਠਾਣ ਪੰਜਾਬ ਵਿਚ ਆਇਆ ਵੀ, ਤਾਂ ਏਥੋਂ ਦੇ ਮਹਿਲ ਢਾਹੁਣ ਤੇ ਲੁੱਟਣ ਵਾਸਤੇ ਨਹੀਂ, ਸਗੋਂ ਆਪਣੇ ਵੱਡ-ਵਡੇਰਿਆਂ ਦੇ ਢਾਹੇ ਹੋਏ ਹੱਥੀਂ ਉਸਾਰਨ (ਕੰਧਾਂ ਕਰਨ) ਵਾਸਤੇ ਆਇਆ। ਇਹ ਤਬਦੀਲੀ ਮਹਾਰਾਜਾ ਰਣਜੀਤ ਸਿੰਘ ਦੀ ਹੋਂਦ ਨੇ ਕੀਤੀ।

ਸਿੱਖ-ਇਤਿਹਾਸ ਵਿਚ ਵੀ ਮਹਾਰਾਜੇ ਦਾ ਬੜਾ ਉੱਚਾ ਥਾਂ ਹੈ। ਮਿਸਲਾਂ ਨੇ ਪੰਜਾਬ ਉੱਤੇ ਕਬਜ਼ਾ ਕਰਕੇ ਕੌਮ ਨੂੰ 'ਸਰਦਾਰ' ਬਣਾਇਆ ਸੀ, ਪਿੰਡ ਪਿੰਡ ਵਿਚ ਸਰਦਾਰੀ ਦੇ ਝੰਡੇ ਗੱਡੇ ਸਨ, ਪਰ ਸ਼ੇਰੇ-ਪੰਜਾਬ ਨੇ ਕੌਮ ਨੂੰ 'ਬਾਦਸ਼ਾਹ' ਬਣਾ ਕੇ ਸਾਰੀ ਦੁਨੀਆਂ ਵਿਚ ਮਹਾਨਤਾ ਦੇ ਦਿੱਤੀ। ਸਿੱਖ ਰਾਜ ਭਾਵੇਂ ਚਾਰ ਦਿਹਾੜੇ ਹੀ ਰਿਹਾ, ਪਰ ਉਹਦੇ ਹੋਣ ਨੇ ਸਿੱਖ ਕੌਮ ਨੂੰ ਦੁਨੀਆਂ ਵਿਚ ਪ੍ਰਗਟ ਤੇ ਪ੍ਰਸਿੱਧ ਕਰ ਦਿੱਤਾ। ਇਹ ਮਹਾਰਾਜੇ ਦੀ ਘਾਲਣਾ ਤੇ ਸੇਵਾ ਦਾ ਫਲ ਹੈ।

ਸ਼ੇਰੇ-ਪੰਜਾਬ ਦੀ ਜੀਵਨ-ਕਥਾ ਨੂੰ ਕਲਮ ਦੇ ਸਪੁਰਦ ਕਰਕੇ ਮੈਂ ਵੀ ਉਸ ਪਵਿੱਤਰ ਹਸਤੀ ਨੂੰ ਸ਼ਰਧਾਂਜਲੀ ਪੇਸ਼ ਕੀਤੀ ਹੈ। ਹਾਂ, ਉਸੇ ਦੀ ਉਸ ਨੂੰ ਭੇਟਾ ਕਰਦਾ ਹਾਂ। ਆਸ ਹੈ ਕਿ ਉਸ ਦੀ ਕੌਮ ਪ੍ਰਵਾਨ ਕਰੇਗੀ।

ਇਹ ਜੀਵਨ-ਕਥਾ ਲਿਖਣ ਵਿਚ ਜਿਨ੍ਹਾਂ ਪੁਰਾਤਨ ਪੁਸਤਕਾਂ ਤੋਂ ਮਦਦ ਲਈ ਹੈ, ਉਹਨਾਂ ਦੇ ਲਿਖਾਰੀਆਂ ਦਾ ਦਿਲੋਂ ਧੰਨਵਾਦੀ ਹਾਂ।

**ਸੀਤਲ ਭਵਨ,** **ਸੋਹਣ ਸਿੰਘ**
**ਮਾਡਲ ਗਰਾਮ, ਲੁਧਿਆਣਾ** **'ਸੀਤਲ'**
**15-10-50**



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਪਹਿਲਾ ਕਾਂਡ

**ਸਿੱਖਾਂ ਦਾ ਨਿਸ਼ਾਨਾ**

ਪੁਰਾਣੇ ਸਿੰਘਾਂ ਦਾ ਇਹ ਨਿਸ਼ਚਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਪੰਥ ਧਰਮ ਦਾ ਰਾਜ ਕਰਨ ਵਾਸਤੇ ਸਾਜਿਆ ਸੀ। ਇਸੇ ਗੱਲ ਨੂੰ ਮੁੱਖ ਰੱਖ ਕੇ ਉਹ ਵਿਸਾਖੀ ਦੇ ਦਿਨ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ) ਤੋਂ ਚੱਲੇ ਤੇ ਹਜ਼ਾਰਾਂ ਔਖੀਆਂ ਘਾਟੀਆਂ ਲੰਘ ਕੇ ਆਪਣੇ ਨਿਸ਼ਾਨੇ ਉੱਤੇ ਜਾ ਪੁੱਜੇ। ਚਮਕੌਰ ਦਾ ਯੁੱਧ ਜਾਂ ਅਬਦਾਲੀ ਦਾ ਘਲੂਘਾਰਾ ਉਹਨਾਂ ਨੂੰ ਆਪਣੇ ਪੰਧ ਤੋਂ ਰੋਕ ਨਾ ਸਕਿਆ। ਉਹ ਡਿੱਗ ਡਿੱਗ ਕੇ ਉੱਠੇ ਤੇ ਸਫਲਤਾ ਦੀ ਚੋਟੀ ਵੱਲ ਵਧਦੇ ਗਏ। ਉਹਨਾਂ ਦੇ ਰਾਹ ਵਿਚ ਪੈਰ ਪੈਰ ਉੱਤੇ ਔਕੜਾਂ ਆਈਆਂ, ਪਰ ਉਹ ਉਹਨਾਂ ਨੂੰ ਪੈਰਾਂ ਥੱਲੇ ਲਤਾੜ ਕੇ ਅੱਗੇ ਲੰਘ ਗਏ। ਤੀਰਾਂ ਦੀ ਸੇਜਾ ਉੱਤੇ ਬਿਰਾਜਣ ਨਾਲੋਂ, ਉਹਨਾਂ ਛਾਤੀ ਵਿਚ ਤੀਰ ਖਾਣੇ ਚੰਗੇ ਸਮਝੇ ਤੇ ਹਿਮਾਲਿਆ ਦੀ ਬਰਫ਼ ਵਿਚ ਗਲਨ ਦੀ ਥਾਂ, ਵੈਰੀ ਦੀ ਜੇਲ੍ਹ ਵਿਚ ਸੜਨਾ ਪਰਵਾਨ ਕੀਤਾ। ਜਿਉਂ ਜਿਉਂ ਫੱਟ ਵੱਜ ਕੇ ਖ਼ੂਨ ਵਹਿੰਦਾ ਗਿਆ, ਤਿਉਂ-ਤਿਉਂ ਉਸ ਕੌਮੀ ਜਥੇਬੰਦੀ ਦੇ ਮੱਥੇ 'ਤੇ ਲਾਲੀ ਆਉਂਦੀ ਗਈ ਤੇ ਜਿਉਂ ਜਿਉਂ ਮਾਰੂ ਸੱਟਾਂ ਪੈਂਦੀਆਂ ਰਹੀਆਂ, ਤਿਉਂ-ਤਿਉਂ ਪੰਥ ਬਲਵਾਨ ਹੁੰਦਾ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿਛੋਂ ਕਈ ਸਾਲ ਸਿੱਖ ਬਿਲਕੁਲ ਚੁੱਪ ਰਹੇ। ਕਿਸੇ ਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਇਹ ਕੌਮ ਫਿਰ ਕਦੇ ਉੱਠ ਸਕੇਗੀ, ਪਰ ਇਸ ਦੇ ਰਚਨਹਾਰ ਨੇ ਇਸ ਨੂੰ ਕਦੇ ਨਾ ਠੰਢਾ ਹੋਣ ਵਾਲਾ ਸਾਹਿਬਜ਼ਾਦਿਆਂ ਦੇ ਖ਼ੂਨ ਦਾ ਟੀਕਾ ਕੀਤਾ ਹੋਇਆ ਸੀ। ਸੋ, ਸਮਾਂ ਰਾਸ ਆਇਆ, ਤਾਂ ਉਹ ਮਰ-ਜਿਊੜੇ ਫਿਰ ਜਾਗ ਉੱਠੇ। 'ਸਤਿ ਸ੍ਰੀ ਅਕਾਲ' ਤੇ 'ਰਾਜ ਕਰੇਗਾ ਖ਼ਾਲਸਾ' ਦੇ ਜੈਕਾਰੇ ਛੱਡ ਕੇ ਉਹਨਾਂ ਆਪਣਾ ਕੰਮ ਨਵੇਂ ਜੋਸ਼ ਨਾਲ ਆਰੰਭ ਦਿੱਤਾ। ਸਮੇਂ ਦੇ ਹਾਕਮਾਂ ਨੇ ਉਹਨਾਂ ਸਿਰ-ਉਠਾਉਂਦੇ ਯੋਧਿਆਂ ਨੂੰ ਜ਼ੁਲਮ ਦੇ ਧੱਕੇ ਨਾਲ ਦਬਾਉਣਾ ਚਾਹਿਆ; ਪਰ ਜਿਉਂ-ਜਿਉਂ ਸਰਕਾਰ ਵਧੇਰੇ ਭਾਰ ਪਾਉਂਦੀ ਗਈ, ਤਿਉਂ-ਤਿਉਂ ਉਹ ਸੂਰਮੇ ਜ਼ੋਰ ਨਾਲ ਉੱਚੇ ਉਠਦੇ ਗਏ। ਸਰਕਾਰ ਵੱਲੋਂ ਸੂਲੀ ਦੀ ਨੋਕ, ਚਰਖੀ ਦੇ ਦੰਦੇ, ਤੀਰਾਂ ਦੀਆਂ ਅਣੀਆਂ ਤੇ ਤਲਵਾਰਾਂ ਦੀਆਂ ਧਾਰਾਂ, ਕਈ ਸੁਗਾਤਾਂ ਪੇਸ਼ ਹੁੰਦੀਆਂ ਰਹੀਆਂ ਤੇ ਉਹ ਹੱਠ ਦੇ ਪੱਕੇ ਸਭ ਕਾਸੇ ਨੂੰ ਖਿੜੇ ਮੱਥੇ 'ਜੀ ਆਇਆਂ' ਕਹਿੰਦੇ ਰਹੇ। ਸਰਕਾਰ ਵੱਲੋਂ ਉਨ੍ਹਾਂ ਦੇ ਸਿਰਾਂ ਦਾ ਮੁੱਲ ਪੈਂਦਾ ਰਿਹਾ ਤੇ ਉਹ ਆਪਣੇ ਸਿਰਾਂ ਉੱਤੇ 'ਸਰਦਾਰੀ' ਦਾ ਤਾਜ ਪਹਿਨਣ ਵਾਸਤੇ ਤਿਆਰ ਹੁੰਦੇ ਗਏ। ਅੰਤ ਉਹ ਸਿਰੜੀ ਬੰਦੇ ਏਸ ਲੰਮੇ ਘੋਲ ਵਿਚ ਸਫਲ ਹੋ ਹੀ ਗਏ। ਤੱਤੀਆਂ ਤਵੀਆਂ ਉੱਤੇ ਸੜਨ ਵਾਲੇ ਦੇ ਨਾਮ-ਲੇਵਾ ਬਾਦਸ਼ਾਹੀ ਤਖ਼ਤ ਉੱਤੇ ਬੈਠਣ ਦੇ ਹੱਕਦਾਰ ਬਣ ਗਏ। ਖੋਪਰੀਆਂ ਲੁਹਾਉਣ



Sri Satguru Jagjit Singh Ji eLibrary NamdhariElibrary@gmail.com

ਵਾਲਿਆਂ ਦੇ ਸਿਰ ਉੱਤੇ ਕੁਦਰਤ ਰਾਣੀ ਨੇ ਰਾਜਸੀ ਤਾਜ ਧਰ ਦਿੱਤਾ ਤੇ ਬੰਦ ਬੰਦ ਕਟਾਉਣ ਵਾਲਿਆਂ ਦੇ ਡੌਲਿਆਂ ਉੱਤੇ 'ਕੋਹਿਨੂਰ' ਸ਼ੋਭਾ ਪਾਉਣ ਲੱਗਾ। ਹਕੂਮਤ ਦੇ ਬਾਗ਼ੀ ਦੇਸ ਦੇ ਹੁਕਮਰਾਨ ਬਣ ਗਏ। ਸੌ ਸਾਲ ਦੇ ਘੋਲ ਦਾ ਸਿੱਟਾ 'ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ' ਦੁਨੀਆ ਦੇ ਇਤਿਹਾਸ ਵਿਚ ਪ੍ਰਗਟ ਹੋਇਆ।

**ਸ਼ੇਰੇ-ਪੰਜਾਬ ਦੇ ਵੱਡੇ**

ਜਿਸ ਤਰ੍ਹਾਂ ਸਿੱਖ ਸੌ ਸਾਲ ਦੇ ਘੋਲ ਪਿਛੋਂ ਦੇਸ਼ ਦੇ ਬਾਦਸ਼ਾਹ ਬਣੇ ਸਨ, ਉਸੇ ਤਰ੍ਹਾਂ ਰਣਜੀਤ ਸਿੰਘ ਵਰਗੀ ਸ਼ਖ਼ਸੀਅਤ ਵੀ ਪੰਜਾਂ ਪੀੜ੍ਹੀਆਂ ਵਿਚ ਬਣੀ ਸੀ। ਇਸ ਘਰਾਣੇ ਦਾ ਪਹਿਲਾ ਅੰਮ੍ਰਿਤਧਾਰੀ ਸਿੱਖ ਤੇ ਨਾਮਵਰ ਸਰਦਾਰ ਬੁੱਢਾ ਸਿੰਘ ਹੋਇਆ ਹੈ। ਜੇ ਹੋਰ ਪਿੱਛੇ ਚਲੇ ਜਾਈਏ ਤਾਂ ਇਹ ਘਰਾਣਾ ਭੱਟੀ ਰਾਜਪੂਤ ਰਾਜਾ ਸਲਵਾਨ (ਸਾਲਬਾਹਨ) ਦੀ ਔਲਾਦ ਵਿਚੋਂ ਹੈ।[1] ਬਾਦਸ਼ਾਹੀ ਨਾਸ ਹੋਣ ਪਿਛੋਂ ਏਸ ਵੰਸ਼ ਦੇ ਆਦਮੀ ਵਾਹੀ ਕਰਨ ਲੱਗ ਪਏ ਤੇ ਪੰਜਾਬ ਦੇ ਜੱਟਾਂ[2] ਵਿਚ ਗਿਣੇ ਜਾਣ ਲੱਗੇ। ੧੪੭੦ ਈਸਵੀ ਵਿਚ ਏਸੇ ਖ਼ਾਨਦਾਨ ਦਾ 'ਕਾਲੂ' ਨਾਮ ਦਾ ਜੱਟ ਪਿੰਡ ਭੱਟੀਆਂ ਵਿਚ ਵਸਦਾ ਸੀ। ਸ਼ਰੀਕੇ ਨਾਲ ਉਸ ਦੀ ਅਣਬਣ ਹੋ ਗਈ ਤੇ ਉਹ ਪਿੰਡ ਸਹਿੰਸਰੇ (ਜ਼ਿਲ੍ਹਾ ਅੰਮ੍ਰਿਤਸਰ) ਆ ਵੱਸਿਆ। ਏਥੇ ਇਸ ਦੇ ਘਰ 'ਜਾਦੋਮਾਨ' ਜੰਮਿਆ। ਏਥੋਂ ਉਠ ਕੇ 'ਕਾਲੂ' ਆਪਣੀ ਇਸਤਰੀ ਤੇ ਪੁੱਤਰ ਸਣੇ ਪਿੰਡ 'ਸੰਧ' (ਧੌਂਕਲ ਤੋਂ ਡੂਢ ਕੋਹ ਤੇ ਵਜ਼ੀਰਾਬਾਦ ਤੋਂ ਚਾਰ ਕੋਹ) ਵਿਚ ਜਾ ਵਸਿਆ। ੧੪੮੮ ਈਸਵੀ ਨੂੰ 'ਕਾਲੂ' ਸੁਰਗਵਾਸ ਹੋਇਆ, ਤਾਂ ਜਾਦੋਮਾਨ ਢਾਣੀਆਂ ਨਾਲ ਰਲ ਕੇ ਧਾੜੇ ਮਾਰਨ ਲੱਗ ਪਿਆ। ੧੫੧੫ ਈਸਵੀ ਵਿਚ ਇਹ ਇਕ ਧਾੜੇ ਵਿਚ ਮਾਰਿਆ ਗਿਆ। ਉਸ ਦਾ ਪੁੱਤਰ 'ਗੁਲਾਬ' (ਉਰਫ਼ ਮੰਨੂੰ) ਵੀ—ਪਿਤਾ ਵਰਗਾ—ਧਾੜਵੀ ਹੀ ਹੋਇਆ, ਜੋ ੧੫੪੯ ਈਸਵੀ ਵਿਚ ਪਿੰਡ 'ਸੰਧ' ਵਿਚ ਕਾਲਵੱਸ ਹੋਇਆ। ਗ਼ਾਲਬ ਦਾ ਪੁੱਤਰ 'ਕਿਦੋਹ' ਹੋਇਆ। ਉਹਨੇ ਪਿੰਡ ਸੰਧ ਛੱਡ ਦਿੱਤਾ ਤੇ 'ਕਿਆਲੀ' ਆ ਵਸਿਆ। ਓਥੇ ਦਿਲ ਨਾ ਲੱਗਾ ਤਾਂ ੧੫੫੫ ਈਸਵੀ ਵਿਚ ਉਹ ਪਿੰਡ ਸ਼ੁਕਰਚੱਕ (ਗੁੱਜਰਾਂਵਾਲਾ ਤੋਂ ਡੇਢ ਕੋਹ ਦੱਖਣ ਵੱਲ) ਆ ਗਿਆ। ਏਥੇ ਉਸ ਨੇ ਕੁਛ ਜ਼ਮੀਨ ਖ਼ਰੀਦ ਲਈ। ਸੋ ਇਹ ਘਰਾਣਾ ਏਸੇ ਪਿੰਡ ਦਾ ਪੱਕਾ ਵਸਨੀਕ ਬਣ ਗਿਆ। ਪੰਥ ਵਿਚ ਮਿਸਲਾਂ ਕਾਇਮ ਹੋਈਆਂ, ਤਾਂ ਏਸੇ ਪਿੰਡ ਦੇ ਨਾਮ ਉੱਤੇ ਹੀ ਮਿਸਲ ਦਾ ਨਾਮ (ਮਿਸਲ ਸ਼ੁੱਕਰਚੱਕੀਆਂ) ਪੈ ਗਿਆ। 'ਕਿਦੋਹ' ੧੫੭੮ ਈਸਵੀ ਵਿਚ ਮਰਿਆ। ਉਸ ਦੇ ਅੱਗੇ ਦੋ ਪੁੱਤਰ ਹੋਏ ਰਾਜਦੇਵ[3] ਤੇ ਪ੍ਰੇਮੂ। ਰਾਜਦੇਵ

---

1. ਪੰਥ ਪ੍ਰਕਾਸ਼, ਗਿਆਨ, ਛੇਵੀਂ ਐਡੀਸ਼ਨ, ਪੰਨਾ ੧੦੨੦।
2. ਜੱਟਾਂ ਦੇ ਬਹੁਤ ਸਾਰੇ ਗੋਤ ਰਾਜਪੂਤਾਂ ਵਿਚੋਂ ਨਿਕਲੇ ਹਨ।
3. ਸਮਿਥ ਇਸ ਦਾ ਨਾਮ ਰਜਾਦਾ ਲਿਖਦਾ ਹੈ। (ਏ ਹਿਸਟਰੀ ਆਫ਼ ਦੀ ਰੇਨਿੰਗ ਫ਼ੈਮਿਲੀ ਆਫ਼ ਲਾਹੌਰ, ਕਰਤਾ ਮੇਜਰ ਜੀ. ਕਾਰਮਾਈਕਲ ਸਮਿਥ, ਛਪੀ ੧੮੪੭ ਈ.) ਸਮਿਥ, ਪੰਨਾ ੩। ਮਗਰ ਲਤੀਫ਼ 'ਰਾਜਦੇਵ' ਲਿਖਦਾ ਹੈ, ਪੰਨਾ ੩੩੬।



Sri Satguru Jagjit Singh Ji eLibrary NamdhariElibrary@gmail.com

ਨੇ ਮਾਰਧਾੜ ਦਾ ਰਾਹ ਨਾ ਫੜਿਆ। ਉਹਨੇ ਵਾਹੀ ਦੇ ਨਾਲ ਪਿੰਡ ਵਿਚ ਦੁਕਾਨਦਾਰੀ ਵੀ ਆਰੰਭ ਦਿੱਤੀ। ਉਹ ਸਮੇਂ ਅਨੁਸਾਰ ਪੜ੍ਹਿਆ ਲਿਖਿਆ ਆਦਮੀ ਸੀ। ਉਸ ਨੇ ੧੬੨੦ ਈਸਵੀ ਵਿਚ ਅਕਾਲ ਚਲਾਣਾ ਕੀਤਾ। ਉਸ ਦੇ ਅੱਗੇ ਤਿੰਨ ਪੁੱਤਰ ਹੋਏ : ਤੇਲੂ, ਤਖ਼ਤ ਮੱਲ ਤੇ ਨਿੱਲੂ। ਤੇਲੂ ਤੇ ਨਿੱਲੂ ਬਾਲ ਉਮਰ ਵਿਚ ਹੀ ਮਰ ਗਏ। ਤਖ਼ਤ ਮੱਲ ਨੇ ਜ਼ਿੰਦਗੀ ਵਿਚ ਬੜੀ ਤਰੱਕੀ ਕੀਤੀ ਤੇ ਪਿੰਡ ਵਿਚ ਆਗੂ ਮੰਨਿਆ ਜਾਣ ਲੱਗਾ। ਉਹ ਵਾਹੀ ਤੇ ਦੁਕਾਨਦਾਰੀ ਦੇ ਨਾਲ ਸ਼ਾਹੂਕਾਰਾ ਵੀ ਕਰਨ ਲੱਗ ਪਿਆ ਸੀ। ਉਹ ੧੬੫੩ ਈਸਵੀ ਵਿਚ ਸੁਰਗਵਾਸ ਹੋਇਆ। ਉਸ ਦੇ ਅੱਗੇ ਦੋ ਪੁੱਤਰ ਹੋਏ : ਬਾਲੂ ਤੇ ਬੜਾ[1]। ਬਾਲੂ ਅਠਾਰਾਂ ਸਾਲ ਦੀ ਉਮਰ ਵਿਚ ਹੀ ਇਕ ਧਾੜੇ ਅੰਦਰ ਮਾਰਿਆ ਗਿਆ। 'ਬੜਾ' ਗੁਰਬਾਣੀ ਦਾ ਪ੍ਰੇਮੀ, ਸਿੱਖੀ ਦਾ ਸ਼ਰਧਾਲੂ ਤੇ ਸੰਤ-ਸਰੂਪ ਸੀ। ਇਲਾਕੇ ਵਿਚ ਉਹ ਸਿੱਖੀ ਦਾ ਪ੍ਰਚਾਰ ਕਰਿਆ ਕਰਦਾ ਸੀ। ਲੋਕ ਉਹਨੂੰ 'ਭਾਈ ਬੜਾ'[2] ਕਹਿੰਦੇ ਸਨ। ਪਿੰਡ ਸ਼ੁਕਰਚੱਕ ਦੀ ਅੱਧੀ ਜ਼ਮੀਨ ਦਾ ਉਹ ਮਾਲਕ ਸੀ। ਉਹ ੧੬੭੯ ਈਸਵੀ ਵਿਚ ਸੁਰਗਵਾਸ ਹੋਇਆ। ਉਹਦਾ ਇਕੋ ਇਕ ਲੜਕਾ 'ਬੁੱਢਾ'[3] ਉਸ ਵੇਲੇ ਨੌਂ ਸਾਲ ਦਾ ਸੀ। ਭਾਈ ਬੜਾ

**ਬੁੱਢਾ ਸਿੰਘ**

ਆਪ ਸਿੱਖ ਤੇ ਸਿੱਖੀ ਦਾ ਪ੍ਰਚਾਰਕ ਸੀ। ਸੋ ਉਹਨੇ ਆਪਣੇ ਪੁੱਤਰ ਨੂੰ ਵੀ ਸਿੱਖੀ ਵਿਚ ਪੱਕੇ ਰਹਿਣ ਦੀ ਨਸੀਹਤ ਕੀਤੀ।[4] 'ਬੁੱਢਾ' ਜੁਆਨ ਹੋ ਕੇ ਬੜਾ ਦਲੇਰ ਸੂਰਮਾ ਸਾਬਤ ਹੋਇਆ। ਧਾੜੇ ਮਾਰਦਾ ਮਾਰਦਾ ਉਹ ਆਪਣੀ ਟੋਲੀ ਦਾ ਆਗੂ ਬਣ ਗਿਆ। ਜਦ ਦਸਮੇਸ਼ ਪਿਤਾ ਜੀ ਨੇ ਅੰਮ੍ਰਿਤ ਪ੍ਰਚਾਰ ਕੀਤਾ (੧ ਵਿਸਾਖ, ੧੭੫੬ ਬਿ., ੩੦ ਮਾਰਚ, ੧੬੯੯ ਈ.) ਤਾਂ ਸਾਰੇ ਦੇਸ਼ ਵਿਚ ਸਿੱਖੀ ਦੇ ਸ਼ਰਧਾਲੂ ਅੰਮ੍ਰਿਤ ਛਕ ਕੇ 'ਸਿੰਘ' ਬਣਨ ਲੱਗੇ। ਭਾਈ 'ਬੁੱਢਾ' ਵੀ ਅੰਮ੍ਰਿਤ ਛਕ ਕੇ[5] ਬੁੱਢਾ ਸਿੰਘ[6] ਬਣ ਗਿਆ। ਉਹ ਗੁਰੂ ਗੋਬਿੰਦ ਸਿੰਘ ਜੀ ਤੇ ਬਾਬਾ ਬੰਦਾ ਸਿੰਘ ਦੀਆਂ ਲੜਾਈਆਂ ਵਿਚ ਬੜੀ ਬਹਾਦਰੀ ਨਾਲ ਲੜਿਆ।[7] ਉਸ ਦੇ ਸਰੀਰ ਉੱਤੇ ਤੀਹ ਫੱਟ ਤਲਵਾਰ ਦੇ ਤੇ ਨੌਂ ਗੋਲੀਆਂ ਦੇ ਨਿਸ਼ਾਨ ਸਨ। ਉਸ ਦੇ ਨਾਲ ਹੀ ਉਹਦੀ ਘੋੜੀ 'ਦੇਸੀ' ਵੀ ਦੌੜਨ

---

1. ਲਤੀਫ਼ ਹਿਸਟਰੀ ਆਫ਼ ਦੀ ਪੰਜਾਬ, ਕਰਤਾ ਸੱਯਦ ਮੁਹੰਮਦ ਲਤੀਫ਼, (੧੮੯੧ ਈਸਵੀ ਵਿਚ ਛਪੀ), ਪੰਨਾ ੩੩੬; ਸਮਿੱਥ, ਪੰਨਾ ੩ ।
2. ਰਾਜ ਖ਼ਾਲਸਾ, ਉਰਦੂ, (੧੯੨੫ ਈ. ਵਿਚ ਛਪਿਆ) ਦੇ ਪੰਨਾ ੪੮ ਉੱਤੇ ਗਿਆਨ ਸਿੰਘ 'ਭਾਈ ਭਾਗ ਮੱਲ' ਨਾਮ ਲਿਖਦਾ ਹੈ।
3. ਲਤੀਫ਼ ਪੰਨੇ ੩੩੬-੭, ਸਮਿੱਥ, ਪੰਨੇ ੧ ਤੋਂ ੫ ।
4. ਲਤੀਫ, ਪੰਨਾ ੩੩੭ ।
5. ਲਤੀਫ਼, ਪੰਨਾ ੩੩੭, ਰਾਜ ਖ਼ਾਲਸਾ ਉਰਦੂ, ਪੰਨਾ ੪੮ ।
6. ਸੋਹਨ ਲਾਲ (ਉਮਦਾਤੁਤ ਤਵਾਰੀਖ਼, ਹਿੱਸਾ ਦੂਜਾ, ਪੰਨਾ ੨) ਬੁੱਢਾ ਸਿੰਘ ਨਾਮ ਲਿਖਦਾ ਹੈ, ਪੰਥ ਪ੍ਰਕਾਸ਼, ਪੰਨਾ ੧੦੨੦, ਰਾਜ ਖ਼ਾਲਸਾ ਪੰਨਾ ੪੮, ਸਮਿੱਥ ਪੰਨਾ ੫ ।
7. ਰਾਜ ਖ਼ਾਲਸਾ, ਪੰਨਾ ੪੮ ।



Sri Satguru Jagjit Singh Ji eLibrary NamdhariElibrary@gmail.com

ਵਿਚ ਆਪਣੀ ਮਿਸਾਲ ਆਪ ਸੀ। ਉਸ ਦੀ ਪਿੱਠ ਉੱਤੇ ਉਹ ਬਾਂਕਾ ਜਵਾਨ ਪੰਜਾਹ ਵਾਰ ਰਾਵੀ, ਝਨਾਂ ਤੇ ਜਿਹਲਮ ਉੱਤੋਂ ਦੀ ਟੱਪਿਆ ਸੀ। ਉਹਨੇ ੧੭੧੮ ਈਸਵੀ ਵਿਚ ੪੮ ਸਾਲ ਉਮਰ ਭੋਗ ਕੇ ਏਸ ਦੁਨੀਆਂ ਤੋਂ ਕੂਚ ਕੀਤਾ।[1] ਉਸ ਦੀ ਧਰਮ ਪਤਨੀ ਕਟਾਰ ਮਾਰ ਕੇ ਮਰ ਗਈ। ਦੋਵੇਂ ਇਕੋ ਚਿਖ਼ਾ ਵਿਚ ਸਾੜੇ ਗਏ।[2]

ਬੁੱਢਾ ਸਿੰਘ ਦੇ ਅੱਗੇ ਦੋ ਪੁੱਤਰ—ਨੌਧ ਸਿੰਘ ਤੇ ਚੰਦਾ ਸਿੰਘ—ਹੋਏ। ਨੌਧ ਸਿੰਘ, ਸ਼ੇਰੇ ਪੰਜਾਬ ਦਾ ਵੱਡਾ ਸੀ ਤੇ ਚੰਦਾ ਸਿੰਘ ਸੰਧਾਵਾਲੀਆ ਘਰਾਣੇ ਦਾ। ੧੭੩੦ ਈਸਵੀ ਵਿਚ ਸ: ਗੁਲਾਬ ਸਿੰਘ ਮਜੀਠੇ ਦੀ ਲੜਕੀ ਨਾਲ ਨੌਧ ਸਿੰਘ ਦਾ ਵਿਆਹ ਹੋਇਆ।[3] ਗੁਲਾਬ ਸਿੰਘ ਤੇ ਅਮਰ ਸਿੰਘ (ਦੋਵੇਂ ਭਰਾ) ਮਜੀਠੇ ਦੇ ਪ੍ਰਸਿੱਧ ਸਰਦਾਰ ਤੇ ਧਾੜਵੀ ਸਨ। ਨੌਧ ਸਿੰਘ ਸ਼ੁਕਰਚੱਕ ਦਾ ਚੌਧਰੀ ਸੀ। ਏਸ ਸੰਬੰਧ ਨੇ ਇਹਨਾਂ ਦੀ ਤਾਕਤ ਵਿਚ ਹੋਰ ਵਾਧਾ ਕਰ ਦਿੱਤਾ। ਨਾਦਰ ਦੇ ਹਮਲੇ ਨੇ ਸਿੱਖਾਂ ਨੂੰ ਵੱਧਣ ਫੁੱਲਣ ਦਾ ਬੜਾ ਸਮਾਂ ਦਿੱਤਾ ਸੀ। ਹੋਰ ਸਿੱਖ ਸਰਦਾਰਾਂ ਵਾਂਗ ਉਦੋਂ ਨੌਧ ਸਿੰਘ ਨੇ ਵੀ ਲੁੱਟਮਾਰ ਕਰਕੇ ਆਪਣੀ ਤਾਕਤ ਬਣਾ ਲਈ। ਪਿਛੋਂ ਉਹ ਨਵਾਬ ਕਪੂਰ ਸਿੰਘ ਦੇ ਜੱਥੇ ਨਾਲ ਮਿਲ ਗਿਆ। ਅਬਦਾਲੀ ਦੇ ਪਹਿਲੇ ਹਮਲੇ ਸਮੇਂ ਦੋਹਾਂ ਨੇ ਰਲ ਕੇ ਉਸ ਦਾ ਡੇਰਾ ਲੁੱਟ ਲਿਆ। ਏਸ ਬਹਾਦਰੀ ਦਾ ਸਦਕਾ ਨੌਧ ਸਿੰਘ ਪੰਥ ਦੇ ਉੱਘੇ ਸਰਦਾਰਾਂ ਵਿਚ ਗਿਣਿਆ ਜਾਣ ਲੱਗਾ। ੧੭੪੮ ਈਸਵੀ ਵਿਚ ਮਿਸਲਾਂ ਦਾ ਮੁੱਢ ਬੱਝਾ, ਤਾਂ ਉਸ ਨੇ ਆਪਣੀ ਵੱਖਰੀ ਮਿਸਲ—ਸ਼ੁਕਰਚੱਕੀਆ—ਬਣਾ ਲਈ। ਪਿਛੋਂ ਉਸ ਨੇ ਆਪਣੇ ਭਰਾ ਚੰਦਾ ਸਿੰਘ ਦੀ ਮਦਦ ਨਾਲ ਗੁਜਰਾਂਵਾਲੇ ਦੇ ਉਦਾਲੇ ਕਈ ਪਿੰਡ ਮੱਲ ਲਏ।[4] ਅੰਤ ਨੌਧ ਸਿੰਘ ਮਜੀਠੇ ਕੋਲ ਪਠਾਣਾਂ ਨਾਲ ਲੜ ਕੇ ੧੭੫੨ ਈਸਵੀ[5] ਵਿਚ ਸ਼ਹੀਦ ਹੋਇਆ। ਸ: ਨੌਧ ਸਿੰਘ ਦੇ ਅੱਗੇ ਚਾਰ ਪੁੱਤਰ ਹੋਏ—ਚੜ੍ਹਤ ਸਿੰਘ, ਦਲ ਸਿੰਘ, ਚੇਤ ਸਿੰਘ ਤੇ ਮਾਘੀ ਸਿੰਘ। ਉਹਨਾਂ ਵਿਚੋਂ ਵੱਡੇ ਚੜ੍ਹਤ ਸਿੰਘ ਦਾ ਜਨਮ ੧੭੨੧ ਈਸਵੀ[6] ਵਿਚ ਹੋਇਆ।[1] ਨੌਧ ਸਿੰਘ ਦੇ ਪਿਛੋਂ ਚੜ੍ਹਤ ਸਿੰਘ ਮਿਸਲ ਦਾ ਜੱਥੇਦਾਰ

ਨੌਧ ਸਿੰਘ

ਚੜ੍ਹਤ ਸਿੰਘ

---

1. ਗ੍ਰਿਫਿਨ (ਰੂਲਰਜ਼ ਆਫ਼ ਇੰਡੀਆ—ਰਣਜੀਤ ਸਿੰਘ—ਕਰਤਾ ਸਰ ਲੈਪਲ ਗ੍ਰਿਫ਼ਨ, ਉਰਦੂ ਤਰਜਮਾ ਮੌਲਵੀ ਨਜ਼ੀਰ ਹੁਸੈਨ ਫ਼ਾਰੂਕੀ, ੧੯੨੨ ਈਸਵੀ ਵਿਚ ਛਪੀ) ਪੰਨਾ ੧੧੦।
2. ਸਮਿੱਥ ੫, ਲਤੀਫ਼, ਪੰਨਾ ੩੩੭।
3. ਸਮਿੱਥ, ਪੰਨਾ ੬, ਲਤੀਫ਼, ਪੰਨਾ ੩੩੮।
4. ਨਾਰੰਗ, (ਟਰਾਨਸ ਫਾਰਮੇਸ਼ਨ ਆਫ਼ ਸਿੱਖਇਜ਼ਮ, ਕਰਤਾ ਸਰ ਗੋਕਲ ਚੰਦ ਨਾਰੰਗ , ਦੂਜੀ ਐਡੀਸ਼ਨ), ਪੰਨਾ ੨੯੦।
5. ਸਮਿੱਥ , ਪੰਨਾ ੬; ਲਤੀਫ, ਪੰਨਾ ੩੩੮।
6. ਲਤੀਫ਼ ਪੰਨਾ ੩੩੮; ਸਮਿੱਥ, ਪੰਨਾ ੬।



Sri Satguru Jagjit Singh Ji eLibrary NamdhariElibrary@gmail.com

ਬਣਿਆ। ਉਸ ਨੇ ਸ਼ੁਕਰਚੱਕ ਦੀ ਥਾਂ ਕੁਛ ਚਿਰ ਰਾਜਾਸਾਂਸੀ ਨੂੰ ਆਪਣਾ ਸਦਰ ਮੁਕਾਮ ਬਣਾ ਲਿਆ। ੧੭੫੬ ਈਸਵੀ ਵਿਚ ਉਸ ਦਾ ਵਿਆਹ ਗੁਜਰਾਂਵਾਲੇ ਦੇ ਸ: ਅਮੀਰ ਸਿੰਘ ਦੀ ਲੜਕੀ ਨਾਲ ਹੋ ਗਿਆ। ਇਸ ਵਾਸਤੇ ਕੁਝ ਸਮੇਂ ਪਿਛੋਂ ਉਸ ਨੇ ਰਾਜਾਸਾਂਸੀ ਦੀ ਥਾਂ ਗੁੱਜਰਾਂਵਾਲੇ ਨੂੰ ਹੀ ਆਪਣਾ ਅੱਡਾ ਬਣਾ ਲਿਆ। ਹੁਣ ਉਹ ਦੋਵੇਂ ਘਰਾਣੇ ਰਲ ਕੇ ਗੁਜਰਾਂਵਾਲੇ ਦੇ ਇਲਾਕੇ ਵਿਚ ਆਪਣੀ ਤਾਕਤ ਵਧਾਉਣ ਲੱਗ ਪਏ। ੧੭੫੪ ਈਸਵੀ ਵਿਚ ਸਿੰਘਾਂ ਨੇ ਲਾਹੌਰ ਦਾ ਕੁਝ ਹਿੱਸਾ ਲੁੱਟਿਆ, ਤਾਂ ਸ: ਚੜ੍ਹਤ ਸਿੰਘ ਵੀ ਸ: ਜੱਸਾ ਸਿੰਘ ਦੇ ਨਾਲ ਸੀ। ਅਗਸਤ ੧੭੬੧ ਈਸਵੀ ਵਿਚ ਸ: ਚੜ੍ਹਤ ਸਿੰਘ ਨੇ ਪ੍ਰਸਿੱਧ ਦੁਰਾਨੀ ਜਰਨੈਲ ਨੂਰਦੀਨ ਨੂੰ ਸ਼ਕੰਸਤ ਦਿੱਤੀ।[2] ਗੁੱਜਰਾਂਵਾਲੇ ਵਿਚ ਉਸ ਨੇ ਬੜਾ ਮਜ਼ਬੂਤ ਕਿਲ੍ਹਾ ਬਣਾ ਲਿਆ ਸੀ। ਉਬੇਦ ਖਾਂ ਸੂਬੇਦਾਰ ਲਾਹੌਰ ਨੇ ਉਸ ਉੱਤੇ ਹਮਲਾ ਕੀਤਾ ਤੇ ਹਾਰ ਕੇ ਵਾਪਸ ਮੁੜਿਆ। ੧੭੬੨ ਈਸਵੀ ਦੇ ਵੱਡੇ ਘੱਲੂਘਾਰੇ ਵਿਚ ਸ: ਚੜ੍ਹਤ ਸਿੰਘ ਬੜੀ ਬਹਾਦਰੀ ਨਾਲ ਦੁਰਾਨੀਆਂ ਵਿਰੁੱਧ ਲੜਿਆ ਤੇ ਜਾਨ ਹੀਲ ਕੇ 'ਸਿੱਖ ਵਹੀਰ' ਨੂੰ ਬਚਾਇਆ। ਇਸ ਸੂਰਮਤਾਈ ਦੇ ਸਾਕੇ ਨੇ ਉਸ ਨੂੰ ਸਾਰੇ ਪੰਥ ਵਿਚ ਉੱਘਾ ਕਰ ਦਿੱਤਾ। ਹੁਣ ਤੱਕ ਉਸ ਦਾ ਜੋੜ ਸ: ਜੱਸਾ ਸਿੰਘ ਆਹਲੂਵਾਲੀਆ ਤੇ ਨਵਾਬ ਕਪੂਰ ਸਿੰਘ ਨਾਲ ਰਿਹਾ। ੧੭੬੩ ਈਸਵੀ ਵਿਚ ਪੰਥ ਦੇ ਦੋ ਵੱਡੇ ਜੱਥੇ ਬਣ ਗਏ : ਬੁੱਢਾ ਦਲ ਤੇ ਤਰਨਾ ਦਲ। ਬੁੱਢਾ ਦਲ ਦਾ ਜੱਥੇਦਾਰ ਸ: ਜੱਸਾ ਸਿੰਘ ਆਹਲੂਵਾਲੀਆ ਬਣਿਆ ਤੇ ਤਰਨਾ ਦਲ ਦਾ ਜੱਥੇਦਾਰ ਸ: ਹਰੀ ਸਿੰਘ ਭੰਗੀ। ਸ: ਚੜ੍ਹਤ ਸਿੰਘ ਤਰਨਾ ਦਲ ਵਿਚ ਸ਼ਾਮਿਲ ਹੋ ਗਿਆ। ਜਦ ਕਸੂਰ ਫ਼ਤਹਿ ਕਰਨ ਵਾਸਤੇ ਸ: ਹਰੀ ਸਿੰਘ ਭੰਗੀ ਅੰਮ੍ਰਿਤਸਰੋਂ ਤੁਰਿਆ ਸੀ, ਤਾਂ ਸਭ ਤੋਂ ਪਹਿਲਾਂ ਸ: ਚੜ੍ਹਤ ਸਿੰਘ ਹੀ ਉਹਦੇ ਨਾਲ ਤਿਆਰ ਹੋਇਆ। (ਮਈ, ੧੭੬੩ ਈਸਵੀ) ਕਸੂਰ ਦੀ ਲੁੱਟ ਵਿਚੋਂ ਸ: ਚੜ੍ਹਤ ਸਿੰਘ ਦੇ ਹੱਥ ਚੰਗਾ ਮਾਲ ਆਇਆ। ਮਲੇਰਕੋਟਲਾ, ਖੇੜੀ, ਮੁਰਿੰਡਾ ਤੇ ਸਰਹਿੰਦ ਮਾਰਨ ਵੇਲੇ ਉਹਦਾ ਜੱਥਾ ਮੋਹਰਲੀਆਂ ਪਾਲਾਂ ਵਿਚ ਰਿਹਾ। ਜ਼ੈਨ ਖ਼ਾਂ ਦੇ ਮਰਨ ਉੱਤੇ ਸਾਰਾ ਸੂਬਾ ਸਰਹਿੰਦ ਸਿੱਖ ਸਰਦਾਰਾਂ ਨੇ ਵੰਡ ਲਿਆ, ਪਰ ਸ: ਚੜ੍ਹਤ ਸਿੰਘ ਏਧਰ ਕਬਜ਼ਾ ਕਰਨ ਦੀ ਥਾਂ ਆਪਣੇ ਇਲਾਕੇ ਵੱਲੇ ਚਲਾ ਗਿਆ।

**ਰੁਹਤਾਸ ਉੱਤੇ ਕਬਜ਼ਾ**

ਮਾਰਚ, ੧੭੬੪ ਈਸਵੀ ਵਿਚ ਉਸਨੇ ਮੁੜਦੇ ਅਬਦਾਲੀ ਨੂੰ ਜਿਹਲਮ ਦੇ ਕੰਢੇ ਤੱਕ ਪਿੱਛਾ ਕਰ ਕੇ ਲੁੱਟਿਆ। ਉਸ ਵੇਲੇ ਰੁਹਤਾਸ ਦਾ ਹਾਕਮ ਸਰਫ਼ਰਾਜ਼ ਖ਼ਾਂ ਸੀ।

---

1. ਬਾਕੀ ਤਿੰਨਾਂ ਦੇ ਜਨਮ—ਦਲ ਸਿੰਘ ਦਾ ੧੭੨੪ ਵਿਚ, ਚੇਤ ਸਿੰਘ ਦਾ ੧੭੨੭ ਵਿਚ, ਮਾਘੀ ਸਿੰਘ ਦਾ ੧੭੩੨ ਵਿਚ—ਸਮਿੱਥ, ਪੰਨਾ ੬।
2. ਚੜ੍ਹਤ ਸਿੰਘ ਦੇ ਜੀਵਨ ਦੇ ਬਹੁਤੇ ਕਾਰਨਾਮੇ 'ਸਿੱਖ ਰਾਜ ਕਿਵੇਂ ਬਣਿਆ' ਵਿਚ ਆ ਚੁੱਕੇ ਹਨ।



Sri Satguru Jagjit Singh Ji eLibrary NamdhariElibrary@gmail.com

ਸ: ਚੜ੍ਹਤ ਸਿੰਘ ਨੇ ਹਮਲਾ ਕਰ ਕੇ ਉਸ ਨੂੰ ਉਥੋਂ ਕੱਢ ਦਿੱਤਾ ਤੇ ਆਪ ਰੁਹਤਾਸ ਉੱਤੇ ਕਬਜ਼ਾ ਕਰ ਲਿਆ। ਅਬਦਾਲੀ ਦੇ ਨਾਮਵਰ ਜਰਨੈਲ ਸਰਬੁਲੰਦ ਖ਼ਾਂ ਨੂੰ ਕੈਦ ਕਰਕੇ ਛੱਡ ਦਿੱਤਾ। ਰੁਹਤਾਸ ਉੱਤੇ ਕਬਜ਼ਾ ਕਰਨ ਪਿਛੋਂ ਸ: ਚੜ੍ਹਤ ਸਿੰਘ ਨੇ ਧੰਨੀ, ਪੋਠੋਹਾਰ, ਚਕਵਾਲ, ਜਲਾਲਪੁਰ, ਸਈਅਦਪੁਰ, ਪਿੰਡ ਦਾਦਨ ਖ਼ਾਂ, ਮਿਆਣੀ (ਲੂਣ ਦੀ ਖਾਣ), ਆਦਿ ਉੱਤੇ ਕਬਜ਼ਾ ਕਰ ਕੇ ਆਪਣੇ ਵੱਲੋਂ ਸ: ਬੁੱਧ ਸਿੰਘ ਤੇ ਕੌਰ ਸਿੰਘ ਇਲਾਕੇ ਦੇ ਫ਼ੌਜਦਾਰ ਥਾਪ ਦਿੱਤੇ। ਇਸ ਤੋਂ ਪਿਛੋਂ ਅਬਦਾਲੀ ਦੇ ਸਾਰੇ ਹਮਲਿਆਂ ਵਿਚ ਉਹ ਅੱਗੇ ਵੱਧ ਕੇ ਹਮਲੇ ਕਰਦਾ ਰਿਹਾ ਤੇ ਉਸ ਦੇ ਕਈ ਨਾਮਵਰ ਜਰਨੈਲਾਂ ਉੱਤੇ ਫ਼ਤਹਿ ਪਾਈ।

ਜਦ ਸ: ਲਹਿਣਾ ਸਿੰਘ, ਗੁੱਜਰ ਸਿੰਘ ਤੇ ਸੋਭਾ ਸਿੰਘ ਨੇ (ਮਈ, ੧੭੬੫ ਈਸਵੀ) ਲਾਹੌਰ ਉੱਤੇ ਕਬਜ਼ਾ ਕਰ ਲਿਆ, ਤਾਂ ਸਿੱਖ ਸਾਰੇ ਪੰਜਾਬ ਵਿਚ ਮੱਲਾਂ ਮੱਲਣ ਵਾਸਤੇ ਖਿਲਰ ਗਏ। ਉਦੋਂ ਚੜ੍ਹਤ ਸਿੰਘ ਨੇ ਦਰਿਆ

**ਮੁਲਕ ਮੱਲਿਆ**

ਰਾਵੀ ਤੇ ਝਨਾਂ ਦੇ ਵਿਚਾਲੇ ਬਹੁਤ ਸਾਰਾ ਇਲਾਕਾ ਮੱਲ ਲਿਆ। ਵਜ਼ੀਰਾਬਾਦ ਫ਼ਤਹਿ ਕਰਕੇ ਉਹਨੇ ਆਪਣੇ ਸਾਲੇ ਸ: ਗੁਰਬਖ਼ਸ਼ ਸਿੰਘ ਵੜਾਇਚ ਨੂੰ ਦਿੱਤਾ। ਹਾਫ਼ਜ਼ਾਬਾਦ, ਸ਼ੇਖ਼ੂਪੁਰਾ ਤੇ ਨੌਸ਼ਹਿਰੇ ਦੇ ਪਰਗਣਿਆਂ ਦਾ ਬਹੁਤ ਸਾਰਾ ਹਿੱਸਾ ਫ਼ਤਹਿ ਕਰਕੇ ਉਥੋਂ ਦਾ ਹਾਕਮ ਸ: ਭਾਗ ਸਿੰਘ ਵਿਰਕ ਨੂੰ ਥਾਪਿਆ। ਸਿਆਲਕੋਟ ਤੇ ਰਾਮਨਗਰ ਦੇ ਇਲਾਕੇ ਉੱਤੇ ਵੀ ਉਸ ਨੇ ਕਬਜ਼ਾ ਕਰ ਲਿਆ। ਉਸ ਦੇ ਕਬਜ਼ੇ ਵਿਚ ਤਿੰਨ ਲੱਖ[1] ਸਾਲਾਨਾ ਆਮਦਨ ਦਾ ਇਲਾਕਾ ਹੋ ਗਿਆ ਸੀ।

ਰਾਜਾ ਜੰਮੂ ਰਣਜੀਤ ਦੇਵ ਦੇ ਦੋ ਪੁੱਤਰ ਸਨ : ਵੱਡਾ ਬ੍ਰਿਜਰਾਜ ਦੇਵ ਤੇ

**ਜੰਮੂ ਦਾ ਝਗੜਾ**

ਛੋਟਾ ਦਲੇਲ ਸਿੰਘ। ਰਾਜਾ ਵੱਡੇ ਪੁੱਤਰ ਦੀ ਥਾਂ ਛੋਟੇ ਨੂੰ ਗੱਦੀ ਦੇਣਾ ਚਾਹੁੰਦਾ ਸੀ। ਸੋ, ਵੱਡੇ ਨੇ ਬਗ਼ਾਵਤ ਕਰ ਦਿੱਤੀ। ਦੋਹਾਂ ਪਿਉ ਪੁੱਤਰਾਂ ਨੇ ਆਪਣੋ ਆਪਣੀ ਮਦਦ ਉੱਤੇ ਸਿੱਖ ਸਰਦਾਰ ਬੁਲਾ ਲਏ। ਬ੍ਰਿਜਰਾਜ ਦੇਵ ਦੀ ਮਦਦ ਉੱਤੇ ਸ: ਚੜ੍ਹਤ ਸਿੰਘ ਸ਼ੁਕਰਚੱਕੀਆ, ਸ: ਜੈ ਸਿੰਘ ਤੇ

**ਚੜ੍ਹਤ ਸਿੰਘ ਸੁਰਗਵਾਸ**

ਸ: ਹਕੀਕਤ ਸਿੰਘ ਕਨ੍ਹਈਏ ਤੇ ਰਣਜੀਤ ਦੇਵ ਦੇ ਪਾਸੇ ਸ: ਝੰਡਾ ਸਿੰਘ, ਗੰਡਾ ਸਿੰਘ ਭੰਗੀ। ਕਈ ਦਿਨ ਲੜਾਈ ਹੁੰਦੀ ਰਹੀ। ਇਕ ਦਿਨ ਸ: ਚੜ੍ਹਤ ਸਿੰਘ ਦੀ ਆਪਣੀ ਬੰਦੂਕ ਦੀ ਨਾਲੀ ਪਾਟ ਕੇ ਮੱਥੇ ਵਿਚ ਗੋਲੀ ਆ ਵੱਜੀ, ਜਿਸ ਨਾਲ ਉਹਦੀ ਮੌਤ ਹੋ ਗਈ

---

1. ਕੋਹਲੀ (ਮਹਾਰਾਜਾ ਰਣਜੀਤ ਸਿੰਘ—ਉਰਦੂ—ਕਰਤਾ ਪ੍ਰੋ. ਸੀਤਾ ਰਾਮ ਕੋਹਲੀ), ਪੰਨਾ ੫੩, ਲਤੀਫ਼, ਪੰਨਾ ੩੪੦, ਲੇਡੀ ਲਾਗਨ (ਸਰ ਜੌਹਨ ਲਾਗਨ ਤੇ ਦਲੀਪ ਸਿੰਘ, ਕਰਤਾ ਲੇਡੀ ਲਾਗਨ, ੧੮੯੦ ਵਿਚ ਛਪੀ), ਪੰਨਾ ੧੦੨।
2. ਕਨਿੰਘਮ (ਏ ਹਿਸਟਰੀ ਆਫ਼ ਦੀ ਸਿਖਸ, ਕਰਤਾ ਜੌਸਫ ਡੇਵੀ ਕਨਿੰਘਮ, ੧੯੧੮ ਵਿਚ ਛਪੀ ਐਡੀਸ਼ਨ), ਪੰਨਾ ੧੧੪; ਲਤੀਫ਼, ਪੰਨਾ ੩੪੦; ਗ੍ਰਿਫ਼ਨ, ਪੰਨਾ ੧੧੧; ਲੇਡੀ ਲਾਗਨ, ਪੰਨਾ ੧੨੦; ਸਮਿੱਥ, ਪੰਨਾ ੯।



Sri Satguru Jagjit Singh Ji eLibrary NamdhariElibrary@gmail.com

(੧੭੭੪ ਈਸਵੀ)[2] ਇਸ ਤਰ੍ਹਾਂ ਭੰਗੀ ਸਰਦਾਰਾਂ ਦਾ ਪਾਸਾ ਭਾਰਾ ਹੋ ਗਿਆ। ਸ: ਜੈ ਸਿੰਘ ਕਨ੍ਹਈਏ ਨੇ ਸ: ਝੰਡਾ ਸਿੰਘ ਭੰਗੀ ਨੂੰ—ਉਸੇ ਦੇ ਨੌਕਰ ਹੱਥੋਂ ਗੋਲੀ ਮਰਵਾ ਕੇ—ਧੋਖੇ ਨਾਲ ਮਰਵਾ ਦਿੱਤਾ, ਜਿਸ ਨਾਲ ਭੰਗੀਆਂ ਦੀ ਮਿਸਲ ਦਾ ਲੱਕ ਟੁੱਟ ਗਿਆ ਤੇ ਉਹ ਮੈਦਾਨ ਛੱਡ ਕੇ ਚਲੇ ਗਏ। ਸ: ਚੜ੍ਹਤ ਸਿੰਘ ਦੀ ਮੌਤ ਦੇ ਗ਼ਮ ਨਾਲ ਸ਼ੁਕਰਚੱਕੀਏ ਤੇ ਕਨ੍ਹਈਏ ਵੀ ਜੰਮੂ ਛੱਡ ਕੇ ਚਲੇ ਗਏ। ਗੁੱਜਰਾਂਵਾਲੇ ਵਿਚ ਸ ਚੜ੍ਹਤ ਸਿੰਘ ਦਾ ਸਸਕਾਰ ਕੀਤਾ ਗਿਆ ਤੇ ਸਮਾਧ ਬਣਾਈ ਗਈ।

**ਮਹਾਂ ਸਿੰਘ**

ਸ: ਚੜ੍ਹਤ ਸਿੰਘ ਦੇ ਘਰ ਦੋ ਪੁੱਤਰ—ਮਹਾਂ ਸਿੰਘ ਅਤੇ ਸੁਹੇਜ ਸਿੰਘ—ਤੇ ਇਕ ਲੜਕੀ—ਰਾਜ ਕੌਰ—ਹੋਈ ਸੀ। ਮਹਾਂ ਸਿੰਘ ਦਾ ਜਨਮ ੧੭੬੫ ਈਸਵੀ ਵਿਚ ਹੋਇਆ, ਭਾਵ ਸ: ਚੜ੍ਹਤ ਸਿੰਘ ਦੇ ਚਲਾਣੇ ਸਮੇਂ ਵੱਡਾ ਪੁੱਤਰ ਮਹਾਂ ਸਿੰਘ ਨੌਂ ਸਾਲ ਦਾ ਸੀ, ਜੋ ਰਸਮੀ ਤੌਰ ਉੱਤੇ ਮਿਸਲ ਦਾ ਜੱਥੇਦਾਰ ਬਣਿਆ ਸੀ। ਮਹਾਂ ਸਿੰਘ ਦੀ

**ਮਾਈ ਦੇਸਾਂ**

ਮਾਤਾ—ਦੇਸਾਂ—ਬੜੀ ਹੌਂਸਲੇ ਵਾਲੀ ਤੇ ਸਮਝਦਾਰ ਦੇਵੀ ਸੀ। ਉਹ ਸ: ਜੈ ਸਿੰਘ ਕਨ੍ਹਈਏ ਦੀ ਮਦਦ ਨਾਲ ਮਿਸਲ ਦਾ ਪ੍ਰਬੰਧ ਚਲਾਉਣ ਲੱਗੀ। ਮਹਾਂ ਸਿੰਘ ਦੇ ਦੋਵੇਂ ਮਾਮੇ—ਗੁਰਬਖ਼ਸ਼ ਸਿੰਘ ਤੇ ਦਲ ਸਿੰਘ—ਵੀ ਬੜੀ ਮਦਦ ਕਰਦੇ ਰਹੇ। ਮਾਈ ਦੇਸਾਂ ਨੇ

**ਮਹਾਂ ਸਿੰਘ ਦਾ ਵਿਆਹ**

ਆਪਣੀ ਲੜਕੀ ਰਾਜ ਕੌਰ ਦਾ ਵਿਆਹ ਸ: ਗੁੱਜਰ ਸਿੰਘ ਭੰਗੀ ਦੇ ਪੁੱਤਰ ਸਾਹਿਬ ਸਿੰਘ ਨਾਲ ਤੇ ਮਹਾਂ ਸਿੰਘ ਦਾ ਵਿਆਹ ਰਾਜਾ ਗਜਪਤ ਸਿੰਘ ਵਾਲੀਏ ਜੀਂਦ ਦੀ ਲੜਕੀ ਰਾਜ ਕੌਰ ਨਾਲ ਕਰ ਦਿੱਤਾ। (੧੭੭੪ ਈਸਵੀ[1]) ਏਸ ਤਰ੍ਹਾਂ ਭੰਗੀ ਮਿਸਲ ਤੇ ਫੂਲਕੇ ਘਰਾਣੇ ਦੀ ਮਦਦ ਹਾਸਲ ਹੋ ਗਈ। ਫਿਰ ਉਸ ਨੇ ਗੁਜਰਾਂਵਾਲੇ ਦੇ ਕਿਲ੍ਹੇ ਨੂੰ ਪਹਿਲਾਂ ਨਾਲੋਂ ਵੀ ਪੱਕਾ ਕਰ ਲਿਆ। ਉਹਨੇ ੧੭੭੮ ਈਸਵੀ ਵਿਚ ਚਲਾਣਾ ਕੀਤਾ।[2]

ਜਦ ਸ: ਮਹਾਂ ਸਿੰਘ ਨੇ ਜੁਆਨ ਹੋ ਕੇ ਅਮਲੀ ਤੌਰ 'ਤੇ ਰਾਜ ਕਾਜ ਸੰਭਾਲਿਆ ਤਾਂ ਸਭ ਤੋਂ ਪਹਿਲਾਂ ਉਹਨੇ ਕਿਲ੍ਹਾ ਰੁਹਤਾਸ ਵੱਲ ਮੂੰਹ ਕੀਤਾ। ਇਹ

**ਕਿਲ੍ਹਾ ਰੁਹਤਾਸ**

ਕਿਲ੍ਹਾ ਸ਼ੇਰ ਸ਼ਾਹ ਸੂਰੀ ਨੇ ਬਣਾਇਆ ਸੀ। ਏਸ ਦਾ ਰਕਬਾ ਤਿੰਨ ਮੁਰੱਬਾ ਮੀਲ ਸੀ ਤੇ ਬਾਹਰ ਦੀ ਕੰਧ ਬਾਰਾਂ ਗਜ਼ ਚੌੜੀ ਤੇ ਦਸ ਗਜ਼ ਉੱਚੀ[3]। ੧੭੬੪ ਈਸਵੀ ਵਿਚ ਸਰਫ਼ਰਾਜ਼ ਖ਼ਾਂ ਨੂੰ ਸ਼ਕਸਤ ਦੇ ਕੇ ਸ: ਚੜ੍ਹਤ ਸਿੰਘ ਨੇ ਇਸ ਕਿਲ੍ਹੇ ਉੱਤੇ ਕਬਜ਼ਾ ਕੀਤਾ ਸੀ।[4] ਸ: ਚੜ੍ਹਤ ਸਿੰਘ

---

1. ਗ੍ਰਿਫ਼ਨ, ਪੰਨਾ ੧੧੧
2. ਲਤੀਫ਼, ਪੰਨਾ ੩੪੫; ਸਮਿੱਥ, ਪੰਨਾ ੧੦
3. ਰਾਜ ਖ਼ਾਲਸਾ, ਪੰਨਾ ੫੦
4. ਵੇਖੋ 'ਸਿੱਖ ਰਾਜ ਕਿਵੇਂ ਬਣਿਆ ?'



Sri Satguru Jagjit Singh Ji eLibrary NamdhariElibrary@gmail.com

ਦੇ ਸੁਰਗਵਾਸ ਹੋਣ ਉੱਤੇ ਨੂਰਦੀਨ ਬਾਮੀਜ਼ਈ ਨੇ ਕਬਜ਼ਾ ਕਰ ਲਿਆ ਸੀ।

**ਕੋਟਲੀ ਲੁਹਾਰਾਂ**

ਸ: ਮਹਾਂ ਸਿੰਘ ਨੇ ਹਮਲਾ ਕਰਕੇ ਨੂਰਦੀਨ ਨੂੰ ਰੁਹਤਾਸ 'ਚੋਂ ਕੱਢ ਦਿੱਤਾ ਤੇ ਆਪਣਾ ਕਬਜ਼ਾ ਬਹਾਲ ਕਰ ਲਿਆ। ਏਥੋਂ ਚੱਲ ਕੇ 'ਕੋਟਲੀ ਲੁਹਾਰਾਂ' (ਸਿਆਲਕੋਟ ਦੇ ਕੋਲ) ਉੱਤੇ ਕਬਜ਼ਾ ਕਰ ਲਿਆ। ਇਹ ਕਸਬਾ ਬੰਦੂਕਾਂ ਬਣਾਉਣ ਵਿਚ ਬੜਾ ਪ੍ਰਸਿੱਧ ਸੀ। ਏਥੋਂ ਦੇ ਕਾਰਖ਼ਾਨੇ ਹੱਥ ਆ ਜਾਣ ਕਰਕੇ ਹਥਿਆਰਾਂ ਦੀ ਤੋਟ ਜਾਂਦੀ ਰਹੀ।

**ਰਸੂਲ ਨਗਰ ਉੱਤੇ ਕਬਜ਼ਾ**

ਰਸੂਲ ਨਗਰ ਦਾ ਹਾਕਮ ਪੀਰ ਮੁਹੰਮਦ ਖ਼ਾਂ ਚੱਠਾ ਮਿਸਲ ਸ਼ੁਕਰਚੱਕੀਆ ਦਾ ਬੜਾ ਵੱਡਾ ਵੈਰੀ ਸੀ। ਉਹ ਟਾਕਰੇ ਵਾਸਤੇ ਤਿਆਰੀ ਕਰ ਰਿਹਾ ਸੀ ਕਿ ਮਹਾਂ ਸਿੰਘ ਛੇ ਹਜ਼ਾਰ ਫ਼ੌਜ ਲੈ ਕੇ ਰਸੂਲ ਨਗਰ ਉੱਤੇ ਜਾ ਪਿਆ। ਸ: ਜੈ ਸਿੰਘ ਕਨ੍ਹਈਏ ਦੀ ਫ਼ੌਜ ਵੀ ਉਸ ਦੀ ਮਦਦ ਉੱਤੇ ਸੀ।[1] ਪੀਰ ਮੁਹੰਮਦ ਖ਼ਾਂ ਹਾਰ ਗਿਆ ਤੇ ਸ: ਮਹਾਂ ਸਿੰਘ ਦੀ ਈਨ ਮੰਨ ਲਈ। ਪਹਿਲਾ ਰਸੂਲ ਨਗਰ ਖ਼ਾਲੀ ਕਰ ਕੇ ਅਲੀਪੁਰ ਚਲਾ ਗਿਆ ਤੇ ਦੂਜੇ ਨੇ ਰਸੂਲ ਨਗਰ ਦਾ ਨਾਮ 'ਰਾਮ ਨਗਰ' (ਅੱਜ ਤੱਕ ਏਹਾ ਨਾਮ ਪ੍ਰਸਿੱਧ ਹੈ) ਰੱਖ ਕੇ ਸ: ਦਲ ਸਿੰਘ ਨੂੰ ਉਥੋਂ ਦਾ ਫ਼ੌਜਦਾਰ ਬਣਾ ਦਿੱਤਾ।[2] ਇਹ ਘਟਨਾ ੧੭੮੦ ਈਸਵੀ ਦੀ ਹੈ। ਇਸ ਸਮੇਂ ਸ: ਮਹਾਂ ਸਿੰਘ ਦੇ ਘਰ ਬੀਬੀ ਰਾਜ ਕੌਰ (ਮਾਈ ਮਲਵਾਇਣ) ਦੀ ਕੁੱਖੋਂ ਲੜਕਾ ਜਨਮਿਆ, ਜਿਸ ਦਾ ਨਾਮ ਰਣਜੀਤ ਸਿੰਘ ਰੱਖਿਆ ਗਿਆ।

**ਹੋਰ ਮੱਲਾਂ**

ਅਗਲੇ ਸਾਲ ਸ: ਮਹਾਂ ਸਿੰਘ ਫ਼ੌਜ ਲੈ ਕੇ ਲਹਿੰਦੇ ਪਾਸੇ ਨੂੰ ਚੜ੍ਹਿਆ। ਉਹਨਾਂ ਪਿੰਡੀ ਭੱਟੀਆਂ, ਸਾਹੀਵਾਲ, ਈਸਾ ਖ਼ੇਲ, ਮੂਸਾ ਖ਼ੇਲ, ਝੰਗ ਆਦਿ ਇਲਾਕੇ ਆਪਣੇ ਅਧੀਨ ਕਰ ਲਏ ਤੇ ਹੋਰ ਕਈ ਛੋਟੇ ਮੋਟੇ ਸਰਦਾਰਾਂ ਤੇ ਜ਼ਿਮੀਂਦਾਰਾਂ ਤੋਂ ਨਜ਼ਰਾਨੇ ਲਏ। ਪਹਿਲਾਂ ਇਹ ਇਲਾਕੇ ਮਿਸਲ ਭੰਗੀਆਂ ਦੇ ਅਧੀਨ ਸਨ।[3]

**ਜੰਮੂ ਦਾ ਰਾਜਾ**

੧੭੮੧ ਈਸਵੀ ਵਿਚ ਜੰਮੂ ਦਾ ਰਾਜਾ ਰਣਜੀਤ ਦੇਵ ਮਰ ਗਿਆ ਤਾਂ ਉਸ ਦਾ ਵੱਡਾ ਪੁੱਤਰ ਬ੍ਰਿਜਰਾਜ ਦੇਵ ਗੱਦੀ ਉੱਤੇ ਬੈਠਾ। ਉਹਨੇ ਛੋਟੇ ਭਰਾ ਦਲੇਲ ਸਿੰਘ ਤੇ ਉਹਦੇ ਪੁੱਤਰ ਭਗਵੰਤ ਸਿੰਘ ਨੂੰ ਕਤਲ ਕਰ ਦਿੱਤਾ। ਰਿਆਸਤ ਜੰਮੂ ਦਾ ਕੁਝ ਹਿੱਸਾ ਮਿਸਲ ਭੰਗੀਆਂ ਦੇ ਕਬਜ਼ੇ ਵਿਚ ਸੀ। ਬ੍ਰਿਜਰਾਜ ਦੇਵ ਨੇ ਸ: ਹਕੀਕਤ ਸਿੰਘ ਕਨ੍ਹਈਏ ਦੀ ਮਦਦ ਨਾਲ ਉਹ ਇਲਾਕਾ ਭੰਗੀਆਂ ਤੋਂ ਵਾਪਸ ਖੋਹ ਲਿਆ। ਏਸ ਦਿਨ ਤੋਂ ਜੰਮੂ ਦਾ ਰਾਜਾ, ਸ: ਹਕੀਕਤ ਸਿੰਘ ਦੇ ਅਧੀਨ ਹੋ ਗਿਆ ਤੇ ਤੀਹ ਹਜ਼ਾਰ ਸਾਲਾਨਾ

---

1. ਕਨਿੰਘਮ, ਪੰਨਾ ੧੧੮
2. ਰਾਜ ਖ਼ਾਲਸਾ, ਪੰਨਾ ੫੧
3. ਲਤੀਫ਼, ਪੰਨਾ ੩੪੧



Sri Satguru Jagjit Singh Ji eLibrary NamdhariElibrary@gmail.com

ਖ਼ਰਾਜ ਦੇਣਾ ਮੰਨ ਲਿਆ। ਅਗਲੇ ਸਾਲ ਸ: ਹਕੀਕਤ ਸਿੰਘ ਨੇ ਖ਼ਰਾਜ ਮੰਗਿਆ, ਤਾਂ ਬ੍ਰਿਜਰਾਜ ਦੇਵ ਨੇ ਅੱਗੋਂ ਇਨਕਾਰ ਕਰ ਦਿੱਤਾ। ਸ: ਹਕੀਕਤ ਸਿੰਘ ਨੇ ਸ: ਮਹਾਂ ਸਿੰਘ ਦੀ ਮਦਦ ਹਾਸਲ ਕਰ ਲਈ। ਪਹਿਲਾ ਜ਼ਫ਼ਰਵਾਲ ਵੱਲੋਂ ਤੇ ਦੂਜਾ ਚਪਰਾਲ ਵੱਲੋਂ ਜੰਮੂ ਉੱਤੇ ਹਮਲਾ ਕਰਨ ਵਾਸਤੇ ਵਧੇ। ਸਿੰਘਾਂ ਦੀ ਚੜ੍ਹਾਈ ਦੀ ਖ਼ਬਰ ਸੁਣ ਕੇ ਬ੍ਰਿਜਰਾਜ ਦੇਵ ਤ੍ਰਿਕੁਟਾ ਦੇਵੀ ਦੇ ਪਹਾੜਾਂ ਨੂੰ ਨੱਸ ਗਿਆ। ਸ: ਮਹਾਂ ਸਿੰਘ ਆਪਣੇ ਸਾਥੀ ਨਾਲੋਂ ਪਹਿਲਾਂ ਜੰਮੂ ਗਿਆ। ਉਹਨੇ ਇਕੱਲੇ ਨੇ ਹੀ ਸ਼ਹਿਰ ਲੁੱਟ ਲਿਆ ਤੇ ਸ: ਹਕੀਕਤ ਸਿੰਘ ਦੇ ਆਉਣ ਤੋਂ ਪਹਿਲਾਂ ਹੀ ਸਭ ਕੁਝ ਸਮੇਟ ਕੇ ਵਾਪਸ ਮੁੜ ਗਿਆ। ਕਹਿੰਦੇ ਹਨ : ਜੰਮੂ ਦੀ ਲੁੱਟ ਵਿਚੋਂ ਦੋ ਕਰੋੜ ਦਾ ਮਾਲ ਉਹਦੇ ਹੱਥ ਲੱਗਾ। ਸ: ਹਕੀਕਤ ਸਿੰਘ ਨੇ ਲੁੱਟ ਦੇ ਮਾਲ ਵਿਚੋਂ ਹਿੱਸਾ ਮੰਗਿਆ, ਪਰ ਸ: ਮਹਾਂ ਸਿੰਘ ਨੇ ਇਹ ਗੱਲ ਮੰਨੀ ਨਾ।[1] ਇਹ ਘਟਨਾ ੧੭੮੨ ਈਸਵੀ ਦੀ ਹੈ।

**ਮਹਾਂ ਸਿੰਘ ਨੇ ਜੰਮੂ ਲੁੱਟਿਆ**

ਪੀਰ ਮੁਹੰਮਦ ਖ਼ਾਂ ਚੱਠੇ ਨੇ ਅਲੀਪੁਰ ਵਿਚ ਫੇਰ ਬਗ਼ਾਵਤ ਕਰ ਦਿੱਤੀ। ੧੭੮੩ ਈਸਵੀ ਵਿਚ ਮਹਾਂ ਸਿੰਘ ਨੇ ਉਸ ਉੱਤੇ ਚੜ੍ਹਾਈ ਕਰ ਦਿੱਤੀ। ਚੱਠਾ ਲੜ ਕੇ ਹਾਰ ਗਿਆ। ਸ: ਮਹਾਂ ਸਿੰਘ ਨੇ ਅਲੀਪੁਰ ਦਾ ਨਾਮ ਅਕਾਲ ਗੜ੍ਹ ਰੱਖ ਦਿੱਤਾ। (ਪਿਛੋਂ ਏਹਾ ਨਾਮ ਪ੍ਰਸਿੱਧ ਰਿਹਾ) ਤੇ ਇਹ ਇਲਾਕਾ ਵੀ ਸ: ਦਲ ਸਿੰਘ ਦੇ ਹਵਾਲੇ ਕਰ ਦਿੱਤਾ।[2]

**ਅਲੀਪੁਰ ਉੱਤੇ ਕਬਜ਼ਾ**

ਦੀਵਾਲੀ ਦੇ ਸਮੇਂ ਸ: ਮਹਾਂ ਸਿੰਘ ਅੰਮ੍ਰਿਤਸਰ ਗਿਆ ਤੇ ਹਰਿਮੰਦਰ ਸਾਹਿਬ ਚੜ੍ਹਾਵਾ ਚੜ੍ਹਾਇਆ। ਏਥੇ ਸ: ਜੈ ਸਿੰਘ ਕਨ੍ਹਈਆ ਨੂੰ ਮਿਲਣ ਵਾਸਤੇ ਮਹਾਂ ਸਿੰਘ ਗਿਆ ਤੇ ਸਤਕਾਰ ਵਜੋਂ ਮਠਿਆਈ ਲੈ ਕੇ ਹਾਜ਼ਰ ਹੋਇਆ। ਸ: ਜੈ ਸਿੰਘ ਨੇ ਜੰਮੂ ਦੀ ਲੁੱਟ ਵਿਚੋਂ—ਹਕੀਕਤ ਸਿੰਘ ਦੇ ਹਿੱਸੇ ਵਜੋਂ—ਹਿੱਸਾ ਮੰਗਿਆ। ਸ: ਮਹਾਂ ਸਿੰਘ ਦੇਣ ਵਾਸਤੇ ਤਿਆਰ ਨਾ ਹੋਇਆ। ਸ: ਜੈ ਸਿੰਘ ਨੇ ਬੜਾ ਨਿਰਾਦਰ ਕਰ ਕੇ ਉਸ ਨੂੰ ਘਰੋਂ ਕੱਢ ਦਿੱਤਾ। ਸ: ਮਹਾਂ ਸਿੰਘ ਨੂੰ ਬੜਾ ਗ਼ੁੱਸਾ ਆਇਆ। ਉਹਨੇ ਬਦਲਾ ਲੈਣ ਦੀ ਧਾਰ ਲਈ।

**ਜੈ ਸਿੰਘ ਤੇ ਮਹਾਂ ਸਿੰਘ ਦਾ ਵਿਗਾੜ**

ਘਰ ਜਾ ਕੇ ਸ: ਮਹਾਂ ਸਿੰਘ ਨੇ ਸ: ਜੱਸਾ ਸਿੰਘ ਰਾਮਗੜ੍ਹੀਏ ਨੂੰ ਚਿੱਠੀ ਲਿਖੀ ਕਿ ਜੇ ਤੂੰ ਆਪਣਾ ਇਲਾਕਾ ਕਨ੍ਹਈਆਂ ਤੋਂ ਵਾਪਸ ਲੈਣਾ ਚਾਹਵੇਂ, ਤਾਂ ਮੈਂ ਤੇਰੀ ਮਦਦ ਕਰਨ ਨੂੰ ਤਿਆਰ ਹਾਂ। ਕਨ੍ਹਈਆ ਨੇ ਰਾਮਗੜ੍ਹੀਆਂ ਦਾ ਸਾਰਾ ਇਲਾਕਾ (ਬਟਾਲਾ) ਖੋਹ ਲਿਆ ਸੀ। ਉਹ ਉਸ ਵੇਲੇ ਹਿਸਾਰ ਦੇ ਇਲਾਕੇ ਵਿਚ ਲੁੱਟ ਮਾਰ ਕਰ ਕੇ ਗੁਜ਼ਾਰਾ ਕਰਦੇ ਫਿਰਦੇ ਸਨ। ਸੋ, ਚਿੱਠੀ ਪਹੁੰਚਦੇ ਸਾਰ ਸ. ਜੱਸਾ ਸਿੰਘ ਰਾਮਗੜ੍ਹੀਆ ਫੌਜ ਲੈ ਕੇ ਆ ਗਿਆ।

**ਰਾਮਗੜ੍ਹੀਆਂ ਨੂੰ ਸੱਦਾ**

1. ਲਤੀਫ਼, ਪੰਨੇ ੩੪੨-੩
2. ਲਤੀਫ਼, ਪੰਨਾ ੩੪੧



Sri Satguru Jagjit Singh Ji eLibrary NamdhariElibrary@gmail.com

ਏਸੇ ਸਮੇਂ ਜੈ ਸਿੰਘ ਨੇ ਹਮਲਾ ਕਰ ਕੇ ਸ. ਮਹਾਂ ਸਿੰਘ ਦੇ ਕੁਝ ਇਲਾਕੇ ਲੁੱਟ ਲਏ। ਸ. ਮਹਾਂ ਸਿੰਘ ਨੂੰ ਪਤਾ ਲੱਗਾ, ਤਾਂ ਉਹ ਫ਼ੌਜ ਲੈ ਕੇ ਟਾਕਰੇ ਲਈ ਆਇਆ। ਮਜੀਠੇ ਕੋਲ ਪਹਿਲੀ ਮੁਠਭੇੜ ਹੋਈ, ਜਿਸ ਵਿਚ ਕਨ੍ਹਈਏ ਹਾਰ ਕੇ ਜੰਡਿਆਲੇ ਜਾ ਵੜੇ। ਏਨੇ ਚਿਰ ਨੂੰ ਰਾਮਗੜ੍ਹੀਏ ਵੀ ਸ਼ੁਕਰਚੱਕੀਆਂ ਨਾਲ ਆ ਮਿਲੇ। ਉਨ੍ਹਾਂ ਸੰਸਾਰ ਚੰਦ ਕਟੋਚੀਏ ਨੂੰ ਵੀ ਨਾਲ ਗੰਢ ਲਿਆ। ਤਿੰਨਾਂ (ਮਹਾਂ ਸਿੰਘ, ਜੱਸਾ ਸਿੰਘ ਤੇ ਰਾਜਾ ਸੰਸਾਰ ਚੰਦ) ਨੇ ਰਲ ਕੇ ਬਟਾਲੇ ਉੱਤੇ ਚੜ੍ਹਾਈ ਕਰ ਦਿੱਤੀ। ਅੱਗੋਂ ਸ. ਜੈ ਸਿੰਘ ਕਨ੍ਹਈਆ ਤੇ ਉਸ ਦਾ ਪੁੱਤਰ ਸ. ਗੁਰਬਖਸ਼ ਸਿੰਘ ਵੀ ਟਾਕਰੇ ਵਾਸਤੇ ਵਧੇ। ਅੱਚਲ ਕੋਲ ਦੋ ਪਹਿਰ ਬੜੀ ਲਹੂ ਡੋਲਵੀਂ ਲੜਾਈ ਹੋਈ (੧੭੮੪ ਈਸਵੀ)।

**ਜੈ ਸਿੰਘ ਤੇ ਮਹਾਂ ਸਿੰਘ ਦੀ ਲੜਾਈ**

ਸ. ਜੈ ਸਿੰਘ ਦਾ ਲਾਇਕ ਪੁੱਤਰ ਸ. ਗੁਰਬਖਸ਼ ਸਿੰਘ ਮਾਰਿਆ ਗਿਆ।[1] ਕਨ੍ਹਈਏ ਹਾਰ ਗਏ। ਸ. ਜੱਸਾ ਸਿੰਘ ਨੇ ਬਟਾਲੇ 'ਤੇ ਕਬਜ਼ਾ ਕਰ ਲਿਆ ਤੇ ਸੰਸਾਰ ਚੰਦ ਨੇ ਕਾਂਗੜੇ 'ਤੇ[2]। ਨੌਸ਼ਹਿਰੇ ਕੋਲ ਸ. ਜੈ ਸਿੰਘ ਨੇ ਫਿਰ ਮਹਾਂ ਸਿੰਘ ਉੱਤੇ ਹਮਲਾ ਕੀਤਾ, ਪਰ ਹਾਰ ਗਿਆ।[3]

**ਗੁਰਬਖ਼ਸ਼ ਸਿੰਘ ਕਤਲ**

ਸ. ਗੁਰਬਖਸ਼ ਸਿੰਘ ਦੀ ਮੌਤ ਨੇ ਬੁੱਢੇ ਸ. ਜੈ ਸਿੰਘ ਦਾ ਦਿਲ ਤੋੜ ਦਿੱਤਾ। ਮਿਸਲ ਦੀ ਤਾਕਤ ਸਾਰੀ ਖੇਰੂੰ ਖੇਰੂੰ ਹੋ ਗਈ।

ਸ. ਗੁਰਬਖਸ਼ ਸਿੰਘ ਦੀ ਵਿਧਵਾ ਸਰਦਾਰਨੀ ਸਦਾ ਕੌਰ ਬੜੀ ਦੂਰ ਦੀ ਸੋਚਣ ਵਾਲੀ ਸੀ। ਉਹਨੇ ਡਿੱਗੀ ਹੋਈ ਤਾਕਤ ਨੂੰ ਸੰਭਾਲਣ ਦਾ ਰਾਹ ਸੋਚ ਲਿਆ। ਸ. ਜੈ ਸਿੰਘ ਦੀ ਆਗਿਆ ਨਾਲ ਉਹਨੇ ਆਪਣੀ ਲੜਕੀ ਮਹਿਤਾਬ ਕੌਰ ਦੀ ਮੰਗਣੀ ਸ. ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਨਾਲ ਕਰ ਦਿੱਤੀ ਤੇ ਅਗਲੇ ਸਾਲ (੧੭੮੬ ਈਸਵੀ ਵਿਚ) ਵਿਆਹ ਹੋ ਗਿਆ।[4]

**ਸਦਾ ਕੌਰ**

**ਮਹਿਤਾਬ ਕੌਰ ਦਾ ਵਿਆਹ**

ਚੌਧਰੀ ਗ਼ੁਲਾਮ ਮੁਹੰਮਦ ਚੱਠੇ ਵੱਲੋਂ ਕੁਝ ਗੜਬੜ ਦੀਆਂ ਖ਼ਬਰਾਂ ਆਉਣ ਲੱਗੀਆਂ, ਤਾਂ ਮਹਾਂ ਸਿੰਘ ਨੇ (੧੭੯੦ ਈਸਵੀ) ਕਿਲ੍ਹਾ ਮਾਨਚਰ (ਵਜ਼ੀਰਾਬਾਦ ਦੇ ਕੋਲ) ਨੂੰ ਘੇਰਾ ਪਾ ਲਿਆ। ਰਣਜੀਤ ਸਿੰਘ ਉਸ ਵੇਲੇ ਦਸ ਸਾਲ ਦਾ ਸੀ। ਉਹ ਲੜਾਈ ਵਿਚ ਆਪਣੇ ਪਿਤਾ ਨਾਲ ਸ਼ਾਮਿਲ ਸੀ ਤੇ ਹਾਥੀ ਉੱਤੇ ਬੈਠਾ ਇਕ ਪਾਸੇ ਤੋਂ ਹੱਲੇ ਕਰਵਾ ਰਿਹਾ ਸੀ। ਏਸ ਲੜਾਈ ਵਿਚ ਚੱਠੇ ਹਾਰ ਗਏ ਤੇ ਸ. ਮਹਾਂ ਸਿੰਘ ਦਾ ਮਾਨਚਰ ਦੇ ਕਿਲ੍ਹੇ ਉੱਤੇ ਕਬਜ਼ਾ ਹੋ ਗਿਆ।

**ਕਿਲ੍ਹਾ ਮਾਨਚਰ ਉੱਤੇ ਕਬਜ਼ਾ**

ਸ. ਗੁੱਜਰ ਸਿੰਘ ਭੰਗੀ ਦੇ ਤਿੰਨ ਲੜਕੇ ਸਨ : ਸੁੱਖਾ ਸਿੰਘ, ਸਾਹਿਬ ਸਿੰਘ

---

1. ਗ੍ਰਿਫ਼ਨ, ਪੰਨਾ ੧੧੩
2. ਕਨਿੰਘਮ, ਪੰਨਾ ੧੧੮
3. ਲਤੀਫ਼, ਪੰਨਾ ੩੪੪
4. ਲਤੀਫ਼, ਪੰਨਾ, ੩੪੪, ਗ੍ਰਿਫ਼ਨ, ਪੰਨਾ ੭੫



Sri Satguru Jagjit Singh Ji eLibrary NamdhariElibrary@gmail.com

**ਗੁੱਜਰ ਸਿੰਘ ਭੰਗੀ ਦੇ ਲੜਕੇ**

ਤੇ ਫ਼ਤਹਿ ਸਿੰਘ। ਸਾਹਿਬ ਸਿੰਘ ਗੁਜਰਾਤ ਦਾ ਹਾਕਮ ਸੀ। ਉਸ ਦੀ ਸੁੱਖਾ ਸਿੰਘ ਨਾਲ ਲੜਾਈ ਹੋ ਪਈ, ਜਿਸ ਵਿਚ ਮਗਰਲਾ ਮਾਰਿਆ ਗਿਆ। ਸ. ਗੁੱਜਰ ਸਿੰਘ ਨੇ ਸਾਹਿਬ ਸਿੰਘ ਨੂੰ ਸਜ਼ਾ ਦੇਣ ਵਾਸਤੇ ਗੁਜਰਾਤ 'ਤੇ ਚੜ੍ਹਾਈ ਕਰ ਦਿੱਤੀ। ਅੱਗੋਂ ਸਾਹਿਬ ਸਿੰਘ ਪਿਤਾ ਨਾਲ ਲੜਨ ਵਾਸਤੇ ਤਿਆਰ ਹੋ ਪਿਆ। ਸ. ਗੁੱਜਰ ਸਿੰਘ ਨੇ ਸਾਹਿਬ ਸਿੰਘ ਤੋਂ ਇਲਾਕਾ ਖੋਹ ਕੇ ਫ਼ਤਹਿ ਸਿੰਘ ਨੂੰ ਦੇ ਦਿੱਤਾ ਤੇ ਆਪ ਲਾਹੌਰ ਵਾਪਸ ਆ ਗਿਆ। ਮਹਾਂ ਸਿੰਘ ਦੀ ਭੈਣ ਸਾਹਿਬ ਸਿੰਘ ਨਾਲ ਵਿਆਹੀ ਹੋਈ ਸੀ। ਇਸ ਵਾਸਤੇ ਮਗਰਲੇ ਨੇ ਪਹਿਲੇ ਦੀ ਮਦਦ ਨਾਲ ਫ਼ਤਹਿ ਸਿੰਘ ਤੋਂ ਆਪਣਾ ਇਲਾਕਾ ਖੋਹ ਲਿਆ। ਦੋਹਾਂ ਭਰਾਵਾਂ ਵਿਚ ਕਈ ਸਾਲ ਲੜਾਈ ਹੁੰਦੀ ਰਹੀ, ਜਿਸ ਵਿਚ ਮਹਾਂ ਸਿੰਘ ਸਾਹਿਬ ਸਿੰਘ ਦੀ ਮਦਦ ਕਰਦਾ ਰਿਹਾ। ੧੭੮੧ ਈਸਵੀ[1] ਵਿਚ ਸ. ਗੁੱਜਰ ਸਿੰਘ ਭੰਗੀ ਸੁਰਗਵਾਸ ਹੋ ਗਿਆ, ਤਾਂ ਸਾਹਿਬ ਸਿੰਘ ਆਪਣੇ ਇਲਾਕਿਆਂ ਦਾ ਖ਼ੁਦ-ਮੁਖ਼ਤਿਆਰ ਮਾਲਕ ਬਣ ਗਿਆ। ਸ. ਮਹਾਂ ਸਿੰਘ ਨੇ ਇਹ ਕਹਿ ਕੇ, ਕਿ ਫ਼ਤਹਿ ਸਿੰਘ ਤੋਂ ਇਲਾਕਾ ਵਾਪਸ ਲੈਣ ਵਿਚ ਮੈਂ ਤੇਰੀ ਮਦਦ ਕੀਤੀ ਹੈ—ਸਾਹਿਬ ਸਿੰਘ ਤੋਂ ਨਜ਼ਰਾਨਾ ਮੰਗਿਆ। ਉਸ ਨੇ ਇਨਕਾਰ ਕੀਤਾ, ਤਾਂ

**ਮਹਾਂ ਸਿੰਘ ਦੀ ਸਾਹਿਬ ਸਿੰਘ 'ਤੇ ਚੜ੍ਹਾਈ**

ਮਹਾਂ ਸਿੰਘ ਨੇ ਉਸ ਉੱਤੇ ਹਮਲਾ ਕਰ ਦਿੱਤਾ। ਮੈਦਾਨ ਵਿਚ ਟਾਕਰੇ ਦੀ ਸਮਰੱਥਾ ਨਾ ਵੇਖ ਕੇ ਸਾਹਿਬ ਸਿੰਘ ਕਿਲ੍ਹਾ ਸੋਹਦਰੇ ਵਿਚ ਬੰਦ ਹੋ ਬੈਠਾ। ਸ. ਮਹਾਂ ਸਿੰਘ ਨੇ ਸੋਹਦਰੇ ਨੂੰ ਘੇਰਾ ਪਾ ਲਿਆ। ਲੜਾਈ ਵਿਚ ਮਹਾਂ ਸਿੰਘ ਬਿਮਾਰ ਹੋ ਗਿਆ। ਉਹ ਮੁਹਿੰਮ ਦੀ ਜ਼ਿੰਮੇਵਾਰੀ ਆਪਣੇ ਬਾਰਾਂ ਸਾਲ ਦੇ ਪੁੱਤਰ—ਰਣਜੀਤ ਸਿੰਘ—'ਤੇ ਛੱਡ ਕੇ ਆਪ ਗੁੱਜਰਾਂਵਾਲੇ ਆ ਗਿਆ। ਪਿਛੋਂ ਰਣਜੀਤ ਸਿੰਘ ਨੇ ਬੜੀ ਬਹਾਦਰੀ ਨਾਲ ਲੜਾਈ ਜਾਰੀ ਰੱਖੀ। ਸਾਹਿਬ ਸਿੰਘ ਦੀ ਮਦਦ ਵਾਸਤੇ ਕਰਮ ਸਿੰਘ ਦੁੱਲੂ (ਹਾਕਮ ਚਨਿਓਟ) ਤੇ ਜੋਧ ਸਿੰਘ ਭੰਗੀ ਫ਼ੌਜ ਲੈ ਕੇ ਆ ਰਹੇ

**ਰਣਜੀਤ ਸਿੰਘ ਦੀ ਪਹਿਲੀ ਫ਼ਤਹਿ**

ਸਨ, ਇਹ ਖ਼ਬਰ ਪਾ ਕੇ ਰਣਜੀਤ ਸਿੰਘ ਨੇ ਬੇਖ਼ਬਰੇ ਹੀ ਉਹਨਾਂ ਉੱਤੇ 'ਕੋਟ ਮਹਾਰਾਜਾ' ਕੋਲ ਹਮਲਾ ਜਾ ਕੀਤਾ। ਭੰਗੀ ਫ਼ੌਜ ਰਣਜੀਤ ਸਿੰਘ ਦਾ ਟਾਕਰਾ ਨਾ ਕਰ ਸਕੀ ਤੇ ਮੈਦਾਨ ਵਿਚੋਂ ਹਾਰ ਕੇ ਨੱਸ ਗਈ। ਇਸ ਖ਼ੁਸ਼ੀ ਦੀ ਖ਼ਬਰ ਸ. ਮਹਾਂ ਸਿੰਘ ਨੂੰ

**ਮਹਾਂ ਸਿੰਘ ਸੁਰਗਵਾਸ**

ਗੁੱਜਰਾਂ ਵਾਲੇ ਪੁੱਜੀ। ਉਹਦਾ ਦਿਲ ਬੜਾ ਰਾਜ਼ੀ ਹੋਇਆ, ਪਰ ਜ਼ਿੰਦਗੀ ਨੇ ਉਹਦਾ ਸਾਥ ਨਾ ਦਿੱਤਾ। ਸੋ, ਉਹ ਸਤਾਈ ਸਾਲ ਦੀ ਉਮਰ ਵਿਚ (੧੭੯੨ ਈਸਵੀ[2]) ਸੁਰਗਵਾਸ ਹੋ ਗਿਆ। ਰਣਜੀਤ ਸਿੰਘ ਨੂੰ ਇਹ ਖ਼ਬਰ ਪੁੱਜੀ, ਤਾਂ ਉਹ ਸੋਹਦਰੇ ਦਾ ਘੇਰਾ ਉਠਾ ਕੇ ਵਾਪਸ ਆ ਗਿਆ।

---

1. ਕਨਿੰਘਮ, ਪੰਨਾ ੧੧੮
2. ਲਤੀਫ਼, ਪੰਨਾ ੩੪੪; ਗ੍ਰਿਫ਼ਨ, ਪੰਨਾ ੧੧੪; ਕਨਿੰਘਮ, ਪੰਨਾ ੧੧੮; ਨਾਰੰਗ ਪੰਨਾ ੨੯੩; ਲੇਡੀ ਲਾਗਨ, ਪੰਨਾ ੧੦੨



Sri Satguru Jagjit Singh Ji eLibrary NamdhariElibrary@gmail.com

# ਦੂਜਾ ਕਾਂਡ

**ਰਣਜੀਤ ਸਿੰਘ ਦਾ ਜਨਮ**

ਦੋ ਨਵੰਬਰ[1] ੧੭੮੦ ਈਸਵੀ ਨੂੰ ਸ. ਮਹਾਂ ਸਿੰਘ ਤੇ ਸਰਦਾਰਨੀ ਰਾਜ ਕੌਰ (ਸਪੁੱਤਰੀ ਰਾਜਾ ਗਜਪਤ ਸਿੰਘ ਵਾਲੀਏ ਜੀਂਦ) ਦੇ ਘਰ, ਗੁੱਜਰਾਂਵਾਲੇ ਵਿਚ ਆਪਣੇ ਸਮੇਂ ਦਾ ਸਭ ਤੋਂ ਵੱਡਾ ਆਦਮੀ ਜਨਮਿਆ। ਸ. ਮਹਾਂ ਸਿੰਘ ਉਹਨਾਂ ਦਿਨਾਂ ਵਿਚ ਰਸੂਲ ਨਗਰ ਦਾ ਰਣ ਜਿੱਤ ਕੇ ਆਏ ਸਨ, ਇਸ ਵਾਸਤੇ ਲੜਕੇ ਦਾ ਨਾਮ 'ਰਣਜੀਤ ਸਿੰਘ' ਰੱਖਿਆ। ਸਾਰੇ ਸ਼ਹਿਰ ਵਿਚ ਕਈ ਦਿਨ ਖ਼ੁਸ਼ੀਆਂ ਮਨਾਈਆਂ ਗਈਆਂ ਤੇ ਗ਼ਰੀਬਾਂ ਨੂੰ ਦਾਨ ਦਿੱਤਾ ਗਿਆ। ਪੰਜਾਬ ਦੇ ਸਾਰੇ ਨਾਮਵਰ ਸਰਦਾਰ, ਸ. ਮਹਾਂ ਸਿੰਘ ਨੂੰ ਵਧਾਈ ਦੇਣ ਵਾਸਤੇ ਗੁੱਜਰਾਂਵਾਲੇ ਇਕੱਠੇ ਹੋਏ, ਜਿਨ੍ਹਾਂ ਦਾ ਘਰ ਵਾਲਿਆਂ ਵੱਲੋਂ ਬੜੇ ਚਾਅ ਨਾਲ ਆਦਰ ਸਤਿਕਾਰ ਕੀਤਾ ਗਿਆ।

**ਚੇਚਕ**

ਰਣਜੀਤ ਸਿੰਘ ਅਜੇ ਕੁਝ ਸਾਲਾਂ ਦਾ ਹੀ ਹੋਇਆ ਸੀ ਕਿ ਉਸ ਨੂੰ ਬੜੀ ਸਖ਼ਤ ਚੇਚਕ ਨਿਕਲੀ, ਜਿਸ ਨਾਲ ਉਹਦੀ ਇਕ ਅੱਖ ਮਾਰੀ ਗਈ। ਉਸ ਵੇਲੇ ਕੌਣ ਜਾਣਦਾ ਸੀ ਕਿ ਇਹ ਇਕ ਅੱਖ ਵਾਲਾ ਬਾਲਕ ਕਿਸੇ ਦਿਨ ਲੱਖਾਂ ਅੱਖਾਂ ਦੀ ਚਮਕ ਬਣੇਗਾ ਤੇ ਕਰੋੜਾਂ ਸਿਰ ਇਹਦੇ ਸਾਹਮਣੇ ਝੁਕਣ ਵਿਚ ਆਪਣੇ ਧੰਨ ਭਾਗ ਸਮਝਣਗੇ।

**ਵਿੱਦਿਆ**

ਰਣਜੀਤ ਸਿੰਘ ਛੇ ਕੁ ਸਾਲ ਦਾ ਹੋਇਆ, ਤਾਂ ਸ. ਮਹਾਂ ਸਿੰਘ ਵੱਲੋਂ ਉਹਦੀ ਵਿੱਦਿਆ ਦਾ ਪ੍ਰਬੰਧ ਕੀਤਾ ਗਿਆ। ਅੱਖਰੀ ਵਿੱਦਿਆ ਹਾਸਲ ਕਰਨ ਵਾਸਤੇ ਉਹਨੂੰ ਭਾਈ ਭਾਗ ਸਿੰਘ ਕੋਲ ਧਰਮਸ਼ਾਲਾ ਵਿਚ ਪੜ੍ਹਨੇ ਪਾਇਆ ਗਿਆ। ਨਾਲ ਹੀ ਪੰਡਤ ਅਮੀਰ ਸਿੰਘ ਕੋਲ ਸ਼ਸਤਰ ਵਿੱਦਿਆ ਸਿੱਖਣ ਲਈ ਭੇਜਿਆ ਜਾਂਦਾ।[2] ਰਣਜੀਤ ਸਿੰਘ ਬੜਾ ਮਨਚਲਾ

---

1. ਮੈਕਗ੍ਰੇਗਰ—ਹਿਸਟਰੀ ਆਫ਼ ਦੀ ਸਿੱਖਸ, ਹਿੱਸਾ ਪਹਿਲਾ, ਕਰਤਾ M.L. ਮੈਕਗ੍ਰੇਗਰ M.D. ਛਪੀ ਲੰਡਨ, (੧੮੪੬), ਪੰਨਾ ੧੫੨; ਲਤੀਫ਼, ਪੰਨਾ ੩੪੧; ਲਾਹੌਰ ਸ਼ੇਰੇ-ਪੰਜਾਬ ਦੀ ਸਮਾਧ ਉੱਤੇ ਵੀ ਜਨਮ ਦੀ ਤਾਰੀਖ਼ ਦੋ ਨਵੰਬਰ ਹੀ ਲਿਖੀ ਹੋਈ ਹੈ, ਪਰ ਹੇਠ ਲਿਖੇ ਸੱਜਣ ੧੩ ਨਵੰਬਰ, ੧੭੮੦ ਈ. (੨ ਮਘਰ, ੧੮੩੭ ਬਿ.) ਮੰਨਦੇ ਹਨ। ਡਾ: ਗੰਡਾ ਸਿੰਘ (ਮ: ਰਣਜੀਤ ਸਿੰਘ) ਅੰਗਰੇਜ਼ੀ ਵਿਚ ਪੰਨਾ ੪; ਹਵਾਲਾ ਸਹਿਤ ਸੋਹਨ ਲਾਲ ਤੇ ਬੂਟੇ ਸ਼ਾਹ (ਤਾਰੀਖ਼ ਪੰਜਾਬ) ਫ਼ਾਰਸੀ; ਸਿਨਹਾ (ਰਣਜੀਤ ਸਿੰਘ, ਕਰਤਾ ਨਰੇਂਦਰ ਕ੍ਰਿਸ਼ਨ ਸਿਨਹਾ, ਅੰਗਰੇਜ਼ੀ) ਪੰਨਾ ੭ ਕੋਹਲੀ, ਪੰਨਾ ੫੬।
2. ਡਾ: ਗੰਡਾ ਸਿੰਘ (ਰਣਜੀਤ ਸਿੰਘ), ਪੰਨਾ ੫।



Sri Satguru Jagjit Singh Ji eLibrary NamdhariElibrary@gmail.com

ਤੇ ਸਿਪਾਹੀ ਸੁਭਾਅ ਦਾ ਸੀ। ਇਸ ਵਾਸਤੇ ਉਹ ਬਹੁਤੀ ਉੱਚੀ ਅੱਖਰੀ ਵਿੱਦਿਆ ਪ੍ਰਾਪਤ ਨਾ ਕਰ ਸਕਿਆ। ਉਹ ਕੇਵਲ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਸਕਦਾ ਸੀ।[1] ਦੂਜੇ ਪਾਸੇ ਸ਼ਸਤਰ ਵਿੱਦਿਆ ਵਿਚ ਉਸ ਦਾ ਬੜਾ ਮਨ ਲੱਗਦਾ। ਸੋ ਜੁਆਨੀ ਦੇ ਆਉਣ ਤੱਕ ਉਹ ਹਰ ਤਰ੍ਹਾਂ ਦੇ ਹਥਿਆਰ ਚਲਾਉਣ ਵਿਚ ਤਾਕ ਹੋ ਗਿਆ। ਆਪਣੇ ਸਮੇਂ ਦਾ ਉਹ ਚੋਟੀ ਦਾ ਸੂਰਮਾ ਸੀ।

**ਛੋਟੀ ਉਮਰ ਤੋਂ ਜੰਗ ਵਿਚ**

ਛੋਟੀ ਉਮਰ ਤੋਂ ਹੀ ਉਹ ਆਪਣੇ ਪਿਤਾ ਨਾਲ ਜੰਗਾਂ ਯੁੱਧਾਂ ਵਿਚ ਜਾਣ ਲੱਗ ਪਿਆ ਸੀ। ਉਹ ਮਸਾਂ ਦਸ ਸਾਲ ਦਾ ਸੀ, ਜਦ ਮਾਨਚਰ ਦੇ ਘੇਰੇ ਵੇਲੇ ਆਪਣੇ ਪਿਤਾ ਨਾਲ ਸ਼ਾਮਿਲ ਹੋਇਆ।[2] ਬਾਰਾਂ ਸਾਲ ਦੀ ਉਮਰ ਵਿਚ ਉਹਨੇ ਕੋਟ ਮਹਾਰਾਜਾ ਵਿਚ ਆਪਣੇ ਸਿਰ-ਬ-ਸਿਰ ਪਹਿਲੀ ਲੜਾਈ ਲੜੀ[3] 'ਤੇ ਫ਼ਤਹਿ ਪ੍ਰਾਪਤ ਕੀਤੀ। ਏਸੇ ਸਮੇਂ ਸ. ਮਹਾਂ ਸਿੰਘ ਚੜ੍ਹਾਈ ਕਰ ਗਏ ਤੇ ਰਣਜੀਤ ਸਿੰਘ ਦੇ ਸਿਰ ਸਾਰੇ ਭਾਰ ਪੈ ਗਏ।

**ਮਿਸਲ ਦਾ ਸਰਦਾਰ ਬਣਿਆ**

ਆਪਣੀ ਉਮਰ ਵਿਚ ਹੀ ਸ. ਮਹਾਂ ਸਿੰਘ ਆਪਣੇ ਇਕੋ ਇਕ ਪੁੱਤਰ—ਰਣਜੀਤ ਸਿੰਘ—ਦੀ ਦਸਤਾਰਬੰਦੀ ਕਰ ਗਏ ਸਨ। ਸੋ, ਪਿਤਾ ਦੇ ਸੁਰਗਵਾਸ ਹੋਣ 'ਤੇ ਰਣਜੀਤ ਸਿੰਘ ਮਿਸਲ ਦਾ ਸਰਦਾਰ ਮੰਨਿਆ ਗਿਆ, ਪਰ ਅਮਲੀ ਤੌਰ 'ਤੇ ਰਿਆਸਤ ਦਾ ਪ੍ਰਬੰਧ ਉਸ ਦੀ ਮਾਤਾ (ਮਾਈ ਮਲਵਾਇਣ) ਆਪਣੇ ਵਜ਼ੀਰ ਲਖਪਤ ਰਾਏ ਤੇ ਸਦਾ ਕੌਰ ਦੀ ਮਦਦ ਨਾਲ ਕਰਨ ਲੱਗੀ।

ਰਣਜੀਤ ਸਿੰਘ ਦੇ ਇਲਾਕੇ ਦੇ ਨਾਲ ਹੀ ਚੱਠਿਆਂ ਦਾ ਇਲਾਕਾ ਸੀ। ਇਹਨਾਂ ਦੋਹਾਂ ਘਰਾਣਿਆਂ ਦੀ ਬੜੀ ਦੁਸ਼ਮਣੀ ਚੱਲੀ ਆਉਂਦੀ ਸੀ। ਇਕ ਦਿਨ (੧੭੯੩ ਈਸਵੀ ਵਿਚ) ਰਣਜੀਤ ਸਿੰਘ ਸ਼ਿਕਾਰ ਖੇਡਦਾ ਖੇਡਦਾ ਚੱਠਿਆਂ ਦੇ ਇਲਾਕੇ ਵਿਚ ਚਲਾ ਗਿਆ। ਜੰਗਲ ਵਿਚ ਉਸ ਦੇ ਸਾਰੇ ਸਾਥੀ ਵਿਛੜ ਗਏ। ਹਸ਼ਮਤ ਖ਼ਾਂ ਚੱਠਾ ਵੀ ਸ਼ਿਕਾਰ ਖੇਡਦਾ ਏਸੇ ਪਾਸੇ ਆ ਨਿਕਲਿਆ। ਰਣਜੀਤ ਸਿੰਘ ਉਦੋਂ ਤੇਰਾਂ ਸਾਲ ਦਾ ਸੀ। ਉਸ ਨੂੰ ਇਕੱਲਾ ਵੇਖ ਕੇ ਹਸ਼ਮਤ ਖ਼ਾਂ ਤਲਵਾਰ ਧੂਹ ਕੇ ਉਸ ਉੱਤੇ ਜਾ ਪਿਆ। ਸ਼ੇਰ-ਦਿਲ ਰਣਜੀਤ ਸਿੰਘ ਅੱਗੋਂ ਘਬਰਾਇਆ ਨਹੀਂ। ਉਹਨੇ ਮਰਦਾਂ ਵਾਂਗ ਟਾਕਰਾ ਕੀਤਾ ਤੇ ਹਸ਼ਮਤ ਖ਼ਾਂ ਦਾ ਵਾਰ ਰੋਕ ਕੇ ਆਪ ਅਜਿਹੀ ਤਲਵਾਰ ਚਲਾਈ, ਜਿਸ ਨਾਲ ਹਸ਼ਮਤ ਖ਼ਾਂ ਦਾ ਸਿਰ ਧੜ ਤੋਂ ਵੱਖਰਾ ਹੋ ਗਿਆ।[4] ਵੈਰੀ ਦਾ ਸਿਰ ਨੇਜ਼ੇ 'ਤੇ ਟੰਗੀ, ਰਣਜੀਤ ਸਿੰਘ ਆਪਣੇ ਸਾਥੀਆਂ ਨੂੰ ਆ ਮਿਲਿਆ।

---

1. ਮਹਾਰਾਜਾ ਸਾਹਿਬ ਅੰਮ੍ਰਿਤ ਵੇਲੇ ਉਠ ਕੇ ਇਕੱਲੇ ਗੁਰਬਾਣੀ ਦਾ ਪਾਠ ਕਰਿਆ ਕਰਦੇ ਸਨ।
2. ਵੇਖੋ ਏਸੇ ਪੁਸਤਕ ਦਾ ਪੰਨਾ ੧੪
3. ਵੇਖੋ ਏਸੇ ਪੁਸਤਕ ਦਾ ਪੰਨਾ ੨੨
4. ਲਤੀਫ਼, ਪੰਨਾ ੩੪੮, ਡਾ. ਗੰਡਾ ਸਿੰਘ—ਰਣਜੀਤ ਸਿੰਘ—ਪੰਨਾ ੫, ਕੋਹਲੀ, ਪੰਨਾ ੬੨।



Sri Satguru Jagjit Singh Ji eLibrary NamdhariElibrary@gmail.com

ਰਣਜੀਤ ਸਿੰਘ ਅਜੇ ਸੰਭਲਿਆ ਵੀ ਨਹੀਂ ਸੀ, ਜਾਂ ਪੰਜਾਬ ਉੱਤੇ ਇਕ ਹੋਰ ਤੂਫਾਨ ਚੜ੍ਹ ਆਇਆ। ੧੮ ਮਈ ੧੭੯੩ ਈਸਵੀ ਨੂੰ ਅਫ਼ਗ਼ਾਨਿਸਤਾਨ ਦਾ ਬਾਦਸ਼ਾਹ ਤੈਮੂਰ ਸ਼ਾਹ ਮਰ ਗਿਆ, ਤਾਂ ਉਸ ਦਾ ਪੁੱਤਰ ਸ਼ਾਹ ਜ਼ਮਾਨ ਤਖ਼ਤ 'ਤੇ ਬੈਠਾ। ਉਹਦੇ ਦਿਲ ਵਿਚ ਵੀ ਚਾਅ ਸੀ ਕਿ ਉਹ ਆਪਣੇ ਪਿਉ ਤੇ ਦਾਦੇ ਵਾਂਗ ਪੰਜਾਬ ਨੂੰ ਫ਼ਤਹਿ ਕਰੇ ਤੇ ਅਹਿਮਦ ਸ਼ਾਹ ਅਬਦਾਲੀ ਦੀ ਹਕੂਮਤ ਦੇ ਖੁੱਸੇ ਹੋਏ ਸੂਬਿਆਂ ਦਾ ਫੇਰ ਮਾਲਕ ਬਣੇ।[1] ਸ਼ਾਹ ਜ਼ਮਾਨ ਉਸ ਵੇਲੇ ੨੩ ਸਾਲ ਦਾ ਜੁਆਨ ਸੀ। ਉਸ ਨੇ ਆਪਣੇ ਰਾਜਦੂਤ ਬਾਦਸ਼ਾਹ ਦਿੱਲੀ (ਸ਼ਾਹ ਆਲਮ ਦੂਜਾ), ਮਰਹੱਟਿਆਂ, ਨਵਾਬ ਵਜ਼ੀਰ ਅਵਧ ਤੇ ਲਖਨਊ ਤੇ ਅੰਗਰੇਜ਼ ਰੈਜ਼ੀਡੈਂਟ ਵੱਲ ਭੇਜੇ। ਉਸ ਨੇ ਉੱਪਰ ਲਿਖੀਆਂ ਸਾਰੀਆਂ ਤਾਕਤਾਂ ਨੂੰ ਕਿਹਾ ਕਿ ਮੈਂ ਕੇਵਲ ਸਿੱਖਾਂ ਦਾ ਇਲਾਕਾ ਫ਼ਤਹਿ ਕਰਨਾ ਚਾਹੁੰਦਾ ਹਾਂ।

**ਸ਼ਾਹ ਜ਼ਮਾਨ**

ਸਭ ਵੱਲੋਂ ਆਸ ਭਰਪੂਰ ਉੱਤਰ ਪ੍ਰਾਪਤ ਕਰ ਕੇ ਉਹ ਸਣੇ ਫ਼ੌਜ ਪਿਸ਼ਾਵਰ ਆ ਬੈਠਾ। ਓਥੋਂ ਉਹ ੧੫ ਦਸੰਬਰ, ੧੭੯੩ ਈਸਵੀ ਨੂੰ ਪੰਜਾਬ ਵੱਲ ਤੁਰਿਆ। ਜਦ ਪਠਾਣ ਫ਼ੌਜਾਂ ਦਰਿਆ ਅਟਕ ਤੋਂ ਇਸ ਪਾਸੇ ਟੱਪੀਆਂ, ਤਾਂ ਸਿੰਘਾਂ ਨੇ ਅੱਗੋਂ ਡਟ ਕੇ ਟਾਕਰਾ ਕੀਤਾ। ਇਸ ਦਾ ਅਸਰ ਇਹ ਹੋਇਆ ਕਿ ਸ਼ਾਹ ਜ਼ਮਾਨ ਸਿੱਖਾਂ ਦੇ ਇਲਾਕੇ ਵਿਚ ਅੱਗੇ ਵਧਣ ਦੀ ਥਾਂ ਦਰਿਆ ਅਟਕ ਕੇ ਨਾਲ ਨਾਲ ਡੇਰ੍ਹਾਜਾਤ ਵੱਲ ਚਲਾ ਗਿਆ। ਓਥੇ ਹੀ ਉਸ ਨੂੰ ਮੁਜ਼ੱਫਰ ਖ਼ਾਂ ਹਾਕਮ ਮੁਲਤਾਨ, ਫ਼ੈਜ਼ੁੱਲਾ ਖ਼ਾਂ ਨਵਾਬ ਬਹਾਵਲਪੁਰ, ਗ਼ੁਲਾਮ ਨਬੀ ਖ਼ਾਂ ਲੇਟੀ ਹਾਕਮ ਲਹੀਆ ਤੇ ਸਿੰਧ ਦੇ ਅਮੀਰ ਨਜ਼ਰਾਨੇ ਲੈ ਕੇ ਆ ਮਿਲੇ। ਉਥੋਂ ਹੀ ਸ਼ਾਹ ਜ਼ਮਾਨ ਵਾਪਸ ਕਾਬਲ ਨੂੰ ਚਲਾ ਗਿਆ।

**ਸ਼ਾਹ ਜ਼ਮਾਨ ਦਾ ਪਹਿਲਾ ਹਮਲਾ**

ਵਾਪਸ ਮੁੜਦਿਆਂ ਹੋਇਆਂ ਸ਼ਾਹ ਜ਼ਮਾਨ ਨੇ ਜਨਰੈਲ ਪੈਂਦੇ ਖ਼ਾਂ ਨੂੰ ਕਸ਼ਮੀਰ ਵੱਲ ਭੇਜਿਆ। ਉਹਨੇ ਕਸ਼ਮੀਰ ਦੇ ਗਵਰਨਰ ਨੂੰ ਕੈਦ ਕਰ ਕੇ ਸ਼ਾਹ ਜ਼ਮਾਨ ਕੋਲ ਭੇਜ ਦਿੱਤਾ ਤੇ ਉਥੋਂ ਦਾ ਗਵਰਨਰ ਅਬਦੁੱਲਾ ਖ਼ਾਂ ਅਲਕੋਜ਼ਈ ਨੂੰ ਬਣਾ ਦਿੱਤਾ।

ਏਸੇ ਸਮੇਂ ਸ਼ਾਹ ਜ਼ਮਾਨ ਦਾ ਭਰਾ ਹਮਾਯੂੰ ਫੜਿਆ ਹੋਇਆ ਸ਼ਾਹ ਜ਼ਮਾਨ ਦੇ ਪੇਸ਼ ਹੋਇਆ। ਸ਼ਾਹ ਜ਼ਮਾਨ ਨੇ ਹਮਾਯੂੰ ਦੀਆਂ ਅੱਖਾਂ ਕੱਢ ਦਿੱਤੀਆਂ ਤੇ ਉਸ ਨੂੰ ਫੜ ਕੇ ਲਿਆਉਣ ਵਾਲੇ ਮੁਹੰਮਦ ਖ਼ਾਂ ਨੂੰ ਡੇਹਰਾ ਇਸਮਾਈਲ ਖ਼ਾਂ ਦਾ ਗਵਰਨਰ ਬਣਾ ਦਿੱਤਾ।

**ਹਮਾਯੂੰ ਅੰਨ੍ਹਾ ਕੀਤਾ ਗਿਆ**

੩ ਨਵੰਬਰ, ੧੭੯੫ ਈਸਵੀ ਨੂੰ ਸ਼ਾਹ ਜ਼ਮਾਨ ਦੂਜੀ ਵਾਰ ਪੰਜਾਬ ਉੱਤੇ ਹਮਲਾ ਕਰਨ ਵਾਸਤੇ ਕਾਬਲ ਤੋਂ ਤੁਰ ਪਿਆ। ਜਦ ਉਸ ਦੀ ਫ਼ੌਜ ਅਟਕ ਤੋਂ

1. ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦਾ ਜ਼ਿਕਰ 'ਸਿੱਖ ਰਾਜ ਕਿਵੇਂ ਬਣਿਆ ?' ਵਿਚ ਤੇ ਤੈਮੂਰ ਦੇ ਹਮਲਿਆਂ ਦਾ ਜ਼ਿਕਰ 'ਸਿੱਖ ਮਿਸਲਾਂ' ਵਿਚ ਆ ਚੁੱਕਾ ਹੈ।



Sri Satguru Jagjit Singh Ji eLibrary NamdhariElibrary@gmail.com

ਇਸ ਪਾਰ ਟੱਪੀ, ਤਾਂ ਅੱਗੋਂ ਖ਼ਾਲਸਾ ਫ਼ੌਜਾਂ ਸ਼ੇਰ ਵਾਂਗ ਭਬਕ ਕੇ ਆ ਪਈਆਂ। ਪਹਿਲੀ ਮੁਠਭੇੜ ਵਿਚ ਪਠਾਣ ਹਾਰ ਕੇ ਫਿਰ ਅਟਕੋਂ ਪਾਰ ਚਲੇ ਗਏ। ਫਿਰ ਸ਼ਾਹ ਜ਼ਮਾਨ ਸਾਰੀ ਫੌਜ ਸਣੇ ਆਪ ਦਰਿਆ ਟੱਪਿਆ। ਸਿੱਖ ਫ਼ੌਜਾਂ ਜ਼ਰਾ ਪਿਛੇ ਹਟ ਗਈਆਂ ਤੇ ਸ਼ਾਹ ਜ਼ਮਾਨ ਹਸਨ ਅਬਦਾਲ ਆ ਬੈਠਾ। ਰਣਜੀਤ ਸਿੰਘ ਕਿਲ੍ਹਾ ਰੁਹਤਾਸ ਖ਼ਾਲੀ ਕਰ ਕੇ ਪਿਛੇ ਹੱਟ ਗਿਆ। ਸ਼ਾਹ ਜ਼ਮਾਨ ਦੇ ਜਰਨੈਲ ਅਹਿਮਦ ਖ਼ਾਂ ਸਾਹਾਂਚੀ ਬਾਸ਼ੀ ਨੇ ਅੱਗੇ ਵਧ ਕੇ ਕਿਲ੍ਹਾ ਰੁਹਤਾਸ ਉੱਤੇ ਕਬਜ਼ਾ ਕਰ ਲਿਆ। ਸਿੱਖ ਜਿਹਲਮ ਦਰਿਆ ਦੇ ਉਰਲੇ ਪਾਸੇ ਤੇ ਪਠਾਣ ਪਾਰਲੇ ਪਾਸੇ 'ਕੱਠੇ ਹੋ ਗਏ। ਪਿੰਡ ਦਾਦਨ ਖ਼ਾਂ ਆਦਿ ਥਾਵਾਂ 'ਤੇ ਕਿਤੇ ਕਿਤੇ ਸਿੱਖਾਂ ਤੇ ਪਠਾਣਾਂ ਦੀਆਂ ਝੜਪਾਂ ਹੋਈਆਂ। ਅੰਤ ਸ਼ਾਹ ਜ਼ਮਾਨ, ਸਿੱਖਾਂ ਦੀ ਤਾਕਤ ਤੋਂ ਘਬਰਾ ਕੇ ਬਿਨਾਂ ਕੋਈ ਵੱਡੀ ਲੜਾਈ ਲੜਨ ਦੇ ੧ ਜਨਵਰੀ ੧੭੯੬ ਈਸਵੀ ਨੂੰ ਹਸਨ ਅਬਦਾਲ ਤੋਂ ਹੀ ਵਾਪਸ ਕਾਬਲ ਨੂੰ ਮੁੜ ਗਿਆ।

**ਸ਼ਾਹ ਜ਼ਮਾਨ ਦਾ ਦੂਜਾ ਹਮਲਾ**

ਏਧਰੋਂ ਵਿਹਲਾ ਹੋ ਕੇ ਰਣਜੀਤ ਸਿੰਘ ਆਪਣੀ ਸੱਸ ਸਦਾ ਕੌਰ ਦੀ ਮਦਦ ਵਾਸਤੇ ਬਟਾਲੇ ਨੂੰ ਚਲਾ ਗਿਆ, ਕਿਉਂਕਿ ਰਾਮਗੜ੍ਹੀਆ ਸਰਦਾਰਾਂ ਨੇ ਰਾਣੀ ਸਦਾ ਕੌਰ ਦਾ ਕੁਝ ਇਲਾਕਾ ਮੱਲ ਲਿਆ ਸੀ। ਬਾਰਸ਼ਾਂ ਬਹੁਤ ਹੋਣ ਦੇ ਕਾਰਨ ਬਿਨਾਂ ਕਿਸੇ ਫੈਸਲੇ ਦੇ ਹੀ ਰਣਜੀਤ ਸਿੰਘ ਵਾਪਸ ਆ ਗਿਆ। ਇਹ ਘਟਨਾ ੧੭੯੬ ਈਸਵੀ ਦੀ ਹੈ।

**ਰਣਜੀਤ ਸਿੰਘ ਸਦਾ ਕੌਰ ਦੀ ਮਦਦ ਵਾਸਤੇ**

ਖ਼ਬਰਾਂ ਪਹੁੰਚੀਆਂ ਕਿ ਸ਼ਾਹ ਜ਼ਮਾਨ ਇਕ ਵੱਡੇ ਹਮਲੇ ਦੀ ਤਿਆਰੀ ਕਰ ਰਿਹਾ ਹੈ। ਉਸ ਦੇ ਰਾਜਦੂਤ ਬਾਦਸ਼ਾਲ ਦਿੱਲੀ ਤੇ ਮਰਹੱਟਿਆਂ ਕੋਲ ਪੁੱਜੇ। ਉਸ ਦਾ ਰਾਜਦੂਤ ਰਣਜੀਤ ਸਿੰਘ ਕੋਲ ਵੀ ਪੁੱਜਾ ਤੇ ਉਸ ਤੋਂ ਸ਼ਾਹ ਕਾਬਲ ਵਾਸਤੇ ਤੋਹਫ਼ੇ ਮੰਗੇ। ਰਣਜੀਤ ਸਿੰਘ ਨੇ ਅੱਗੋਂ ਉੱਤਰ ਦਿੱਤਾ ਕਿ ਮੈਂ ਮੈਦਾਨੇ ਜੰਗ ਵਿਚ ਹੀ ਸ਼ਾਹ ਨੂੰ ਤੋਹਫ਼ੇ ਲੈ ਕੇ ਮਿਲਾਂਗਾ।[1]

**ਜ਼ਮਾਨ ਦਾ ਦੂਤ ਰਣਜੀਤ ਸਿੰਘ ਕੋਲ**

ਪੂਰੀ ਤਿਆਰੀ ਕਰਕੇ ਸ਼ਾਹ ਜ਼ਮਾਨ ਨੇ ਤੀਜੀ ਵਾਰ ਪੰਜਾਬ ਉੱਤੇ ਚੜ੍ਹਾਈ ਕਰ ਦਿੱਤੀ। ਉਸ ਕੋਲ ਅੱਸੀ ਹਜ਼ਾਰ ਫ਼ੌਜ, ਤਰੇਹਠ ਤੋਪਾਂ ਤੇ ਸੱਤ ਸੌ ਜ਼ੰਬੂਰ ਸਨ।[2] ੧੨ ਅਕਤੂਬਰ, ੧੭੯੬ ਈਸਵੀ ਨੂੰ ਉਹ ਕਾਬਲ ਤੋਂ ਤੁਰਿਆ ਤੇ ਪਿਸ਼ਾਵਰ ਆ ਬੈਠਾ। ਇਕ ਮਹੀਨਾ ਏਥੇ ਰਹਿ ਕੇ ਉਸ ਨੇ ਲੋੜੀਂਦੀ ਤਿਆਰੀ ਹੋਰ ਕਰ ਲਈ। ਉਸ ਨੇ ਸਿੱਖਾਂ ਨੂੰ ਈਨ ਮੰਨਣ ਵਾਸਤੇ ਲਿਖ ਭੇਜਿਆ, ਪਰ ਉਦੋਂ

1. ਗੁਪਤਾ (ਹਿਸਟਰੀ ਆਫ਼ ਦੀ ਸਿੱਖਸ, ਹਿੱਸਾ ਤੀਜਾ, ਕਰਤਾ ਹਰੀ ਰਾਮ ਗੁਪਤਾ), ਪੰਨਾ ੬੧।
2. ਗੁਪਤਾ, ਹਿੱਸਾ ਤੀਜਾ, ਪੰਨਾ ੬੨।



Sri Satguru Jagjit Singh Ji eLibrary NamdhariElibrary@gmail.com

ਜ਼ਮਾਨ ਦਾ ਤੀਜਾ ਹਮਲਾ

ਸਿੱਖ ਕਿਸੇ ਕੌਮ ਦੀ ਈਨ ਮੰਨਣ ਨਾਲੋਂ ਲੜ ਕੇ ਮਰ ਜਾਣਾ ਚੰਗਾ ਸਮਝਦੇ ਸਨ। ਸਿੱਖ ਸਰਦਾਰਾਂ ਦਾ ਲੀਡਰ ਉਦੋਂ ਰਣਜੀਤ ਸਿੰਘ ਸੀ ਤੇ ਉਸ ਵੇਲੇ ਉਹ ਰਾਜਾ ਅਖਵਾਉਂਦਾ ਸੀ। ਸਿੱਖ ਸਰਦਾਰ ਹੇਠ ਲਿਖੀਆਂ ਛਾਉਣੀਆਂ ਵਿਚ ਆਪਣੀਆਂ ਫੌਜਾਂ ਲਈ ਤਿਆਰ ਖਲੇ ਸਨ : ਸਰਾਏ ਕਾਲਾ ਵਿਚ ਈਸ਼ਰ ਸਿੰਘ, ਰਾਵਲਪਿੰਡੀ ਵਿਚ ਮਿਲਖਾ ਸਿੰਘ, ਰੁਹਤਾਸ ਵਿਚ ਮੋਹਰ ਸਿੰਘ, ਗੁਜਰਾਤ ਵਿਚ ਸਾਹਿਬ ਸਿੰਘ, ਅਹਿਮਦਾਬਾਦ ਵਿਚ ਦਲ ਸਿੰਘ, ਰਾਮ ਨਗਰ ਵਿਚ ਰਣਜੀਤ ਸਿੰਘ, ਲਾਹੌਰ ਵਿਚ ਲਹਿਣਾ ਸਿੰਘ ਤੇ ਅੰਮ੍ਰਿਤਸਰ ਵਿਚ ਗੁਲਾਬ ਸਿੰਘ।[1]

੨੬ ਨਵੰਬਰ, ੧੭੯੬ ਈਸਵੀ ਨੂੰ ਸ਼ਾਹ ਜ਼ਮਾਨ ਪਿਸ਼ਾਵਰ ਤੋਂ ਤੁਰਿਆ ਤੇ ਅਟਕ ਉੱਤੇ ਆ ਡੇਰੇ ਲਾਏ। ਅਟਕ ਦਰਿਆ ਟੱਪ ਕੇ ਪਠਾਣ ਫ਼ੌਜ ਨੇ ਕੁਝ ਪਿੰਡ ਲੁੱਟ ਲਏ ਤੇ ਸਾੜ ਦਿੱਤੇ। ਰਾਵਲਪਿੰਡੀ ਕੋਲ ਅਫ਼ਗਾਨ ਪੁੱਜੇ, ਤਾਂ ਸ. ਮਿਲਖਾ ਸਿੰਘ ਨੇ ਅੱਗੋਂ ਮੈਦਾਨ ਆ ਮੱਲਿਆ। ਮਾਮੂਲੀ ਲੜਾਈ ਪਿਛੋਂ ਦੋਵੇਂ ਧਿਰਾਂ ਪਿਛੇ ਹਟ ਗਈਆਂ। ਸਮਾਂ ਵਿਚਾਰ ਕੇ ਸ. ਮਿਲਖਾ ਸਿੰਘ ਰਾਵਲਪਿੰਡੀ ਛੱਡ ਕੇ ਰੁਹਤਾਸ ਆ ਗਿਆ।

੬ ਦਸੰਬਰ, ੧੭੯੬ ਨੂੰ ਸ਼ਾਹ ਜ਼ਮਾਨ ਆਪ ਦਰਿਆਓਂ ਉਰਾਰ ਲੰਘ ਪਿਆ। ਇਹ ਖ਼ਬਰ ਸੁਣ ਕੇ ਸਿੱਖ ਸਰਦਾਰਾਂ ਨੇ ਆਪਣੇ ਪਰਿਵਾਰ ਦੂਰ ਥਾਵਾਂ ਉੱਤੇ ਭੇਜ ਦਿੱਤੇ ਤੇ ਆਪ ਹਰ ਤਰ੍ਹਾਂ ਟਾਕਰਾ ਕਰਨ ਲਈ ਤਿਆਰ ਹੋ ਖਲੇ। ਰਾਜਾ ਰਣਜੀਤ ਸਿੰਘ ਤੇ ਸ. ਦਲ ਸਿੰਘ ਨੇ ਆਪਣੇ ਪਰਿਵਾਰ ਪਟਿਆਲੇ ਭੇਜ ਦਿੱਤੇ।

ਸ. ਮਿਲਖਾ ਸਿੰਘ ਤੇ ਸ. ਸਾਹਿਬ ਸਿੰਘ ਵੀ ਰਾਜਾ ਰਣਜੀਤ ਸਿੰਘ ਨਾਲ ਆ ਮਿਲੇ। ਇਨੇ ਚਿਰ ਤਕ ਕਈ ਛੋਟੀਆਂ ਮੋਟੀਆਂ ਲੜਾਈਆਂ ਸਿੰਘਾਂ ਤੇ ਪਠਾਣਾਂ ਵਿਚ ਹੋਈਆਂ। ਸ਼ਾਹ ਜ਼ਮਾਨ ਨੇ ਫਿਰ ਰਾਜਾ ਰਣਜੀਤ ਸਿੰਘ ਨੂੰ ਚਿੱਠੀ ਲਿਖੀ ਕਿ ਉਹਦੇ ਨਾਲ ਆ ਮਿਲੇ। ਮਗਰ ਰਣਜੀਤ ਸਿੰਘ ਦਾ ਅੱਗੋਂ ਇਕੋ ਉੱਤਰ ਸੀ ਕਿ ਉਹ ਹੁਣ ਰਣ ਤੱਤੇ ਵਿਚ ਹੀ ਮਿਲੇਗਾ। ਸ਼ਾਹ ਜ਼ਮਾਨ ਨੇ ਸ. ਲਹਿਣਾ ਸਿੰਘ ਨੂੰ ਲਿਖਿਆ ਕਿ ਈਨ ਮੰਨ ਕੇ ਲਾਹੌਰ ਦੀ ਸੂਬੇਦਾਰੀ ਲੈ ਲਵੇ, ਪਰ ਉਹ ਵੀ ਇਹ ਸ਼ਰਤ ਮੰਨਣ ਵਾਸਤੇ ਤਿਆਰ ਨਾ ਹੋਇਆ। ਅਫ਼ਗਾਨ ਫ਼ੌਜ ਦੇ ਪਹੁੰਚਣ ਤੋਂ ਪਹਿਲਾਂ ਹੀ ਸ. ਲਹਿਣਾ ਸਿੰਘ ਲਾਹੌਰ ਖ਼ਾਲੀ ਕਰ ਕੇ ਚਲਾ ਗਿਆ। ਪਹਿਲੀ ਜਨਵਰੀ, ੧੭੯੭ ਈਸਵੀ ਨੂੰ ਖ਼ਾਲੀ ਲਾਹੌਰ ਵਿਚ ਸ਼ਾਹ ਜ਼ਮਾਨ ਆ ਦਾਖ਼ਲ ਹੋਇਆ। ਉਹਨੇ ਸ਼ਹਿਰ ਵਿਚ ਲੁੱਟ ਮਾਰ ਨਾ ਕੀਤੀ, ਪਰ ਹਿੰਦੂਆਂ ਤੋਂ ਤਿੰਨ ਵਾਰ ਜਜ਼ੀਆ ਵਸੂਲ ਕੀਤਾ (ਬਾਈ ਲੱਖ ਰੁਪਏ)।

(ਹਾਸ਼ੀਆ: ਜ਼ਮਾਨ ਦੀਆਂ ਸਿੱਖਾਂ ਵੱਲ ਚਿੱਠੀਆਂ)

(ਹਾਸ਼ੀਆ: ਜ਼ਮਾਨ ਲਾਹੌਰ ਵਿਚ)

1. ਗੁਪਤਾ, ਹਿੱਸਾ ਤੀਜਾ, ਪੰਨਾ ੬੬



Sri Satguru Jagjit Singh Ji eLibrary NamdhariElibrary@gmail.com

ਸਿੱਖਾਂ ਨੇ ਸ਼ਾਹ ਜ਼ਮਾਨ ਦਾ ਪਿੱਛਾ ਛੱਡਿਆ ਨਹੀਂ ਸੀ। ਉਹ ਲਾਹੌਰ ਦੇ ਉਦਾਲੇ ਜੱਥਿਆਂ ਦੇ ਜੱਥੇ ਫਿਰਦੇ ਰਹਿੰਦੇ ਸਨ। ਅਫ਼ਗਾਨ ਫ਼ੌਜਾਂ ਵੀ ਬਾਹਰ ਨਿਕਲ ਕੇ ਕਦੇ ਕਦਾਈਂ ਸਿੱਖਾਂ ਦਾ ਟਾਕਰਾ ਕਰਦੀਆਂ। ੧੧ ਜਨਵਰੀ ਨੂੰ ਅਫ਼ਗਾਨ ਰਸਾਲੇ ਨੇ ਅੰਮ੍ਰਿਤਸਰ 'ਤੇ ਧਾਵਾ ਕੀਤਾ, ਪਰ ਸਿੱਖਾਂ ਦੇ ਇਕ ਜੱਥੇ ਤੋਂ ਹਾਰ ਖਾ ਕੇ ਵਾਪਸ ਲਾਹੌਰ ਆ ਗਿਆ। ਅਗਲੇ ਦਿਨ ਸ਼ਾਹ ਜ਼ਮਾਨ ਨੇ ਸਾਰੀ ਫੌਜ ਲੈ ਕੇ ਅੰਮ੍ਰਿਤਸਰ 'ਤੇ ਹਮਲਾ ਕੀਤਾ। ਅੱਗੋਂ ਸਿੱਖ ਵੀ ਪੰਜਾਹ-ਕੁ ਹਜ਼ਾਰ ਇਕੱਠੇ ਹੋ ਗਏ। (੧੨ ਜਨਵਰੀ ਨੂੰ) ਸਾਰਾ ਦਿਨ ਲੜਾਈ ਹੁੰਦੀ ਰਹੀ। ਏਸ ਘਮਸਾਣ ਵਿਚ ਪਠਾਣ ਬੁਰੀ ਤਰ੍ਹਾਂ ਹਾਰ ਖਾ ਕੇ ਨੱਸੇ, ਜਿਨ੍ਹਾਂ ਦਾ ਪਿੱਛਾ ਸਿੱਖਾਂ ਨੇ ਲਾਹੌਰ ਤੱਕ ਕੀਤਾ।[1] ਜੇ ਸ਼ਾਹ ਜ਼ਮਾਨ ਵਾਂਗ ਸਿੱਖਾਂ ਕੋਲ ਵੀ ਤੋਪਖ਼ਾਨਾ ਹੁੰਦਾ, ਤਾਂ ਸਿੱਖ ਉਹਨੂੰ ਲਾਹੌਰ ਤੋਂ ਕੱਢ ਕੇ ਹੀ ਦਮ ਲੈਂਦੇ। ਏਸ ਲੜਾਈ ਵਿਚ ੨੦ ਹਜ਼ਾਰ ਪਠਾਣ ਤੇ ੧੫ ਹਜ਼ਾਰ ਸਿੱਖ ਮਾਰੇ ਗਏ। ਇਕ ਦਿਨ ਸ਼ਾਹ ਜ਼ਮਾਨ ਨੇ ਫਿਰ ਅੰਮ੍ਰਿਤਸਰ ਵੱਲ ਫ਼ੌਜ ਭੇਜੀ, ਜੋ ਸਿੱਖਾਂ ਤੋਂ ਹਾਰ ਖਾ ਕੇ ਵਾਪਸ ਮੁੜ ਆਈ।

**ਅੰਮ੍ਰਿਤਸਰ, ਜ਼ਮਾਨ ਸਿੱਖਾਂ ਤੋਂ ਹਾਰ ਗਿਆ**

ਇਕ ਗੱਲ ਯਾਦ ਰੱਖਣ ਵਾਲੀ ਹੈ ਕਿ ਸਤਲੁਜ ਪਾਰ ਦਾ ਕੋਈ ਸਿੱਖ ਸਰਦਾਰ (ਨਾਭਾ, ਪਟਿਆਲਾ, ਜੀਂਦ ਆਦਿ) ਇਸ ਪਾਸੇ ਦੇ ਸਿੱਖਾਂ ਦੀ ਮਦਦ ਵਾਸਤੇ ਨਾ ਆਇਆ। ਮਰਹੱਟੇ ਤੇ ਹੋਰ ਹਿੰਦੂ ਰਾਜੇ ਵੀ ਚੁੱਪ ਚਾਪ ਘਰੋ ਘਰੀ ਬੈਠੇ ਰਹੇ। ਦੂਜੇ ਪਾਸੇ ਦੇਸ ਦੇ ਸਾਰੇ ਮੁਸਲਮਾਨ ਹਾਕਮ ਸ਼ਾਹ ਜ਼ਮਾਨ ਨਾਲ ਆ ਮਿਲੇ ਸਨ।

ਸਿੱਖਾਂ ਨੇ ਸ਼ਾਹ ਜ਼ਮਾਨ ਦਾ ਨੱਕ ਦਮ ਕਰ ਦਿੱਤਾ। ਸਿੱਖ, ਪਠਾਣਾਂ ਦੇ ਡੇਰੇ ਦੇ ਉਦਾਲੇ ਫਿਰਦੇ ਰਹਿੰਦੇ ਤੇ ਛਾਪੇ ਮਾਰ ਕੇ ਬਾਹਰੋਂ ਆਉਂਦਾ ਸਾਮਾਨ ਲੁੱਟ ਲੈਂਦੇ। ਰਾਜਾ ਰਣਜੀਤ ਸਿੰਘ ਏਸ ਕੰਮ ਵਿਚ ਸਭ ਤੋਂ ਅੱਗੇ ਰਹਿੰਦਾ। ਏਧਰ ਸ਼ਾਹ ਜ਼ਮਾਨ ਸਿੱਖਾਂ ਹੱਥੋਂ ਤੰਗ ਆ ਚੁੱਕਾ ਸੀ ਤੇ ਓਧਰ ਹਿਰਾਤ ਵਿਚੋਂ ਮਹਿਮੂਦ (ਜ਼ਮਾਨ ਦਾ ਭਰਾ) ਦੀ ਬਗ਼ਾਵਤ ਦੀਆਂ ਖ਼ਬਰਾਂ ਪੁੱਜੀਆਂ। ਸੋ ਟੁੱਟੇ ਦਿਲ ਨਾਲ ਉਹ ਵਾਪਸ ਮੁੜਨ ਲਈ ਤਿਆਰ ਹੋ ਪਿਆ। ੩੦ ਜਨਵਰੀ, ੧੭੯੭ ਈਸਵੀ ਨੂੰ ਉਹ ਰਾਵੀ ਟੱਪਿਆ ਤੇ ੨੫ ਫ਼ਰਵਰੀ, ੧੭੯੭ ਈਸਵੀ ਨੂੰ ਪਿਸ਼ਾਵਰ ਜਾ ਪੁੱਜਾ। ਉਹ ਜਾਂਦਾ ਹੋਇਆ ਅਹਿਮਦ ਖ਼ਾਂ ਸਾਹਾਂਚੀ ਬਾਸ਼ੀ ਨੂੰ ਰੁਹਤਾਸ (ਜਿਹਲਮ ਤੇ ਅਟਕ ਦਰਿਆ ਦੇ ਵਿਚਲੇ ਇਲਾਕੇ) ਦਾ ਸੂਬੇਦਾਰ ਬਣਾ ਗਿਆ। ਦਰਿਆ ਜਿਹਲਮ ਤੋਂ ਚੜ੍ਹਦੇ ਪਾਸੇ ਨਾ ਉਹਨੇ ਫ਼ੌਜ ਛੱਡੀ ਤੇ ਨਾ ਕੋਈ ਆਪਣੇ ਵੱਲੋਂ ਹਾਕਮ ਥਾਪਿਆ।

**ਜ਼ਮਾਨ ਵਾਪਸ**

ਦਰਿਆ ਜਿਹਲਮ ਤੋਂ ਚੜ੍ਹਦੇ ਪਾਸੇ ਦੇ ਸਾਰੇ ਇਲਾਕੇ ਸਿੱਖਾਂ ਨੇ ਫੇਰ ਮੱਲ

1. ਗੁਪਤਾ, ਹਿੱਸਾ ਤੀਜਾ, ਪੰਨਾ ੭੬



Sri Satguru Jagjit Singh Ji eLibrary NamdhariElibrary@gmail.com

ਲਏ। ਬਾਕੀ ਰਹਿ ਗਏ ਜਿਹਲਮੋਂ ਪਾਰ ਦੇ ਇਲਾਕੇ। ਉਹ ਹਾਸਲ ਕਰਨ ਵਾਸਤੇ ਸਾਹਿਬ ਸਿੰਘ, ਮਿਲਖਾ ਸਿੰਘ, ਭਾਗ ਸਿੰਘ, ਬੁਧ ਸਿੰਘ, ਰਾਮ ਸਿੰਘ, (ਸਰਾਏ ਕਾਲਾ) ਨੱਥਾ ਸਿੰਘ, ਦਿਆਲ ਸਿੰਘ, ਸੁਧਾ ਸਿੰਘ, ਰਾਮ ਸਿੰਘ ਬੇਦੀ, ਜੋਧ ਸਿੰਘ, ਧਰਮ ਸਿੰਘ ਆਦਿ ਸਰਦਾਰ ਗੁਜਰਾਤ ਆ ਇਕੱਠੇ ਹੋਏ। ਸਾਹਾਂਚੀ ਬਾਸ਼ੀ ਚੁੱਪ ਚੁਪੀਤਾ ਹੀ ਬਾਰਾਂ ਹਜ਼ਾਰ ਚੋਣਵੀਂ ਫ਼ੌਜ ਲੈ ਕੇ ਗੁਜਰਾਤ ਸਿੱਖਾਂ ਉੱਤੇ ਆ ਪਿਆ। ਸਿੱਖਾਂ ਨੇ ਅੱਗੋਂ ਬੜੀ ਬਹਾਦਰੀ ਨਾਲ ਟਾਕਰਾ ਕੀਤਾ। ਅਹਿਮਦ ਖ਼ਾਂ ਸਾਹਾਂਚੀ ਬਾਸ਼ੀ ਲੜਾਈ ਵਿਚ ਮਾਰਿਆ ਗਿਆ ਤੇ ਉਹਦੀ ਬਾਕੀ ਫ਼ੌਜ ਜਾਨ ਬਚਾਅ ਕੇ ਨੱਸ ਗਈ। ਇਹ ਘਟਨਾ ੨੯ ਅਪ੍ਰੈਲ, ੧੭੯੭ ਦੀ ਹੈ। ਇਸ ਲੜਾਈ ਵਿਚ ਤਿੰਨ ਹਜ਼ਾਰ ਪਠਾਣ ਤੇ ਉਹਨਾਂ ਦੇ ਕਈ ਜਰਨੈਲ ਮਾਰੇ ਗਏ। ਸਿੱਖਾਂ ਨੇ ਰੁਹਤਾਸ ਵਿਚ ਪਿਆ ਪਠਾਣਾਂ ਦਾ ਸਾਮਾਨ ਲੁੱਟ ਲਿਆ ਤੇ ਜਿਹਲਮ ਪਾਰ ਦੇ ਸਾਰੇ ਇਲਾਕੇ ਉੱਤੇ ਕਬਜ਼ਾ ਕਰ ਲਿਆ। ਸਾਹਾਂਚੀ ਬਾਸ਼ੀ ਦਾ ਸਿਰ ਰਾਜਾ ਰਣਜੀਤ ਸਿੰਘ ਕੋਲ ਰਾਮ ਨਗਰ ਭੇਜ ਦਿੱਤਾ ਗਿਆ।[1] ਰੁਹਤਾਸ ਉੱਤੇ ਰਣਜੀਤ ਸਿੰਘ ਦੇ ਸਰਦਾਰਾਂ ਨੇ ਕਬਜ਼ਾ ਕਰ ਲਿਆ। ਏਸੇ ਸਾਲ ਰਾਮ ਨਗਰ ਦਾ ਆਕੀ ਹੋਇਆ ਇਲਾਕਾ ਤੇ ਪਿੰਡ ਦਾਦਨ ਖ਼ਾਂ ਰਣਜੀਤ ਸਿੰਘ ਦੇ ਕਬਜ਼ੇ ਵਿਚ ਆ ਗਿਆ।

**ਸਾਹਾਂਚੀ ਬਾਸ਼ੀ ਕਤਲ**

**ਰਣਜੀਤ ਸਿੰਘ ਦੀ ਦੂਜੀ ਸ਼ਾਦੀ ਨਕਾਇਣ ਨਾਲ**

ਅਗਲੇ ਸਾਲ (੧੭੯੮ ਈਸਵੀ) ਰਾਜਾ ਰਣਜੀਤ ਸਿੰਘ ਦੀ ਦੂਸਰੀ ਸ਼ਾਦੀ ਸ. ਗਿਆਨ ਸਿੰਘ ਨਕਈ ਸੱਤਘਰਾ ਵਾਲੇ ਦੀ ਭੈਣ—ਰਾਜ ਕੌਰ—ਨਾਲ ਬੜੀ ਧੂਮ ਧਾਮ ਨਾਲ ਹੋਈ।[2]

ਏਸੇ ਸਾਲ ਇਕ ਹੋਰ ਖ਼ਾਸ ਘਟਨਾ ਹੋਈ। ਦੀਵਾਨ ਲਖਪਤ ਰਾਏ (ਲੱਖੂ) ਧੰਨੀ ਦੇ ਇਲਾਕੇ ਵਿਚ ਮਾਰਿਆ ਗਿਆ।[3] ਰਾਜਾ ਰਣਜੀਤ ਸਿੰਘ ਵੀ ੧੮ ਸਾਲ ਦਾ ਹੋ ਚੁੱਕਾ ਸੀ। ਉਹਨੇ ਰਿਆਸਤ ਦਾ ਸਾਰਾ ਪ੍ਰਬੰਧ ਆਪਣੇ ਹੱਥ ਵਿਚ ਲੈ ਲਿਆ ਤੇ ਸ. ਮਹਾਂ ਸਿੰਘ ਦੇ ਮਾਮੇ ਸ. ਦਲ ਸਿੰਘ ਨੂੰ ਆਪਣਾ ਵਜ਼ੀਰ ਬਣਾ ਲਿਆ।[4]

ਸਤੰਬਰ, ੧੭੯੮ ਈਸਵੀ ਨੂੰ ਸ਼ਾਹ ਜ਼ਮਾਨ ਆਖ਼ਰੀ ਵਾਰ ਕਾਬਲ ਤੋਂ ਪੰਜਾਬ ਵੱਲ ਤੁਰਿਆ। ਪੰਜਾਬ ਉੱਤੇ ਇਹ ਆਖ਼ਰੀ ਮੁਸਲਮ ਹਮਲਾ ਸੀ। ਸ਼ਾਹ ਦੇ ਨਾਲ ਸੱਠ ਹਜ਼ਾਰ ਬਾਕਾਇਦਾ ਫ਼ੌਜ ਤੇ ਕਈ ਹਜ਼ਾਰ ਹੋਰ ਮੁਲਖਈਆ ਸੀ।

---

1. ਗੁਪਤਾ, ਹਿੱਸਾ, ਤੀਜਾ, ਪੰਨੇ ੮੫-੬
2. ਗ੍ਰਿਫ਼ਨ ਪੰਨਾ ੭੬, ਗੰਡਾ ਸਿੰਘ (ਰਣਜੀਤ ਸਿੰਘ), ਪੰਨਾ ੫, ਗੁਪਤਾ ਹਿੱਸਾ ਤੀਜਾ ਪੰਨਾ ੧੨, ਕੋਹਲੀ, ਪੰਨਾ ੬੪
3. ਕੋਹਲੀ, ਪੰਨਾ ੬੫, ਸਿਨਹਾ ਪੰਨਾ ੮
4. ਲਤੀਫ਼, ਪੰਨਾ ੩੪੬



Sri Satguru Jagjit Singh Ji eLibrary NamdhariElibrary@gmail.com

ਸਤੰਬਰ ਦੇ ਅਖ਼ੀਰ ਵਿਚ ਉਹ ਪਿਸ਼ਾਵਰ ਆ ਪੁੱਜਾ ਤੇ ਤੇਰਾਂ ਅਕਤੂਬਰ ਨੂੰ ਉਥੋਂ ਅੱਗੇ ਤੁਰਿਆ। ੧੯ ਅਕਤੂਬਰ ਨੂੰ ਪਠਾਣ ਫ਼ੌਜ ਦਰਿਆ ਅਟਕ ਟੱਪੀ। ਸ਼ਾਹ ਜ਼ਮਾਨ ਤਿੰਨ ਨਵੰਬਰ ਨੂੰ ਰਾਵਲਪਿੰਡੀ, ੧੬ ਨੂੰ ਰੁਹਤਾਸ ਤੇ ੧੮ ਨੂੰ ਗੁਜਰਾਤ ਆ ਪੁੱਜਾ। ਅਗਲੇ ਦਿਨ ਉਸ ਦਾ ਵਜ਼ੀਰ ਵਫ਼ਾਦਾਰ ਖ਼ਾਂ ਫੌਜ ਲੈ ਕੇ ਵਜ਼ੀਰਾਬਾਦ ਵੱਲ ਵਧਿਆ। ਰਾਹ ਵਿਚ ਉਹਦੀ ਫ਼ੌਜ ਉੱਤੇ ਰਾਜਾ ਰਣਜੀਤ ਸਿੰਘ, ਸ. ਸਾਹਿਬ ਸਿੰਘ ਤੇ ਸ. ਨਾਹਰ ਸਿੰਘ ਨੇ ਆ ਹਮਲਾ ਕੀਤਾ। ਵਜ਼ੀਰ ਬਹੁਤ ਸਾਰੀ ਫ਼ੌਜ ਮਰਵਾ ਕੇ ਹਾਰ ਖਾ ਕੇ ਵਾਪਸ ਗੁਜਰਾਤ ਆ ਵੜਿਆ। ਅਗਲੇ ਦਿਨ ਸਿੱਖਾਂ ਨੇ ਸ਼ਾਹ ਜ਼ਮਾਨ ਦਾ ਪਿਛੋਂ ਆਉਂਦਾ ਸਾਮਾਨ ਲੁੱਟ ਲਿਆ, ਜਿਸ ਤੋਂ ਸ਼ਾਹ ਬਹੁਤ ਘਬਰਾ ਗਿਆ।[1]

**ਜ਼ਮਾਨ ਦਾ ਚੌਥਾ ਹਮਲਾ**

ਸ਼ਾਹ ਜ਼ਮਾਨ ਲਾਹੌਰ ਵੱਲ ਵਧਿਆ ਆ ਰਿਹਾ ਸੀ। ਸਿੱਖਾਂ ਦੇ ਡਰ ਨਾਲ ਉਹਦਾ ਦਿਲ ਡੋਲ ਗਿਆ ਸੀ। ਉਹਦਾ ਖ਼ਿਆਲ ਸੀ ਕਿ ਸ਼ਾਇਦ ਲਾਹੌਰ ਪਹੁੰਚ ਕੇ ਹਾਲਤ ਕੁਛ ਚੰਗੀ ਹੋ ਜਾਏਗੀ। ਇਲਾਕੇ ਦੇ ਸਾਰੇ ਹੀ ਛੋਟੇ ਵੱਡੇ ਮੁਸਲਮਾਨ ਹਾਕਮ ਉਹਦੇ ਨਾਲ ਰਲ ਗਏ ਸਨ। ਜੰਮੂ ਆਦਿ ਪਹਾੜੀ ਰਾਜਿਆਂ ਵੀ ਉਹਦੀ ਈਨ ਮੰਨ ਲਈ ਸੀ। ਉਸ ਕੋਲ ਬੜਾ ਭਾਰੀ ਤੋਪਖ਼ਾਨਾ ਸੀ। ਇਸ ਵਾਸਤੇ ਸਿੱਖ ਉਹਦੇ ਸਾਹਮਣੇ ਖਲੋ ਕੇ ਸਿੱਧੀ ਟੱਕਰ ਨਹੀਂ ਲੈਂਦੇ ਸਨ, ਪਰ ਉਹਦਾ ਸਾਮਾਨ ਲੁੱਟ ਕੇ ਤੇ ਰਾਤ ਬਰਾਤੇ ਛਾਪੇ ਮਾਰ ਕੇ ਉਹਦੀ ਫ਼ੌਜ ਨੂੰ ਬੁਰੀ ਤਰ੍ਹਾਂ ਹੈਰਾਨ ਕਰ ਰਹੇ ਸਨ।

ਪਤਾ ਲੱਗਾ ਕਿ ਅੰਮ੍ਰਿਤਸਰ ਵਿਚ ਸਿੱਖ ਫ਼ੌਜ ਜੁੜੀ ਬੈਠੀ ਹੈ। ਸ਼ਾਹ ਜ਼ਮਾਨ ਨੇ ਦਸ ਹਜ਼ਾਰ ਫ਼ੌਜ ਅੰਮ੍ਰਿਤਸਰ ਉੱਤੇ ਹਮਲਾ ਕਰਨ ਵਾਸਤੇ ਭੇਜੀ। ਉਹ ਅਜੇ ਅੰਮ੍ਰਿਤਸਰੋਂ ਅੱਠ ਮੀਲ ਦੂਰ ਹੀ ਸੀ, ਜਾਂ ਕੇਵਲ ਪੰਜ ਸੌ ਸਿੱਖ ਸਿਪਾਹੀਆਂ ਸਣੇ ਰਣਜੀਤ ਸਿੰਘ ਤੇ ਸਾਹਿਬ ਸਿੰਘ ਨੇ ਵੈਰੀ ਦਲ ਉੱਤੇ ਧਾਵਾ ਬੋਲ ਦਿੱਤਾ। ਗੁਲਾਬ ਸਿੰਘ, ਬੁਧ ਸਿੰਘ ਤੇ ਜੋਧ ਸਿੰਘ ਦੋ ਹਜ਼ਾਰ ਫੌਜ ਸਣੇ ਰਣਜੀਤ ਸਿੰਘ ਦੀ ਮਦਦ ਵਾਸਤੇ ਆ ਪੁੱਜੇ। ਇਸ ਢਾਈ ਹਜ਼ਾਰ ਸਿਰ-ਲੱਥੇ ਸਿੰਘਾਂ ਕੋਲੋਂ ਪਠਾਣ ਪੰਜ ਸੌ ਸਿਪਾਹੀ ਮਰਵਾ ਕੇ ਨੱਸ ਗਏ। ਇਹ ਘਟਨਾ ੨੪ ਨਵੰਬਰ ਦੀ ਹੈ।

**ਅੰਮ੍ਰਿਤਸਰ ਕੋਲ ਲੜਾਈ**

੩੦ ਨਵੰਬਰ, ੧੭੯੮ ਈਸਵੀ ਨੂੰ ਸ਼ਾਹ ਜ਼ਮਾਨ ਲਾਹੌਰ ਆ ਪੁੱਜਾ। ਸ਼ਹਿਰ ਦੇ ਪਤਵੰਤਿਆਂ ਨੇ ਈਨ ਮੰਨ ਕੇ ਨਜ਼ਰਾਨੇ ਦਿੱਤੇ। ਲਾਹੌਰ ਵਿਚ ਸ਼ਾਹ ਜ਼ਮਾਨ ਨੇ ਆਪਣੇ ਨਾਂ ਦਾ ਸਿੱਕਾ ਚਲਾਇਆ। ਸਿੱਖਾਂ ਨੇ ਕਾਬਲ ਵੱਲੋਂ ਆਉਂਦਾ ਸਾਮਾਨ

1. ਗੁਪਤਾ, ਹਿੱਸਾ ਤੀਜਾ, ਪੰਨਾ ੧੦੦



Sri Satguru Jagjit Singh Ji eLibrary NamdhariElibrary@gmail.com

ਤੇ ਸ਼ਾਹ ਜ਼ਮਾਨ ਦੀ ਬੇਗਮ ਦਾ ਡੇਰਾ ਲੁੱਟ ਲਿਆ। ਸ਼ਾਹ ਨੇ ਸੁਲ੍ਹਾ ਦਾ ਸੁਨੇਹਾ ਦੇ ਕੇ ਕਈ ਵਾਰ ਸਿੱਖਾਂ ਕੋਲ ਆਪਣੇ ਦੂਤ ਘੱਲੇ, ਪਰ ਸਿੱਖ ਸੁਲ੍ਹਾ ਦੇ ਝਾਂਸੇ ਵਿਚ ਆਉਣ ਦੀ ਥਾਂ ਸਦਾ ਲੜਨ ਵਾਸਤੇ ਤਿਆਰ ਰਹੇ। ਉਹਨਾਂ ਆਪਣਾ ਕੰਮ ਵਧੇਰੇ ਤੇਜ਼ ਕਰ ਦਿੱਤਾ। ਸਿੱਖ ਲਾਹੌਰ ਦੀਆਂ ਕੰਧਾਂ ਤੱਕ ਛਾਪੇ ਮਾਰਨ ਲੱਗ ਪਏ। ਸ਼ਾਹ ਜ਼ਮਾਨ ਦੇ ਹੁਕਮ ਨਾਲ ਰਾਤ ਦਿਨੇ ਸ਼ਹਿਰ ਦੇ ਦਰਵਾਜ਼ੇ ਬੰਦ ਰਹਿਣ ਲੱਗੇ। ਇਕ ਪਿਸ਼ੌਰੀ ਦਰਵਾਜ਼ਾ ਹੀ ਦਿਨੇ ਖੁੱਲ੍ਹਾ ਰਹਿੰਦਾ।

**ਜ਼ਮਾਨ ਲਾਹੌਰ**

ਸ਼ਾਹ ਜ਼ਮਾਨ ਕਿਲ੍ਹਾ ਲਾਹੌਰ ਦੇ ਸੰਮਣ ਬੁਰਜ ਵਿਚ ਰਹਿੰਦਾ ਸੀ। ਇਕ ਦਿਨ ਰਾਜਾ ਰਣਜੀਤ ਸਿੰਘ ਆਪਣੇ ਥੋੜ੍ਹੇ ਜਿਹੇ ਚੋਣਵੇਂ ਸਿਪਾਹੀਆਂ ਤੇ ਕੁਝ ਸਰਦਾਰਾਂ ਸਣੇ ਬੁਰਜ ਕੋਲ ਆ ਧਮਕਿਆ। ਸਿੱਖਾਂ ਨੇ ਸੰਮਣ ਬੁਰਜ ਵੱਲ ਗੋਲੀਆਂ ਚਲਾਈਆਂ, ਜਿਨ੍ਹਾਂ ਨਾਲ ਕੁਝ ਪਹਿਰੇਦਾਰ ਪਠਾਣ ਮਾਰੇ ਗਏ। ਰਣਜੀਤ ਸਿੰਘ ਨੇ ਉੱਚੀ ਸਾਰੀ ਸ਼ਾਹ ਜ਼ਮਾਨ ਨੂੰ ਵੰਗਾਰਿਆ, "ਓ ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ, ਤੈਨੂੰ ਵੱਡੇ ਸਰਦਾਰ ਚੜ੍ਹਤ ਸਿੰਘ ਦਾ ਪੋਤਰਾ ਵੰਗਾਰ ਰਿਹਾ ਹੈ। ਆ, ਮੈਦਾਨ ਵਿਚ ਆ ਤੇ ਮੇਰੇ ਨਾਲ ਦੋ ਹੱਥ ਕਰ ਕੇ ਵੇਖ।"[1]

**ਰਣਜੀਤ ਸਿੰਘ ਨੇ ਜ਼ਮਾਨ ਨੂੰ ਵੰਗਾਰਿਆ**

ਸ਼ਾਹ ਜ਼ਮਾਨ ਦਾ ਹੌਸਲਾ ਨਾ ਪਿਆ ਕਿ ਉਹ ਅੰਦਰੋਂ ਬਾਹਰ ਮੂੰਹ ਕੱਢ ਕੇ ਸਿੰਘਾਂ ਦੇ ਦਰਸ਼ਨ ਹੀ ਕਰਦਾ। ਅੱਗੋਂ ਕੋਈ ਉੱਤਰ ਨਾ ਮਿਲਿਆ, ਤਾਂ ਇਕ ਵਾਰ ਹੋਰ ਗੋਲੀਆਂ ਚਲਾ ਕੇ ਰਣਜੀਤ ਸਿੰਘ ਤੇ ਉਹਦੇ ਸਾਥੀ ਘੋੜੇ ਭਜਾ ਲੈ ਗਏ।

**ਜ਼ਮਾਨ ਵਾਪਸ**

ਇਸ ਘਟਨਾ ਨੇ ਸ਼ਾਹ ਜ਼ਮਾਨ ਨੂੰ ਬਹੁਤ ਡਰਾ ਦਿੱਤਾ। ਉਹਨੇ ਵਾਪਸ ਮੁੜਨ ਦੀ ਤਿਆਰੀ ਦਾ ਹੁਕਮ ਦੇ ਦਿੱਤਾ। ਓਧਰ ਹਿਰਾਤ ਵਿਚ ਗੜਬੜ ਹੋ ਜਾਣ ਦੀਆਂ ਖ਼ਬਰਾਂ ਵੀ ਪੁੱਜ ਗਈਆਂ। ੪ ਜਨਵਰੀ, ੧੭੯੮ ਈਸਵੀ ਨੂੰ ਸਵੇਰੇ ਸ਼ਾਹ ਜ਼ਮਾਨ ਨੇ ਲਾਹੌਰ ਛੱਡਿਆ। ਉਹ ਰਾਵੀ ਟੱਪ ਕੇ ਸ਼ਾਹਦਰੇ ਜਾ ਬੈਠਾ। ਉਹ ਅਜੇ ਸ਼ਾਹਦਰੇ ਹੀ ਬੈਠਾ ਸੀ ਜਾਂ ਸਿੱਖਾਂ ਨੇ ਲਾਹੌਰ ਉੱਤੇ ਕਬਜ਼ਾ ਕਰ ਕੇ ਆਪਣੀ ਹਕੂਮਤ ਕਾਇਮ ਕਰ ਲਈ।

**ਸ਼ਾਹ ਜ਼ਮਾਨ ਕੈਦ**

੪ ਜਨਵਰੀ ਨੂੰ ਸ਼ਾਹ ਜ਼ਮਾਨ ਲਾਹੌਰੋਂ ਤੁਰਿਆ ਤੇ ੩੦ ਜਨਵਰੀ ਨੂੰ ਪਿਸ਼ਾਵਰ ਜਾ ਪੁੱਜਾ। ਮੁਸਲਮਾਨਾਂ ਵੱਲੋਂ ਪੰਜਾਬ ਉੱਤੇ ਇਹ ਆਖ਼ਰੀ ਹਮਲਾ ਸੀ। ਏਸੇ ਸਾਲ ਦੇ ਅਖ਼ੀਰ ਵਿਚ ਮਹਿਮੂਦ ਨੇ ਕਾਬਲ ਉੱਤੇ ਕਬਜ਼ਾ ਕਰ ਲਿਆ ਤੇ ਸ਼ਾਹ ਜ਼ਮਾਨ ਨੂੰ ਅੰਨ੍ਹਾ

---

1. ਕੋਹਲੀ, ਪੰਨਾ ੬੮, ਗੰਡਾ ਸਿੰਘ, (ਰਣਜੀਤ ਸਿੰਘ) ਪੰਨਾ ੬, ਹਵਾਲਾ ਸਹਿਤ ਸੋਹਨ ਲਾਲ (ਉਮਦਾਤੁੱਤ ਤਵਾਰੀਖ਼, ਹਿੱਸਾ ਦੂਜਾ , ਪੰਨਾ ੩੯) ਤੇ ਬੂਟੇ ਸ਼ਾਹ (ਤਾਰੀਖ਼ੇ ਪੰਜਾਬ, ਹਿੱਸਾ ਦੂਜਾ), ਪੰਨਾ ੬੩੮



Sri Satguru Jagjit Singh Ji eLibrary NamdhariElibrary@gmail.com

ਕਰ ਕੇ ਕੈਦ ਕਰ ਦਿੱਤਾ।

ਸ਼ਾਹ ਜ਼ਮਾਨ ਦੇ ਜਾਣ ਦੀ ਦੇਰ ਸੀ ਕਿ ਸਿੱਖਾਂ ਨੇ ਫੇਰ ਆਪਣੇ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ।

ਲਾਹੌਰ ਦੇ ਪੁਰਾਣੇ ਤਿੰਨੇ ਹਾਕਮ—ਲਹਿਣਾ ਸਿੰਘ, ਗੁੱਜਰ ਸਿੰਘ, ਸੋਭਾ ਸਿੰਘ—ਸੁਰਗਵਾਸ ਹੋ ਚੁੱਕੇ ਸਨ। ਇਸ ਵੇਲੇ ਚੇਤ ਸਿੰਘ (ਲਹਿਣਾ ਸਿੰਘ ਦਾ), ਸਾਹਿਬ ਸਿੰਘ (ਗੁੱਜਰ ਸਿੰਘ ਦਾ) ਤੇ ਮੋਹਰ ਸਿੰਘ (ਸੋਭਾ ਸਿੰਘ ਦਾ) ਲਾਹੌਰ ਦੇ ਮਾਲਕ ਸਨ। ਉਹਨਾਂ ਦੀ ਆਪ ਵਿਚ ਬਣਦੀ ਨਹੀਂ ਸੀ। ਸ. ਸਾਹਿਬ ਸਿੰਘ ਵਧੇਰੇ ਗੁਜਰਾਤ ਹੀ ਰਹਿੰਦਾ ਸੀ। ਦੂਜੇ ਦੋਵੇਂ ਆਪਸ ਵਿਚ ਲੜਦੇ ਝਗੜਦੇ ਰਹਿੰਦੇ ਸਨ। ਇਸ ਵਾਸਤੇ ਉਹਨਾਂ ਹੱਥੋਂ ਪਰਜਾ ਬੜੀ ਤੰਗ ਸੀ। ਉਹ ਆਪਣਾ ਹਾਕਮ ਬਦਲਣਾ ਚਾਹੁੰਦੀ ਸੀ। ਰਹਿ ਰਹਿ ਕੇ ਸਾਰਿਆਂ ਦੀਆਂ ਅੱਖਾਂ ਰਾਜਾ ਰਣਜੀਤ ਸਿੰਘ ’ਤੇ ਆ ਟਿਕਦੀਆਂ ਸਨ।

**ਲਾਹੌਰ ਦੇ ਹਾਕਮਾਂ ਤੇ ਪਰਜਾ ਵਿਚ ਅਜੋੜ**

ਉਸ ਵੇਲੇ ਅਚਾਨਕ ਇਕ ਹੋਰ ਝਗੜਾ ਹੋ ਗਿਆ। ਕੁਝ ਲੋਕਾਂ ਦੇ ਭੜਕਾਉਣ ਉੱਤੇ ਸ. ਚੇਤ ਸਿੰਘ ਨੇ ਮੀਆਂ ਬਦਰੁੱਦੀਨ ਨੂੰ—ਬਿਨਾਂ ਗੁਨਾਹ ਦੀ ਪੜਤਾਲ ਕੀਤੇ—ਕੈਦ ਕਰ ਦਿੱਤਾ। ਬਦਰੁੱਦੀਨ, ਮੀਆਂ ਆਸ਼ਕ ਮੁਹੰਮਦ ਦਾ ਜਵਾਈ ਸੀ। ਇਹ ਧੜਾ ਲਾਹੌਰ ਵਿਚ ਬੜਾ ਤਾਕਤ ਤੇ ਰਸੂਖ਼ ਵਾਲਾ ਸੀ। ਉਹਨਾਂ ਸ. ਚੇਤ ਸਿੰਘ ਕੋਲ ਕਈ ਵਾਰ ਬੇਨਤੀ ਪੱਤਰ ਭੇਜੇ, ਪਰ ਕੋਈ ਸੁਣੀ ਨਾ ਗਈ। ਅੰਤ ਉਹ ਪਰ੍ਹੇ (ਡੇਪੂਟੇਸ਼ਨ) ਬਣ ਕੇ ਸ. ਚੇਤ ਸਿੰਘ ਕੋਲ ਗਏ, ਪਰ ਅੱਗੋਂ ਉਸ ਨੇ ਸਭ ਨੂੰ ਬੇਇੱਜ਼ਤ ਕਰਕੇ ਕੱਢਿਆ।[1] ਆਖ਼ਰ ਸਾਰਿਆਂ ਨੇ ਏਸੇ ਵਿਚ ਆਪਣੀ ਕਲਿਆਣ ਸਮਝੀ ਕਿ ਰਣਜੀਤ ਸਿੰਘ ਨੂੰ ਲਾਹੌਰ ਦਾ ਹਾਕਮ ਬਣਨ ਵਾਸਤੇ ਸੱਦਾ ਦਿੱਤਾ ਜਾਵੇ।

ਹਕੀਮ ਹਾਕਮ ਰਾਏ, ਭਾਈ ਗੁਰਬਖਸ਼ ਸਿੰਘ, ਮੀਆਂ ਆਸ਼ਕ ਮੁਹੰਮਦ, ਮੀਆਂ ਮੁਹਕਮ ਦੀਨ, ਮੁਹੰਮਦ ਬਾਕਰ, ਮੁਫ਼ਤੀ ਮੁਹੰਮਦ ਮੁਕੱਰਮ, ਮੀਰ ਸਾਦੀ ਤੇ ਹੋਰ ਬਹੁਤ ਸਾਰੇ ਸ਼ਹਿਰ ਦੇ ਪਤਵੰਤਿਆਂ ਨੇ ਰਣਜੀਤ ਸਿੰਘ ਦੀ ਸੇਵਾ ਵਿਚ ਲਾਹੌਰ ਮੱਲਣ ਲਈ ਬੇਨਤੀ ਪੱਤਰ ਲਿਖ ਭੇਜਿਆ। ਕੁਝ ਸੱਜਣ ਆਪ ਵੀ ਉਸ ਕੋਲ ਰਾਮ ਨਗਰ ਪੁੱਜੇ ਤੇ ਜ਼ਬਾਨੀ ਗੱਲਬਾਤ ਕੀਤੀ। ਰਾਜਾ ਰਣਜੀਤ ਸਿੰਘ ਨੇ ਸਭ ਦਾ ਬੜਾ ਆਦਰ ਮਾਣ ਕੀਤਾ ਤੇ ਮਦਦ ਦਾ ਪੂਰਾ ਭਰੋਸਾ ਦੁਆਇਆ। ਉਸ ਨੇ ਆਪਣਾ ਭਰੋਸੇਯੋਗ ਦੂਤ ਕਾਜ਼ੀ ਅਬਦੁੱਰ ਰਹਿਮਾਨ (ਰਾਮ ਨਗਰੀਆ) ਉਹਨਾਂ ਦੇ ਨਾਲ ਲਾਹੌਰ ਤੋਰ ਦਿੱਤਾ। ਆਪ ਉਹ ਰਾਣੀ ਸਦਾ ਕੌਰ ਨਾਲ ਸਲਾਹ ਕਰਨ ਵਾਸਤੇ ਬਟਾਲੇ ਚਲਾ ਗਿਆ।

**ਲਾਹੌਰੀਆਂ ਵੱਲੋਂ ਰਣਜੀਤ ਸਿੰਘ ਨੂੰ ਸੱਦਾ**

1. ਲਤੀਫ਼, ਪੰਨੇ ੩੪੮-੪੯



Sri Satguru Jagjit Singh Ji eLibrary NamdhariElibrary@gmail.com

ਸਦਾ ਕੌਰ ਨੇ ਲਾਹੌਰ ਉੱਤੇ ਕਬਜ਼ਾ ਕਰ ਲੈਣ ਦੀ ਸਲਾਹ ਦਿੱਤੀ ਤੇ ਮਦਦ ਵਾਸਤੇ ਆਪ ਨਾਲ ਹੋ ਤੁਰੀ। ਦੋਵੇਂ ਪੰਜ-ਕੁ ਹਜ਼ਾਰ ਫ਼ੌਜ[1] ਲੈ ਕੇ ਅੰਮ੍ਰਿਤਸਰ ਰਾਹੀਂ ੪ ਜੁਲਾਈ ਨੂੰ ਸਵੇਰੇ ਲਾਹੌਰ ਆ ਪੁੱਜੇ।

**ਰਣਜੀਤ ਸਿੰਘ ਲਾਹੌਰ ਪੁੱਜਾ**

ਕਾਜ਼ੀ ਅਬਦੁੱਰ ਰਹਿਮਾਨ ਨੇ ਲਾਹੌਰ ਤੇ ਬਾਗ਼ਬਾਨਪੁਰੇ ਦੇ ਸਾਰੇ ਪਤਵੰਤਿਆਂ ਨਾਲ ਗੱਲਬਾਤ ਪੱਕੀ ਕਰ ਛੱਡੀ ਸੀ। ਕੁਝ ਬੰਦੇ ਅੱਗੋਂ ਰਾਹ ਵਿਚ ਰਣਜੀਤ ਸਿੰਘ ਨੂੰ ਜਾ ਮਿਲੇ। ਉਹਨਾਂ ਉਸ ਨੂੰ ਸਣੇ ਫ਼ੌਜ ਵਜ਼ੀਰ ਖ਼ਾਂ ਦੇ ਬਾਗ਼ ਵਿਚ ਜਾ ਉਤਾਰਿਆ।[2] ਚਾਰ ਤੇ ਪੰਜ ਜੁਲਾਈ ਦੋਵੇਂ ਦਿਨ ਸ਼ਹਿਰ ਦੇ ਪਤਵੰਤਿਆਂ ਨਾਲ ਕਬਜ਼ੇ ਦੀਆਂ ਤਜਵੀਜ਼ਾਂ ਹੁੰਦੀਆਂ ਰਹੀਆਂ।

੬ ਜੁਲਾਈ, ੧੭੯੯ ਨੂੰ ਗੁੰਦੀ ਹੋਈ ਗੋਂਦ ਅਨੁਸਾਰ ਰਣਜੀਤ ਸਿੰਘ ਨੇ ਸਵੇਰੇ ੮ ਵਜੇ ਲੁਹਾਰੀ ਦਰਵਾਜ਼ੇ ਉੱਤੇ ਤੇ ਸਦਾ ਕੌਰ ਨੇ ਦਿੱਲੀ ਦਰਵਾਜ਼ੇ ਉੱਤੇ ਹਮਲਾ ਕੀਤਾ। ਲੁਹਾਰੀ ਦਰਵਾਜ਼ੇ ਦੀ ਰਾਖੀ ਸ. ਚੇਤ ਸਿੰਘ ਆਪ ਕਰ ਰਿਹਾ ਸੀ। ਉਹਦੇ ਰਾਖੇ ਅੰਦਰਖਾਨੇ ਰਣਜੀਤ ਸਿੰਘ ਨਾਲ ਮਿਲੇ ਹੋਏ ਸਨ। ਉਹਨਾਂ ਰਣਜੀਤ ਸਿੰਘ ਦੇ ਪਹੁੰਚਣ ਤੋਂ ਕੁਝ ਚਿਰ ਪਹਿਲਾਂ ਸ. ਚੇਤ ਸਿੰਘ ਨੂੰ ਖ਼ਬਰ ਦਿੱਤੀ ਕਿ ਸ਼ੁਕਰਚੱਕੀਏ ਦਿੱਲੀ ਦਰਵਾਜ਼ੇ ਉੱਤੇ ਹਮਲਾ ਕਰ ਗਏ ਹਨ। ਸ. ਚੇਤ ਸਿੰਘ ਸਣੇ ਫ਼ੌਜ ਦਿੱਲੀ ਦਰਵਾਜ਼ੇ ਨੂੰ ਗਿਆ ਤਾਂ ਮਗਰੋਂ ਰਣਜੀਤ ਸਿੰਘ ਲੁਹਾਰੀ ਦਰਵਾਜ਼ੇ ਉੱਤੇ ਆ ਪੁੱਜਾ। ਮੀਆਂ ਮੁਹਕਮ ਦੀਨ ਦੇ ਹੁਕਮ ਨਾਲ ਰਾਖਿਆਂ ਨੇ ਦਰਵਾਜ਼ਾ ਖੋਹਲ ਦਿੱਤਾ। ਰਣਜੀਤ ਸਿੰਘ ਸਣੇ ਫ਼ੌਜ ਸ਼ਹਿਰ ਵਿਚ ਦਾਖ਼ਲ ਹੋ ਗਿਆ। ਸ. ਚੇਤ ਸਿੰਘ ਨੂੰ ਰਾਹ ਵਿਚ ਹੀ ਖ਼ਬਰਾਂ ਮਿਲ ਗਈਆਂ ਕਿ ਲੁਹਾਰੀ ਦਰਵਾਜ਼ੇ ਤੋਂ ਰਣਜੀਤ ਸਿੰਘ ਤੇ ਦਿੱਲੀ ਦਰਵਾਜ਼ੇ ਤੋਂ ਸਦਾ ਕੌਰ ਸ਼ਹਿਰ ਵਿਚ ਦਾਖ਼ਲ ਹੋ ਚੁੱਕੇ ਹਨ। ਟਾਕਰੇ ਦੀ ਹਿੰਮਤ ਨਾ ਵੇਖ ਕੇ ਸ. ਚੇਤ ਸਿੰਘ ਕਿਲ੍ਹੇ ਵਿਚ ਜਾ ਵੜਿਆ। ਏਸ ਤਰ੍ਹਾਂ ਸ਼ਹਿਰ ਦੇ ਪਤਵੰਤਿਆਂ ਦੀ ਮਦਦ ਨਾਲ ੬ ਜੁਲਾਈ, ੧੭੯੯ ਈਸਵੀ ਨੂੰ ਰਾਜਾ ਰਣਜੀਤ ਸਿੰਘ ਦਾ ਲਾਹੌਰ ਉੱਤੇ ਕਬਜ਼ਾ ਹੋ ਗਿਆ।[3]

**ਰਣਜੀਤ ਸਿੰਘ ਦਾ ਲਾਹੌਰ 'ਤੇ ਕਬਜ਼ਾ**

ਸ. ਚੇਤ ਸਿੰਘ ਕਿਲ੍ਹੇ ਵਿਚ ਬੰਦ ਸੀ ਤੇ ਬਾਕੀ ਮੋਹਰ ਸਿੰਘ ਆਦਿ ਸ਼ਹਿਰ ਛੱਡ ਕੇ ਨੱਸ ਗਏ ਸਨ। ਰਣਜੀਤ ਸਿੰਘ ਦੀਆਂ ਫ਼ੌਜਾਂ ਨੇ ਕਿਲ੍ਹੇ ਸਾਹਮਣੇ ਆ ਮੋਰਚੇ ਮੱਲੇ। ਦੋਹਾਂ ਪਾਸਿਆਂ ਤੋਂ ਮਾਮੂਲੀ ਗੋਲਾਬਾਰੀ ਹੋਣ ਲੱਗੀ। ਛੇਤੀ ਹੀ ਸਦਾ ਕੌਰ ਨੇ ਵਿਚ ਪੈ ਕੇ ਸੁਲ੍ਹਾ ਕਰਾ ਦਿੱਤੀ। ਅਗਲੇ ਦਿਨ ਸ. ਚੇਤ ਸਿੰਘ ਨੇ ਕਿਲ੍ਹਾ ਖ਼ਾਲੀ ਕਰ

**ਚੇਤ ਸਿੰਘ ਨੂੰ ਜਾਗੀਰ**

---

1. ਲਤੀਫ਼, ਪੰਨਾ ੩੪੯
2. ਏਥੇ ਅਜਕੱਲ੍ਹ ਅਜਾਇਬ ਘਰ ਤੇ ਪਬਲਿਕ ਲਾਇਬਰੇਰੀ ਹੈ।
3. ਗੁਪਤਾ, ਹਿੱਸਾ ਤੀਜਾ, ਪੰਨਾ ੧੨੬, ਲਤੀਫ਼, ਪੰਨਾ ੩੫੦, ਸਿਨਹਾ, ਪੰਨਾ ੧੨, ਕੋਹਲੀ ਪੰਨੇ ੭੦-੭੧, ਗ੍ਰਿਫ਼ਨ ਪੰਨਾ ੧੧੭, ਨਾਰੰਗ, ਪੰਨਾ ੩੧੮



Sri Satguru Jagjit Singh Ji eLibrary NamdhariElibrary@gmail.com

ਦਿੱਤਾ। ਰਣਜੀਤ ਸਿੰਘ ਨੇ ਉਸ ਦਾ ਬੜਾ ਸਤਿਕਾਰ ਕੀਤਾ ਤੇ ਗੁਜ਼ਾਰੇ ਵਾਸਤੇ 'ਵਣੀਂਕੇ' ਜਾਗੀਰ ਦਿੱਤੀ, ਜਿਥੇ ਚੇਤ ਸਿੰਘ ਅਮਨ ਨਾਲ ਜਾ ਵੱਸਿਆ।

ਰਾਜਾ ਰਣਜੀਤ ਸਿੰਘ ਨੇ ਆਪਣੀ ਫ਼ੌਜ ਨੂੰ ਸਖ਼ਤ ਹੁਕਮ ਦਿੱਤਾ ਕਿ ਕੋਈ ਸਿਪਾਹੀ ਕਿਸੇ ਸ਼ਹਿਰੀ ਨੂੰ ਕੋਈ ਤਕਲੀਫ਼ ਨਾ ਦੇਵੇ। ਸ਼ਹਿਰ ਵਿਚ ਹਰ ਇਕ ਨੂੰ ਇੱਜ਼ਤ ਤੇ ਰਾਖੀ ਦਾ ਭਰੋਸਾ ਦਿਵਾਇਆ ਤੇ ਲੋਕਾਂ ਨੂੰ ਕਾਰੋਬਾਰ ਕਰਨ ਦੀ ਪ੍ਰੇਰਨਾ ਕੀਤੀ। ਏਸ ਤਰ੍ਹਾਂ ਬਿਨਾਂ ਕਿਸੇ ਗੜਬੜ ਦੇ ਸ਼ਹਿਰ ਵਿਚ ਨਵਾਂ ਰਾਜ ਆਰੰਭ ਹੋ ਗਿਆ।

ਅਗਲੇ ਦਿਨ ਸ਼ਹਿਰ ਦੇ ਸਾਰਿਆਂ ਪਤਵੰਤਿਆਂ ਨੂੰ ਦਰਬਾਰ ਵਿਚ ਬੁਲਾ ਕੇ ਸਭ ਦੀ ਇੱਜ਼ਤ ਕੀਤੀ ਤੇ ਉਹਨਾਂ ਤੋਂ ਪ੍ਰੇਮ ਸਹਿਤ ਨਜ਼ਰਾਨੇ ਲਏ। ਮੀਆਂ ਮੁਹਕਮ ਦੀਨ ਨੂੰ 'ਬਾਬਾ' ਦਾ ਖਿਤਾਬ ਦਿੱਤਾ, ਕਈਆਂ ਨੂੰ 'ਸਾਹਿਬ' ਦਾ ਤੇ ਕਈਆਂ ਨੂੰ 'ਮਿਹਰਬਾਨ' ਦਾ ਖ਼ਿਤਾਬ। ਕਿਲ੍ਹੇ ਤੇ ਸ਼ਹਿਰ ਦੀਆਂ ਬਾਹਰਲੀਆਂ ਕੰਧਾਂ ਪੱਕੀਆਂ ਕੀਤੀਆਂ ਗਈਆਂ। ਹਜ਼ਾਰਾਂ ਰੁਪਏ ਲੋਕ-ਭਲਾਈ ਵਾਸਤੇ ਖ਼ਰਚ ਕੀਤੇ ਗਏ।



Sri Satguru Jagjit Singh Ji eLibrary NamdhariElibrary@gmail.com

# ਤੀਜਾ ਕਾਂਡ

ਲਾਹੌਰ ਉੱਤੇ ਰਣਜੀਤ ਸਿੰਘ ਦਾ ਕਬਜ਼ਾ ਹੋ ਗਿਆ, ਪਰ ਉਸ ਦਾ ਉਦਾਲਾ ਸਾਰਾ ਵੱਖੋ-ਵੱਖ ਸੁਤੰਤਰ (ਜਾਂ ਅੱਧ-ਸੁਤੰਤਰ) ਤਾਕਤਾਂ ਦੇ ਕਬਜ਼ੇ ਵਿਚ ਸੀ। ਗੁੱਜਰਾਂਵਾਲਾ ਉਸ ਦੇ ਆਪਣੇ ਕਬਜ਼ੇ ਵਿਚ ਸੀ। ਉਸ ਤੋਂ ਪੱਛਮ ਉੱਤਰ ਵੱਲ ਉਹਦੇ ਇਲਾਕੇ ਦੂਰ ਦੂਰ ਤਕ ਖਿਲਰੇ ਹੋਏ ਸਨ। ਅੰਮ੍ਰਿਤਸਰ ਉੱਤੇ ਭੰਗੀ ਸ. ਗੁਲਾਬ ਸਿੰਘ ਦਾ ਕਬਜ਼ਾ ਸੀ। ਰਿਆੜਕੀ ਵਿਚ ਸਦਾ ਕੌਰ ਤੇ ਰਾਮਗੜ੍ਹੀਆਂ ਦੇ ਇਲਾਕੇ ਸਨ।

**ਲਾਹੌਰ ਦਾ ਉਦਾਲਾ**

ਦੁਆਬਾ ਜਲੰਧਰ ਵਿਚ ਮਿਸਲ ਆਹਲੂਵਾਲੀਆਂ, ਡੱਬੇਵਾਲੀ ਤੇ ਕੁਛ ਹੋਰ ਛੋਟੇ-ਛੋਟੇ ਸਰਦਾਰ ਸਨ। ਸਤਲੁਜ ਤੋਂ ਚੜ੍ਹਦੇ ਪਾਸੇ ਦਾ ਲਗਭਗ ਸਾਰਾ ਹੀ ਇਲਾਕਾ ਸਿੱਖ ਸਰਦਾਰਾਂ ਦੇ ਮਾਤਹਿਤ ਸੀ। ਦੁਆਬਾ ਬਾਰੀ, ਰਚਨਾ ਤੇ ਚੱਜ ਵਿਚ ਕੁਝ ਹੋਰ ਛੋਟੇ ਮੋਟੇ ਸਿੱਖ ਸਰਦਾਰ ਹੈ ਸਨ। ਬਾਕੀ ਸਾਰਾ ਪੱਛਮੀ ਤੇ ਦੱਖਣੀ ਹਿੱਸਾ ਮੁਸਲਮਾਨਾਂ ਕੋਲ ਸੀ, ਜਿਨ੍ਹਾਂ ਵਿਚੋਂ ਪ੍ਰਸਿੱਧ ਇਹ ਸਨ : ਨਵਾਬ ਨਜ਼ਾਮੁੱਦੀਨ ਖ਼ਾਂ ਪਠਾਣ ਕਸੂਰ, ਨਵਾਬ ਮੁਜ਼ੱਫਰ ਖ਼ਾਂ ਸੱਦੋਜ਼ਈ ਪਠਾਣ ਮੁਲਤਾਨ, ਅਬਦੁੱਸ ਸਮੱਦ ਖ਼ਾਂ ਡੇਹਰਾ, ਮੁਹੰਮਦ ਸ਼ਾਹ ਨਿਵਾਜ਼ ਖ਼ਾਂ ਮਾਨਖ਼ੇਰਾ, ਹੋਤ, ਬੰਨੂੰ ਤੇ ਉਦਾਲਾ, ਸਰਵਰ ਖ਼ਾਂ ਟੈਂਕ, (ਇਹ ਸਭ ਕਾਬਲ ਸ਼ਾਹੀ ਦੇ ਗਵਰਨਰ ਸਨ, ਜੋ ਖ਼ੁਦ-ਮੁਖ਼ਤਿਆਰ ਹੋ ਗਏ ਸਨ)। ਬਹਾਵਲਪੁਰ, ਡੇਹਰਾ ਗ਼ਾਜ਼ੀ ਖ਼ਾਂ ਤੇ ਕੁਝ ਹਿੱਸਾ ਮੁਲਤਾਨ ਦਾ ਨਵਾਬ ਬਹਾਵਲ ਖ਼ਾਂ ਦਾਊਦ ਪੁੱਤਰ, ਝੰਗ ਅਹਿਮਦ ਖ਼ਾਂ ਸਿਆਲ, ਪਿਸ਼ਾਵਰ ਫ਼ਤਹਿ ਖ਼ਾਂ ਬਾਰਕਜ਼ਈ, ਕਸ਼ਮੀਰ ਅਜ਼ੀਮ ਖ਼ਾਂ (ਫ਼ਤਹਿ ਖ਼ਾਂ ਪਿਸ਼ਾਵਰ ਦਾ ਭਰਾ) ਕਿਲ੍ਹਾ ਅਟਕ ਜਹਾਂਦਾਦ ਖ਼ਾਂ। ਜੰਮੂ ਤੋਂ ਲੈ ਕੇ ਦਰਿਆ ਸਤਲੁਜ ਤੱਕ ਦਾ ਸਾਰਾ ਪਹਾੜੀ ਇਲਾਕਾ ਹਿੰਦੂ ਰਾਜਿਆਂ ਦੇ ਮਾਤਹਿਤ ਸੀ। ਏਸ ਤਰ੍ਹਾਂ ਵੰਡੇ ਹੋਏ ਦੇਸ ਦੀ ਰਾਜਧਾਨੀ ਲਾਹੌਰ ਦਾ ਮਾਲਕ ਰਣਜੀਤ ਸਿੰਘ ਬਣਿਆ।

**ਰਣਜੀਤ ਸਿੰਘ ਦੇ ਵਿਰੋਧੀ**

ਕਿਸੇ ਵੀ ਗੁਆਂਢੀ ਤਾਕਤ ਨੂੰ ਇਹ ਪਸੰਦ ਨਹੀਂ ਸੀ ਕਿ ਰਣਜੀਤ ਸਿੰਘ ਲਾਹੌਰ ਦਾ ਮਾਲਕ ਬਣ ਜਾਏ। ਉਸ ਦੀ ਦਿਨੋ ਦਿਨ ਵਧਦੀ ਤਾਕਤ ਵੇਖ ਕੇ ਸਾਰੇ ਹੀ ਉਸ ਨਾਲ ਈਰਖਾ ਕਰਦੇ ਸਨ। ਲਾਹੌਰ ਮੱਲ ਲੈਣ ਪਿਛੋਂ ਤਾਂ ਸਭ ਨੂੰ ਡਰ ਆਉਣ ਲੱਗ ਪਿਆ ਸੀ। ਇਸ ਵਾਸਤੇ ਹਰ ਇਕ ਦੇ ਦਿਲ ਵਿਚ ਉਸ ਵਾਸਤੇ ਸਾੜਾ ਪੈਦਾ ਹੋ ਗਿਆ ਸੀ। ਨਜ਼ਾਮੁੱਦੀਨ ਕਸੂਰੀ ਆਪ ਲਾਹੌਰ ਉੱਤੇ ਕਬਜ਼ਾ ਕਰਨਾ ਚਾਹੁੰਦਾ ਸੀ, ਪਰ ਲਾਹੌਰ ਦੀ ਜਨਤਾ ਨੂੰ ਰਣਜੀਤ ਸਿੰਘ ਦੀ ਹਕੂਮਤ ਵਧੇਰੇ ਪਸੰਦ ਸੀ। ਇਸ ਵਾਸਤੇ ਨਜ਼ਾਮੁੱਦੀਨ ਵਿਚਾਰਾ ਹੱਥ ਮਲਦਾ ਰਹਿ ਗਿਆ। ਉਹਦੇ



Sri Satguru Jagjit Singh Ji eLibrary NamdhariElibrary@gmail.com

**ਨਜ਼ਾਮੁੱਦੀਨ ਦੀ ਈਰਖਾ**

ਅੰਦਰ ਹੁਣ ਰਣਜੀਤ ਸਿੰਘ ਵਾਸਤੇ ਵਧੇਰੇ ਕ੍ਰੋਧ ਸੀ। ਉਹ ਇਕ ਵੱਡੀ ਲੜਾਈ ਵਿਚ ਸ਼ੁਕਰਚੱਕੀਏ ਸਰਦਾਰ ਤੋਂ ਬਦਲਾ ਲੈਣਾ ਚਾਹੁੰਦਾ ਸੀ। ਉਹਨੇ ਬਾਕੀ ਸਿੱਖ ਸਰਦਾਰਾਂ ਨਾਲ ਗੋਂਦ ਗੁੰਦੀ। ਸ. ਗੁਲਾਬ ਸਿੰਘ ਭੰਗੀ ਹਾਕਮ ਅੰਮ੍ਰਿਤਸਰ, ਸ. ਸਾਹਿਬ ਸਿੰਘ ਭੰਗੀ ਹਾਕਮ ਗੁਜਰਾਤ, ਸ. ਜੋਧ ਸਿੰਘ ਵਜ਼ੀਰਾਬਾਦ, ਨਜ਼ਾਮੁੱਦੀਨ ਕਸੂਰ, ਸ. ਜੱਸਾ ਸਿੰਘ ਰਾਮਗੜ੍ਹੀਏ ਦੇ ਪੁੱਤਰ ਸਣੇ ਫ਼ੌਜ ਅੰਮ੍ਰਿਤਸਰ ਵਿਚ ਇਕੱਠੇ ਆ ਹੋਏ। ਅਜੇ ਈਸਵੀ ਸਾਲ ੧੮੦੦ ਚੜ੍ਹਿਆ ਹੀ ਸੀ, ਜਾਂ ਇਹ ਫ਼ੌਜਾਂ ਸ਼ਹਿਰ ਲਾਹੌਰ ਵੱਲ ਵਧੀਆਂ। ਅੱਗੋਂ ਰਾਜਾ ਰਣਜੀਤ ਸਿੰਘ ਤੇ ਸਦਾ ਕੌਰ ਵੀ ਫ਼ੌਜਾਂ ਲੈ ਕੇ ਟਾਕਰੇ ਵਾਸਤੇ ਪਿੰਡ ਭਸੀਣ ਕੋਲ ਆ ਬੈਠੇ। ਦੋਵੇਂ ਦਲ ਦੋ ਮਹੀਨੇ ਆਹਮੋ ਸਾਹਮਣੇ

**ਭਸੀਣ ਦੀ ਲੜਾਈ**

ਮੋਰਚੇ ਬਣਾ ਕੇ ਬੈਠੇ ਰਹੇ। ਛੋਟੀਆਂ ਮੋਟੀਆਂ ਕਈ ਲੜਾਈਆਂ ਹੋਈਆਂ, ਪਰ ਫ਼ੈਸਲਾਕਾਰੀ ਕੋਈ ਮੁਕਾਬਲਾ ਨਾ ਹੋਇਆ। ਇਕ ਦਿਨ ਸ. ਗੁਲਾਬ ਸਿੰਘ ਭੰਗੀ ਬਹੁਤੀ ਸ਼ਰਾਬ ਪੀਣ ਕਰਕੇ ਮਰ ਗਿਆ। ਇਸ ਮੌਤ ਨੇ ਭੰਗੀ ਫ਼ੌਜ ਦਾ ਲੱਕ ਤੋੜ ਦਿੱਤਾ। ਉਹ ਬੇ-ਹੌਸਲਾ ਹੋ ਕੇ ਵਾਪਸ ਮੁੜ ਗਏ। ਭੰਗੀਆਂ ਦੇ ਚਲੇ ਜਾਣ

**ਗੁਲਾਬ ਸਿੰਘ ਭੰਗੀ ਦਾ ਚਲਾਣਾ**

ਪਿਛੋਂ ਬਾਕੀਆਂ ਵਿਚ ਰਣਜੀਤ ਸਿੰਘ ਦੇ ਸਾਹਮਣੇ ਪਿੜ ਮੱਲ ਕੇ ਖਲੋਣ ਦੀ ਹਿੰਮਤ ਨਾ ਰਹੀ। ਸਾਰੇ ਹੀ ਰਾਤੋ ਰਾਤ ਮੈਦਾਨ ਛੱਡ ਕੇ ਘਰੋ ਘਰੀ ਵਾਪਸ ਮੁੜ ਗਏ।[1] ਰਣਜੀਤ ਸਿੰਘ ਜਿੱਤ ਦੇ ਵਾਜੇ ਵਜਾਉਂਦਾ ਲਾਹੌਰ ਦਾਖ਼ਲ ਹੋਇਆ। ਸ਼ਹਿਰ ਵਿਚ ਦੀਪਮਾਲਾ ਕੀਤੀ ਗਈ ਤੇ ਹਜ਼ਾਰਾਂ ਰੁਪਏ ਗ਼ਰੀਬਾਂ ਨੂੰ ਦਾਨ ਦਿੱਤਾ ਗਿਆ। ਇਸ ਜਿੱਤ ਨਾਲ ਰਣਜੀਤ ਸਿੰਘ ਦੀ ਤਾਕਤ ਤੇ ਪ੍ਰਸਿੱਧਤਾ ਬਹੁਤ ਵੱਧ ਗਈ। ਨੀਤੀ ਨੂੰ ਸਮਝਣ ਵਾਲੇ ਹਾਕਮ ਜਾਣ ਗਏ ਕਿ ਇਕ ਦਿਨ ਉਹ ਜ਼ਰੂਰ ਸਾਰੇ ਪੰਜਾਬ ਦਾ ਮਾਲਕ ਬਣ ਕੇ ਰਹੇਗਾ। ਕਈ ਦੂਰ ਦੀ ਸੋਚਣ ਵਾਲੇ ਸਰਦਾਰ ਉਸ ਨਾਲ ਆ ਮਿਲੇ, ਉਸ ਨੂੰ ਆਪਣਾ ਮਾਲਕ ਮੰਨ ਲਿਆ ਤੇ ਜਾਗੀਰਾਂ ਹਾਸਲ ਕਰ ਲਈਆਂ।[2]

**ਦੱਬਿਆ ਖਜ਼ਾਨਾ ਮਿਲਿਆ**

ਲਾਹੌਰ ਮੱਲ੍ਹਣ ਤੇ ਭਸੀਣ ਦੀ ਲੜਾਈ ਵਿਚ ਰਣਜੀਤ ਸਿੰਘ ਦਾ ਸਾਰਾ ਖ਼ਜ਼ਾਨਾ ਖ਼ਾਲੀ ਹੋ ਗਿਆ ਸੀ। ਇਥੋਂ ਤੱਕ ਕਿ ਫ਼ੌਜ ਨੂੰ ਤਨਖ਼ਾਹ ਦੇਣ ਵਾਸਤੇ ਪੈਸੇ ਕੋਲ ਨਹੀਂ ਸਨ। ਇਹ ਮਾਲੀ ਔਕੜ ਕੁਦਰਤ ਨੇ ਇਉਂ ਦੂਰ ਕਰ ਦਿੱਤੀ : ਬੁੱਧੂ ਦੇ ਆਵੇ ਉੱਤੋਂ ਪੁਰਾਣਾ ਮੋਹਰਾਂ ਨਾਲ ਦੱਬਿਆ ਹੋਇਆ ਖ਼ਜ਼ਾਨਾ ਮਿਲ ਗਿਆ।[3] ਉਸ ਨਾਲ ਫ਼ੌਜ

---

1. ਲਤੀਫ਼, ਪੰਨਾ ੩੫੨, ਮੈਕਗ੍ਰੇਗਰ, ਪੰਨਾ ੧੫੪, ਗੰਡਾ ਸਿੰਘ (ਰਣਜੀਤ ਸਿੰਘ), ਪੰਨੇ ੭-੮, ਕੋਹਲੀ, ਪੰਨੇ ੭੨-੩, ਸਿਨਹਾ, ਪੰਨਾ ੧੩
2. ਕੋਹਲੀ, ਪੰਨਾ ੭੩
3. ਕੋਹਲੀ, ਪੰਨਾ ੭੩, ਗੰਡਾ ਸਿੰਘ (ਰਣਜੀਤ ਸਿੰਘ), ਪੰਨਾ ੮



Sri Satguru Jagjit Singh Ji eLibrary NamdhariElibrary@gmail.com

ਦੀਆਂ ਰਹਿੰਦੀਆਂ ਤਨਖਾਹਾਂ ਤੇ ਬਾਕੀ ਸਭ ਲੋੜਾਂ ਪੂਰੀਆਂ ਹੋ ਗਈਆਂ।

**ਰਾਮਗੜ੍ਹੀਆਂ ਨੂੰ ਹਾਰ ਦਿੱਤੀ**

ਸ. ਜੋਧ ਸਿੰਘ (ਸ. ਜੱਸਾ ਸਿੰਘ ਰਾਮਗੜ੍ਹੀਏ ਦਾ ਪੁੱਤਰ) ਆਏ ਦਿਨ ਰਾਣੀ ਸਦਾ ਕੌਰ ਦੇ ਇਲਾਕੇ ਖੋਂਹਦਾ ਤੇ ਲੁੱਟਦਾ ਰਹਿੰਦਾ ਸੀ। ਸਦਾ ਕੌਰ ਦੇ ਬੁਲਾਵੇ ਉੱਤੇ ਰਣਜੀਤ ਸਿੰਘ ਉਸ ਦੀ ਮਦਦ ਵਾਸਤੇ ਜਾ ਪੁੱਜਾ। ਬਟਾਲੇ ਕੋਲ ਲੜਾਈ ਹੋਈ, ਜਿਸ ਵਿਚ ਰਾਮਗੜ੍ਹੀਏ ਸਦਾ ਵਾਸਤੇ ਹਾਰ ਗਏ।[1] ਇਲਾਕੇ ਉੱਤੇ ਸਦਾ ਕੌਰ ਦਾ ਕਬਜ਼ਾ ਕਰਾ ਕੇ ਰਣਜੀਤ ਸਿੰਘ ਵਾਪਸ ਲਾਹੌਰ ਆ ਗਿਆ।

ਹੁਣ ਰਣਜੀਤ ਸਿੰਘ ਨੇ ਸਾਰਿਆਂ ਇਲਾਕਿਆਂ ਵਿਚ ਦੌਰੇ ਕਰ ਕੇ ਨਜ਼ਰਾਨੇ ਉਗਰਾਉਣ ਦਾ ਮਨ ਬਣਾਇਆ। ਉਹਦਾ ਇਰਾਦਾ ਸੀ ਕਿ ਜਿਹੜੇ ਇਲਾਕੇ ਈਨ ਮੰਨ ਕੇ 'ਸਿੱਖ ਰਾਜ' ਨਾਲ ਮਿਲਣਾ ਪਰਵਾਨ ਕਰ ਲੈਣ, ਉਥੋਂ ਦੇ ਹਾਕਮਾਂ ਨੂੰ ਆਗਿਆ-ਪਾਲਣ ਦੀ ਸ਼ਰਤ ਉੱਤੇ ਕਾਇਮ ਰਹਿਣ ਦਿੱਤਾ ਜਾਵੇ। ਸਭ ਤੋਂ ਪਹਿਲਾ ਦੌਰਾ ਉਹਨੇ ਦੁਆਬਾ ਰਚਨਾ (ਰਾਵੀ ਤੇ ਝਨਾਂ ਦਾ ਵਿਚਲਾ) ਵਿਚ ਜੰਮੂ ਵੱਲ ਆਰੰਭ ਕੀਤਾ। ਉਹ ਰਾਵੀ ਦੇ ਕੰਢੇ-ਕੰਢੇ ਵਧਿਆ। ਰਾਹ ਵਿਚ ਮੀਰੋਵਾਲ ਤੇ ਨਾਰੋਵਾਲ ਨੂੰ ਜੰਮੂ ਫ਼ਤਹਿ ਕਰਕੇ[2] ਅੱਠ ਹਜ਼ਾਰ ਨਜ਼ਰਾਨਾ ਲਿਆ। ਫਿਰ ਜੱਸੜ ਦਾ ਕਿਲ੍ਹਾ ਫ਼ਤਹਿ ਕਰ ਕੇ ਜੰਮੂ ਕੋਲ ਫ਼ੌਜਾਂ ਜਾ ਪੁੱਜੀਆਂ। ਜੰਮੂ ਦਾ ਰਾਜਾ ਸ਼ਹਿਰੋਂ ਚਾਰ ਕੋਹ ਬਾਹਰ ਹੀ ਆ ਮਿਲਿਆ। ਉਹਨੇ ਖ਼ੁਸ਼ੀ ਨਾਲ ਰਣਜੀਤ ਸਿੰਘ ਦੀ ਈਨ ਮੰਨ ਕੇ ਵੀਹ ਹਜ਼ਾਰ ਨਕਦ ਤੇ ਇਕ ਹਾਥੀ ਨਜ਼ਰਾਨੇ ਵਜੋਂ ਭੇਟ ਕੀਤਾ। ਰਣਜੀਤ ਸਿੰਘ ਨੇ ਰਾਜੇ ਦਾ ਬੜਾ ਆਦਰ ਮਾਣ ਕੀਤਾ ਤੇ ਕੀਮਤੀ ਸਿਰੋਪਾ (ਖ਼ਿਲਅਤ) ਬਖ਼ਸ਼ਿਆ।[3] ਇਥੋਂ ਵਾਪਸ ਮੁੜਦਿਆਂ ਹੋਇਆਂ ਰਣਜੀਤ ਸਿੰਘ ਨੇ ਸਿਆਲਕੋਟ ਨੂੰ ਘੇਰ ਕੇ ਨਜ਼ਰਾਨਾ ਲਿਆ। ਫਿਰ ਦਿਲਾਵਰਗੜ੍ਹ ਵਿਚ ਸੋਢੀ

**ਦਿਲਾਵਰਗੜ੍ਹ ਜ਼ਬਤ**

ਕੇਸਰਾ ਸਿੰਘ ਨੂੰ ਘੇਰ ਲਿਆ। ਉਹਦੀ ਮਦਦ ਵਾਸਤੇ ਜੋਧ ਸਿੰਘ ਵਜ਼ੀਰਾਬਾਦੀਆ ਆਇਆ ਹੋਇਆ ਸੀ। ਲੜਾਈ ਆਰੰਭ ਹੁੰਦਿਆਂ ਹੀ ਜੋਧ ਸਿੰਘ ਨੱਸ ਗਿਆ। ਕੇਸਰਾ ਸਿੰਘ ਨੇ ਹਥਿਆਰ ਸੁੱਟ ਦਿੱਤੇ। ਰਣਜੀਤ ਸਿੰਘ ਨੇ ਦਿਲਾਵਰਗੜ੍ਹ ਜ਼ਬਤ ਕਰ ਲਿਆ ਤੇ ਸੋਢੀ ਕੇਸਰਾ ਸਿੰਘ ਨੂੰ ਸ਼ਾਹਦਰੇ ਜਾਗੀਰ ਦੇ ਦਿੱਤੀ।[4]

ਲਾਹੌਰ ਪਹੁੰਚਣ ਤੋਂ ਪਹਿਲਾਂ ਰਣਜੀਤ ਸਿੰਘ ਗੁੱਜਰਾਂਵਾਲੇ ਆ ਟਿਕਿਆ। ਉਥੋਂ ਦਾ ਕਿਲ੍ਹਾ ਪੱਕਾ ਕੀਤਾ ਗਿਆ, ਕਿਉਂਕਿ ਸਾਹਿਬ ਸਿੰਘ ਭੰਗੀ ਗੁਜਰਾਤ ਵਾਲਾ ਤੇ ਦਲ ਸਿੰਘ ਅਕਾਲਗੜ੍ਹ ਵਾਲਾ ਗੁੱਜਰਾਂਵਾਲੇ ਉੱਤੇ ਹਮਲਾ ਕਰਨ ਦੀ

1. ਲਤੀਫ਼, ਪੰਨਾ ੩੫੨, ਮੈਕਗ੍ਰੇਗਰ, ਪੰਨਾ ੧੫੪
2. ਲਤੀਫ਼, ਮੈਕਗ੍ਰੇਗਰ, ਗੰਡਾ ਸਿੰਘ, ਕੋਹਲੀ, ਇਸ ਥਾਂ ਨੂੰ ਜੱਸਰਵਾਲਾ ਲਿਖਦੇ ਹਨ।
3. ਲਤੀਫ਼, ਪੰਨਾ ੩੫੨, ਮੈਕਗ੍ਰੇਗਰ, ਪੰਨਾ ੧੫੪
4. ਲਤੀਫ਼, ਪੰਨਾ ੩੫੨



Sri Satguru Jagjit Singh Ji eLibrary NamdhariElibrary@gmail.com

ਤਿਆਰੀ ਕਰ ਰਹੇ ਸਨ। ਗੁਜਰਾਂਵਾਲੇ ਨੂੰ ਪੱਕਿਆਂ ਕਰਕੇ ਰਣਜੀਤ ਸਿੰਘ ਵਾਪਸ ਲਾਹੌਰ ਆ ਪੁੱਜਾ। ਸ. ਮਹਾਂ ਸਿੰਘ ਨੇ ਅਕਾਲਗੜ੍ਹ ਦਲ ਸਿੰਘ ਨੂੰ ਜਾਗੀਰ ਵਜੋਂ ਬਖ਼ਸ਼ਿਆ ਸੀ। ਰਣਜੀਤ ਸਿੰਘ ਨੇ ਉਹ ਉਪਕਾਰ ਜਤਾਉਂਦਿਆਂ ਹੋਇਆਂ ਚਿੱਠੀ ਰਾਹੀਂ ਦਲ ਸਿੰਘ ਨੂੰ ਲਾਹੌਰ ਬੁਲਾਇਆ। ਜਦ ਉਹ ਲਾਹੌਰ ਆਇਆ, ਤਾਂ ਉਸ ਨੂੰ ਸਾਹਿਬ ਸਿੰਘ ਭੰਗੀ ਨਾਲ ਮਿਲ ਕੇ ਹਮਲਾ ਕਰਨ ਦੀ ਤਿਆਰੀ ਦੇ ਦੋਸ਼ ਵਿਚ ਕਿਲ੍ਹੇ ਅੰਦਰ ਨਜ਼ਰਬੰਦ ਕਰ ਦਿੱਤਾ। ਫਿਰ ਰਣਜੀਤ ਸਿੰਘ ਨੇ ਦਸ ਹਜ਼ਾਰ ਫ਼ੌਜ ਲੈ ਕੇ ਗੁਜਰਾਤ ਉੱਤੇ ਧਾਵਾ ਬੋਲ ਦਿੱਤਾ। ਸ਼ਹਿਰੋਂ ਦੋ ਮੀਲ ਬਾਹਰ ਆ ਕੇ ਸਾਹਿਬ ਸਿੰਘ ਭੰਗੀ ਲੜਿਆ। ਬੜੀ ਲਹੂ ਡੋਲ੍ਹਵੀਂ ਲੜਾਈ ਹੋਈ। ਚੌਥੇ ਦਿਨ ਭੰਗੀ ਹਾਰ ਕੇ ਕਿਲ੍ਹੇ ਵਿਚ ਜਾ ਵੜਿਆ। ਹੁਣ ਅੰਦਰੋਂ ਭੰਗੀਆਂ ਤੇ ਬਾਹਰੋਂ ਸ਼ੁਕਰਚੱਕੀਆਂ ਗੋਲੇ ਵਰਸਾਉਣੇ ਸ਼ੁਰੂ ਕਰ ਦਿੱਤੇ। ਭੰਗੀਆਂ ਨੇ ਹਾਰ ਹੁੰਦੀ ਵੇਖੀ ਤਾਂ ਸੋਢੀ ਕੇਸਰਾ ਸਿੰਘ ਤੇ ਬੇਦੀ ਸਾਹਿਬ ਸਿੰਘ ਨੂੰ ਸਹਾਇਤਾ ਵਾਸਤੇ ਮੰਗਵਾ ਲਿਆ। ਉਹਨਾਂ ਦੋਹਾਂ ਬਜ਼ੁਰਗਾਂ ਦੇ ਕਹਿਣ ਉੱਤੇ ਰਣਜੀਤ ਸਿੰਘ ਨੇ ਗੁਜਰਾਤ ਵਿਚ ਭੰਗੀਆਂ ਨੂੰ ਤਬਾਹ ਨਾ ਕੀਤਾ। ਬਾਬਿਆਂ ਨੇ ਵਿਚ ਪੈ ਕੇ ਸੁਲ੍ਹਾ ਕਰਾ ਦਿੱਤੀ। ਸਾਹਿਬ ਸਿੰਘ ਭੰਗੀ ਨੇ ਈਨ ਮੰਨ ਕੇ ਨਜ਼ਰਾਨਾ ਤਾਰ ਦਿੱਤਾ ਤੇ ਰਣਜੀਤ ਸਿੰਘ ਨੇ ਦਲ ਸਿੰਘ ਨੂੰ ਰਿਹਾਅ ਕਰ ਦਿੱਤਾ। ਦਲ ਸਿੰਘ ਅਕਾਲਗੜ੍ਹ ਪਹੁੰਚਦਾ ਹੀ ਗ਼ਮ ਨਾਲ ਅਕਾਲ ਚਲਾਣਾ ਕਰ ਗਿਆ। ਰਣਜੀਤ ਸਿੰਘ ਨੇ ਇਲਾਕਾ ਅਕਾਲਗੜ੍ਹ ਜ਼ਬਤ ਕਰ ਲਿਆ ਤੇ ਦਲ ਸਿੰਘ ਦੀ ਵਿਧਵਾ ਨੂੰ ਦੋ ਪਿੰਡ ਜਾਗੀਰ ਵਜੋਂ ਦੇ ਦਿੱਤੇ।[1] ਇਹ ਘਟਨਾ ੧੮੦੧ ਈਸਵੀ ਦੇ ਆਰੰਭ ਵਿਚ ਹੋਈ।

**ਦਲ ਸਿੰਘ ਨਜ਼ਰਬੰਦ**

**ਗੁਜਰਾਤ ਉੱਤੇ ਧਾਵਾ**

**ਅਕਾਲਗੜ੍ਹ ਜ਼ਬਤ**

ਇਸ ਵੇਲੇ ਰਣਜੀਤ ਸਿੰਘ ਦੀ ਤਾਕਤ ਬਹੁਤ ਵੱਧ ਗਈ ਸੀ। ਪਰਜਾ ਉਸ ਉੱਤੇ ਬੜੀ ਖ਼ੁਸ਼ ਸੀ। ਸ਼ਹਿਰ ਦੇ ਪਤਵੰਤਿਆਂ ਨੇ ਮਿਲ ਕੇ ਬੇਨਤੀ ਕੀਤੀ ਕਿ ਇਕ ਵੱਡਾ ਦਰਬਾਰ ਕਰ ਕੇ ਰਣਜੀਤ ਸਿੰਘ 'ਮਹਾਰਾਜਾ' ਦਾ ਪਦ ਧਾਰਨ ਕਰੇ। ਇਸ ਸ਼ੁਭ ਕੰਮ ਵਾਸਤੇ ਵਿਸਾਖੀ ਦਾ ਦਿਨ ਨੀਯਤ ਕੀਤਾ ਗਿਆ। ਪਹਿਲੀ ਵਿਸਾਖ, ੧੮੫੮ ਬਿਕਰਮੀ (੧੧ ਅਪ੍ਰੈਲ, ੧੮੦੧ ਈਸਵੀ) ਵਾਲੇ ਦਿਨ ਸ਼ਾਹੀ ਦਰਬਾਰ ਕੀਤਾ ਗਿਆ। ਸ਼ਾਇਰਾਂ ਨੇ ਰਣਜੀਤ ਸਿੰਘ ਤੇ ਸਿੱਖ ਪੰਥ ਦੀ ਉਪਮਾ ਵਿਚ ਕਵਿਤਾਵਾਂ ਪੜ੍ਹੀਆਂ। ਸ਼ਹਿਰ ਦੇ ਹਿੰਦੂ, ਸਿੱਖ, ਮੁਸਲਮਾਨ ਪਤਵੰਤਿਆਂ ਨੇ 'ਮਾਨ-ਪੱਤਰ' ਪੇਸ਼ ਕੀਤਾ ਤੇ ਰਣਜੀਤ ਸਿੰਘ ਨੂੰ 'ਮਹਾਰਾਜਾ' ਦਾ ਖ਼ਿਤਾਬ ਦਿੱਤਾ।[2] ਏਸ ਰਸਮ ਨੂੰ

**'ਮਹਾਰਾਜਾ' ਲਕਬ ਧਾਰਨ ਕੀਤਾ**

1. ਲਤੀਫ਼, ਪੰਨੇ ੩੫੪-੫
2. ਲਤੀਫ਼, ਪੰਨਾ ੩੫੩



Sri Satguru Jagjit Singh Ji eLibrary NamdhariElibrary@gmail.com

ਪੂਰਾ ਕਰਨ ਵਾਸਤੇ ਬਾਬਾ ਸਾਹਿਬ ਸਿੰਘ ਬੇਦੀ ਨੇ ਰਣਜੀਤ ਸਿੰਘ ਨੂੰ 'ਮਹਾਰਾਜਾ' ਦਾ ਤਿਲਕ ਲਗਾਇਆ। ਲੋਕਾਂ ਨੇ ਆਪਣੇ ਦਿਲਾਂ ਦੇ ਮਾਲਕ 'ਮਹਾਰਾਜਾ' ਦੇ ਸਿਰ ਉੱਤੋਂ ਫੁੱਲਾਂ ਦੀ ਵਰਖਾ ਕੀਤੀ। ਸਰਬ ਸੰਮਤੀ ਨਾਲ ਫ਼ੈਸਲਾ ਹੋਇਆ ਕਿ ਅੱਜ ਤੋਂ ਮਹਾਰਾਜਾ ਰਣਜੀਤ ਸਿੰਘ ਨੂੰ 'ਸਰਕਾਰ' ਕਹਿ ਕੇ ਯਾਦ ਕੀਤਾ ਜਾਇਆ ਕਰੇ। ਇਸੇ ਦਿਨ 'ਸਿੱਖ ਰਾਜ' ਦਾ ਸਿੱਕਾ ਚਾਲੂ ਕੀਤਾ ਗਿਆ। ਬਹੁਤ ਸਾਰੇ ਪਤਵੰਤਿਆਂ ਤੇ ਕਵੀਆਂ ਨੇ ਸਿੱਕੇ ਉੱਤੇ ਲਿਖਣ ਵਾਸਤੇ ਮਹਾਰਾਜੇ ਦੀ ਉਪਮਾ ਦੇ ਸ਼ੇਅਰ ਲਿਖ ਕੇ ਪੇਸ਼ ਕੀਤੇ ਮਗਰ ਮਹਾਰਾਜੇ ਨੇ ਕੋਈ ਵੀ ਪਰਵਾਨ ਨਾ ਕੀਤਾ। ਉਸ ਨੇ ਕਿਹਾ, "ਇਹ ਰਾਜ ਸੱਚੇ ਪਾਤਸ਼ਾਹ ਸਭ ਦੇ ਸਾਂਝੇ 'ਗੁਰੂ ਨਾਨਕ ਦੇਵ ਜੀ ਮਹਾਰਾਜ' ਦਾ ਹੈ। ਮੈਂ ਤਾਂ ਪਰਜਾ ਦਾ ਸੇਵਾਦਾਰ ਹਾਂ। ਸੋ, ਸਿੱਕਾ ਤੇ ਮੋਹਰ ਗੁਰੂ ਮਹਾਰਾਜ ਦੇ ਨਾਮ 'ਤੇ ਹੀ ਚੱਲਣਗੇ।"

**ਨਾਨਕਸ਼ਾਹੀ ਸਿੱਕਾ**

ਮਹਾਰਾਜੇ ਦੇ ਹੁਕਮ ਨਾਲ ਸਿੱਕੇ ਦੇ ਇਕ ਪਾਸੇ ਫ਼ਾਰਸੀ ਅੱਖਰਾਂ ਵਿਚ ਲਿਖਿਆ ਗਿਆ :—

**"ਦੇਗ ਉ ਤੇਗ਼ ਉ ਫ਼ਤਹਿ, ਨੁਸਰਤ ਬੇਦਰੰਗ**
**ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ"**

ਦੂਜੇ ਪਾਸੇ ਸਿੱਕਾ ਢਲਣ ਦੀ ਥਾਂ ਤੇ ਸੰਮਤ ਲਿਖਿਆ ਗਿਆ। ਰੁਪਏ ਦਾ ਤੋਲ ੧੧ ਮਾਸੇ ੨ ਰੱਤੀ ਰਖਿਆ ਗਿਆ ਤੇ ਨਾਮ 'ਨਾਨਕਸ਼ਾਹੀ' ਰੁਪਇਆ (ਨਾਨਕ ਸ਼ਾਹੀ ਪੈਸਾ) ਪ੍ਰਚਲਤ ਕੀਤਾ ਗਿਆ। ਪਹਿਲੇ ਦਿਨ ਟਕਸਾਲ ਵਿਚੋਂ ਜਿੰਨੇ ਰੁਪਏ ਨਿਕਲੇ, ਸਭ ਗ਼ਰੀਬਾਂ ਵਿਚ ਵੰਡੇ ਗਏ।[1]

**ਸ਼ਹਿਰ ਦੇ ਹਾਕਮ ਥਾਪੇ**

ਸ਼ਹਿਰ ਵਿਚ ਪੁਰਾਣੇ ਰਵਾਜ ਅਨੁਸਾਰ ਚੌਧਰੀ, ਕਾਜ਼ੀ ਤੇ ਮਹੱਲੇਦਾਰ ਥਾਪੇ ਗਏ। ਕਾਜ਼ੀ ਨਿਜ਼ਾਮੁੱਦੀਨ ਨੂੰ ਮੁਸਲਮਾਨ ਸ਼ਰ੍ਹਾ ਦਾ ਵੱਡਾ ਹਾਕਮ ਥਾਪ ਕੇ ਨਕਾਹ ਤੇ ਤਲਾਕ ਦਾ ਫ਼ੈਸਲਾ ਕਰਨ ਦਾ ਅਧਿਕਾਰ ਦਿੱਤਾ ਗਿਆ। ਉਸ ਦੇ ਮਾਤਹਿਤ ਮੁਫ਼ਤੀ ਮੁਹੰਮਦ ਸ਼ਾਹ ਤੇ ਚਿਸ਼ਤੀ ਸਾਅਦੁੱਲਾ ਸ਼ਰਈ ਝਗੜੇ ਨਿਬੇੜਨ ਵਾਸਤੇ ਮੈਜਿਸਟਰੇਟ ਬਣਾਏ ਗਏ। ਇਮਾਮ ਬਖ਼ਸ਼ ਨੂੰ ਸ਼ਹਿਰ ਦਾ ਕੋਤਵਾਲ ਨੀਯਤ ਕੀਤਾ ਗਿਆ। ਹਕੀਮ ਫ਼ਕੀਰ ਨੂਰੁੱਦੀਨ (ਫ਼ਕੀਰ ਅਜ਼ੀਜ਼ੁੱਦੀਨ ਦਾ ਛੋਟਾ ਭਰਾ) ਨੂੰ ਹਸਪਤਾਲਾਂ ਦਾ ਵੱਡਾ ਹਾਕਮ (ਚੀਫ਼ ਪਬਲਿਕ ਹੈਲਥ ਆਫ਼ੀਸਰ) ਥਾਪਿਆ ਗਿਆ। ਉਪਰੋਕਤ ਅਫ਼ਸਰਾਂ ਤੇ ਚੌਧਰੀਆਂ ਨੂੰ ਬੜੇ ਕੀਮਤੀ ਸਿਰੋਪੇ ਬਖ਼ਸ਼ੇ ਗਏ। ਸ਼ਹਿਰ ਵਿਚ ਖ਼ਰਾਇਤੀ ਦਵਾਖ਼ਾਨੇ ਖੋਲ੍ਹੇ ਗਏ। ਸ਼ਹਿਰ ਦੀ ਬਾਹਰਲੀ ਕੰਧ ਨੂੰ ਪੱਕਿਆਂ ਕਰਨ ਵਾਸਤੇ ਮੋਤੀ ਰਾਮ ਨੂੰ ਇਕ ਲੱਖ ਰੁਪਏ ਦਿੱਤੇ ਗਏ। ਅਮਨ ਬਹਾਲ

1. ਲਤੀਫ਼, ਪੰਨਾ ੩੫੩, ਕੋਹਲੀ, ਪੰਨਾ ੭੯



Sri Satguru Jagjit Singh Ji eLibrary NamdhariElibrary@gmail.com

ਰੱਖਣ ਵਾਸਤੇ ਨਵੀਂ ਪੁਲਿਸ ਭਰਤੀ ਕੀਤੀ ਗਈ। ਇਸੇ ਤਰ੍ਹਾਂ ਮੁੱਦਤ ਪਿਛੋਂ ਲਾਹੌਰ ਵਿਚ ਅਮਨ ਦਾ ਰਾਜ ਸਥਾਪਿਤ ਹੋਇਆ।[1]

**ਸਰਕਾਰ ਅੰਗਰੇਜ਼ੀ ਵੱਲੋਂ ਤੋਹਫ਼ੇ**

ਏਸ ਸਮੇਂ ਸਰਕਾਰ ਅੰਗਰੇਜ਼ੀ (ਈਸਟ ਇੰਡੀਆ ਕੰਪਨੀ) ਦਾ ਦੂਤ ਯੂਸਫ਼ ਅਲੀ ਲਾਹੌਰ ਆਇਆ। ਉਹ ਮਹਾਰਾਜੇ ਵਾਸਤੇ ਅੰਗਰੇਜ਼ਾਂ ਵੱਲੋਂ ਬਹੁ-ਮੁੱਲੇ ਤੋਹਫ਼ੇ ਤੇ ਮਿੱਤਰਾਚਾਰੀ ਦੇ ਖ਼ਤ ਲਿਆਇਆ। ਮਹਾਰਾਜੇ ਨੇ ਉਸ ਦਾ ਬੜਾ ਆਦਰ ਕੀਤਾ, ਸਿਰੋਪਾ ਬਖ਼ਸ਼ਿਆ ਤੇ ਅੰਗਰੇਜ਼ੀ ਸਰਕਾਰ ਨੂੰ ਮੋੜਵੇਂ ਤੋਹਫ਼ੇ ਤੇ ਦੋਸਤੀ ਦੇ ਖ਼ਤ ਭੇਜੇ।[2]

ਭਸੀਣ ਦੀ ਲੜਾਈ ਦਾ ਮੂਲ ਕਾਰਨ ਨਜ਼ਾਮੁੱਦੀਨ ਕਸੂਰੀ ਸੀ। ਓਸੇ ਨੇ ਸਿੱਖ ਸਰਦਾਰਾਂ ਨੂੰ ਉਕਸਾ ਕੇ ਭਸੀਣ ਦੇ ਮੈਦਾਨ ਵਿਚ ਲਿਆਂਦਾ ਸੀ। ਮਹਾਰਾਜਾ ਵੀ ਉਸ ਦੀ ਏਸ ਕਰਤੂਤ ਨੂੰ ਭੁੱਲਿਆ ਨਹੀਂ ਸੀ।

**ਕਸੂਰ 'ਤੇ ਚੜ੍ਹਾਈ**

੧੮੦੧ ਈਸਵੀ ਦੇ ਅਖ਼ੀਰ ਵਿਚ ਸ. ਫ਼ਤਹਿ ਸਿੰਘ ਕਾਲਿਆਂ ਵਾਲੇ ਨੂੰ ਕਸੂਰ ਦੀ ਸੁਧਾਈ ਵਾਸਤੇ ਭੇਜਿਆ ਗਿਆ। ਨਜ਼ਾਮੁੱਦੀਨ ਨੇ ਸ਼ਹਿਰੋਂ ਬਾਹਰ ਨਿਕਲ ਕੇ ਸ. ਫ਼ਤਹਿ ਸਿੰਘ ਦਾ ਟਾਕਰਾ ਕੀਤਾ ਪਰ ਖ਼ਾਲਸਾ ਫ਼ੌਜ ਤੋਂ ਹਾਰ ਖਾ ਕੇ ਪਠਾਣ ਕਿਲ੍ਹੇ ਵਿਚ ਜਾ ਵੜੇ। ਖ਼ਾਲਸਾ ਫ਼ੌਜ ਦਰਵਾਜ਼ੇ ਤੋੜ ਕੇ ਸ਼ਹਿਰ ਵਿਚ ਜਾ ਵੜੀ। ਡਰ ਕੇ ਨਜ਼ਾਮੁੱਦੀਨ ਨੇ ਚਿੱਟਾ ਝੰਡਾ ਖੜਾ ਕਰ ਦਿੱਤਾ। ਉਹਨੇ ਸਿੱਖ ਜਰਨੈਲ ਦੀਆਂ ਸਾਰੀਆਂ ਸ਼ਰਤਾਂ ਮੰਨ ਕੇ ਸੁਲ੍ਹਾ ਕਰ ਲਈ। ਜੰਗ ਦਾ ਹਰਜਾਨਾ ਤੇ ਰਾਜਸੀ ਨਜ਼ਰਾਨਾ ਤਾਰ ਕੇ ਉਹਨੇ ਲਾਹੌਰ ਦੇ ਸਿੱਖ ਰਾਜ ਦੀ ਈਨ ਮੰਨ ਲਈ, ਖ਼ਰਾਜ ਵਜੋਂ ਲੋੜ ਸਮੇਂ ਫ਼ੌਜ ਦੇਣੀ ਮੰਨੀ, ਨਾਲੇ ਆਪਣਾ ਭਰਾ ਕੁਤਬੁੱਦੀਨ ਤੇ ਦੋ ਹੋਰ ਸਰਦਾਰ—ਹਾਜੀ ਖ਼ਾਂ ਤੇ ਵਾਸਲ ਖ਼ਾਂ—ਜ਼ਮਾਨਤ ਵਜੋਂ ਮਹਾਰਾਜੇ ਦੇ ਦਰਬਾਰ ਵਿਚ ਲਾਹੌਰ ਭੇਜੇ। ਮਹਾਰਾਜੇ ਨੇ ਕੁਤਬੁੱਦੀਨ ਦੀ ਬੜੀ ਇੱਜ਼ਤ ਕੀਤੀ, ਉਸ ਨੂੰ ਸਿਰੋਪੇ ਵਜੋਂ ਇਕ ਹਾਥੀ, ਇਕ ਘੋੜਾ ਦੇ ਕੇ ਮੋੜਿਆ।[3]

**ਸੰਸਾਰ ਚੰਦ 'ਤੇ ਚੜ੍ਹਾਈ**

ਕਾਂਗੜੇ ਦੇ ਰਾਜੇ ਸੰਸਾਰ ਚੰਦ ਨੇ ਮਾਈ ਸਦਾ ਕੌਰ ਦਾ ਕੁਝ ਇਲਾਕਾ ਦੱਬ ਲਿਆ ਸੀ ਤੇ ਇਕ ਵੱਡੇ ਹਮਲੇ ਵਾਸਤੇ ਹੱਦ ਉੱਤੇ ਤਕੜੀ ਫ਼ੌਜ ਕੱਠੀ ਕਰੀ ਬੈਠਾ ਸੀ। ਖ਼ਬਰ ਪਹੁੰਚਣ 'ਤੇ ਮਹਾਰਾਜਾ ਛੇ ਹਜ਼ਾਰ ਫ਼ੌਜ ਲੈ ਕੇ ਸਦਾ ਕੌਰ ਦੀ ਮਦਦ ਵਾਸਤੇ ਆ ਪੁੱਜਾ। ਜਦ ਏਸ ਗੱਲ ਦਾ ਸੰਸਾਰ ਚੰਦ ਨੂੰ ਪਤਾ ਲੱਗਾ, ਤਾਂ ਉਹ ਡਰਦਾ ਮਾਰਿਆ ਮਹਾਰਾਜੇ ਦੀਆਂ ਫ਼ੌਜਾਂ ਦੇ ਦਰਸ਼ਨ ਕੀਤੇ ਬਿਨਾਂ ਹੀ ਪਹਾੜਾਂ ਨੂੰ ਨੱਸ ਗਿਆ। ਮਹਾਰਾਜੇ ਨੇ ਸੰਸਾਰ ਚੰਦ ਦੇ ਕਸਬੇ ਨਵਾਂ ਸ਼ਹਿਰ ਤੇ ਨੂਰਪੁਰ ਉੱਤੇ

---

1. ਲਤੀਫ਼, ਪੰਨਾ ੩੫੩, ਗੰਡਾ ਸਿੰਘ (ਰਣਜੀਤ ਸਿੰਘ) ਪੰਨਾ ੯
2. ਲਤੀਫ਼, ਪੰਨਾ ੩੫੨
3. ਲਤੀਫ਼, ਪੰਨਾ ੩੫੪



Sri Satguru Jagjit Singh Ji eLibrary NamdhariElibrary@gmail.com

ਕਬਜ਼ਾ ਕਰ ਲਿਆ। ਉਹਨਾਂ ਵਿਚੋਂ ਨਵਾਂ ਸ਼ਹਿਰ ਤਾਂ ਆਪਣੀ ਸੱਸ—ਮਾਈ ਦਾ ਸਦਾ ਕੌਰ—ਨੂੰ ਦੇ ਦਿੱਤਾ ਤੇ ਨੂਰਪੁਰ ਵਿਚ ਆਪਣਾ ਥਾਣਾ ਬਿਠਾ ਦਿੱਤਾ।[1] ਇਹ ਘਟਨਾ ਕਸੂਰ ਤੋਂ ਥੋੜ੍ਹਾ ਚਿਰ ਪਿਛੋਂ (੧੮੦੧ ਈਸਵੀ ਦੇ ਅਖ਼ੀਰ ਵਿਚ) ਹੋਈ।

ਸੁਜਾਨਪੁਰ (ਪਠਾਨਕੋਟ ਦੇ ਨੇੜੇ) ਦੇ ਸਰਦਾਰ ਬੁੱਧ ਸਿੰਘ ਤੇ ਸੰਗਤ ਸਿੰਘ ਵੀ ਸਦਾ ਕੌਰ ਨਾਲ ਨਿੱਤ ਝਗੜਾ ਰੱਖਿਆ ਕਰਦੇ ਸਨ। ਸਦਾ ਕੌਰ ਦੇ ਕਹਿਣ ਉੱਤੇ ਮਹਾਰਾਜੇ ਨੇ ਕਿਲ੍ਹਾ ਸੁਜਾਨਪੁਰ ਨੂੰ ਘੇਰ ਲਿਆ। ਬੁੱਧ ਸਿੰਘ, ਸੰਗਤ ਸਿੰਘ ਨੇ ਅੱਗੋਂ ਟਾਕਰਾ ਕੀਤਾ, ਪਰ ਮਹਾਰਾਜੇ ਦੀ ਫ਼ੌਜ ਸਾਹਮਣੇ ਉਹ ਖਲੋ ਨਾ ਸਕੇ। ਤੋਪਾਂ ਦੀ ਮਾਰ ਨਾਲ ਕਿਲ੍ਹੇ ਦੀਆਂ ਕੰਧਾਂ ਉੱਡ ਗਈਆਂ। ਬੁੱਧ ਸਿੰਘ, ਸੰਗਤ ਸਿੰਘ ਹਾਰ ਗਏ। ਮਹਾਰਾਜੇ ਨੇ ਉਹਨਾਂ ਦੋਹਾਂ ਨੂੰ ਗੁਜ਼ਾਰੇ ਵਾਸਤੇ ਜਾਗੀਰ ਦੇ ਦਿੱਤੀ ਤੇ ਸੁਜਾਨਪੁਰ ਉੱਤੇ ਕਬਜ਼ਾ ਕਰ ਲਿਆ। ਉਹਨਾਂ ਨੇ ਕਸਬੇ ਧਰਮਕੋਟ, ਸੁਕਾਲਗੜ੍ਹ ਤੇ ਬਹਿਰਾਮਪੁਰ ਮਾਈ ਸਦਾ ਕੌਰ ਨੂੰ ਦੇ ਦਿੱਤੇ।[2] ਇਹ ਪ੍ਰਬੰਧ ਕਰ ਕੇ ਮਹਾਰਾਜਾ ਵਾਪਸ ਲਾਹੌਰ ਆ ਗਿਆ।

**ਸੁਜਾਨਪੁਰ 'ਤੇ ਕਬਜ਼ਾ**

ਫੱਗਣ ਸੁਦੀ ਸੱਤ, ੧੮੫੯ ਬਿਕਰਮੀ (੧੮੦੨ ਈਸਵੀ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਘਰ ਰਾਣੀ ਰਾਜ ਕੌਰ (ਦਾਤਾਰ ਕੌਰ) ਨਕਾਇਣ ਦੀ ਕੁੱਖੋਂ ਸ਼ਹਿਜ਼ਾਦਾ ਖੜਕ ਸਿੰਘ ਜਨਮਿਆ।[3] ਸਾਰੇ ਸ਼ਹਿਰ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਸਵਾ ਮਹੀਨੇ ਤੱਕ ਪੁੰਨ ਦਾਨ ਹੁੰਦਾ ਰਿਹਾ। ਹਜ਼ਾਰਾਂ ਰੁਪਏ ਗ਼ਰੀਬਾਂ ਨੂੰ ਵੰਡੇ ਗਏ। ਸਾਰੇ ਪੰਜਾਬ ਦੇ ਸਰਦਾਰ, ਰਾਜੇ ਤੇ ਨਵਾਬ ਵਧਾਈ ਦੇਣ ਵਾਸਤੇ ਆਏ। ਸਵਾ ਮਹੀਨੇ ਵਾਲੇ ਦਿਨ ਅਖੰਡ ਪਾਠ ਦਾ ਭੋਗ ਪਿਆ। ਗੁਰ-ਮਰਯਾਦਾ ਅਨੁਸਾਰ ਸ਼ਹਿਜ਼ਾਦੇ ਦਾ ਨਾਂ ਖੜਕ ਸਿੰਘ ਰਖਿਆ ਗਿਆ।

**ਖੜਕ ਸਿੰਘ ਦਾ ਜਨਮ**

ਏਸੇ ਖ਼ੁਸ਼ੀ ਵਿਚ ਮਹਾਰਾਜਾ ਹਰਿਮੰਦਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਗਿਆ। ਫਿਰ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਰਚੇ ਸ੍ਰੀ ਤਰਨ ਤਾਰਨ ਸਾਹਿਬ ਇਸ਼ਨਾਨ ਕਰਨ ਗਿਆ। ਨੇੜੇ ਹੀ ਫ਼ਤਹਿਆਬਾਦ ਵਿਚ ਆਹਲੂਵਾਲੀਆ ਮਿਸਲ ਦਾ ਲੀਡਰ ਸ. ਫ਼ਤਹਿ ਸਿੰਘ ਸੀ। ਮਹਾਰਾਜੇ ਨੇ ਉਸ ਨੂੰ ਤਰਨ ਤਾਰਨ ਬੁਲਾ ਕੇ ਉਸ ਨਾਲ ਪੱਗ ਵਟਾਈ।[4] ਏਸ ਭਾਈਚਾਰੇ ਨਾਲ ਪੱਗ ਵਟਾਈ ਨੂੰ ਮਹਾਰਾਜੇ ਨੇ ਸਦਾ ਭ੍ਰਾਤਰੀ-ਪਿਆਰ ਵਿਚ ਹੀ ਨਿਭਾਇਆ।

**ਫ਼ਤਹਿ ਸਿੰਘ**

ਨਕਈ ਤੇ ਕਨ੍ਹਈਆ ਮਿਸਲ ਨਾਲ ਰਿਸ਼ਤੇ ਕਰ ਕੇ ਮਹਾਰਾਜੇ ਨੇ ਪੱਕਾ ਮਿਲਾਪ ਕੀਤਾ ਹੋਇਆ ਸੀ ਤੇ ਆਹਲੂਵਾਲੀਆ ਮਿਸਲ ਨਾਲ ਪੱਗ ਵਟਾ

1. ਲਤੀਫ਼, ਪੰਨਾ ੩੫੫, ਮੈਕਗ੍ਰੇਗਰ, ਪੰਨਾ ੧੫੫
2. ਲਤੀਫ਼, ਪੰਨਾ ੩੫੬, ਕੋਹਲੀ, ਪੰਨੇ ੮੦-੧
3. ਲਤੀਫ਼, ਪੰਨਾ ੩੫੬, ਕਨਿੰਘਮ, ਪੰਨਾ ੧੭੬, ਲੇਡੀ ਲਾਗਨ, ਪੰਨਾ ੧੦੩
4. ਲਤੀਫ਼ ਪੰਨਾ ੩੫੧, ਕਨਿੰਘਮ, ਪੰਨਾ ੧੩੧



Sri Satguru Jagjit Singh Ji eLibrary NamdhariElibrary@gmail.com

ਕੇ ਸਦਾ ਲਈ ਮੇਲ ਕਰ ਲਿਆ। ਇਹ ਮੇਲ ਮਿਲਾਪ ਦੋਹਾਂ ਧਿਰਾਂ ਵਾਸਤੇ ਲਾਭਦਾਇਕ ਸਾਬਤ ਹੋਇਆ।

ਸ. ਫ਼ਤਹਿ ਸਿੰਘ ਆਹਲੂਵਾਲੀਏ ਨੂੰ ਨਾਲ ਲੈ ਕੇ ਮਹਾਰਾਜੇ ਨੇ ਪਿੰਡੀ ਭੱਟੀਆਂ 'ਤੇ ਚੜ੍ਹਾਈ ਕਰ ਦਿੱਤੀ। ਉਹ ਇਲਾਕਾ ਫ਼ਤਹਿ ਕਰਕੇ ਜਾਗੀਰ ਵਜੋਂ ਸ. ਫ਼ਤਹਿ ਸਿੰਘ ਦੇ ਹਵਾਲੇ ਕਰ ਦਿੱਤਾ। ਫਿਰ ਧੰਨੀ ਦਾ ਇਲਾਕਾ ਜਾ ਫ਼ਤਹਿ ਕੀਤਾ, ਜੋ ਘੋੜਿਆਂ ਵਾਸਤੇ ਬੜਾ ਪ੍ਰਸਿੱਧ ਸੀ। ਚਾਰ ਸੌ ਵਧੀਆ ਘੋੜੇ ਖ਼ਰਾਜ ਵਜੋਂ ਲਏ। ਅਗਾਂਹ ਵਾਸਤੇ ਇਹ ਇਲਾਕਾ ਵੀ ਸ. ਫ਼ਤਹਿ ਸਿੰਘ ਨੂੰ ਦੇ ਦਿੱਤਾ।[1] ਲਾਹੌਰ ਨੂੰ ਵਾਪਸ ਆਉਂਦਿਆਂ ਹੋਇਆਂ ਚਨਿਓਟ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਓਥੋਂ ਦੇ ਹਾਕਮ ਜੱਸਾ ਸਿੰਘ (ਸ. ਕਰਮ ਸਿੰਘ ਦੂੱਲੂ ਦਾ ਪੁੱਤਰ) ਹੱਥੋਂ ਪਰਜਾ ਬੜੀ ਤੰਗ ਸੀ। ਉਹ ਮਹਾਰਾਜੇ ਕੋਲ ਫ਼ਰਯਾਦੀ ਹੋਈ, ਤਾਂ ਕਿਲ੍ਹੇ ਨੂੰ ਘੇਰਾ ਪਾਇਆ ਗਿਆ। ਘੇਰਾ ਦੋ ਮਹੀਨੇ ਰਿਹਾ। ਤੰਗ ਆ ਕੇ ਜੱਸਾ ਸਿੰਘ ਨੇ ਕਿਲ੍ਹਾ ਖ਼ਾਲੀ ਕਰ ਦਿੱਤਾ। ਮਹਾਰਾਜੇ ਨੇ ਕਿਲ੍ਹੇ ਤੇ ਇਲਾਕੇ ਉੱਤੇ ਕਬਜ਼ਾ ਕਰ ਲਿਆ ਤੇ ਜੱਸਾ ਸਿੰਘ ਨੂੰ ਜਾਗੀਰ ਦੇ ਦਿੱਤੀ।[2] ਇਥੇ ਹੀ ਖ਼ਬਰ ਮਿਲੀ ਕਿ ਡਸਕੇ ਦਾ ਹਾਕਮ ਮਾਮਲਾ ਤਾਰਨ ਤੋਂ ਇਨਕਾਰੀ ਹੈ। ਮਹਾਰਾਜੇ ਦੀ ਫ਼ੌਜ ਨੇ ਹਮਲਾ ਕੀਤਾ। ਕਿਲ੍ਹੇਦਾਰ ਨੱਸ ਗਿਆ ਤੇ ਮਹਾਰਾਜੇ ਨੇ ਓਥੇ ਆਪਣਾ ਥਾਣਾ ਪੱਕਾ ਕਰ ਦਿੱਤਾ। ਸ. ਉੱਤਮ ਸਿੰਘ ਮਜੀਠਾ ਵੀ ਬਾਗ਼ੀ ਹੋ ਗਿਆ ਸੀ। ਉਸ ਨੂੰ ਕੈਦ ਕਰ ਕੇ ਨਾਲ ਹੀ ਲਾਹੌਰ ਲੈ ਆਂਦਾ ਗਿਆ। ਕੁਝ ਦਿਨਾਂ ਪਿਛੋਂ ਉਸ ਨੂੰ ਜੁਰਮਾਨਾ ਕਰ ਕੇ ਛੱਡ ਦਿੱਤਾ।[3]

**ਪਿੰਡੀ ਭਟੀਆਂ, ਧੰਨੀ, ਚਨਿਓਟ ਉੱਤੇ ਕਬਜ਼ਾ**

**ਡਸਕੇ ਉੱਤੇ ਹਮਲਾ**

ਜਦ ਮਹਾਰਾਜਾ ਚਨਿਓਟ ਦੀ ਮੁਹਿੰਮ 'ਤੇ ਗਿਆ ਹੋਇਆ ਸੀ, ਤਾਂ ਸਮਾਂ ਤਾੜ ਕੇ ਨਵਾਬ ਨਜ਼ਾਮੁੱਦੀਨ ਕਸੂਰ ਵਾਲੇ ਨੇ ਬਗ਼ਾਵਤ ਕਰ ਦਿੱਤੀ। ਉਹਨੇ ਲਾਹੌਰ ਦੇ ਇਲਾਕੇ ਦੇ ਵੀ ਦੋ ਪਿੰਡ ਮੱਲ ਲਏ। ਹਜ਼ਾਰਾਂ ਦੀ ਗਿਣਤੀ ਵਿਚ ਉਹਨੇ ਜਹਾਦ ਦੇ ਨਾਮ 'ਤੇ ਗ਼ਾਜ਼ੀ ਇਕੱਠੇ ਕਰ ਲਏ। ੧੮੦੨ ਈਸਵੀ ਦੇ ਅਖ਼ੀਰ ਵਿਚ ਮਹਾਰਾਜਾ ਸਾਹਿਬ ਤੇ ਫ਼ਤਹਿ ਸਿੰਘ ਆਹਲੂਵਾਲੀਏ ਨੇ ਕਸੂਰ 'ਤੇ ਹੱਲਾ ਬੋਲ ਦਿੱਤਾ। ਸ਼ਹਿਰੋਂ ਬਾਹਰ ਨਿਕਲ ਕੇ ਪਠਾਣ ਬੜੇ ਡਟ ਕੇ ਲੜੇ। ਬੜੀ ਲਹੂ ਡੋਲ੍ਹਵੀਂ ਲੜਾਈ ਹੋਈ। ਅੰਤ ਹਜ਼ਾਰਾਂ ਗ਼ਾਜ਼ੀ ਮਰਵਾ ਕੇ ਪਠਾਣ ਪਿੜ ਛੱਡ ਕੇ ਕਿਲ੍ਹੇ ਵਿਚ ਜਾ ਵੜੇ। ਖ਼ਾਲਸਾ ਫ਼ੌਜ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ ਤੇ ਸ਼ਹਿਰ ਦੇ ਦਰਵਾਜ਼ੇ ਤੋੜ ਕੇ ਬਾਜ਼ਾਰ ਲੁੱਟ ਲਏ। ਪਠਾਣਾਂ ਵਿਚ ਟਾਕਰੇ ਦੀ ਹਿੰਮਤ ਨਾ ਰਹੀ। ਉਹਨਾਂ ਸਿੱਖਾਂ

**ਕਸੂਰ ਉੱਤੇ ਦੂਜਾ ਹਮਲਾ**

---

1. ਲਤੀਫ਼, ਪੰਨਾ ੩੫੬
2. ਕੋਹਲੀ, ਪੰਨਾ ੮੩, ਗੰਡਾ ਸਿੰਘ (ਰਣਜੀਤ ਸਿੰਘ) ਪੰਨਾ ੧੦, ਸਿਨਹਾ, ਪੰਨਾ ੧੫
3. ਲਤੀਫ਼, ਪੰਨਾ ੩੫੬



Sri Satguru Jagjit Singh Ji eLibrary NamdhariElibrary@gmail.com

ਦੀ ਈਨ ਮੰਨ ਲਈ। ਨਜ਼ਾਮੁੱਦੀਨ ਮਹਾਰਾਜੇ ਦੇ ਪੈਰੀਂ ਆ ਪਿਆ। ਦਰਿਆ ਦਿਲ ਸ਼ੇਰੇ-ਪੰਜਾਬ ਨੇ ਨਵਾਬ ਦੀ ਭੁੱਲ ਬਖ਼ਸ਼ ਦਿੱਤੀ ਉਸ ਤੋਂ ਜੰਗ ਦਾ ਖ਼ਰਚ ਤੇ ਭਾਰੀ ਨਜ਼ਰਾਨਾ ਲੈ ਕੇ ਕਸੂਰ ਦਾ ਹਾਕਮ ਬਣਿਆ ਰਹਿਣ ਦਿੱਤਾ।[1] ਫ਼ਤਹਿ ਦੇ ਵਾਜੇ ਵਜਾਉਂਦਾ ਸ਼ੇਰੇ-ਪੰਜਾਬ ਵਾਪਸ ਲਾਹੌਰ ਮੁੜਿਆ। ਜਿੱਤ ਦੀ ਖ਼ੁਸ਼ੀ ਵਿਚ ਹਜ਼ਾਰਾਂ ਰੁਪਏ ਗ਼ਰੀਬਾਂ ਵਿਚ ਵੰਡੇ ਗਏ।

**ਮੁਲਤਾਨ ਉੱਤੇ ਪਹਿਲੀ ਫ਼ਤਹਿ**

੧੮੦੩ ਈਸਵੀ ਦੇ ਸ਼ੁਰੂ ਵਿਚ ਸ਼ੇਰੇ-ਪੰਜਾਬ ਨੇ ਪਹਿਲੀ ਵਾਰ ਮੁਲਤਾਨ 'ਤੇ ਚੜ੍ਹਾਈ ਕੀਤੀ। ਓਥੋਂ ਦਾ ਨਵਾਬ ਮੁਜ਼ੱਫਰ ਖ਼ਾਂ ਲੜਾਈ ਵਾਸਤੇ ਤਿਆਰ ਨਹੀਂ ਸੀ। ਉਹਨੇ ਮਹਾਰਾਜੇ ਦੀ ਅਧੀਨਗੀ ਮੰਨ ਲੈਣ ਦਾ ਫ਼ੈਸਲਾ ਕਰ ਲਿਆ। ਉਸ ਦੇ ਕਈ ਅਹਿਲਕਾਰ ਈਨ ਮੰਨਣ ਦੇ ਵਿਰੁੱਧ ਸਨ, ਪਰ ਮੁਜ਼ੱਫਰ ਖ਼ਾਂ ਆਪਣੀ ਰਾਏ 'ਤੇ ਪੱਕਾ ਰਿਹਾ। ਉਹ ਮੁਲਤਾਨ ਤੋਂ ਤੀਹ ਮੀਲ ਦੂਰ ਮਹਾਰਾਜੇ ਦੇ ਪੇਸ਼ ਆ ਹੋਇਆ, ਅਧੀਨਗੀ ਪਰਵਾਨ ਕੀਤੀ ਤੇ ਨਜ਼ਰਾਨਾ ਤਾਰਿਆ। ਮਹਾਰਾਜਾ ਬੜੇ ਪ੍ਰੇਮ ਨਾਲ ਉਸ ਨੂੰ ਮਿਲਿਆ। ਅੱਗੇ ਵਾਸਤੇ ਉਸ ਦੇ ਜ਼ਿੰਮੇ ਖ਼ਰਾਜ ਪੱਕਾ ਕਰ ਕੇ ਓਸੇ ਨੂੰ ਆਪਣੇ ਵੱਲੋਂ ਮੁਲਤਾਨ ਦਾ ਹਾਕਮ ਰਹਿਣ ਦਿੱਤਾ।[2] ਏਸ ਦਿਨ ਤੋਂ ਮੁਲਤਾਨ ਸਿੱਖ ਰਾਜ ਦਾ ਸੂਬਾ ਬਣ ਗਿਆ।

**ਖੜਕ ਸਿੰਘ ਦੀ ਮੰਗਣੀ**

ਏਸੇ ਸਾਲ ਟਿੱਕਾ ਖੜਕ ਸਿੰਘ ਦੀ ਮੰਗਣੀ ਸ. ਜੈ ਸਿੰਘ ਕਨ੍ਹਈਆ ਦੀ ਸਪੁੱਤਰੀ ਨਾਲ ਹੋਈ।[3] ਦੋਹਾਂ ਘਰਾਂ ਵਿਚ ਬੜੀ ਖ਼ੁਸ਼ੀ ਮਨਾਈ ਗਈ।

**ਹਰਦੁਆਰ ਦੀ ਯਾਤਰਾ**

ਨਵਾਬ ਮੁਲਤਾਨ ਨੂੰ ਈਨ ਮਨਾ ਲੈਣ ਨਾਲ ਮਹਾਰਾਜੇ ਦੀ ਲਹਿੰਦੇ ਵਿਚ ਚੰਗੀ ਤਾਕਤ ਬਣ ਗਈ ਸੀ। ਸ. ਫ਼ਤਹਿ ਸਿੰਘ ਆਹਲੂਵਾਲੀਏ ਨੂੰ ਸਾਥੀ ਬਣਾ ਕੇ ਦੁਆਬਾ ਜਲੰਧਰ ਵਿਚ ਉਹ ਪਹਿਲਾਂ ਹੀ ਆਪਣਾ ਵਕਾਰ ਬਣਾ ਚੁੱਕਾ ਸੀ। ਹੁਣ ਉਹ ਸਤਲੁਜ ਤੋਂ ਲੈ ਕੇ ਗੰਗਾ ਤੱਕ ਦੇ ਇਲਾਕੇ ਦੀ ਰਾਜਸੀ ਹਾਲਤ ਆਪਣੀ ਅੱਖੀਂ ਵੇਖਣਾ ਚਾਹੁੰਦਾ ਸੀ।[4] ਏਸ ਕੰਮ ਵਾਸਤੇ ਕਿਸੇ ਬਹਾਨੇ ਦੀ ਲੋੜ ਸੀ। ਸੋ ਮਹਾਰਾਜਾ ਗੰਗਾ ਉੱਤੇ ਹਰਦੁਆਰ ਇਸ਼ਨਾਨ ਕਰਨ ਲਈ ਤੁਰ ਪਿਆ। ਪੰਦਰਾਂ ਦਿਨ ਉਹ ਹਰਦੁਆਰ ਰਿਹਾ। ਓਥੇ ਇਕ ਲੱਖ ਰੁਪਇਆ ਲੋੜਵੰਦਾਂ ਨੂੰ ਦਾਨ ਦਿੱਤਾ।[5] ਵਾਪਸ ਮੁੜਦਿਆਂ ਹੋਇਆਂ ਦੁਆਬਾ ਜਲੰਧਰ ਦੇ ਸਰਦਾਰਾਂ (ਤਾਰਾ ਸਿੰਘ ਘੇਬਾ, ਧਰਮ

1. ਲਤੀਫ਼, ਪੰਨਾ ੩੫੭, ਸਿਨਹਾ ਪੰਨਾ ੧੫
2. ਲਤੀਫ਼, ਪੰਨਾ ੩੫੮, ਮੈਕਗ੍ਰੇਗਰ, ਪੰਨਾ ੧੫੬, ਗ੍ਰਿਫ਼ਨ, ਪੰਨਾ ੧੩੩
3. ਕੋਹਲੀ, ਪੰਨਾ ੮੫
4. ਕਨਿੰਘਮ, ਪੰਨਾ ੧੩੨
5. ਲਤੀਫ਼, ਪੰਨਾ ੩੫੮, ਮੈਕਗ੍ਰੇਗਰ, ਪੰਨਾ ੨੫੭



Sri Satguru Jagjit Singh Ji eLibrary NamdhariElibrary@gmail.com

**ਫਗਵਾੜਾ ਫ਼ਤਹਿ ਕੀਤਾ**

ਸਿੰਘ ਅੰਮ੍ਰਿਤਸਰੀ, ਬੁੱਧ ਸਿੰਘ ਸਿੰਘਪੁਰੀਆ ਆਦਿ) ਤੋਂ ਨਜ਼ਰਾਨੇ ਲਏ। ਫਗਵਾੜਾ ਫ਼ਤਹਿ ਕਰ ਕੇ ਸ. ਫ਼ਤਹਿ ਸਿੰਘ ਆਹਲੂਵਾਲੀਏ ਦੇ ਹਵਾਲੇ ਕੀਤਾ। ਕੁਝ ਦਿਨ ਮਹਾਰਾਜਾ ਕਪੂਰਥਲੇ ਆਹਲੂਵਾਲੀਏ ਦਾ ਪ੍ਰਾਹੁਣਾ ਰਿਹਾ। ਏਸੇ ਸਮੇਂ ਕਾਂਗੜੇ ਦਾ ਰਾਜਾ ਸੰਸਾਰ ਚੰਦ ਹੁਸ਼ਿਆਰਪੁਰ ਦੇ ਇਲਾਕੇ ਵਿਚ ਲੁੱਟ ਮਾਰ ਕਰ ਕੇ ਆਪਣੀ ਰਿਆਸਤ ਦੀਆਂ ਹੱਦਾਂ ਵਧਾ ਰਿਹਾ ਸੀ। ਮਹਾਰਾਜਾ ਨੇ ਹਮਲਾ ਕਰ ਕੇ ਸੰਸਾਰ ਚੰਦ ਨੂੰ ਓਥੋਂ ਕੱਢ ਦਿੱਤਾ ਤੇ ਹੁਸ਼ਿਆਰਪੁਰ ਤੇ ਬਿਜਵਾੜਾ ਉੱਤੇ ਕਬਜ਼ਾ ਕਰ ਕੇ ਉਥੇ ਆਪਣੇ ਥਾਣੇ ਪੱਕੇ ਕਰ ਲਏ।[1] ਇਹ ਸਭ ਘਟਨਾਵਾਂ ੧੮੦੩ ਈਸਵੀ ਵਿਚ ਹੋਈਆਂ। ਸ. ਭਾਗ ਸਿੰਘ ਸੁਰਗਵਾਸ ਹੋ ਚੁੱਕਾ ਸੀ। ਉਸ ਦਾ ਇਲਾਕਾ ਜ਼ਬਤ ਕਰ ਕੇ ਮਹਾਰਾਜੇ ਨੇ ਮਾਈ ਸਦਾ ਕੌਰ ਨੂੰ ਜਾਗੀਰ ਵਜੋਂ ਦੇ ਦਿੱਤਾ।[2]

**ਹੁਸ਼ਿਆਰਪੁਰ ਤੇ ਬਿਜਵਾੜਾ ਉੱਤੇ ਕਬਜ਼ਾ**

ਏਸ ਦੌਰੇ ਤੋਂ ਵਾਪਸ ਲਾਹੌਰ ਆ ਕੇ ਮਹਾਰਾਜਾ ਅੰਮ੍ਰਿਤਸਰ 'ਤੇ ਕਬਜ਼ਾ ਕਰਨ ਦੀ ਤਿਆਰੀ ਕਰਨ ਲੱਗਾ। ਉਹਨੇ ਮਾਰਚ ੧੮੦੪ ਈਸਵੀ ਵਿਚ ਸ. ਫ਼ਤਹਿ ਸਿੰਘ ਆਹਲੂਵਾਲੀਏ ਤੇ ਮਾਈ ਸਦਾ ਕੌਰ ਨੂੰ ਨਾਲ ਲੈ ਕੇ ਅੰਮ੍ਰਿਤਸਰ ਨੂੰ ਘੇਰਾ ਜਾ ਪਾਇਆ ਤੇ ਭੰਗੀ ਸਰਦਾਰਾਂ ਤੋਂ ਤੋਪ ਜ਼ਮਜ਼ਮਾ (ਪ੍ਰਸਿੱਧ ਭੰਗੀਆਂ ਵਾਲੀ ਤੋਪ[3]) ਮੰਗੀ। ਲਾਹੌਰ ਦੀ ਲੁੱਟ ਵਿਚੋਂ ਉਹ ਸ. ਚੜ੍ਹਤ ਸਿੰਘ ਨੂੰ ਮਿਲੀ ਸੀ, ਇਸ ਵਾਸਤੇ ਮਹਾਰਾਜੇ ਨੇ ਉਸ ਉੱਤੇ ਆਪਣਾ ਹੱਕ ਦੱਸਿਆ। ਸ. ਗੁਲਾਬ ਸਿੰਘ ਭੰਗੀ ਭਸੀਣ ਦੀ ਲੜਾਈ ਸਮੇਂ ਮਰ ਗਿਆ ਸੀ। ਉਸ ਤੋਂ ਪਿਛੋਂ ਉਸ ਦੀ ਵਿਧਵਾ—ਮਾਈ ਸੁੱਖਾਂ—ਆਪਣੇ ਬਾਲਕ ਪੁੱਤਰ ਗੁਰਦਿੱਤ ਸਿੰਘ ਦੇ ਨਾਮ 'ਤੇ ਅੰਮ੍ਰਿਤਸਰ ਰਾਜ ਕਰਦੀ ਸੀ। ਸੁੱਖਾਂ ਨੇ ਤੋਪ ਦੇਣ ਤੋਂ ਨਾਂਹ ਕਰ ਦਿੱਤੀ। ਉਹ ਸ਼ਹਿਰ ਦੀਆਂ ਕੰਧਾਂ

**ਅੰਮ੍ਰਿਤਸਰ ਉੱਤੇ ਕਬਜ਼ਾ**

---

1. ਲਤੀਫ਼, ਪੰਨਾ ੩੫੭, ਕੋਹਲੀ, ਪੰਨਾ ੮੭
2. ਲਤੀਫ਼, ਪੰਨਾ ੩੫
3. ਇਹ ਤੋਪ ਅਹਿਮਦ ਸ਼ਾਹ ਅਬਦਾਲੀ ਦੇ ਹੁਕਮ ਨਾਲ ਸ਼ਾਹ ਨਜ਼ੀਰ ਕਾਰੀਗਰ ਨੇ ੧੭੬੧ ਈਸਵੀ ਵਿਚ ਲਾਹੌਰ ਅੰਦਰ ਢਲਵਾਈ ਸੀ। ਇਹ ਤਾਂਬੇ ਤੇ ਪਿੱਤਲ ਦੀ ਬਣੀ ਹੋਈ ਹੈ। ਅਬਦਾਲੀ ਇਹ ਤੋਪ ਲਾਹੌਰ ਦੇ ਗਵਰਨਰ ਖ਼ਵਾਜਾ ਉਬੇਦ ਖ਼ਾਂ ਨੂੰ ਦੇ ਗਿਆ ਸੀ। ੧੭੬੪ ਈਸਵੀ ਵਿਚ ਸਿੱਖਾਂ ਨੇ ਲਾਹੌਰ ਉੱਤੇ ਕਬਜ਼ਾ ਕੀਤਾ, ਤਾਂ ਲੁੱਟ ਦੇ ਹਿੱਸੇ ਵਜੋਂ ਇਹ ਤੋਪ ਸ. ਚੜ੍ਹਤ ਸਿੰਘ ਦੇ ਹਵਾਲੇ ਕੀਤੀ ਗਈ। ਕਿਸੇ ਹੇਰ ਫੇਰ ਨਾਲ ਇਹ ਤੋਪ ਫੇਰ ਭੰਗੀਆਂ ਦੇ ਹੱਥ ਆ ਗਈ। ਏਥੋਂ ਇਹਦਾ ਨਾਮ ਭੰਗੀਆਂ ਵਾਲੀ ਤੋਪ ਪੈ ਗਿਆ। ਅੰਮ੍ਰਿਤਸਰ ਦੀ ਫ਼ਤਹਿ ਵਿਚ ਇਹ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਆ ਗਈ। ਪੰਜਾਬ ਵਿਚੋਂ 'ਸਿੱਖ ਰਾਜ' ਖ਼ਤਮ ਹੋਣ ਸਮੇਂ ਇਹ ਅੰਗਰੇਜ਼ਾਂ ਦੇ ਹੱਥ ਆਈ।



Sri Satguru Jagjit Singh Ji eLibrary NamdhariElibrary@gmail.com

ਤੋਂ ਮਹਾਰਾਜੇ ਦੀ ਫ਼ੌਜ ਉੱਤੇ ਗੋਲੇ ਵਰਸਾਉਣ ਲੱਗੀ। ਬਾਹਰੋਂ ਸ਼ੇਰੇ-ਪੰਜਾਬ ਦੀਆਂ ਫ਼ੌਜਾਂ ਵੀ ਜਵਾਬ ਦੇਣ ਲੱਗੀਆਂ। ਸ. ਜੋਧ ਸਿੰਘ ਰਾਮਗੜ੍ਹੀਏ ਤੇ ਅਕਾਲੀ ਫੂਲਾ ਸਿੰਘ ਨੇ ਵਿਚ ਪੈ ਕੇ ਸੁਲ੍ਹਾ ਕਰਾ ਦਿੱਤੀ। ਮਹਾਰਾਜੇ ਦਾ ਅੰਮ੍ਰਿਤਸਰ 'ਤੇ ਕਬਜ਼ਾ ਹੋ ਗਿਆ। ਉਹਨੇ ਮਾਈ ਸੁੱਖਾਂ ਤੇ ਉਹਦੇ ਪੁੱਤਰ ਦੇ ਗੁਜ਼ਾਰੇ ਲਈ ਜਾਗੀਰ ਦੇ ਦਿੱਤੀ।

ਲਾਹੌਰ ਪੰਜਾਬ ਦੀ ਰਾਜਧਾਨੀ ਸੀ ਤੇ ਅੰਮ੍ਰਿਤਸਰ ਸਿੱਖਾਂ ਦਾ ਧਰਮ ਅਸਥਾਨ ਤੇ ਮਿਸਲਾਂ ਦੀ ਤਾਕਤ ਦਾ ਕੇਂਦਰ। ਹੁਣ ਦੋਵੇਂ ਥਾਂ ਸ਼ੇਰੇ-ਪੰਜਾਬ ਦੇ ਕਬਜ਼ੇ ਵਿਚ ਆ ਗਏ ਸਨ। ਏਸੇ ਸਾਲ (੧੮੦੪ ਈਸਵੀ[1]) ਵਿਸਾਖੀ ਦੇ ਸਮੇਂ ਮਹਾਰਾਜਾ ਨੇ ਅੰਮ੍ਰਿਤਸਰ ਵਿਚ ਬੜਾ ਭਾਰੀ ਫ਼ੌਜੀ ਦਰਬਾਰ ਕੀਤਾ। ਸਾਰੇ ਦੇਸ਼ ਦੇ ਮਾਤਹਿਤ ਸਰਦਾਰ ਤੇ ਜਰਨੈਲ ਚੋਣਵੀਆਂ ਫ਼ੌਜਾਂ ਲੈ ਕੇ ਅੰਮ੍ਰਿਤਸਰ ਹਾਜ਼ਰ ਹੋਏ। ਪਿਛਲੇ ਸਾਲ (੧੮੦੩ ਈਸਵੀ ਵਿਚ) ਈਸਟ ਇੰਡੀਆ ਕੰਪਨੀ ਦੇ ਕੁਝ ਹਿੰਦੀ ਫ਼ੌਜੀ ਅਫ਼ਸਰ ਓਧਰੋਂ ਛੱਡ ਕੇ ਮਹਾਰਾਜੇ ਦੀ ਨੌਕਰੀ ਵਿਚ ਆਏ ਸਨ। ਉਹਨਾਂ ਖ਼ਾਲਸਾ ਫ਼ੌਜ ਨੂੰ ਅੰਗਰੇਜ਼ੀ ਢੰਗ ਦੀ ਕਵਾਇਦ ਸਿਖਾਈ ਸੀ। ਉਹਨਾਂ ਵੀ ਇਸ ਫ਼ੌਜੀ ਦਰਬਾਰ ਵਿਚ ਆਪਣੀ ਸਿਖਲਾਈ ਹੋਈ ਫ਼ੌਜ ਦੀ ਪਰੇਡ ਵਿਖਾਈ, ਜਿਸ ਨੂੰ ਵੇਖ ਕੇ ਮਹਾਰਾਜਾ ਬੜਾ ਖ਼ੁਸ਼ ਹੋਇਆ। ਫਿਰ ਹੇਠ ਲਿਖੇ ਅਨੁਸਾਰ ਮਹਾਰਾਜੇ ਨੇ ਸਰਦਾਰਾਂ ਨੂੰ ਅਹੁਦੇ ਬਖ਼ਸ਼ੇ :

**ਅੰਮ੍ਰਿਤਸਰ ਵਿਚ ਫ਼ੌਜੀ ਦਰਬਾਰ**

**ਸਰਦਾਰਾਂ ਨੂੰ ਅਹੁਦੇ**

੧—ਸ. ਦੇਸਾ ਸਿੰਘ ਮਜੀਠਾ ਨੂੰ ੪੦੦ ਅਸਵਾਰ ਦੀ ਸਰਦਾਰੀ।

੨—ਸ. ਹਰੀ ਸਿੰਘ ਨਲਵਾ ਨੂੰ ੮੦੦ ਅਸਵਾਰ ਤੇ ਪੈਦਲ।

੩—ਸ. ਹੁਕਮ ਸਿੰਘ ਚਿਮਨੀ ਨੂੰ ਤੋਪਖ਼ਾਨੇ ਦਾ ਦਰੋਗ਼ਾ ਤੇ ੨੦੦ ਸਿਪਾਹੀ ਦਾ ਕੁਮੇਦਾਨ।

੪—ਗ਼ੌਸ ਖ਼ਾਂ ਨੂੰ ਤੋਪਖ਼ਾਨੇ ਦਾ ਕੁਪਤਾਨ ਤੇ ੨੦੦੦ ਅਸਵਾਰ।

੫—ਰੌਸ਼ਨ ਖ਼ਾਂ (ਹਿੰਦੁਸਤਾਨੀ) ਨੂੰ ੧੦੦੦ ਨਜੀਬੀ ਪਲਟਨ ਦਾ ਕੁਮੇਦਾਨ।

੬—ਸ਼ੇਖ਼ ਅਬਦੁੱਲਾ (ਹਿੰਦੁਸਤਾਨੀ) ਨੂੰ ੧੦੦੦ ਨਜੀਬੀ ਪਲਟਨ ਦਾ ਕੁਮੇਦਾਨ।

੭—ਬਾਬੂ ਭਾਗ ਸਿੰਘ ਮੋਰਾਲੀਵਾਲਾ ਨੂੰ ੫੦੦ ਫ਼ੌਜ ਤੇ ਜਾਗੀਰ।

੮—ਮਿਲਖਾ ਸਿੰਘ ਰਾਵਲਪਿੰਡੀ ਵਾਲੇ ਨੂੰ ੭੦੦ ਫ਼ੌਜ।

੯—ਨੌਧ ਸਿੰਘ ਨੂੰ ੪੦੦ ਫ਼ੌਜ ਤੇ ਪਰਗਣਾ ਘੇਪ ਦੀ ਜਾਗੀਰ।

੧੦—ਅਤਰ ਸਿੰਘ (ਸਪੁੱਤਰ ਸ. ਫਤਹਿ ਸਿੰਘ ਧਾਰੀ) ਨੂੰ ੫੦੦ ਫ਼ੌਜ ਦਾ ਰਸਾਲਦਾਰ।

੧੧—ਮਿੱਤ ਸਿੰਘ ਭੜਾਣੀਆਂ ਨੂੰ ੫੦੦ ਅਸਵਾਰ।

੧੨—ਕਿਰਪਾ ਸਿੰਘ (ਕੁਰਬਾ ਸਿੰਘ ?) ਨੂੰ ੧੦੦੦ ਫ਼ੌਜ।

---

1. ਲਤੀਫ, ਪੰਨਾ ੩੬੧



Sri Satguru Jagjit Singh Ji eLibrary NamdhariElibrary@gmail.com

੧੩—ਨਿਹਾਲ ਸਿੰਘ ਅਟਾਰੀ ਵਾਲਾ ਨੂੰ ੫੦੦ ਅਸਵਾਰ।
੧੪—ਮਾਨ ਸਰਦਾਰਾਂ ਨੂੰ ੪੦੦ ਅਸਵਾਰ।
੧੫—ਕਰਮ ਸਿੰਘ ਰੰਘੜ ਨੰਗਲ ਨੂੰ ੧੦੦ ਅਸਵਾਰ।
੧੬—ਜੋਧ ਸਿੰਘ ਸੌੜੀਆ ਵਾਲੇ ਨੂੰ ੩੦੦ ਫ਼ੌਜ।
੧੭—ਬਾਬੂ ਬਾਜ ਸਿੰਘ ਨੂੰ ੫੦੦ ਫ਼ੌਜ।

ਹੇਠ ਲਿਖੇ ਜਾਗੀਰਦਾਰ ਸਰਦਾਰ ਥਾਪੇ ਗਏ, ਜੋ ਲੋੜ ਪਈ 'ਤੇ ਮਹਾਰਾਜੇ ਨੂੰ ਫ਼ੌਜ ਦਿੰਦੇ :—

੧—ਭਾਗ ਸਿੰਘ ਹੱਲੋਵਾਲੀਆ।'
੨—ਜੱਸਾ ਸਿੰਘ (ਸਪੁੱਤਰ ਸ. ਕਰਮ ਸਿੰਘ ਦੁੱਲੂ)।
੩—ਸਾਹਿਬ ਸਿੰਘ (ਸਪੁੱਤਰ ਸ. ਗੁੱਜਰ ਸਿੰਘ)।
੪—ਚੇਤ ਸਿੰਘ (ਸਪੁੱਤਰ ਸ. ਲਹਿਣਾ ਸਿੰਘ)।
੫—ਨਾਰ ਸਿੰਘ ਚੁਮਾਰੀ ਦੇ ਪੁੱਤਰ।

ਇਹ ਪੰਜੇ ਸਰਦਾਰ ਦਸ ਹਜ਼ਾਰ ਫ਼ੌਜ ਦਿੰਦੇ।

੬—ਕਨ੍ਹਈਆ ਮਿਸਲ ਦੇ ਸਰਦਾਰ ੫੦੦੦ ਫ਼ੌਜ।
੭—ਨਕਈ ਸਰਦਾਰ ੪੦੦੦ ਫ਼ੌਜ।
੮—ਪਹਾੜੀ ਰਾਜੇ ੫੦੦੦ ਫ਼ੌਜ।
੯—ਦੁਆਬਾ ਜਲੰਧਰ ਦੇ ਸਰਦਾਰ ੭੦੦੦ ਫ਼ੌਜ।

ਤੇ ਕੁਝ ਫ਼ੌਜ ਹੋਰ ਛੋਟੇ-ਛੋਟੇ ਸਰਦਾਰਾਂ ਨੂੰ ਦਿੱਤੀ ਗਈ। ਇਹ ਸਾਰੀ ਗਿਣਤੀ ਅਟਸਟੇ ੩੧ ਹਜ਼ਾਰ ਹੋਈ।[1]

ਸ਼ਾਲਾਮਾਰ ਬਾਗ਼

ਅੰਮ੍ਰਿਤਸਰ ਤੋਂ ਆ ਕੇ ਮਹਾਰਾਜੇ ਨੇ ਸ਼ਾਲਾਬਾਗ਼ (ਮਹਾਰਾਜੇ ਨੇ ਸ਼ਾਲਾਮਾਰ ਦੀ ਥਾਂ ਸ਼ਾਲਾਬਾਗ਼ ਨਾਮ ਧਰਿਆ[2]) ਦੀ ਮੁਰੰਮਤ ਕਰਾਈ ਤੇ ਉਸ ਨੂੰ ਪਾਣੀ ਦੇਣ ਵਾਸਤੇ ਅਲੀ ਮਰਦਾਨ ਖ਼ਾਂ ਵਾਲੀ ਪੁਰਾਣੀ ਨਹਿਰ ਫੇਰ ਜਾਰੀ ਕੀਤੀ।

ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਦੀ ਕਲਾ ਵੇਖ ਕੇ ਦੁਆਬਾ ਚੱਜ (ਝਨਾਂ ਤੇ ਜਿਹਲਮ ਦੇ ਵਿਚਕਾਰ) ਦੇ ਬਹੁਤ ਸਾਰੇ ਮੁਸਲਮਾਨ ਸਰਦਾਰ—ਜੋ ਪਹਿਲਾਂ ਕਾਬਲ ਰਾਜ ਦੇ ਮਾਤਹਿਤ ਸਨ—ਖ਼ੁਸ਼ੀ ਨਾਲ ਅਹਿਦਨਾਮੇ ਕਰ ਕੇ ਮਹਾਰਾਜੇ ਦੇ ਅਧੀਨ ਹੋ ਗਏ।[3] ਏਸ ਤਰ੍ਹਾਂ ਉਹਨਾਂ ਦੀਆਂ ਜਾਗੀਰਾਂ ਕਾਇਮ ਰਹਿ ਗਈਆਂ। ਏਸ ਦੁਆਬੇ ਵਿਚ ਝੰਗ ਦਾ ਹਾਕਮ ਅਹਿਮਦ ਖ਼ਾਂ ਸਿਆਲ ਹੀ ਆਕੀ ਰਹਿ ਗਿਆ ਸੀ। ਮਹਾਰਾਜੇ ਨੇ ਆਪਣਾ ਰਾਜਦੂਤ ਭੇਜਿਆ ਕਿ ਨਜ਼ਰਾਨੇ ਵਜੋਂ ਘੋੜੇ

1. ਲਤੀਫ਼, ਪੰਨਾ ੩੬੧, ਕੋਹਲੀ, ਪੰਨੇ ੯੫ ਤੋਂ ੯੭
2. ਲਤੀਫ਼, ਪੰਨਾ ੩੬੦
3. ਲਤੀਫ਼, ਪੰਨਾ ੩੬੧



Sri Satguru Jagjit Singh Ji eLibrary NamdhariElibrary@gmail.com

ਝੰਗ ਉਤੇ ਪਹਿਲਾ ਹਮਲਾ

ਪੇਸ਼ ਕਰੋ ਤੇ ਸਿੱਖ ਰਾਜ ਦੀ ਈਨ ਮੰਨੇ। ਅਹਿਮਦ ਖ਼ਾਂ ਨੇ ਇਸ ਸੁਨੇਹੇ ਨੂੰ ਆਪਣੀ ਹੱਤਕ ਸਮਝਿਆ। ਉਹਨੇ ਰਾਜਦੂਤ ਦਾ ਬੜਾ ਨਿਰਾਦਰ ਕਰ ਕੇ ਮੋੜਿਆ ਤੇ ਲੜਾਈ ਦੀ ਤਿਆਰੀ ਕਰਨ ਲੱਗਾ। ਉਹਨੇ ਜਹਾਦ ਦੀ ਦੁਹਾਈ ਪਾ ਕੇ ਇਲਾਕੇ ਵਿਚੋਂ ਹਜ਼ਾਰਾਂ ਸਿਆਲ ਤੇ ਖਰਲ ਕੱਠੇ ਕਰ ਲਏ। ਮਹਾਰਾਜਾ, ਫ਼ਤਹਿ ਸਿੰਘ ਆਹਲੂਵਾਲੀਏ ਨੂੰ ਨਾਲ ਲੈ ਕੇ ਝੰਗ 'ਤੇ ਜਾ ਪਿਆ। ਅਹਿਮਦ ਖ਼ਾਂ ਬਾਹਰ ਨਿਕਲ ਕੇ ਦੋ ਪਹਿਰ ਚੰਗਾ ਲੜਿਆ। ਫਿਰ ਸਿਆਲ ਕਿਲ੍ਹੇ ਵਿਚ ਬੰਦ ਹੋ ਬੈਠੇ। ਖ਼ਾਲਸਾ ਫ਼ੌਜ ਨੇ ਉਦਾਲੇ ਘੇਰਾ ਪਾ ਲਿਆ। ਤੀਜੇ ਦਿਨ ਪਿਛੋਂ ਅਹਿਮਦ ਖ਼ਾਂ ਸਣੇ ਪਰਿਵਾਰ ਮੁਲਤਾਨ ਨੂੰ ਨੱਸ ਗਿਆ। ਉਹਦੇ ਗ਼ਾਜ਼ੀ ਘਰੋਂ ਘਰੀਂ ਜਾ ਵੜੇ। ਖ਼ਾਲਸਾ ਫ਼ੌਜ ਨੇ ਸ਼ਹਿਰ 'ਤੇ ਕਬਜ਼ਾ ਕਰ ਲਿਆ ਤੇ ਅਹਿਮਦ ਖ਼ਾਂ ਦਾ ਸਭ ਸਾਮਾਨ ਲੁੱਟ ਲਿਆ। ਅਹਿਮਦ ਖ਼ਾਂ ਨੇ ਭਰੋਸੇਯੋਗ ਆਦਮੀ ਮਹਾਰਾਜਾ ਕੋਲ ਭੇਜੇ। ਉਹਨਾਂ ਅਹਿਮਦ ਖ਼ਾਂ ਵੱਲੋਂ ਮਹਾਰਾਜੇ ਤੋਂ ਮਾਫ਼ੀ ਮੰਗੀ ਤੇ ਸਿੱਖ ਰਾਜ ਦੇ ਅਧੀਨ ਰਹਿ ਕੇ ਖ਼ਰਾਜ ਦੇਣਾ ਪਰਵਾਨ ਕੀਤਾ। ਮਹਾਰਾਜੇ ਨੇ ਆਪਣੀ ਰਹਿਮ-ਦਿਲੀ ਦੇ ਕਾਰਨ ਮਾਫ਼ ਕਰ ਦਿੱਤਾ। ਅਹਿਮਦ ਖ਼ਾਂ ਨੇ ਹਾਜ਼ਰ ਹੋ ਕੇ ਮਾਫ਼ੀ ਮੰਗੀ, ਨਜ਼ਰਾਨਾ ਤਾਰਿਆ ਤੇ ਸਠ ਹਜ਼ਾਰ ਸਾਲਾਨਾ ਖ਼ਰਾਜ ਦੇਣਾ ਮੰਨਿਆ।[1] ਇਥੋਂ ਵਿਹਲੇ ਹੋ ਕੇ ਮਹਾਰਾਜੇ ਨੇ

ਮੁਲਤਾਨ ਉੱਤੇ ਦੂਜਾ ਹਮਲਾ

'ਉਚ' ਦੇ ਸਰਦਾਰ ਨਾਗ ਸੁਲਤਾਨ (ਬੁਖ਼ਾਰੀ ਸੱਯਦ) ਤੋਂ ਖ਼ਰਾਜ ਲਿਆ। ਫਿਰ ਸਾਹੀਵਾਲ ਤੇ ਗੜ੍ਹ ਮਹਾਰਾਜਾ ਦੇ ਬਲੋਚ ਮੁਸਲਮਾਨ ਸਰਦਾਰਾਂ ਤੋਂ ਘੋੜੇ ਨਜ਼ਰਾਨੇ ਵਜੋਂ ਲਏ। ਏਥੋਂ ਅੱਗੇ ਮਹਾਰਾਜਾ ਮੁਲਤਾਨ ਵੱਲ ਵਧਿਆ। ਸ਼ਹਿਰੋਂ ਵੀਹ ਮੀਲ ਦੂਰ ਨਵਾਬ ਮੁਜ਼ੱਫਰ ਖ਼ਾਂ ਅੱਗੋਂ ਮਹਾਰਾਜੇ ਨੂੰ ਆ ਮਿਲਿਆ ਤੇ ੭੦ ਹਜ਼ਾਰ ਨਜ਼ਰਾਨਾ ਤਾਰਿਆ। ਮਹਾਰਾਜੇ ਨੇ ਨਵਾਬ ਦਾ ਬੜਾ ਆਦਰ ਕੀਤਾ। ਉਸ ਨੂੰ ਕੀਮਤੀ ਸਿਰੋਪਾ ਬਖ਼ਸ਼ਿਆ। ਇਹ ਘਟਨਾ ੧੮੦੫ ਈਸਵੀ ਦੀ ਹੈ।[2]

ਹੁਲਕਰ ਮਰਹੱਟਾ

ਮਹਾਰਾਜਾ ਅਜੇ ਮੁਲਤਾਨ ਦੇ ਇਲਾਕੇ ਵਿਚ ਹੀ ਸੀ ਜਾਂ ਉਸ ਨੂੰ ਖ਼ਬਰ ਪਹੁੰਚੀ ਕਿ ਅੰਗਰੇਜ਼ ਜਰਨੈਲ ਲਾਰਡ ਲੇਕ ਤੋਂ ਹਾਰ ਖਾ ਕੇ ਮਰਹੱਟਾ ਜਰਨੈਲ ਜਸਵੰਤ ਰਾਉ ਹੁਲਕਰ ਵਾਲੀਏ ਇੰਦੌਰ ਤੇ ਅਮੀਰ ਖ਼ਾਂ ਰੁਹੇਲਾ ੧੫ ਹਜ਼ਾਰ ਫ਼ੌਜ ਸਣੇ ਪੰਜਾਬ ਵਿਚ ਸਾਡੀ ਹੱਦ ਉੱਤੇ ਆ ਪੁੱਜੇ ਹਨ। ਉਹਨਾਂ ਦੇ ਮਗਰੇ ਲਾਰਡ ਲੇਕ ਆ ਰਿਹਾ ਹੈ। ਮਹਾਰਾਜਾ ਅਗਲਾ ਪ੍ਰੋਗਰਾਮ ਰਾਹੇ ਛੱਡ ਕੇ ਵਾਪਸ ਲਾਹੌਰ ਆ ਗਿਆ। ਆਉਂਦੇ ਨੂੰ ਹੁਲਕਰ ਦੇ ਵਕੀਲ ਨਜ਼ਰਾਨੇ ਲੈ ਕੇ ਮਿਲੇ। ਉਹਨਾਂ ਮਹਾਰਾਜੇ

---

1. ਲਤੀਫ਼, ਪੰਨਾ ੩੬੦, ਕੋਹਲੀ, ਪੰਨੇ ੬੩-੪, ਕਨਿੰਘਮ, ਪੰਨਾ ੧੩੨, ਗ੍ਰਿਫ਼, ਪੰਨਾ ੧੩੪
2. ਲਤੀਫ਼, ਪੰਨਾ ੩੬੨



Sri Satguru Jagjit Singh Ji eLibrary NamdhariElibrary@gmail.com

ਅੰਗਰੇਜ਼ਾਂ ਦੇ ਵਿਰੁੱਧ ਮਦਦ ਮੰਗੀ। ਮਹਾਰਾਜੇ ਨੇ ਹੁਲਕਰ ਦੇ ਰਹਿਣ ਦਾ ਪ੍ਰਬੰਧ ਅੰਮ੍ਰਿਤਸਰ ਕਰ ਕੇ ਅਗਲੇ ਦਿਨ ਉਸ ਨੂੰ ਮਿਲਨ ਦਾ ਇਕਰਾਰ ਕੀਤਾ। ਫਿਰ ਉਸ ਨੇ ਸਾਰੇ ਸਰਦਾਰਾਂ ਦੀ ਸਭਾ ਬੁਲਾ ਕੇ ਸਾਰਾ ਮਾਮਲਾ ਉਹਨਾਂ ਦੇ ਸਾਹਮਣੇ ਧਰਿਆ। ਮਹਾਰਾਜੇ ਦੀ ਰਾਏ ਅਨੁਸਾਰ ਸਾਰਿਆਂ ਨੇ ਸਰਬ-ਸੰਮਤੀ ਨਾਲ ਫ਼ੈਸਲਾ ਕੀਤਾ ਕਿ ਪੰਜਾਬ ਵਿਚ ਲੜਾਈ ਲੜੀ ਜਾਣ ਤੋਂ ਰੋਕੀ ਜਾਏ ਤੇ ਦੋਹਾਂ ਧਿਰਾਂ ਦੀ ਸੁਲ੍ਹਾ ਕਰਾਈ ਜਾਏ। ਅਗਲੇ ਦਿਨ ਮਹਾਰਾਜਾ ਅੰਮ੍ਰਿਤਸਰ ਆ ਪੁੱਜਾ। ਹੁਲਕਰ ਨੂੰ ਮਿਲ ਕੇ ਸਮਝਾਇਆ, ਤਾਂ ਉਹ ਸੁਲ੍ਹਾ ਕਰਨੀ ਮੰਨ ਗਿਆ।

**ਹੁਲਕਰ ਤੇ ਲੇਕ ਦੀ ਸੁਲ੍ਹਾ**

ਓਧਰ ਅੰਗਰੇਜ਼ ਜਰਨੈਲ ਵੀ ਮਹਾਰਾਜੇ ਦੀ ਸਲਾਹ ਮੰਨ ਗਿਆ। ਸ਼ੇਰੇ-ਪੰਜਾਬ ਨੇ ਵਿਚ ਪੈ ਕੇ ਹੁਲਕਰ ਤੇ ਲੇਕ ਦੀ ਸੁਲ੍ਹਾ ਕਰਾ ਦਿੱਤੀ। ਨਾਲ ਹੀ ਮਹਾਰਾਜ ਰਣਜੀਤ ਸਿੰਘ ਤੇ ਸ. ਫ਼ਤਹਿ ਸਿੰਘ ਆਹਲੂਵਾਲੀਏ ਨਾਲ ਅੰਗਰੇਜ਼ ਨੇ ੧ ਜਨਵਰੀ, ੧੮੦੬ ਈਸਵੀ ਨੂੰ ਮਿੱਤਰਾਚਾਰੀ ਦਾ ਅਹਿਦਨਾਮਾ ਕੀਤਾ।[1]

**ਰਣਜੀਤ ਸਿੰਘ ਦੀ ਅੰਗਰੇਜ਼ਾਂ ਨਾਲ ਪਹਿਲੀ ਸੁਲ੍ਹਾ**

ਅੰਗਰੇਜ਼ ਤੇ ਮਰਹੱਟਾ ਫ਼ੌਜਾਂ ਪੰਜਾਬ ਛੱਡ ਕੇ ਚਲੀਆਂ ਗਈਆਂ। ਸਿੱਖਾਂ ਦਾ ਇਲਾਕਾ ਲੜਾਈ ਦੀ ਤਬਾਹੀ ਤੋਂ ਬਚ ਗਿਆ। ਦੋਹਾਂ ਧਿਰਾਂ ਨੂੰ ਵਿਦਿਆ ਕਰ ਕੇ ਮਹਾਰਾਜਾ ਵਾਪਸ ਲਾਹੌਰ ਆ ਗਿਆ।

**ਕਟਾਸ ਦੀ ਯਾਤਰਾ ਮਿਆਨੀ ਵਿਚ ਬਿਮਾਰ**

ਦਰਿਆ ਅਟਕ ਦੇ ਕੰਢੇ 'ਕਟਾਸ' ਹਿੰਦੂਆਂ ਦਾ ਤੀਰਥ ਹੈ। ਓਥੇ ਵਿਸਾਖੀ ਦੇ ਦਿਨ ਮੇਲਾ ਲੱਗਦਾ ਸੀ। ਉਸ ਇਲਾਕੇ ਦਾ ਦੌਰਾ ਕਰਦਾ ਹੋਇਆ ਮਹਾਰਾਜਾ ਅਪ੍ਰੈਲ, ੧੮੦੬ ਈਸਵੀ ਨੂੰ (ਵਿਸਾਖੀ ਨੂੰ) ਕਟਾਸ ਗਿਆ। ਵਾਪਸ ਮੁੜਦਾ ਹੋਇਆ ਮਹਾਰਾਜਾ ਕੁਝ ਦਿਨ ਮਿਆਨੀ ਵਿਚ ਬਿਮਾਰ ਰਿਹਾ।[2] ਅਰੋਗ ਹੋਣ ਉੱਤੇ ਉਹ ਸਿੱਧਾ ਆਪਣੀ ਰਾਜਧਾਨੀ ਵਿਚ ਜਾ ਪੁੱਜਾ।

**ਨਾਭੇ ਪਟਿਆਲੇ ਦਾ ਝਗੜਾ**

ਪਿੰਡ ਦੁਲਾਦੀ ਨਾਭੇ ਤੇ ਪਟਿਆਲੇ ਦੀ ਮਿਲਵੀਂ ਹੱਦ ਉੱਤੇ ਸੀ। ਉਸ ਪਿੰਡ ਵਿਚ ਪਟਿਆਲੇ ਦਾ ਹਾਕਮ ਤਾਰਾ ਸਿੰਘ ਕਤਲ ਹੋ ਗਿਆ। ਇਸੇ ਕਾਰਨ ਦੋਹਾਂ ਰਿਆਸਤਾਂ ਵਿਚ ਝਗੜਾ ਹੋ ਪਿਆ। ਰਾਜਾ ਭਾਗ ਸਿੰਘ ਜੀਂਦ, ਰਾਜਾ ਜਸਵੰਤ ਸਿੰਘ ਨਾਭਾ ਨਾਲ ਮਿਲ ਗਿਆ। ਭੰਗਾ ਸਿੰਘ ਤੇ ਮਹਿਤਾਬ ਸਿੰਘ ਥਾਨੇਸਰ ਵਾਲੇ ਤੇ ਲਾਲ ਸਿੰਘ ਕੈਥਲ ਵਾਲਾ ਰਾਜਾ ਸਾਹਿਬ ਸਿੰਘ ਪਟਿਆਲਾ ਨਾਲ ਮਿਲ ਗਏ। ਦੋ ਮਹੀਨੇ ਲੜਾਈ ਰਹੀ। ਮਹਿਤਾਬ ਸਿੰਘ ਥਾਨੇਸਰ ਏਸ ਲੜਾਈ ਵਿਚ ਮਾਰਿਆ ਗਿਆ। ਦੋਹਾਂ ਧਿਰਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਮਦਦ ਵਾਸਤੇ ਬੁਲਾਵਾ ਭੇਜਿਆ।[3]

1. ਲਤੀਫ਼, ਪੰਨੇ ੨੬੨-੩, ਕਨਿੰਘਮ, ਪੰਨੇ ੧੩੨-੩, ਮੈਕਗ੍ਰੇਗਰ, ਪੰਨੇ ੧੫੬-੭
2. ਲਤੀਫ਼, ਪੰਨਾ ੩੬੪, ਮੈਕਗ੍ਰੇਗਰ, ਪੰਨਾ ੧੪੨
3. ਕਨਿੰਘਮ, ਪੰਨਾ ੧੩੩, ਲਤੀਫ਼, ਪੰਨਾ ੩੬੪



Sri Satguru Jagjit Singh Ji eLibrary NamdhariElibrary@gmail.com

**ਸ਼ੇਰੇ-ਪੰਜਾਬ ਸਤਲੁਜੋਂ ਪਾਰ**

**ਕਰਤਾਰਪੁਰ, ਜਲੰਧਰ, ਰਾਹੋਂ ਤੇ ਫਿਲੌਰ ਤੋਂ ਨਜ਼ਰਾਨੇ**

ਮਹਾਰਾਜਾ ਏਸ ਸਮੇਂ ਨੂੰ ਕਦੋਂ ਹੱਥੋਂ ਜਾਣ ਦੇਣ ਲੱਗਾ ਸੀ। ਉਹ ਵੀਹ ਹਜ਼ਾਰ ਫ਼ੌਜ ਲੈ ਕੇ ਚੜ੍ਹ ਪਿਆ। ਬਿਆਸ ਟੱਪ ਕੇ ਉਹ ਕੁਝ ਦਿਨ ਸ. ਫ਼ਤਹਿ ਸਿੰਘ ਆਹਲੂਵਾਲੀਏ ਕੋਲ ਕਪੂਰਥਲੇ ਰਿਹਾ। ਫਿਰ ਉਸ ਨੂੰ ਨਾਲ ਲੈ ਕੇ ਅੱਗੇ ਤੁਰਿਆ। ਰਾਹ ਵਿਚ ਕਰਤਾਰਪੁਰ ਦੇ ਸੋਢੀ ਗੁਲਾਬ ਸਿੰਘ ਨੇ ਦੋ ਤੋਪਾਂ ਭੇਟਾ ਕੀਤੀਆਂ। ਜਲੰਧਰ ਦੇ ਹਾਕਮ ਬੁੱਧ ਸਿੰਘ ਤੋਂ ਨਜ਼ਰਾਨੇ ਵਜੋਂ ਘੋੜੇ ਲਏ। ਰਾਹੋਂ ਦੇ ਹਾਕਮ ਸ. ਤਾਰਾ ਸਿੰਘ ਘੇਬਾ ਡੱਲੇਵਾਲੀਆ ਤੋਂ ਪੰਝੀ ਹਜ਼ਾਰ ਨਜ਼ਰਾਨਾ ਲੈ ਕੇ ਮਹਾਰਾਜਾ ਸਤਲੁਜੋਂ ਪਾਰ ਹੋ ਗਿਆ।

**ਲੁਧਿਆਣਾ ਫ਼ਤਹਿ**

**ਨਾਭੇ ਪਟਿਆਲੇ ਦੀ ਸੁਲ੍ਹਾ ਕਰਾਈ**

ਲੁਧਿਆਣਾ ਫ਼ਤਹਿ ਕਰ ਕੇ ਮਹਾਰਾਜੇ ਨੇ ਆਪਣੇ ਮਾਮੇ ਭਾਗ ਸਿੰਘ ਰਾਜਾ ਜੀਂਦ ਨੂੰ ਦੇ ਦਿੱਤਾ।[1] ਪਟਿਆਲੇ ਪਹੁੰਚ ਕੇ ਮਹਾਰਾਜੇ ਨੇ ਦੋਹਾਂ ਦੀ ਸੁਲ੍ਹਾ ਕਰਾ ਦਿੱਤੀ। ਤੇ ਦੋਹਾਂ ਤੋਂ ਨਜ਼ਰਾਨੇ ਲਏ। ਪਿੰਡ ਦੋਲਾਦੀ ਪਟਿਆਲੇ ਨੂੰ ਦੇ ਦਿੱਤਾ ਤੇ ਜਗਰਾਉਂ, ਕੋਟ, ਬਸੀਆਂ, ਤਲਵੰਡੀ ਆਦਿ ਇਕੱਤੀ ਪਿੰਡ ਰਾਏਕੋਟ ਦੇ ਹਾਕਮ ਤੋਂ ਖੋਹ ਕੇ ਨਾਭੇ ਨੂੰ ਦੇ ਦਿੱਤੇ। ਇਸ ਇਲਾਕੇ ਵਿਚ ਕੁਝ ਪਿੰਡ ਸ. ਫ਼ਤਹਿ ਸਿੰਘ ਆਹਲੂਵਾਲੀਏ ਨੂੰ ਵੀ ਜਾਗੀਰ ਵਜੋਂ ਦਿੱਤੇ।

**ਸੰਸਾਰ ਚੰਦ ਦੀ ਮਦਦ**

ਏਧਰੋਂ ਵਿਹਲਾ ਹੋ ਕੇ ਮਹਾਰਾਜਾ ਫੇਰ ਜਲੰਧਰ ਆ ਬੈਠਾ। ਏਥੇ ਹੀ ਰਾਜਾ ਸੰਸਾਰ ਚੰਦ ਕਾਂਗੜੇ ਦਾ ਭਰਾ ਮੀਆਂ ਫ਼ਤਹਿ ਚੰਦ ਮਹਾਰਾਜੇ ਨੂੰ ਆ ਮਿਲਿਆ। ਉਸ ਨੇ ਰਾਜਾ ਸੰਸਾਰ ਚੰਦ ਵੱਲੋਂ ਬਿਨੈ ਪੱਤਰ ਪੇਸ਼ ਕੀਤਾ ਤੇ ਗੋਰਖਿਆਂ ਵਿਰੁੱਧ ਮਦਦ ਮੰਗੀ। ਨੇਪਾਲੀ ਜਰਨੈਲ ਅਮਰ ਸਿੰਘ ਥਾਪਾ ਨੇ ਗੜ੍ਹਵਾਲ, ਸਿਰਮੌਰ ਨਾਲਾਗੜ੍ਹ ਆਦਿ ਪਹਾੜੀ ਰਿਆਸਤਾਂ ਫ਼ਤਹਿ ਕਰ ਲਈਆਂ ਸਨ। ਉਸ ਵੇਲੇ ਉਹ ਕਾਂਗੜੇ ਨੂੰ ਘੇਰਾ ਪਾਈ ਬੈਠਾ ਸੀ। ਮਹਾਰਾਜੇ ਨੇ ਫ਼ਤਹਿ ਚੰਦ ਨੂੰ ਮਦਦ ਦਾ ਬਚਨ ਦਿੱਤਾ ਤੇ ਫ਼ੌਜ ਲੈ ਕੇ ਜਵਾਲਾ ਮੁਖੀ ਵੱਲ ਤੁਰ ਪਿਆ। ਅਮਰ ਸਿੰਘ ਥਾਪਾ ਦਾ ਦੂਤ ਜ਼ੋਰਾਵਰ ਸਿੰਘ ਮਹਾਰਾਜੇ ਨੂੰ ਮਿਲਿਆ। ਉਹਨੇ ਸੰਸਾਰ ਚੰਦ ਨਾਲੋਂ ਦੂਣਾ ਨਜ਼ਰਾਨਾ ਦੇਣਾ ਮੰਨਿਆ, ਜੇ ਉਹ ਸੰਸਾਰ ਚੰਦ ਦੀ ਮਦਦ ਨਾ ਕਰੇ ਤਾਂ। ਮਹਾਰਾਜੇ ਨੇ ਗੋਰਖੇ ਦੀ ਤਜਵੀਜ਼ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ,

**ਜਵਾਲਾ ਮੁਖੀ**

"ਸਰਕਾਰ ਸੰਸਾਰ ਚੰਦ ਦੀ ਮਦਦ ਕਰਨ ਦਾ ਬਚਨ ਕਰ ਚੁੱਕੀ ਹੈ।"[2] ਇਹ ਉੱਤਰ ਸੁਣ ਕੇ ਗੋਰਖੇ ਬੇ-ਹੌਸਲਾ ਹੋ ਗਏ। ਜਦ ਮਹਾਰਾਜਾ ਜਵਾਲਾ ਮੁਖੀ ਪੁੱਜਾ ਤਾਂ ਅਮਰ ਸਿੰਘ ਥਾਪਾ ਡਰਦਾ

---

1. ਮੈਕਗ੍ਰੇਗਰ, ਪੰਨਾ ੧੫੮, ਕਨਿੰਘਮ, ਪੰਨਾ ੧੩੩, ਲਤੀਫ਼, ਪੰਨਾ ੩੬੫
2. ਲਤੀਫ਼, ਪੰਨਾ ੩੬੬



Sri Satguru Jagjit Singh Ji eLibrary NamdhariElibrary@gmail.com

ਕਾਂਗੜੇ ਦਾ ਘੇਰਾ ਉਠਾ ਕੇ ਵਾਪਸ ਚਲਾ ਗਿਆ। ਰਾਜਾ ਸੰਸਾਰ ਚੰਦ ਨੇ ਬੜੀ ਖ਼ੁਸ਼ੀ ਨਾਲ ਮਹਾਰਾਜੇ ਦੀ ਅਧੀਨਗੀ ਪਰਵਾਨ ਕਰ ਲਈ। ਉਹਨੇ ਪੇਸ਼ ਹੋ ਕੇ ਤਿੰਨ ਹਜ਼ਾਰ ਨਕਦ ਤੇ ਦੋ ਘੋੜੇ ਨਜ਼ਰਾਨੇ ਵਜੋਂ ਭੇਟਾ ਕੀਤੇ। ਇਕ ਹਜ਼ਾਰ ਫ਼ੌਜ ਨਾਦੌਣ ਤੇ ਫ਼ਤਹਿ ਸਿੰਘ ਕਾਲਿਆਂ ਵਾਲੇ ਨੂੰ ਸਣੇ ਫ਼ੌਜ ਬਿਜਵਾੜੇ ਛੱਡ ਕੇ ਮਹਾਰਾਜਾ ਵਾਪਸ ਲਾਹੌਰ ਆ ਗਿਆ। ਇਹ ਘਟਨਾ ੧੮੦੬ ਈਸਵੀ ਦੀਆਂ ਹਨ।

**ਸ਼ੇਰ ਸਿੰਘ ਤੇ ਤਾਰਾ ਸਿੰਘ ਦਾ ਜਨਮ**

੧੮੦੭ ਈਸਵੀ ਦੇ ਆਰੰਭ ਵਿਚ ਮਾਈ ਸਦਾ ਕੌਰ ਦੀ ਸਪੁੱਤਰੀ—ਮਹਾਰਾਣੀ ਮਹਿਤਾਬ ਕੌਰ ਦੀ—ਕੁੱਖੋਂ ਮਹਾਰਾਜੇ ਦੇ ਘਰ ਦੋ ਜੋੜੇ ਸ਼ਾਹਜ਼ਾਦੇ—ਸ਼ੇਰ ਸਿੰਘ ਤੇ ਤਾਰਾ ਸਿੰਘ—ਪੈਦਾ ਹੋਏ। ਖ਼ਬਰ ਸੁਣ ਕੇ ਮਹਾਰਾਜੇ ਨੇ ਬੜੀਆਂ ਖ਼ੁਸ਼ੀਆਂ ਮਨਾਈਆਂ ਤੇ ਹਰਿਮੰਦਰ ਸਾਹਿਬ ਜਾ ਕੇ ਚੜ੍ਹਾਵਾ ਚੜ੍ਹਾਇਆ। ਏਸ ਖ਼ੁਸ਼ੀ ਵਿਚ ਗ਼ਰੀਬਾਂ ਨੂੰ ਹਜ਼ਾਰਾਂ ਰੁਪਏ ਦਾਨ ਦਿੱਤਾ ਗਿਆ।

**ਕੁਤਬੁੱਦੀਨ ਖ਼ਾਂ ਕਸੂਰੀ ਦੀ ਬਗ਼ਾਵਤ**

ਨਵਾਬ ਕਸੂਰ ਨਜ਼ਾਮੁੱਦੀਨ ਖ਼ਾਂ ਨੂੰ ਹਾਜੀ ਖ਼ਾਂ ਤੇ ਨਜੀਬ ਖ਼ਾਂ ਨੇ ਕਤਲ ਕਰ ਦਿੱਤਾ।[1] ਫਿਰ ਉਸ ਦਾ ਭਰਾ ਕੁਤਬੁੱਦੀਨ ਖ਼ਾਂ ਕਸੂਰ ਦਾ ਨਵਾਬ ਬਣਿਆ। ਨਵੇਂ ਨਵਾਬ ਨੇ ਸਿੱਖ ਰਾਜ ਦੀ ਅਧੀਨਗੀ ਮੰਨਣ ਦੀ ਥਾਂ ਬਗ਼ਾਵਤ ਕਰ ਦਿੱਤੀ। ਉਹਨੇ ਜਹਾਦ ਦਾ ਝੰਡਾ ਖੜ੍ਹਾ ਕਰਕੇ ਹਜ਼ਾਰਾਂ ਗ਼ਾਜ਼ੀ ਇਕੱਠੇ ਕਰ ਲਏ। ਮਹਾਰਾਜੇ ਨੂੰ ਖ਼ਬਰਾਂ ਪੁੱਜੀਆਂ ਤਾਂ ਉਹਨੇ ਨਾਮੀ ਸਰਦਾਰਾਂ ਸਣੇ ਭਾਰੀ ਫ਼ੌਜ ਤੇ ਤੋਪਖ਼ਾਨੇ ਦੇ ਕਸੂਰ 'ਤੇ ਚੜ੍ਹਾਈ ਕਰਨ ਦਾ ਹੁਕਮ ਦਿੱਤਾ। ਫ਼ਰਵਰੀ ਦੇ ਪਹਿਲੇ ਹਫ਼ਤੇ ਸ. ਜੋਧ ਸਿੰਘ ਰਾਮਗੜ੍ਹੀਆ, ਸ. ਧੰਨਾ ਸਿੰਘ ਮਲਵਈ, ਸ. ਨਿਹਾਲ ਸਿੰਘ ਅਟਾਰੀ ਆਦਿ ਕਸੂਰ ਦੇ ਨੇੜੇ ਪਹੁੰਚ ਗਏ। ਮਹਾਰਾਜਾ ਆਪ ਵੀ ਆਪਣੀ ਫ਼ੌਜ ਵਿਚ ਜਾ ਪੁੱਜਾ। ਅੱਗੋਂ ਨਵਾਬ ਕੁਤਬੁੱਦੀਨ ਖ਼ਾਂ ਵੀ ਹਰ ਤਰ੍ਹਾਂ ਤਿਆਰ ਬੈਠਾ ਸੀ। ੧੦ ਫ਼ਰਵਰੀ, ੧੮੦੭ ਈਸਵੀ ਨੂੰ ਸਵੇਰੇ ਹੀ ਲੜਾਈ ਆਰੰਭ ਹੋ ਗਈ। ਦੋ ਤਿੰਨ ਪਹਿਰ ਤਾਂ ਪਠਾਣ ਚੰਗੇ ਡਟ ਕੇ ਲੜੇ, ਪਰ ਸ਼ਾਮ ਤੱਕ ਸਿੰਘਾਂ ਦੀ ਤਲਵਾਰ ਦੇ ਭਜਾਏ ਹੋਏ ਕਿਲ੍ਹੇ ਵਿਚ ਜਾ ਵੜੇ। ਕਿਲ੍ਹਾ ਬੜਾ ਮਜ਼ਬੂਤ ਸੀ। ਖ਼ਾਲਸਾ ਫ਼ੌਜ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ, ਜੋ ਇਕ ਮਹੀਨਾ ਰਿਹਾ। ਦੋਹਾਂ ਪਾਸਿਆਂ ਤੋਂ ਅੱਗ ਵਰ੍ਹਦੀ ਰਹੀ। ਇਕ ਦਿਨ ਸੁਰੰਗ ਲਾ ਕੇ ਕਿਲ੍ਹੇ ਦੀ ਕੰਧ ਉਡਾ ਕੇ ਖ਼ਾਲਸਾ ਫ਼ੌਜਾਂ ਅੰਦਰ ਜਾ ਵੜੀਆਂ। ਹਜ਼ਾਰਾਂ ਪਠਾਣ, ਸਿੰਘਾਂ ਦੀ ਤੇਗ਼ ਦੀ

**ਕਸੂਰ ਫ਼ਤਹਿ**

ਭੇਟਾ ਹੋ ਗਏ। ਟਾਕਰੇ ਦੀ ਕੋਈ ਵਾਹ ਨਾ ਰਹਿ ਗਈ, ਤਾਂ ਕੁਤਬੁੱਦੀਨ ਪਿੜ ਛੱਡ ਕੇ ਭੱਜ ਨਿਕਲਿਆ, ਪਰ ਰਾਹੇ ਹੀ ਫੜਿਆ ਗਿਆ। ਉਹਨੇ ਮਹਾਰਾਜੇ ਦੇ ਹਾਜ਼ਰ ਹੋ ਕੇ ਬੜੀ ਆਜਜ਼ੀ ਨਾਲ ਪ੍ਰਾਣ-

1. ਲਤੀਫ਼, ਪੰਨਾ ੩੫੮



Sri Satguru Jagjit Singh Ji eLibrary NamdhariElibrary@gmail.com

ਭਿੱਖਿਆ ਮੰਗੀ। ਮਹਾਰਾਜੇ ਨੇ ਉਸ ਦਾ ਗੁਨਾਹ ਬਖ਼ਸ਼ ਕੇ ਉਸ ਨੂੰ ਸਤਲੁਜੋਂ ਪਾਰ 'ਮਮਦੋਟ' ਵਿਚ ਇਕ ਲੱਖ ਸਾਲਾਨਾ ਦੀ ਜਾਗੀਰ ਦਿੱਤੀ। ਕਸੂਰ ਦਾ ਸਾਰਾ ਇਲਾਕਾ ਸਿੱਖ ਰਾਜ ਨਾਲ ਮਿਲਾ ਲਿਆ। ਉਥੋਂ ਦਾ ਪਹਿਲਾ ਹਾਕਮ ਸ. ਨਿਹਾਲ ਸਿੰਘ ਅਟਾਰੀ ਵਾਲਾ ਥਪਿਆ ਗਿਆ। ਕਸੂਰ ਦੀ ਲੁੱਟ ਵਿਚੋਂ ਲੱਖਾਂ ਰੁਪਏ ਦਾ ਮਾਲ ਤੇ ਸਾਮਾਨੇ ਜੰਗ ਮਹਾਰਾਜੇ ਦੇ ਹੱਥ ਲੱਗਾ।[1] ਫ਼ੌਜਾਂ ਵੀ ਇਸ ਲੁੱਟ ਵਿਚੋਂ ਮਾਲਾ ਮਾਲ ਹੋ ਗਈਆਂ।

**ਮੁਲਤਾਨ ਉੱਤੇ ਤੀਜਾ ਹਮਲਾ**

ਮੁਜ਼ੱਫ਼ਰ ਖ਼ਾਂ ਨਵਾਬ ਮੁਲਤਾਨ ਨੇ ਅੰਦਰ-ਖ਼ਾਨੇ ਕੁਤਬੁੱਦੀਨ ਕਸੂਰੀ ਨੂੰ ਭੜਕਾਇਆ ਸੀ। ਇਸ ਵਾਸਤੇ ਕਸੂਰ ਤੋਂ ਵਿਹਲੇ ਹੋ ਕੇ ਮਹਾਰਾਜੇ ਨੇ ਮੁਲਤਾਨ 'ਤੇ ਚੜ੍ਹਾਈ ਕਰ ਦਿੱਤੀ। ਰਾਹ ਵਿਚ ਦੀਪਾਲਪੁਰ ਜ਼ਬਤ ਕਰ ਕੇ ਉਹਦੇ ਵਾਰਸਾਂ ਨੂੰ ਜਾਗੀਰ ਦੇ ਦਿੱਤੀ ਗਈ। ਅੱਗੇ ਵੱਧ ਕੇ ਖ਼ਾਲਸਾ ਫ਼ੌਜ ਨੇ ਮੁਲਤਾਨ ਨੂੰ ਘੇਰਾ ਜਾ ਪਾਇਆ।

**ਦੀਪਾਲਪੁਰ ਜ਼ਬਤ**

ਸ਼ਹਿਰ ਦਾ ਬਾਹਰਲਾ ਕੁਝ ਹਿੱਸਾ ਸਿੱਖ ਫ਼ੌਜ ਨੇ ਲੁੱਟ ਲਿਆ। ਪਹਿਲਾਂ ਤਾਂ ਮੁਜ਼ੱਫ਼ਰ ਖ਼ਾਂ ਲੜਾਈ ਵਾਸਤੇ ਤਿਆਰ ਹੋ ਗਿਆ ਤੇ ਨਵਾਬ ਬਹਾਵਲਪੁਰ ਤੋਂ ਮਦਦ ਮੰਗੀ, ਪਰ ਜਦੋਂ ਬਹਾਵਲਪੁਰੀਆ ਸ਼ੇਰੇ ਪੰਜਾਬ ਦੇ ਵਿਰੁੱਧ ਮੁਜ਼ੱਫ਼ਰ ਖ਼ਾਂ ਦੀ ਮਦਦ ਵਾਸਤੇ ਤਿਆਰ ਨਾ ਹੋਇਆ ਤਾਂ ਮੁਜ਼ੱਫਰ ਖ਼ਾਂ ਨੇ ਵੀ ਹਥਿਆਰ ਸੁੱਟ ਦਿੱਤੇ। ਉਹਨੇ ੭੫ ਹਜ਼ਾਰ ਨਜ਼ਰਾਨਾ ਤਾਰ ਕੇ[2] ਪਿਛਲੀ ਭੁੱਲ ਦੀ ਸ਼ੇਰੇ-ਪੰਜਾਬ ਤੋਂ ਮਾਫ਼ੀ ਮੰਗੀ। ਦਰਿਆ-ਦਿਲ ਮਹਾਰਾਜੇ ਨੇ ਸਾਰੀਆਂ ਭੁੱਲਾਂ ਮਾਫ਼ ਕਰ ਕੇ ਫਿਰ ਉਸ ਨੂੰ ਆਪਣੇ ਵੱਲੋਂ ਮੁਲਤਾਨ ਦਾ ਗਵਰਨਰ ਰਹਿਣ ਦਿੱਤਾ। ਫਿਰ ਖ਼ਾਲਸਾ ਫ਼ੌਜਾਂ ਬਹਾਵਲਪੁਰ ਦੇ ਇਲਾਕੇ ਵੱਲ ਵਧੀਆਂ।

**ਬਹਾਵਲਪੁਰ ਤੋਂ ਨਜ਼ਰਾਨਾ ਲਿਆ**

ਬਹਾਵਲਪੁਰ ਦੇ ਵਕੀਲ ਅੱਗੋਂ ਰਾਹ ਵਿਚ ਆ ਮਿਲੇ, ਸਿੱਖ ਰਾਜ ਦੀ ਅਧੀਨਗੀ ਮੰਨ ਲਈ ਤੇ ਨਜ਼ਰਾਨਾ ਤਾਰ ਦਿੱਤਾ। ਖ਼ਾਲਸਾ ਫ਼ੌਜ ਫ਼ਤਹਿ ਦੇ ਨਗਾਰੇ ਵਜਾਉਂਦੀ ਵਾਪਸ ਮੁੜੀ। ਸ਼ੇਰੇ-ਪੰਜਾਬ ਲਾਹੌਰ ਵਿਚ ਜਾ ਪੁੱਜਾ।[3]

ਇਸੇ ਸਾਲ ਰਾਜਾ ਤੇ ਰਾਣੀ ਪਟਿਆਲੇ ਵਿਚ ਫੇਰ ਝਗੜਾ ਹੋ ਪਿਆ। ਰਾਣੀ ਆਸ ਕੌਰ ਆਪਣੇ ਨਾਬਾਲਗ ਪੁੱਤਰ ਕਰਮ ਸਿੰਘ ਵਾਸਤੇ ਵੱਖਰੀ ਜਾਗੀਰ ਚਾਹੁੰਦੀ ਸੀ। ਰਾਜਾ ਸਾਹਿਬ ਸਿੰਘ ਦੇਣ ਵਾਸਤੇ ਤਿਆਰ ਨਹੀਂ ਸੀ। ਦੋਹਾਂ ਧਿਰਾਂ

---

1. ਲਤੀਫ਼, ਪੰਨੇ ੩੬੬-੭, ਕਨਿੰਘਮ, ਪੰਨਾ ੧੩੫, ਕੋਹਲੀ, ਪੰਨੇ ੧੦੭-੮
2. ਲਤੀਫ਼, ਪੰਨਾ ੩੬੭, ਮੈਕਗ੍ਰੇਗਰ, ਪੰਨਾ ੧੫੮
3. ਲਤੀਫ਼, ਪੰਨਾ ੩੬੮



Sri Satguru Jagjit Singh Ji eLibrary NamdhariElibrary@gmail.com

ਨੇ ਸ਼ੇਰੇ ਪੰਜਾਬ ਨੂੰ ਸਾਲਸੀ ਵਾਸਤੇ ਬੁਲਾ ਭੇਜਿਆ। ਸ਼ੇਰੇ-ਪੰਜਾਬ ਨੂੰ ਸਾਰੀ ਫ਼ੌਜ ਲੈ ਕੇ ਸਤੰਬਰ, ੧੮੦੭ ਈਸਵੀ ਨੂੰ ਪਟਿਆਲੇ ਜਾ ਪੁੱਜਾ। ਰਾਣੀ ਨੇ ਇਕ ਪਿੱਤਲ ਦੀ ਤੋਪ ਤੇ ੭੦ ਹਜ਼ਾਰ ਦੀ ਹੀਰਿਆਂ ਦੀ ਮਾਲਾ ਸ਼ੇਰੇ-ਪੰਜਾਬ ਦੀ ਭੇਟਾ ਕੀਤੀ। ਰਾਜਾ ਸਾਹਿਬ ਸਿੰਘ ਨੇ ਵੀ ਨਜ਼ਰਾਨਾ ਤਾਰਿਆ। ਉਹਨੇ ਸ਼ੇਰੇ-ਪੰਜਾਬ ਦੀ ਸੇਵਾ ਉਹਦੀ ਸ਼ਾਨ ਦੇ ਮੁਤਾਬਿਕ ਕੀਤੀ। ਸ਼ੇਰੇ-ਪੰਜਾਬ ਨੇ ਦੋਹਾਂ ਧਿਰਾਂ ਨੂੰ ਸਮਝਾ ਕੇ ਸੁਲ੍ਹਾ ਕਰਾ ਦਿੱਤੀ। ਰਾਣੀ ਆਸ ਕੌਰ ਤੇ ਕੰਵਰ ਕਰਮ ਸਿੰਘ ਵਾਸਤੇ ਪੰਜਾਹ ਹਜ਼ਾਰ ਸਾਲਾਨਾ ਆਮਦਨੀ ਦੀ ਵੱਖਰੀ ਜਾਗੀਰ ਦੁਆ ਦਿੱਤੀ।[1] ਰਾਜਾ ਸਾਹਿਬ ਸਿੰਘ ਦੀ ਜ਼ਿੰਦਗੀ ਵਿਚ ਸਭ ਰਾਜਸੀ ਤਾਕਤ ਓਸੇ ਦੇ ਹੱਥ ਰਹਿਣ ਦਿੱਤੀ ਗਈ। ਏਸ ਫ਼ੈਸਲੇ 'ਤੇ ਦੋਵੇਂ ਧਿਰਾਂ ਰਾਜ਼ੀ ਹੋ ਗਈਆਂ।

**ਸ਼ੇਰੇ-ਪੰਜਾਬ ਦੂਜੀ ਵਾਰ ਪਟਿਆਲੇ**

ਪਟਿਆਲੇ ਤੋਂ ਵਿਦਿਆ ਹੋ ਕੇ ਮਹਾਰਾਜਾ ਅੱਗੇ ਵਧਿਆ, ਤਾਂ ਮਾਲਵੇ ਦੇ ਸਾਰੇ ਨਾਮਵਰ ਸਰਦਾਰਾਂ ਨੇ ਨਜ਼ਰਾਨੇ ਆ ਤਾਰੇ। ਭਾਈ ਲਾਲ ਸਿੰਘ ਕੈਥਲ ਨੇ ਬਾਰਾਂ ਹਜ਼ਾਰ ਤੇ ਮਲੇਰਕੋਟਲੀਏ ਪਠਾਣ ਨੇ ਚਾਲੀ ਹਜ਼ਾਰ ਨਜ਼ਰਾਨਾ ਦਿੱਤਾ। ਸ. ਗੁਰਦਿੱਤ ਸਿੰਘ ਤੇ ਕਰਮ ਸਿੰਘ ਸ਼ਾਹਬਾਦ, ਸ. ਭਗਵਾਨ ਸਿੰਘ ਬੂੜੀਆਂ, ਸ. ਜੋਧ ਸਿੰਘ ਕਲਸੀਆ, ਰਾਣੀ ਦਇਆ ਕੌਰ (ਸ. ਗੁਰਬਖਸ਼ ਸਿੰਘ ਦੀ ਵਿਧਵਾ) ਅੰਬਾਲਾ ਤੇ ਇਲਾਕਾ ਸਰਹਿੰਦ ਦੇ ਬਾਕੀ ਛੋਟੇ-ਛੋਟੇ ਸਰਦਾਰਾਂ ਤੋਂ ਵੀ ਨਜ਼ਰਾਨੇ ਲਏ। ਰਾਜਾ ਕਿਸ਼ਨ ਸਿੰਘ ਨਾਹਨ (ਸਰਮੌਰ) ਨਜ਼ਰਾਨਾ ਦੇਣ ਦੀ ਥਾਂ ਕਿਲ੍ਹਾ ਨਾਰਾਇਣਗੜ੍ਹ ਵਿਚ ਆਕੀ ਹੋ ਬੈਠਾ। ਖ਼ਾਲਸਾ ਫ਼ੌਜ ਨੇ ਅੱਗੇ ਵੱਧ ਕੇ ਨਾਰਾਇਣਗੜ੍ਹ ਨੂੰ ਘੇਰਾ ਪਾ ਲਿਆ। ਤਿੰਨ ਹਫ਼ਤੇ ਦੀ ਲਹੂ-ਡੋਲ੍ਹਵੀਂ ਲੜਾਈ ਪਿਛੋਂ ਕਿਲ੍ਹਾ ਫ਼ਤਹਿ ਹੋ ਗਿਆ। ਰਾਜਾ ਕਿਸ਼ਨ ਸਿੰਘ ਜਾਨ ਬਚਾ ਕੇ ਭੱਜ ਗਿਆ। ਏਸ ਲੜਾਈ ਵਿਚ ਮਹਾਰਾਜੇ ਦੇ ਜਰਨੈਲ ਫ਼ਤਹਿ ਸਿੰਘ ਕਾਲਿਆਂਵਾਲਾ, ਮੋਹਣ ਸਿੰਘ ਕੁਮੇਦਾਨ ਤੇ ਦੇਵਾ ਸਿੰਘ ਭੰਡਾਰੀ ਮਾਰੇ ਗਏ। ਇਹ ਸਾਰਾ ਇਲਾਕਾ ਸ. ਫ਼ਤਹਿ ਸਿੰਘ ਆਹਲੂਵਾਲੀਏ ਨੂੰ ਜਾਗੀਰ ਵਜੋਂ ਦਿੱਤਾ ਤੇ ਉਸ ਤੋਂ ਚਾਲੀ ਹਜ਼ਾਰ ਨਜ਼ਰਾਨਾ ਲਿਆ।[2] ਫਿਰ ਮੋਰੰਦਾ, ਬਹਿਲੋਲਪੁਰ ਆਦਿ ਫ਼ਤਹਿ ਕੀਤੇ ਗਏ।

**ਮਾਲਵੇ ਦੇ ਸਰਦਾਰਾਂ ਤੋਂ ਨਜ਼ਰਾਨੇ ਲਏ**

**ਨਾਰਾਇਣਗੜ੍ਹ ਫ਼ਤਹਿ**

ਇਸੇ ਸਮੇਂ ਸ. ਤਾਰਾ ਸਿੰਘ ਘੇਬਾ ਸੁਰਗਵਾਸ ਹੋ ਗਿਆ। ਮਹਾਰਾਜਾ ਖ਼ਬਰ ਸੁਣ ਕੇ ਰਾਹੋਂ ਜਾ ਪੁੱਜਾ। ਡੱਲੇਵਾਲੀ ਮਿਸਲ ਦੇ ਸਾਰੇ ਇਲਾਕੇ (ਰਾਹੋਂ, ਨਕੋਦਰ,

---

1. ਕਨਿੰਘਮ, ਪੰਨਾ ੧੩੫, ਲਤੀਫ਼, ਪੰਨਾ ੩੬੮
2. ਲਤੀਫ਼, ਪੰਨਾ ੩੬੯, ਮੈਕਗ੍ਰੇਗਰ, ਪੰਨਾ ੧੫੮



Sri Satguru Jagjit Singh Ji eLibrary NamdhariElibrary@gmail.com

**ਡੱਲੇਵਾਲੀ ਮਿਸਲ ਦੇ ਇਲਾਕੇ ਉੱਤੇ ਕਬਜ਼ਾ**

ਨੌਸ਼ਹਿਰਾ ਆਦਿ ਸੱਤ ਲੱਖ ਦੇ) ਤੇ ਫ਼ੌਜ ਮਹਾਰਾਜੇ ਨੇ ਆਪਣੇ ਕਬਜ਼ੇ ਕਰ ਲਏ। ਸ. ਤਾਰਾ ਸਿੰਘ ਦੇ ਵਾਰਸਾਂ ਦੇ ਗੁਜ਼ਾਰੇ ਵਾਸਤੇ ਜਾਗੀਰ ਦੇ ਦਿੱਤੀ।[1] ਇਹ ਸਾਰੀ ਮੁਹਿੰਮ ਸਫਲਤਾ ਨਾਲ ਫ਼ਤਹਿ ਕਰ ਕੇ ਦਸੰਬਰ, ੧੮੦੭ ਈਸਵੀ ਨੂੰ ਮਹਾਰਾਜਾ ਵਾਪਸ ਲਾਹੌਰ ਪੁੱਜਾ।

**ਮੁਹਕਮ ਚੰਦ**

ਏਸੇ ਸਮੇਂ ਦੀਵਾਨ ਮੁਹਕਮ ਚੰਦ ਮਹਾਰਾਜਾ ਦੀ ਸੇਵਾ ਵਿਚ ਹਾਜ਼ਰ ਹੋਇਆ। ਪਹਿਲਾਂ ਉਹ ਸ. ਦਲ ਸਿੰਘ ਅਕਾਲਗੜ੍ਹ ਦਾ ਦੀਵਾਨ ਹੁੰਦਾ ਸੀ। ਫਿਰ ਉਹ ੧੮੦੪ ਈਸਵੀ ਵਿਚ ਸ. ਸਾਹਿਬ ਸਿੰਘ ਗੁਜਰਾਤ ਦੀ ਫ਼ੌਜ ਦਾ ਅਫਸਰ ਆ ਬਣਿਆ। ੧੮੦੭ ਈਸਵੀ ਦੇ ਅਖ਼ੀਰ ਵਿਚ ਉਹ ਸ. ਸਾਹਿਬ ਸਿੰਘ ਗੁਜਰਾਤ ਦੀ ਨੌਕਰੀ ਛੱਡ ਕੇ ਮਹਾਰਾਜਾ ਦੀ ਨੌਕਰੀ ਵਿਚ ਆ ਗਿਆ। ਮਹਾਰਾਜਾ ਨੇ ਉਸ ਨੂੰ ਇਕ ਹਾਥੀ, ਇਕ ਘੋੜਾ ਤੇ ਇਕ ਹਜ਼ਾਰ ਅਸਵਾਰ ਦੀ ਸਰਦਾਰੀ ਬਖ਼ਸ਼ੀ। ਗੁਜ਼ਾਰੇ ਵਾਸਤੇ ਉਸ ਨੂੰ ਦੁਆਬਾ ਜਲੰਧਰ ਵਿਚ ਜਾਗੀਰ ਵੀ ਦਿੱਤੀ।

**ਪਹਾੜੀ ਰਾਜਿਆਂ ਤੋਂ ਨਜ਼ਰਾਨੇ**

ਜਨਵਰੀ, ੧੮੦੮ ਈਸਵੀ ਨੂੰ ਮਹਾਰਾਜਾ ਨੇ ਪਹਾੜੀ ਇਲਾਕੇ ਉੱਤੇ ਚੜ੍ਹਾਈ ਕਰ ਦਿੱਤੀ। ਦੀਵਾਨ ਮੁਹਕਮ ਚੰਦ ਵੀ ਮਹਾਰਾਜੇ ਦੇ ਨਾਲ ਸੀ। ਸਭ ਤੋਂ ਪਹਿਲਾਂ ਪਠਾਨਕੋਟ ਫ਼ਤਹਿ ਕਰ ਕੇ ਸ. ਜੈਮਲ ਸਿੰਘ ਤੋਂ ਚਾਲੀ ਹਜ਼ਾਰ ਨਜ਼ਰਾਨਾ ਲਿਆ। ਫਿਰ ਮਹਾਰਾਜਾ ਜਸਰੋਟਾ ਵੱਲ ਵਧਿਆ ਤਾਂ ਓਥੋਂ ਦਾ ਰਾਜਾ ਬਿਨਾਂ ਜੰਗ ਹੀ ਨਜ਼ਰਾਨਾ ਲੈ ਕੇ ਆ ਮਿਲਿਆ। ਉਹਨੇ ਸਿੱਖ ਰਾਜ ਦੀ ਈਨ ਮੰਨ ਲਈ। ਫਿਰ ਚੰਬਾ ਤੇ ਬਸੋਹਲੀ ਦੇ ਰਾਜਿਆਂ ਨੂੰ ਅਧੀਨਗੀ ਮਨਾ ਕੇ ਅੱਠ-ਅੱਠ ਹਜ਼ਾਰ ਨਜ਼ਰਾਨੇ ਲਏ।[2]

**ਸ਼ੇਖੂਪੁਰ ਫ਼ਤਹਿ, ਖੜਕ ਸਿੰਘ ਨੂੰ ਜਾਗੀਰ**

ਏਸੇ ਸਮੇਂ (ਜਨਵਰੀ, ੧੮੦੮ ਈਸਵੀ) ਮਹਾਰਾਜੇ ਨੇ ਸ਼ਹਿਜ਼ਾਦਾ ਖੜਕ ਸਿੰਘ ਦੇ ਮਾਤਹਿਤ ਸ. ਹਾਕਮ ਸਿੰਘ ਤੇ ਗ਼ੌਸ ਖਾਂ ਨੂੰ ਚਾਰ ਹਜ਼ਾਰ ਫ਼ੌਜ ਦੇ ਕੇ ਕਿਲ੍ਹਾ ਸ਼ੇਖ਼ੂਪੁਰਾ ਫ਼ਤਹਿ ਕਰਨ ਵਾਸਤੇ ਭੇਜਿਆ। ਭੰਗੀਆਂ ਦੀ ਤੋਪ ਨਾਲ ਕਿਲ੍ਹੇ ਦਾ ਬੂਹਾ ਤੋੜ ਕੇ ਸਿੱਖ ਫ਼ੌਜ ਨੇ ਕਿਲ੍ਹਾ ਫ਼ਤਹਿ ਕਰ ਲਿਆ। ਓਥੋਂ ਦੇ ਹਾਕਮ ਅਰਬਲ ਸਿੰਘ ਤੇ ਅਮੀਰ ਸਿੰਘ ਨੂੰ ਕੈਦ ਕਰ ਲਿਆ ਗਿਆ। ਸਾਰਾ

---

1. ਕੋਹਲੀ, ਪੰਨੇ ੧੧੨-੩
2. ਲਤੀਫ਼, ਪੰਨਾ ੩੭੦, ਕੋਹਲੀ, ਪੰਨੇ ੧੧੬-੫
3. ਮੈਕਗ੍ਰੇਗਰ, ਪੰਨਾ ੧੬੧, ਲਤੀਫ਼, ਪੰਨਾ ੩੭੧



Sri Satguru Jagjit Singh Ji eLibrary NamdhariElibrary@gmail.com

ਇਲਾਕਾ ਸਿੱਖ ਰਾਜ ਵਿਚ ਸ਼ਾਮਿਲ ਕਰ ਕੇ ਸ਼ਹਿਜ਼ਾਦਾ ਖੜਕ ਸਿੰਘ ਨੂੰ ਜਾਗੀਰ ਵਜੋਂ ਦਿੱਤਾ ਗਿਆ।[3]

**ਲਾਹੌਰ ਵਿਚ ਸ਼ਾਹੀ ਦਰਬਾਰ**

ਪਹਾੜੀ ਇਲਾਕੇ ਤੋਂ ਵਾਪਸ ਆ ਕੇ ਮਹਾਰਾਜੇ ਨੇ ਲਾਹੌਰ ਵਿਚ ਇਕ ਵੱਡਾ ਸ਼ਾਹੀ ਦਰਬਾਰ ਕੀਤਾ, ਜਿਸ ਵਿਚ ਆਪਣੇ ਅਧੀਨ ਸਾਰੇ ਇਲਾਕੇ ਦੇ ਸਰਦਾਰਾਂ, ਨਵਾਬਾਂ ਤੇ ਹੋਰ ਹਾਕਮਾਂ ਤੋਂ ਨਜ਼ਰਾਨੇ ਮੰਗੇ। ਬਾਕੀ ਸਾਰਿਆਂ ਨੇ ਹਾਜ਼ਰ ਹੋ ਕੇ ਨਜ਼ਰਾਨੇ ਤਾਰ ਦਿੱਤੇ ਤੇ ਸਿਰੋਪੇ ਹਾਸਲ ਕੀਤੇ, ਪਰ ਸ. ਜੀਵਨ ਸਿੰਘ ਸਿਆਲਕੋਟ ਤੇ ਸ. ਸਾਹਿਬ ਸਿੰਘ ਗੁਜਰਾਤ ਹਾਜ਼ਰ ਨਾ ਹੋਏ। ਦਰਬਾਰ ਤੋਂ ਵਿਹਲੇ ਹੋ ਕੇ ਮਹਾਰਾਜੇ ਨੇ

**ਸਿਆਲਕੋਟ 'ਤੇ ਚੜ੍ਹਾਈ**

ਸਿਆਲਕੋਟ ਉੱਤੇ ਚੜ੍ਹਾਈ ਕਰ ਦਿੱਤੀ। ਜੀਵਨ ਸਿੰਘ ਨੇ ਕਿਲ੍ਹੇ ਦੇ ਬੂਹੇ ਬੰਦ ਕਰ ਕੇ ਮਹਾਰਾਜੇ ਦੀਆਂ ਫ਼ੌਜਾਂ ਉੱਤੇ ਗੋਲੇ ਵਰਸਾਉਣੇ ਆਰੰਭ ਕਰ ਦਿੱਤੇ। ਸੱਤਵੇਂ ਦਿਨ ਸ਼ੇਰੇ-ਪੰਜਾਬ ਦੀਆਂ ਫ਼ੌਜਾਂ ਬੂਹੇ ਤੋੜ ਕੇ ਕਿਲ੍ਹੇ ਅੰਦਰ ਜਾ ਵੜੀਆਂ। ਜੀਵਨ ਸਿੰਘ ਨੂੰ ਕੈਦ[1] ਕਰ ਲਿਆ। ਉਸ ਦਾ ਸਾਰਾ ਇਲਾਕਾ ਜ਼ਬਤ ਕਰ ਲਿਆ ਤੇ ਕੁਝ ਦਿਨਾਂ ਪਿਛੋਂ ਉਸ ਨੂੰ ਜਾਗੀਰ ਦੇ ਦਿੱਤੀ।[2] ਸਿਆਲਕੋਟ ਦਾ ਪਹਿਲਾ ਹਾਕਮ ਸ. ਗੰਡਾ ਸਿੰਘ ਨੂੰ ਬਣਾਇਆ ਗਿਆ।[3] ਸਿਆਲਕੋਟ ਤੋਂ ਵਿਹਲਾ ਹੋ ਕੇ ਮਹਾਰਾਜਾ ਗੁਜਰਾਤ ਵੱਲ ਵਧਿਆ। ਓਥੋਂ ਦਾ ਭੰਗੀ ਸਰਦਾਰ ਸਾਹਿਬ ਸਿੰਘ ਸਿਆਲਕੋਟ ਦੀ ਲੜਾਈ ਦਾ

**ਗੁਜਰਾਤ ਤੋਂ ਨਜ਼ਰਾਨਾ**

ਹਾਲ ਸੁਣ ਕੇ ਹੀ ਡਰ ਗਿਆ ਸੀ। ਉਹ ਬਾਬਾ ਸਾਹਿਬ ਬੇਦੀ ਨੂੰ ਨਾਲ ਲੈ ਕੇ ਮਹਾਰਾਜੇ ਦੀ ਸ਼ਰਨ ਆ ਪਿਆ। ਉਹਨੇ ਪਿਛਲੀ ਭੁਲ ਦੀ ਮਾਫ਼ੀ ਮੰਗੀ, ਨਜ਼ਰਾਨਾ ਤਾਰਿਆ ਤੇ ਅੱਗੇ ਵਾਸਤੇ ਅਧੀਨ ਰਹਿਣ ਦਾ ਅਹਿਦਨਾਮਾ ਲਿਖ ਦਿੱਤਾ।

**ਅਖਨੂਰ ਤੋਂ ਨਜ਼ਰਾਨਾ**

ਮਹਾਰਾਜਾ ਵਾਪਸ ਮੁੜਦਾ ਹੋਇਆ ਰਾਹ ਵਿਚ ਅਖਨੂਰ ਦੇ ਹਾਕਮ ਆਲਮ ਖ਼ਾਂ ਤੋਂ ਨਜ਼ਰਾਨਾ ਲੈ ਕੇ ਲਾਹੌਰ ਆਇਆ।

**ਅੰਗਰੇਜ਼ਾਂ ਵੱਲੋਂ ਤੋਹਫ਼ੇ**

ਅਪ੍ਰੈਲ, ੧੮੦੮ ਈਸਵੀ ਵਿਚ ਅੰਗਰੇਜ਼ਾਂ ਦਾ ਵਕੀਲ ਮਹਾਰਾਜੇ ਵਾਸਤੇ ਤੋਹਫ਼ੇ ਲੈ ਕੇ ਲਾਹੌਰ ਆਇਆ। ਮਹਾਰਾਜੇ ਨੇ ਪੰਜ ਹਜ਼ਾਰ ਉਸ ਨੂੰ ਸਿਰੋਪਾ ਵਜੋਂ ਬਖ਼ਸ਼ਿਆ ਤੇ ਸਰਕਾਰ ਅੰਗਰੇਜ਼ੀ ਵਾਸਤੇ ਮੋੜਵੇਂ ਤੋਹਫ਼ੇ ਭੇਜੇ।[4]

---

1. ਲਤੀਫ਼, ਪੰਨਾ ੩੭੧
2. ਕੋਹਲੀ, ਪੰਨਾ, ੧੧੬
3. ਮੈਕਗ੍ਰੇਗਰ, ਪੰਨਾ ੧੬੦
4. ਲਤੀਫ਼, ਪੰਨਾ ੩੭੧



Sri Satguru Jagjit Singh Ji eLibrary NamdhariElibrary@gmail.com

ਏਸੇ ਸਾਲ ਮਹਾਰਾਜੇ ਨੇ ਇਮਾਮੁਦੀਨ (ਫ਼ਕੀਰ ਅਜ਼ੀਜ਼ੁੱਦੀਨ ਦੇ ਭਰਾ) ਦੀ ਨਿਗਰਾਨੀ ਵਿਚ ਅੰਮ੍ਰਿਤਸਰ ਦਾ ਕਿਲ੍ਹਾ ਗੋਬਿੰਦਗੜ੍ਹ ਦੁਬਾਰਾ ਬਣਵਾਇਆ। ਉਥੇ ਦੋ ਹਜ਼ਾਰ ਫ਼ੌਜ ਤੇ ਵੀਹ ਤੋਪਾਂ ਪੱਕੇ ਤੌਰ 'ਤੇ ਰੱਖੀਆਂ ਗਈਆਂ। ਬਾਬੂ ਬਾਜ ਸਿੰਘ ਤੇ ਸ. ਜੱਸਾ ਸਿੰਘ ਭੰਗੀ ਦੇ ਮਾਤਹਿਤ ਫ਼ੌਜ ਭੇਜ ਕੇ ਮੁਲਤਾਨ ਤੋਂ ਮਾਮਲਾ ਵਸੂਲ ਕੀਤਾ ਗਿਆ। ਦੀਵਾਨ ਮੋਹਕਮ ਚੰਦ ਨੂੰ ਦੁਆਬਾ ਜਲੰਧਰ ਵਿਚ ਉਗਰਾਹੀ ਵਾਸਤੇ ਭੇਜਿਆ ਗਿਆ, ਜਿਸ ਨੇ ਛੇ ਲੱਖ ਮਾਮਲਾ ਇਕੱਠਾ ਕੀਤਾ।

ਕਿਲ੍ਹਾ ਗੋਬਿੰਦਗੜ੍ਹ ਪੱਕਾ ਕੀਤਾ

ਮੁਲਤਾਨ ਤੋਂ ਮਾਮਲਾ ਲਿਆ

ਇਸੇ ਸਾਲ ਦੀਵਾਨ ਭਵਾਨੀ ਦਾਸ ਕਾਬਲ ਦਰਬਾਰ ਵਿਚੋਂ ਨੱਸ ਕੇ ਲਾਹੌਰ ਆ ਗਿਆ। ਉਹ ਕਾਬਲ ਸਰਕਾਰ ਦੇ ਪ੍ਰਸਿੱਧ ਦੀਵਾਨ ਠਾਕਰ ਦਾਸ ਦਾ ਪੁੱਤਰ ਸੀ। ਮਹਾਰਾਜੇ ਨੇ ਦੀਵਾਨ ਭਵਾਨੀ ਦਾਸ ਨੂੰ ਆਪਣਾ ਦੀਵਾਨ (ਵਜ਼ੀਰ ਮਾਲ) ਨੀਅਤ ਕੀਤਾ ਤੇ ਖ਼ਜ਼ਾਨੇ ਦਾ ਸਭ ਪ੍ਰਬੰਧ ਉਸ ਦੇ ਹਵਾਲੇ ਕਰ ਦਿੱਤਾ। ਇਸ ਤੋਂ ਪਹਿਲੇ ਮਹਾਰਾਜੇ ਦੇ ਆਮਦਨ ਖ਼ਰਚ ਦਾ ਹਿਸਾਬ ਅੰਮ੍ਰਿਤਸਰ ਦਾ ਸ਼ਾਹੂਕਾਰ ਰਾਮਾਨੰਦ ਰੱਖਿਆ ਕਰਦਾ ਸੀ। ਭਵਾਨੀ ਦਾਸ ਨੇ ਆਪਣੇ ਕੰਮ ਨੂੰ ਬੜੀ ਯੋਗਤਾ ਨਾਲ ਨਿਭਾਇਆ। ਉਹਨੇ ਮਾਲ ਤੇ ਫ਼ੌਜ ਦੇ ਹਿਸਾਬ ਵੱਖਰੇ ਵੱਖਰੇ ਕਰ ਦਿੱਤੇ ਤੇ ਸਰਕਾਰੀ ਖ਼ਜ਼ਾਨੇ ਦੀਆਂ ਸ਼ਾਖ਼ਾਂ ਥਾਂ-ਥਾਂ ਖੋਲ੍ਹ ਦਿੱਤੀਆਂ। ਏਸੇ ਸਾਲ ਮਹਾਰਾਜੇ ਨੇ ਕਰਮ ਚੰਦ ਨੂੰ ਸਰਕਾਰੀ ਮੋਹਰ ਲਾਉਣ ਵਾਲਾ ਵੱਡਾ ਅਫ਼ਸਰ ਨੀਯਤ ਕੀਤਾ।

ਭਵਾਨੀ ਦਾਸ

ਅਸਲ ਵਿਚ ਇਹ ਸਾਲ ਮਹਾਰਾਜੇ ਦੀ ਜ਼ਿੰਦਗੀ ਵਿਚ ਬੜੀ ਅਹਿਮੀਅਤ ਰੱਖਣ ਵਾਲਾ ਸੀ, ਕਿਉਂਕਿ ਏਸੇ ਸਾਲ, ਮਾਲਵੇ ਦੀਆਂ ਸਿੱਖ ਰਿਆਸਤਾਂ ਬਾਕੀ ਪੰਜਾਬ ਨਾਲੋਂ ਕੱਟ ਦਿੱਤੀਆਂ ਗਈਆਂ ਸਨ। ਮਾਲਵੇ ਦੇ ਰਾਜੇ ਸ਼ੇਰੇ-ਪੰਜਾਬ ਦੀਆਂ ਨਿੱਤ ਦੀਆਂ ਜਿੱਤਾਂ ਤੋਂ ਘਬਰਾ ਗਏ ਸਨ। ਉਹਨਾਂ ਦੇ ਅੰਦਰ ਏਸ ਗੱਲ ਦਾ ਭੈਅ ਪੈਦਾ ਹੋ ਗਿਆ ਸੀ ਕਿ ਇਕ ਦਿਨ ਮਹਾਰਾਜਾ ਰਣਜੀਤ ਸਿੰਘ ਉਹਨਾਂ ਦਾ ਇਲਾਕਾ ਵੀ ਫ਼ਤਹਿ ਕਰ ਲਵੇਗਾ ਤੇ ਉਹ ਸਮੂਲਚੋਂ ਤਬਾਹ ਹੋ ਜਾਣਗੇ। ਸੋ, ਮਾਲਵੇ ਦੇ ਬਹੁਤ ਸਾਰੇ ਰਾਜੇ ਤੇ ਨਵਾਬ ਸਮਾਣੇ ਵਿਚ ਇਕੱਠੇ ਹੋਏ। ਉਹਨਾਂ ਫ਼ੈਸਲਾ ਕੀਤਾ ਕਿ ਮਹਾਰਾਜਾ ਰਣਜੀਤ ਸਿੰਘ ਤੋਂ ਬਚਣ ਵਾਸਤੇ ਅੰਗਰੇਜ਼ਾਂ ਦੀ ਅਧੀਨਗੀ ਪਰਵਾਨ ਕਰ ਲਈ ਜਾਵੇ। ਅੰਗਰੇਜ਼ ੧੮੦੩ ਈਸਵੀ ਤੋਂ ਦਿੱਲੀ ਦਾ ਮਾਲਕ ਬਣ ਚੁੱਕਾ ਸੀ। ਰਾਜਾ ਭਾਗ ਸਿੰਘ ਜੀਂਦ, ਭਾਈ ਲਾਲ ਸਿੰਘ ਕੈਥਲ, ਪਟਿਆਲੇ ਦਾ ਵਕੀਲ ਸ. ਚੈਨ ਸਿੰਘ ਤੇ ਨਾਭੇ ਦਾ ਵਕੀਲ ਸੱਯਦ ਗ਼ੁਲਾਮ ਹੁਸੈਨ ਮਾਰਚ, ੧੮੦੮ ਈਸਵੀ ਨੂੰ ਦਿੱਲੀ ਪੁੱਜੇ। ਇਕ

ਮਾਲਵੇ ਦੇ ਰਾਜੇ



Sri Satguru Jagjit Singh Ji eLibrary NamdhariElibrary@gmail.com

ਮਾਲਵੇ ਦੇ ਰਾਜਿਆਂ ਦੀ ਅੰਗਰੇਜ਼ਾਂ ਕੋਲ ਅਰਜ਼ੀ

ਅਪ੍ਰੈਲ ਨੂੰ ਉਹਨਾਂ ਦਿੱਲੀ ਵਿਚ ਅੰਗਰੇਜ਼ ਰੈਜ਼ੀਡੈਂਟ ਕੋਲ ਅਰਜ਼ੀ ਭੇਜੀ, ਜਿਸ ਦਾ ਭਾਵ ਸੀ ਕਿ ਮਾਲਵੇ ਦੀਆਂ ਰਿਆਸਤਾਂ ਨੂੰ ਸਰਕਾਰ ਅੰਗਰੇਜ਼ੀ ਆਪਣੀ ਰਾਖੀ ਵਿਚ ਲੈ ਲਵੇ। ਉਸ ਵੇਲੇ ਸਰਕਾਰ ਅੰਗਰੇਜ਼ੀ ਨੇ ਇਹ ਅਰਜ਼ੀ ਪਰਵਾਨ ਨਾ ਕੀਤੀ[1], ਪਰ ਅਸਲੋਂ ਗੱਲਬਾਤ ਤੋੜੀ ਨਾ। ਜਦ ਇਹ ਖ਼ਬਰ ਮਹਾਰਾਜਾ ਰਣਜੀਤ ਸਿੰਘ ਨੂੰ ਮਿਲੀ ਤਾਂ ਉਹਨੇ ਮਾਲਵੇ ਦੇ ਸਾਰੇ ਸਰਦਾਰਾਂ ਤੇ ਰਾਜਿਆਂ ਨੂੰ ਅੰਮ੍ਰਿਤਸਰ

ਸ਼ੇਰੇ-ਪੰਜਾਬ ਨੇ ਰਾਜਿਆਂ ਨੂੰ ਭਰੋਸਾ ਦੁਆਇਆ

ਬੁਲਾ ਕੇ ਉਹਨਾਂ ਦੀ ਰਾਖੀ ਤੇ ਸਲਾਮਤੀ ਦਾ ਭਰੋਸਾ ਦੁਆਇਆ। ਉਹਨੇ ਹਰ ਤਰ੍ਹਾਂ ਤਸੱਲੀ ਕਰਾਉਣ ਦਾ ਯਤਨ ਕੀਤਾ ਤੇ ਰਾਜਾ ਸਾਹਿਬ ਸਿੰਘ ਪਟਿਆਲਾ ਨਾਲ ਪੱਗ ਵਟਾ ਕੇ ਧਰਮ ਦਾ ਭਰਾ ਹੋਣ ਦਾ ਐਲਾਨ ਕੀਤਾ, ਪਰ ਅਫ਼ਸੋਸ! ਮਾਲਵੇ ਦੇ ਸਿੱਖ ਰਾਜਿਆਂ ਦਾ ਸ਼ੇਰੇ-ਪੰਜਾਬ 'ਤੇ ਭਰੋਸਾ ਪੱਕਾ ਨਾ ਹੋਇਆ। ਜੇ ਕਦੇ ਉਹ ਸਿੱਖ, ਮਹਾਰਾਜੇ 'ਤੇ ਬੇ-ਭਰੋਸਗੀ ਕਰ ਕੇ ਅੰਗਰੇਜ਼ਾਂ ਦੀ ਅਧੀਨਗੀ ਪਰਵਾਨ ਨਾ ਕਰਦੇ, ਤਾਂ ਸਿੱਖਾਂ ਦਾ ਉਸ ਤੋਂ ਪਿਛੋਂ ਦਾ ਇਤਿਹਾਸ ਅੱਜ ਨਾਲੋਂ ਕੁਝ ਹੋਰ ਹੁੰਦਾ। ਕਈ ਸੱਜਣ ਕਹਿੰਦੇ ਹਨ ਕਿ ਜੇ ਉਹ ਅੰਗਰੇਜ਼ ਦੀ ਰਾਖੀ ਵਿਚ ਨਾ ਜਾਂਦੇ, ਤਾਂ ਸ਼ੇਰੇ-ਪੰਜਾਬ ਉਦੋਂ ਹੀ ਉਨ੍ਹਾਂ ਨੂੰ ਖ਼ਤਮ ਕਰ ਦਿੰਦਾ। ਸਾਡੀ ਰਾਏ ਇਸ ਦੇ ਉਲਟ ਹੈ। ਜੇ ਸ. ਫ਼ਤਹਿ ਸਿੰਘ ਆਹਲੂਵਾਲੀਆ (ਰਿਆਸਤ ਕਪੂਰਥਲੇ ਦਾ ਮਾਲਕ) ਮਹਾਰਾਜੇ 'ਤੇ ਭਰੋਸਾ ਕਰਕੇ ਕਾਇਮ ਰਹਿ ਸਕਦਾ ਹੈ (ਸਗੋਂ ਉਹਦੀ ਰਿਆਸਤ ਸ਼ੇਰੇ-ਪੰਜਾਬ ਦੀ ਕਿਰਪਾ ਨਾਲ ਵਧੰਦੀ ਹੀ ਗਈ), ਤਾਂ ਪਟਿਆਲੇ ਦਾ ਰਾਜ ਵੀ ਕਾਇਮ ਰਹਿ ਸਕਦਾ ਸੀ।

ਇਸੇ ਸਮੇਂ ਇਹ ਅਫ਼ਵਾਹ ਆਮ ਖਿਲਰ ਗਈ ਕਿ ਫ਼ਰਾਂਸ ਦਾ ਬਾਦਸ਼ਾਹ ਨੈਪੋਲੀਅਨ ਬੋਨਾਪਾਰਟ ਤੁਰਕੀ ਤੇ ਈਰਾਨ ਦੀ ਮਦਦ ਨਾਲ ਹਿੰਦੁਸਤਾਨ ਉੱਤੇ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਹੈ। ਵਲਾਇਤ ਤੋਂ ਇਹ ਖ਼ਬਰਾਂ ਸਰਕਾਰ ਹਿੰਦ ਨੂੰ ਪੁੱਜੀਆਂ, ਤਾਂ ਉਹਨੇ ਲਾਹੌਰ, ਅਫ਼ਗਾਨਿਸਤਾਨ, ਸਿੰਧ ਤੇ ਈਰਾਨ ਨਾਲ ਦੋਸਤੀ ਗੰਢਣ ਵਾਸਤੇ ਆਪਣੇ ਰਾਜਦੂਤ ਭੇਜੇ। ਸਰ ਜੌਹਨ ਮੈਲਕਮ ਨੂੰ ਈਰਾਨ, ਐਲ. ਫ਼ਿਨਸਟਨ ਨੂੰ ਕਾਬਲ ਤੇ ਮੈਟਕਾਫ਼ ਨੂੰ ਲਾਹੌਰ ਸ਼ੇਰੇ-ਪੰਜਾਬ ਕੋਲ ਭੇਜਿਆ।

ਮੈਟਕਾਫ਼

ਰਾਹ ਵਿਚ ੨੨ ਅਗਸਤ, ੧੮੦੮ ਈਸਵੀ ਨੂੰ ਮੈਟਕਾਫ਼ ਪਟਿਆਲੇ ਠਹਿਰਿਆ। ਰਾਜਾ ਸਾਹਿਬ ਸਿੰਘ ਪਟਿਆਲਾ ਨੇ ਉਸ ਦਾ ਬੜਾ ਆਦਰ ਕੀਤਾ ਤੇ ਕਿਲ੍ਹੇ ਦੀਆਂ ਚਾਬੀਆਂ ਉਸ ਦੇ ਹਵਾਲੇ ਕਰ ਦਿੱਤੀਆਂ। ਮੈਟਕਾਫ਼ ਨੇ ਚਾਬੀਆਂ ਮੋੜਦਿਆਂ ਉਸ ਨੂੰ ਭਰੋਸਾ ਦਿਵਾਇਆ ਕਿ ਅੰਗਰੇਜ਼ੀ ਸਰਕਾਰ ਉਸ ਦੀ ਰਾਖੀ ਕਰੇਗੀ।

1. ਲਤੀਫ਼, ਪੰਨਾ ੩੭੩, ਕਨਿੰਘਮ, ਪੰਨਾ ੧੩੬



Sri Satguru Jagjit Singh Ji eLibrary NamdhariElibrary@gmail.com

ਜਦ ਮੈਟਕਾਫ਼ ਕਸੂਰ ਆਇਆ, ਮਹਾਰਾਜਾ ਸਣੇ ਫ਼ੌਜ ਉਸ ਵੇਲੇ ਖੇਮਕਰਨ ਬੈਠਾ ਸੀ। ਉਸ ਨੇ ਦੀਵਾਨ ਮੁਹਕਮ ਚੰਦ ਤੇ ਸ. ਫ਼ਤਹਿ ਸਿੰਘ ਆਹਲੂਵਾਲੀਏ ਨੂੰ ਦੋ ਹਜ਼ਾਰ ਫ਼ੌਜ ਦੇ ਕੇ ਮੈਟਕਾਫ਼ ਦੇ ਸਵਾਗਤ ਵਾਸਤੇ ਭੇਜਿਆ। ਫ਼ਕੀਰ ਅਜ਼ੀਜ਼ੁੱਦੀਨ ਨੂੰ ਮੈਟਕਾਫ਼ ਦੀ ਪ੍ਰਾਹੁਣਾਚਾਰੀ ਦਾ ਭਾਰ ਸੌਂਪਿਆ ਗਿਆ। ੧੧ ਸਤੰਬਰ ੧੮੦੮ ਈਸਵੀ ਨੂੰ ਮੈਟਕਾਫ਼ ਦੀ ਮਹਾਰਾਜੇ ਨਾਲ ਪਹਿਲੀ ਮੁਲਾਕਾਤ ਖੇਮਕਰਨ ਵਿਚ ਹੋਈ। ਮੈਟਕਾਫ਼ ਨੇ ਗਵਰਨਰ ਜਨਰਲ ਵੱਲੋਂ ਇਕ ਅੰਗਰੇਜ਼ੀ ਗੱਡੀ, ਦੋ ਘੋੜੇ, ਤਿੰਨ ਹਾਥੀ ਸੁਨਹਿਰੀ ਹੋਦਿਆਂ ਵਾਲੇ, ਜ਼ੇਵਰ ਤੇ ਦੁਸ਼ਾਲੇ ਮਹਾਰਾਜੇ ਦੀ ਭੇਟਾ ਕੀਤੇ। ਅੱਗੋਂ ਮਹਾਰਾਜੇ ਨੇ ਮੈਟਕਾਫ਼ ਨੂੰ ਕੀਮਤੀ ਸਿਰੋਪਾ (ਖ਼ਿਲਅਤ) ਤੇ ਗਵਰਨਰ-ਜਨਰਲ ਵਾਸਤੇ ਇਕ ਹਾਥੀ, ਕੁਝ ਸੁਨਹਿਰੀ ਜ਼ੀਨ ਵਾਲੇ ਘੋੜੇ ਤੇ ਬਹੁਤ ਸਾਰੇ ਕੀਮਤੀ ਕੱਪੜੇ ਦਿੱਤੇ। ਮੈਟਕਾਫ਼ ਨੇ ਆਪਣੇ ਆਉਣ ਦਾ ਕਾਰਨ ਦੱਸਿਆ ਤੇ ਗਵਰਨਰ ਜਨਰਲ ਵੱਲੋਂ ਸੁਲ੍ਹਾ ਦੀਆਂ ਸ਼ਰਤਾਂ ਪੇਸ਼ ਕੀਤੀਆਂ।

੧. ਫਰਾਂਸ ਹਿੰਦ ਉੱਤੇ ਹਮਲਾ ਕਰੇ, ਤਾਂ ਮਹਾਰਾਜਾ ਅੰਗਰੇਜ਼ਾਂ ਦੀ ਮਦਦ ਕਰੇ।

੨. ਜੇ ਅੰਗਰੇਜ਼ਾਂ ਨੂੰ ਕਾਬਲ ਉੱਤੇ ਹਮਲਾ ਕਰਨ ਦੀ ਲੋੜ ਪਵੇ, ਤਾਂ ਮਹਾਰਾਜਾ ਆਪਣੇ ਇਲਾਕੇ ਵਿਚ ਦੀ ਅੰਗਰੇਜ਼ੀ ਫ਼ੌਜ ਨੂੰ ਲੰਘਣ ਦੀ ਆਗਿਆ ਦੇਵੇ।

੩. ਲਾਹੌਰ ਦਰਬਾਰ ਤੇ ਅੰਗਰੇਜ਼ੀ ਸਰਕਾਰ ਵਿਚ ਦੋਸਤੀ ਦੀ ਪੱਕੀ ਸੁਲ੍ਹਾ ਕੀਤੀ ਜਾਵੇ।

੪. ਸਤਲੁਜ ਤੋਂ ਚੜ੍ਹਦੇ ਪਾਸੇ ਦੀਆਂ ਰਿਆਸਤਾਂ ਸਰਕਾਰ ਅੰਗੇਰਜ਼ੀ ਦੀ ਰਾਖੀ ਵਿਚ ਸਮਝੀਆਂ ਜਾਣ।

ਮਹਾਰਾਜਾ ਤੀਜੀ ਸ਼ਰਤ ਤੋਂ ਬਿਨਾਂ ਹੋਰ ਕੋਈ ਵੀ ਸ਼ਰਤ ਮੰਨਣ ਨੂੰ ਤਿਆਰ ਨਾ ਹੋਇਆ। ਉਹਨੇ ਹੇਠ ਲਿਖੀਆਂ ਸ਼ਰਤਾਂ ਸੁਲ੍ਹਾ ਵਾਸਤੇ ਪੇਸ਼ ਕੀਤੀਆਂ :—

੧. ਲਾਹੌਰ ਦਰਬਾਰ ਤੇ ਸਰਕਾਰ ਅੰਗਰੇਜ਼ੀ ਵਿਚ ਸਦਾ ਵਾਸਤੇ ਪੱਕੀ ਦੋਸਤੀ ਰਹੇ।

੨. ਕਾਬਲ ਸਰਕਾਰ ਤੇ ਲਾਹੌਰ ਦਰਬਾਰ ਵਿਚ ਕੋਈ ਲੜਾਈ ਝਗੜਾ ਹੋਵੇ, ਤਾਂ ਸਰਕਾਰ ਅੰਗਰੇਜ਼ੀ ਉਸ ਵਿਚ ਦਖ਼ਲ ਨਾ ਦੇਵੇ।

੩. ਮ: ਰਣਜੀਤ ਸਿੰਘ ਨੂੰ ਸਿੱਖ ਕੌਮ ਦਾ ਬਾਦਸ਼ਾਹ ਮੰਨਿਆ ਜਾਵੇ ਤੇ ਸਾਰੀਆਂ ਸਿੱਖ ਰਿਆਸਤਾਂ ਉੱਤੇ ਉਹਦਾ ਰਾਜਸੀ ਅਧਿਕਾਰ ਪਰਵਾਨ ਕੀਤਾ ਜਾਵੇ।

ਮੈਟਕਾਫ਼ ਨੇ ਕਿਹਾ, "ਇਹ ਸ਼ਰਤਾਂ ਮੰਨਣ ਦਾ ਮੈਨੂੰ ਅਖ਼ਤਿਆਰ ਨਹੀਂ ਹੈ, ਪਰ ਮੈਂ ਇਹ ਸੁਲ੍ਹਾ ਦੇ ਦੋਵੇਂ ਮਸੌਦੇ ਗਵਰਨਰ-ਜਨਰਲ ਕੋਲ ਭੇਜ ਦਿੰਦਾ ਹਾਂ।"

ਮਹਾਰਾਜੇ ਨੇ ਫ਼ਕੀਰ ਅਜ਼ੀਜ਼ੁੱਦੀਨ ਨੂੰ ਮੈਟਕਾਫ਼ ਕੋਲ ਗੱਲਬਾਤ ਜਾਰੀ ਰੱਖਣ ਵਾਸਤੇ ਛੱਡਿਆ ਤੇ ਆਪ ਮਾਲਵੇ ਉੱਤੇ ਪੂਰਾ ਅਧਿਕਾਰ ਜਮਾਉਣ ਵਾਸਤੇ ਸਤਲੁਜੋਂ ਪਾਰ ਟੱਪ ਗਿਆ। ਮਹਾਰਾਜਾ ਪਿੰਡ 'ਖਾਈ' ਵਿਚ ਜਾ ਬੈਠਾ। ਰਾਜਾ ਭਾਗ ਸਿੰਘ ਜੀਂਦ, ਭਾਈ ਲਾਲ ਸਿੰਘ

ਮਾਲਵੇ ਦੀ ਤੀਜੀ ਮੁਹਿਮ



Sri Satguru Jagjit Singh Ji eLibrary NamdhariElibrary@gmail.com

ਕੈਥਲ, ਸ. ਗੁਰਦਿੱਤ ਸਿੰਘ ਲਾਡਵਾ ਤੇ ਰਾਜਾ ਜਸਵੰਤ ਸਿੰਘ ਨਾਭਾ ਸ਼ੇਰੇ-ਪੰਜਾਬ ਦੇ ਨਾਲ ਸਨ। ਫ਼ਕੀਰ ਅਜ਼ੀਜ਼ੁੱਦੀਨ ਤੇ ਮੈਟਕਾਫ਼ ਏਥੇ ਆ ਕੇ ਮਹਾਰਾਜੇ ਨੂੰ ਫੇਰ ਮਿਲੇ, ਪਰ ਏਸ ਮੁਲਾਕਾਤ ਦਾ ਕੋਈ ਵੀ ਚੰਗਾ ਅਸਰ ਨਾ ਨਿਕਲਿਆ। ਮਹਾਰਾਜੇ ਨੇ ਆਪਣੀ ਮੁਹਿੰਮ ਜਾਰੀ ਰੱਖੀ। ਫ਼ਿਰੋਜ਼ਪੁਰ ਦੇ ਹਾਕਮ ਤੋਂ ਨਜ਼ਰਾਨਾ ਵਸੂਲ ਕੀਤਾ ਗਿਆ। ਏਥੋਂ ਸ. ਕਰਮ ਸਿੰਘ ਚਾਹਲ ਨੂੰ ਫ਼ਰੀਦਕੋਟ ਫ਼ਤਹਿ ਕਰਨ ਵਾਸਤੇ ਭੇਜਿਆ ਗਿਆ। ਉਸ ਨੇ ਬਿਨਾਂ ਲੜਾਈ ਫ਼ਰੀਦਕੋਟ 'ਤੇ ਕਬਜ਼ਾ ਕਰ ਲਿਆ। ਫਿਰ ਮਹਾਰਾਜੇ ਨੇ ਨਵਾਬ ਅਤਾਉੱਲਾ ਖ਼ਾਂ ਮਲੇਰ ਕੋਟਲੇ ਨੂੰ ਘੇਰ ਕੇ ਇਕ ਲੱਖ ਨਜ਼ਰਾਨਾ ਲਿਆ। ਏਥੋਂ ਅਗੇ ਵੱਧ ਕੇ ਅੰਬਾਲੇ ਉੱਤੇ ਕਬਜ਼ਾ ਕੀਤਾ ਗਿਆ। ਇਲਾਕੇ ਵਿਚੋਂ ਕੁਝ ਹਿੱਸਾ ਨਾਭੇ ਨੂੰ ਤੇ ਕੁਝ ਕੈਥਲੀਏ ਨੂੰ ਦਿੱਤਾ ਗਿਆ। ਏਥੋਂ ਚੱਲ ਕੇ ਸ਼ਾਹਬਾਦ ਤੇ ਥਾਨੇਸਰ ਤੋਂ ਨਜ਼ਰਾਨੇ ਲਏ। ਸਾਨ੍ਹੇਵਾਲ, ਚਾਂਦਪੁਰ, ਝੰਡੇਰ, ਧਾਰੀ, ਬਹਿਰਾਮਪੁਰ, ਇਹ ਪੰਜਾਹ ਹਜ਼ਾਰ ਸਾਲਾਨਾ ਦਾ ਇਲਾਕਾ ਜਿੱਤ ਕੇ ਦੀਵਾਨ ਮੁਹਕਮ ਚੰਦ ਨੂੰ ਜਾਗੀਰ ਵਜੋਂ ਦਿੱਤਾ। ਰਹੀਮਾਬਾਦ, ਮਾਛੀਵਾੜਾ, ਖੰਨਾ, ਛਲੌਂਦੀ, ਆਦਿ ਕਈ ਇਲਾਕੇ ਫ਼ਤਹਿ ਕਰ ਕੇ ਸ. ਫ਼ਤਹਿ ਸਿੰਘ ਆਹਲੂਵਾਲੀਏ ਤੇ ਸ. ਕਰਮ ਸਿੰਘ ਨਾਗਲਾ ਨੂੰ ਜਾਗੀਰਾਂ ਦਿੱਤੀਆਂ। ੨੪ ਨਵੰਬਰ ਨੂੰ ਰਾਜਾ ਸਾਹਿਬ ਪਟਿਆਲੇ ਨੂੰ ਲਖਨੌਰ ਵਿਚ ਬੁਲਾ ਕੇ ਮਹਾਰਾਜੇ ਨੇ ਮੁਲਾਕਾਤ ਕੀਤੀ ਤੇ ਬਾਬਾ ਸਾਹਿਬ ਸਿੰਘ ਬੇਦੀ ਦੇ ਸਾਹਮਣੇ ਉਸ ਨੂੰ ਮਿੱਤਰਤਾ ਤੇ ਰਾਖੀ ਦਾ ਭਰੋਸਾ ਦੁਆਇਆ। ਦੋ ਦਸੰਬਰ, ੧੮੦੮ ਈਸਵੀ ਨੂੰ ਮਹਾਰਾਜਾ ਵਾਪਸ ਸਤਲੁਜੋਂ ਟਪਿਆ ਤੇ ੪ ਦਸੰਬਰ ਨੂੰ ਅੰਮ੍ਰਿਤਸਰ ਆ ਪੁੱਜਾ। ਏਥੇ ਮੈਟਕਾਫ਼ ਨਾਲ ਫੇਰ ਮੁਲਾਕਾਤ ਸ਼ੁਰੂ ਹੋ ਗਈ।[1]

ਏਸ ਸਮੇਂ ਤੱਕ ਯੂਰਪ ਦੇ ਹਾਲਾਤ ਬਿਲਕੁਲ ਬਦਲ ਚੁੱਕੇ ਸਨ। ਨੈਪੋਲੀਅਨ ਦੇ ਹਮਲੇ ਦਾ ਖ਼ਤਰਾ ਟਲ ਗਿਆ ਸੀ। ਇਸ ਵਾਸਤੇ ਸਰਕਾਰ ਹਿੰਦ ਦੇ ਅੰਗਰੇਜ਼ ਕਰਮਚਾਰੀ ਜ਼ਰਾ ਸਖ਼ਤ ਹੋ ਗਏ। ਉਹਨਾਂ ਪੱਕਾ ਇਰਾਦਾ ਕਰ ਲਿਆ ਕਿ ਮਾਲਵੇ ਦੀਆਂ ਰਿਆਸਤਾਂ ਨੂੰ ਅਧੀਨ ਕਰ ਲਿਆ ਜਾਵੇ। ਗਵਰਨਰ-ਜਨਰਲ ਦੇ ਹੁਕਮ ਨਾਲ ਕਰਨਲ ਡੇਵਡ ਆਕਟਰਲੋਨੀ ਅੰਗਰੇਜ਼ੀ ਫ਼ੌਜ ਲੈ ਕੇ ੧੬ ਜਨਵਰੀ, ੧੮੦੯ ਈਸਵੀ ਨੂੰ ਦਰਿਆ ਜਮਨਾ ਤੋਂ ਲਹਿੰਦੇ ਪਾਸੇ ਟੱਪ ਪਿਆ। ਬੂੜੀਆ ਦੇ ਘਾਟ ਤੋਂ ਟੱਪ ਕੇ ਉਹ ਅੰਬਾਲੇ ਤੱਕ ਆ ਪੁੱਜਾ। ਮਾਲਵੇ ਦੇ ਸਰਦਾਰਾਂ ਤੇ ਰਾਜਿਆਂ ਨੇ ਉਹਦਾ ਬੜੇ ਉਤਸ਼ਾਹ ਨਾਲ ਸਵਾਗਤ ਕੀਤਾ।

**ਅੰਗਰੇਜ਼ੀ ਫ਼ੌਜ ਮਾਲਵੇ ਵਿਚ**

ਇਹਨਾਂ ਹੀ ਦਿਨਾਂ ਵਿਚ ਮੁਹੱਰਮ ਦਾ ਘੋੜਾ ਕੱਢਣ ਸਮੇਂ ਅੰਮ੍ਰਿਤਸਰ ਵਿਚ ਮੈਟਕਾਫ਼ ਦੇ ਹਿੰਦੁਸਤਾਨੀ ਮੁਸਲਮਾਨ ਸਿਪਾਹੀਆਂ ਨਾਲ ਅਕਾਲੀ ਫੂਲਾ ਸਿੰਘ ਦੇ ਜੱਥੇ ਦੀ ਲੜਾਈ ਹੋ ਪਈ। ਖ਼ਬਰ ਮਿਲੀ ਤਾਂ ਮਹਾਰਾਜੇ ਨੇ ਆ ਕੇ ਆਪ ਅੱਖੀਂ ਵੇਖ ਕੇ

1. ਲਤੀਫ਼, ਪੰਨੇ ੩੭੩ ਤੋਂ ੩੭੭, ਕਨਿੰਘਮ, ਪੰਨੇ ੧੩੭-੮ ਗ੍ਰਿਫ਼ਨ, ਪੰਨੇ ੧੨੮ ਤੋਂ ੧੩੦, ਕੋਹਲੀ, ਪੰਨੇ ੧੨੮-੧੩੧



Sri Satguru Jagjit Singh Ji eLibrary NamdhariElibrary@gmail.com

ਮੈਟਕਾਫ਼ ਦੇ ਸਿਪਾਹੀਆਂ ਨਾਲ ਅਕਾਲੀਆਂ ਦੀ ਮੁੱਠਭੇੜ

ਲੜਾਈ ਬੰਦ ਕਰਾਈ।[1] ਹਿੰਦੁਸਤਾਨੀ ਕਵਾਇਦ-ਦਾਨ ਸਿਪਾਹੀਆਂ ਦਾ ਲੜਾਈ ਦਾ ਢੰਗ ਮਹਾਰਾਜੇ ਨੂੰ ਬੜਾ ਪਸੰਦ ਆਇਆ। ਉਹਨੇ ਦਿਲ ਵਿਚ ਪੱਕਾ ਫ਼ੈਸਲਾ ਕਰ ਲਿਆ ਕਿ ਅੰਗਰੇਜ਼ਾਂ ਨਾਲ ਲੜਨ ਤੋਂ ਪਹਿਲਾਂ ਖ਼ਾਲਸਾ ਫ਼ੌਜ ਨੂੰ ਪੂਰੀ ਤਰ੍ਹਾਂ ਕਵਾਇਦ-ਦਾਨ ਬਣਾਇਆ ਜਾਵੇਗਾ।

ਆਕਟਰਲੋਨੀ ਦਾ ਐਲਾਨ

ਮਾਲਵੇ ਦੇ ਰਾਜਿਆਂ ਨੂੰ ਆਪਣੇ ਹੱਕ ਵਿਚ ਵੇਖ ਕੇ ੯ ਫ਼ਰਵਰੀ, ੧੮੦੯ ਈਸਵੀ ਨੂੰ ਕਰਨਲ ਆਕਟਰਲੋਨੀ ਨੇ ਹੇਠ ਲਿਖੇ ਭਾਵ ਦਾ ਐਲਾਨ ਕਰ ਦਿੱਤਾ : "ਅੰਗਰੇਜ਼ ਫ਼ੌਜ ਮਹਾਰਾਜਾ ਰਣਜੀਤ ਸਿੰਘ ਦੀ ਹੱਦ ਦੇ ਨੇੜੇ ਆ ਪੁੱਜੀ ਹੈ। ਇਸ ਵਾਸਤੇ ਏਸ ਐਲਾਨ ਰਾਹੀਂ ਮਹਾਰਾਜੇ ਤੇ ਉਸ ਦੇ ਮਾਤਹਿਤਾਂ ਨੂੰ ਦੱਸਿਆ ਜਾਂਦਾ ਹੈ ਕਿ ਹੇਠ ਲਿਖੀਆਂ ਸ਼ਰਤਾਂ ਪਰਵਾਨ ਕਰ ਲੈਣ ਨਾਲ ਹੀ ਦੋਹਾਂ ਸਰਕਾਰਾਂ ਵਿਚ ਦੋਸਤੀ ਕਾਇਮ ਰਹਿ ਸਕਦੀ ਹੈ।

"ਖਰੜ, ਖ਼ਾਨਪੁਰ ਤੇ ਹੋਰ ਕਿਲ੍ਹੇ ਜੋ ਦਰਿਆ ਸਤਲੁਜ ਦੇ ਇਸ ਪਾਸੇ ਮਹਾਰਾਜੇ ਦੇ ਮਾਤਹਿਤਾਂ ਦੇ ਕਬਜ਼ੇ ਵਿਚ ਹਨ, ਖ਼ਾਲੀ ਕਰਕੇ ਉਹਨਾਂ ਥਾਵਾਂ ਦੇ ਪੁਰਾਣੇ ਮਾਲਕਾਂ ਦੇ ਹਵਾਲੇ ਕਰ ਦਿੱਤੇ ਜਾਣ।

"ਮਹਾਰਾਜੇ ਦੀ ਜਿੰਨੀ ਪੈਦਲ ਤੇ ਅਸਵਾਰ ਫ਼ੌਜ ਦਰਿਆਓਂ ਇਸ ਪਾਸੇ ਹੈ, ਸਭ ਪਰਲੇ ਪਾਸੇ ਮਹਾਰਾਜੇ ਦੇ ਇਲਾਕੇ ਵਿਚ ਚਲੀ ਜਾਵੇ।

"ਮਹਾਰਾਜੇ ਦੇ ਜਿਹੜੇ ਸਿਪਾਹੀ ਫ਼ਲੌਰ ਘਾਟ ਉੱਤੇ ਹਨ, ਉਹ ਪਰਲੇ ਪਾਸੇ ਚਲੇ ਜਾਣ। ਫੇਰ ਕਦੇ ਮਹਾਰਾਜੇ ਦੇ ਸਿਪਾਹੀ ਦਰਿਆਓਂ ਇਸ ਪਾਸੇ (ਮਾਲਵੇ ਦੇ) ਸਰਦਾਰਾਂ ਦੇ ਇਲਾਕੇ ਵਿਚ ਨਾ ਆਉਣ, ਕਿਉਂਕਿ ਸਰਕਾਰ ਅੰਗਰੇਜ਼ੀ ਨੇ ਇਨ੍ਹਾਂ ਸਰਦਾਰਾਂ ਨੂੰ ਆਪਣੀ ਰਾਖੀ ਵਿਚ ਲੈ ਲਿਆ ਹੈ। ਸਰਕਾਰ ਨੇ ਦਰਿਆ ਦੇ ਏਸ ਪਾਸੇ ਥਾਣਿਆਂ ਵਿਚ ਥੋੜ੍ਹੀ-ਥੋੜ੍ਹੀ ਫ਼ੌਜ ਰੱਖੀ ਹੈ। ਜੇ ਏਨੀ ਹੀ ਫ਼ੌਜ ਮਹਾਰਾਜਾ ਆਪਣੇ ਪਾਸੇ ਰੱਖੇ, ਤਾਂ ਸਰਕਾਰ ਨੂੰ ਕੋਈ ਇਤਰਾਜ਼ ਨਹੀਂ।

"ਜੇ ਮਹਾਰਾਜਾ ਇਹ ਸ਼ਰਤਾਂ ਮੰਨ ਲਵੇਗਾ, ਤਾਂ ਦੋਹਾਂ ਸਰਕਾਰਾਂ ਵਿਚ ਦੋਸਤੀ ਰਹਿ ਜਾਵੇਗੀ। ਜੇ ਇਹ ਸ਼ਰਤਾਂ ਨਾ ਮੰਨੀਆਂ ਤਾਂ ਸਮਝਿਆ ਜਾਵੇਗਾ ਕਿ ਮਹਾਰਾਜਾ ਦੁਸ਼ਮਣੀ ਉੱਤੇ ਤੁੱਲਿਆ ਹੋਇਆ ਹੈ। ਉਸ ਹਾਲਤ ਵਿਚ ਜੇਤੂ ਅੰਗਰੇਜ਼ੀ ਫ਼ੌਜ ਆਪਣੀ ਰਾਖੀ ਵਾਸਤੇ ਹਰ ਢੰਗ ਵਰਤਣ ਲਈ ਮਜਬੂਰ ਹੋ ਜਾਵੇਗੀ।

"ਇਸ ਐਲਾਨ ਦਾ ਭਾਵ ਇਹ ਹੈ ਕਿ ਮਹਾਰਾਜਾ, ਸਰਕਾਰ ਅੰਗਰੇਜ਼ੀ ਦੇ ਇਰਾਦੇ ਤੋਂ ਜਾਣੂ ਹੋ ਜਾਵੇ। ਸਰਕਾਰ ਨੂੰ ਆਸ ਹੈ ਕਿ ਮਹਾਰਾਜਾ ਇਹਨਾਂ ਸ਼ਰਤਾਂ ਉੱਤੇ ਚੰਗੀ ਤਰ੍ਹਾਂ ਵਿਚਾਰ ਕਰੇਗਾ, ਜੋ ਉਸ ਦੇ ਭਲੇ ਦੀਆਂ ਹਨ। ਇਸ ਤੋਂ ਇਹ

---

1. ਮੈਕਗ੍ਰੇਗਰ, ਪੰਨਾ ੧੬੨, ਲਤੀਫ਼, ਪੰਨਾ ੩੭੮



Sri Satguru Jagjit Singh Ji eLibrary NamdhariElibrary@gmail.com

ਗੱਲ ਵੀ ਪ੍ਰਗਟ ਹੈ ਕਿ ਸਰਕਾਰ ਅੰਗਰੇਜ਼ੀ—ਲੜਾਈ ਦੀ ਪੂਰੀ ਤਾਕਤ ਹੁੰਦਿਆਂ ਹੋਇਆਂ ਵੀ—ਦੋਸਤੀ ਦੀ ਚਾਹਵਾਨ ਹੈ।"[1]

**ਮਹਾਰਾਜਾ ਲੜਾਈ ਵਾਸਤੇ ਤਿਆਰ**

ਇਹ ਐਲਾਨ ਸੁਣ ਕੇ ਮਹਾਰਾਜਾ ਰਣਜੀਤ ਸਿੰਘ ਗ਼ੁੱਸੇ ਨਾਲ ਭਰ ਗਿਆ। ਉਹ ਲੜਾਈ ਵਾਸਤੇ ਤਿਆਰ ਹੋ ਪਿਆ। ਅੰਮ੍ਰਿਤਸਰ ਕਿਲ੍ਹਾ ਗੋਬਿੰਦਗੜ੍ਹ ਵਿਚ ਸਾਮਾਨ ਜੰਗ ਫ਼ੌਜ ਤੇ ਸਾਮਾਨ ਖ਼ੁਰਾਕ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਸਾਰੇ ਇਲਾਕਿਆਂ ਦੇ ਹਾਕਮਾਂ ਤੇ ਜਾਗੀਰਦਾਰਾਂ ਨੂੰ ਸਣੇ ਫ਼ੌਜ ਲਾਹੌਰ ਪੁੱਜਣ ਦੇ ਹੁਕਮ ਭੇਜ ਦਿੱਤੇ। ਦੀਵਾਨ ਮੁਹਕਮ ਚੰਦ ਨੂੰ ਕਾਂਗੜੇ ਤੋਂ ਬੁਲਾ ਕੇ ਫ਼ਲੌਰ ਨੀਯਤ ਕੀਤਾ ਗਿਆ। ਉਸ ਦੇ ਮਾਤਹਿਤ ਬਹੁਤ ਸਾਰੀ ਫ਼ੌਜ ਇਕੱਠੀ ਕਰ ਕੇ ਹਮਲਾ ਕਰਨ ਲਈ ਤਿਆਰ ਰਹਿਣ ਦਾ ਹੁਕਮ ਦੇ ਦਿੱਤਾ ਗਿਆ।

ਅਸਲ ਵਿਚ ਦੋਹਾਂ ਧਿਰਾਂ ਵਿਚੋਂ ਲੜਨਾ ਕੋਈ ਵੀ ਨਹੀਂ ਸੀ ਚਾਹੁੰਦਾ, ਕਿਉਂਕਿ ਕਿਸੇ ਵੀ ਇਕ ਧਿਰ ਨੂੰ ਆਪਣੀ ਤਾਕਤ ਉੱਤੇ ਭਰੋਸਾ ਨਹੀਂ ਸੀ ਕਿ ਉਹ ਦੂਜੀ ਧਿਰ ਨੂੰ ਪੂਰੀ ਤਰ੍ਹਾਂ ਜਿੱਤ ਕੇ ਅਮਨ ਕਾਇਮ ਕਰ ਸਕੇ। ਦੋਵੇਂ ਧਿਰਾਂ ਆਪਣੀ ਤਾਕਤ ਦਾ ਕੇਵਲ ਦਿਖਾਵਾ ਕਰਕੇ ਹੋਣ ਵਾਲੀ ਸੁਲ੍ਹਾ ਵਿਚ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੁੰਦੀਆਂ ਸਨ। ੧੮੦੩ ਈਸਵੀ ਵਿਚ ਅੰਗਰੇਜ਼ਾਂ ਨੇ ਦਿੱਲੀ ਉੱਤੇ ਕਬਜ਼ਾ ਕਰ ਕੇ ਆਪਣੀ ਪੱਛਮੀ ਹੱਦ ਦਰਿਆ ਜਮਨਾ ਬਣਾਈ ਸੀ। ਹੁਣ ਉਹ ਬਿਨਾਂ ਕਿਸੇ ਲੜਾਈ ਜਾਂ ਕੁਰਬਾਨੀ ਦੇ ਆਪਣੀ ਹੱਦ ਸਤਲੁਜ ਤੱਕ ਵਧਾ ਲਿਆਏ ਸਨ। ਉਹ ਚਾਹੁੰਦੇ ਸਨ ਕਿ ਮੁਫ਼ਤ ਹੱਥ ਲੱਗਾ ਇਲਾਕਾ ਕਿਵੇਂ ਨਾ ਕਿਵੇਂ ਉਹਨਾਂ ਦੇ ਕੋਲ ਰਹਿ ਜਾਵੇ। ਦੂਜੇ ਪਾਸੇ ਮਹਾਰਾਜਾ ਰਣਜੀਤ ਸਿੰਘ ਦੇ ਸਾਹਮਣੇ ਕਈ ਔਕੜਾਂ ਸਨ। ਉਹਦੀ ਬਾਦਸ਼ਾਹੀ ਤੇ ਤਾਕਤ ਅਜੇ ਅਸਲੋਂ ਸੱਜਰੀ ਸੀ। ਮਾਲਵੇ ਦੇ ਸਿੱਖ ਤੇ ਸਰਦਾਰ ਅੰਗਰੇਜ਼ ਨਾਲ ਜਾ ਮਿਲੇ ਸਨ। ਚੜ੍ਹਦੇ ਤੇ ਦੱਖਣ ਦੀਆਂ ਰਾਜਪੂਤ, ਜਾਟ ਜਾਂ ਮਰਹੱਟਾਂ ਤਾਕਤਾਂ ਤੋਂ ਮਦਦ ਦੀ ਕੋਈ ਆਸ ਨਹੀਂ ਸੀ। ਜਿਹੜੇ ਇਲਾਕੇ ਅਜੇ ਨਵੇਂ ਹੀ ਫ਼ਤਹਿ ਕੀਤੇ ਸਨ, ਲੜਾਈ ਵਿਚ ਉਹਨਾਂ ਦੇ ਵਫ਼ਾਦਾਰ ਰਹਿਣ ਉੱਤੇ ਪੂਰਾ ਭਰੋਸਾ ਨਹੀਂ ਸੀ। ਪੱਛਮ ਦੀਆਂ ਮੁਸਲਮਾਨ ਤਾਕਤਾਂ ਦਾ ਡਰ ਸੀ ਕਿ ਚੜ੍ਹਦੇ ਪਾਸੇ ਲੜਾਈ ਛਿੜ ਜਾਣ ਉੱਤੇ ਉਹ ਪਿਛਲੇ ਪਾਸਿਓਂ ਹਮਲਾ ਨਾ ਕਰ ਦੇਣ। ਇਹਨਾਂ ਕਾਰਨਾਂ ਕਰਕੇ ਮਹਾਰਾਜਾ ਸੁਲ੍ਹਾ ਵਾਸਤੇ ਤਿਆਰ ਹੋ ਗਿਆ। ਮੈਟਕਾਫ਼ ਤੇ ਮਹਾਰਾਜੇ ਦੇ ਪਹਿਲੇ ਮਸੌਦਿਆਂ ਵਿਚ ਕੁਝ ਘੱਟ ਵੱਧ ਕਰ ਕੇ ਇਕ ਵਿਚਕਾਰਲਾ ਰਾਹ ਕੱਢਿਆ ਗਿਆ। ਇਸ ਤਰ੍ਹਾਂ ਲਾਹੌਰ ਦਰਬਾਰ ਤੇ ਅੰਗਰੇਜ਼ੀ ਸਰਕਾਰ ਵਿਚ ੨੪ ਅਪ੍ਰੈਲ, ੧੮੦੯ ਈਸਵੀ ਨੂੰ ਸੁਲ੍ਹਾ ਹੋ ਗਈ, ਜਿਸ ਦੀਆਂ ਸ਼ਰਤਾਂ ਇਹ ਸਨ :—

**ਰਣਜੀਤ ਸਿੰਘ ਸੋਚਾਂ ਵਿਚ**

**੧੮੦੯ ਦੀ ਸੁਲ੍ਹਾ**

"ਸਰਕਾਰ ਅੰਗਰੇਜ਼ੀ ਤੇ ਲਾਹੌਰ ਦਰਬਾਰ ਵਿਚ ਜੋ ਝਗੜੇ ਪੈਦਾ ਹੋ ਗਏ ਸਨ,

1. ਕਨਿੰਘਮ, ਪੰਨਾ ੩੮੦



Sri Satguru Jagjit Singh Ji eLibrary NamdhariElibrary@gmail.com

ਉਹ ਦੋਹਾਂ ਧਿਰਾਂ ਦੀ ਇੱਛਿਆ ਅਨੁਸਾਰ ਨਜਿੱਠੇ ਗਏ ਹਨ। ਦੋਹਾਂ ਧਿਰਾਂ ਦੀ ਪ੍ਰਬਲ ਇੱਛਿਆ ਹੈ ਕਿ ਦੋਹਾਂ ਵਿਚ ਪੱਕੀ ਮਿੱਤਰਤਾ ਦੇ ਸੰਬੰਧ ਕਾਇਮ ਰਹਿਣ। ਇਸ ਵਾਸਤੇ ਇਹਨਾਂ ਸ਼ਰਤਾਂ ਦਾ ਅਹਿਦਨਾਮਾ ਲਿਖਿਆ ਜਾਂਦਾ ਹੈ। ਦੋਹਾਂ ਬਾਦਸ਼ਾਹੀਆਂ ਦੇ ਮਾਲਕਾਂ ਤੇ ਵਾਰਸਾਂ ਲਈ ਜ਼ਰੂਰੀ ਹੋਵੇਗਾ ਕਿ ਇਹਨਾਂ ਸ਼ਰਤ ਦੀ ਪਾਲਣਾ ਕਰਨ। ਲਾਹੌਰ ਦਰਬਾਰ ਵੱਲੋਂ ਮਹਾਰਾਜਾ ਰਣਜੀਤ ਸਿੰਘ ਆਪ ਤੇ ਅੰਗਰੇਜ਼ੀ ਸਰਕਾਰ ਵੱਲੋਂ ਉਸ ਦਾ ਰਾਜਦੂਤ ਮੈਟਕਾਫ਼ ਇਹ ਅਹਿਦਨਾਮਾ ਪਰਵਾਨ ਕਰਦੇ ਹਨ।

ਸ਼ਰਤਾਂ : ੧. ਅੰਗਰੇਜ਼ੀ ਸਰਕਾਰ ਤੇ ਲਾਹੌਰ ਦਰਬਾਰ ਵਿਚ ਸਦਾ ਮਿੱਤਰਤਾ ਰਹੇਗੀ। ਅੰਗਰੇਜ਼ੀ ਸਰਕਾਰ ਲਾਹੌਰ ਦਰਬਾਰ ਦੀ ਪੂਰੀ ਇੱਜ਼ਤ ਕਰੇਗੀ ਤੇ ਉਸ ਨੂੰ ਵੱਡੀਆਂ ਪਤਵੰਤੀਆਂ ਤਾਕਤਾਂ ਵਿਚ ਗਿਣੇਗੀ। ਮਹਾਰਾਜਾ ਰਣਜੀਤ ਸਿੰਘ ਦੇ ਦਰਿਆ ਸਤਲੁਜ ਦੇ ਸੱਜੇ ਹੱਥ (ਉੱਤਰ ਵੱਲ) ਦੇ ਇਲਾਕਿਆਂ ਤੇ ਪਰਜਾ ਨਾਲ ਸਰਕਾਰ ਅੰਗਰੇਜ਼ੀ ਕੋਈ ਸੰਬੰਧ (ਵਾਸਤਾ) ਨਹੀਂ ਰੱਖੇਗੀ।

੨. ਮਹਾਰਾਜਾ ਸਤਲੁਜ ਦੇ ਖੱਬੇ ਹੱਥ ਆਪਣੇ ਇਲਾਕਿਆਂ ਵਿਚ ਉਹਨਾਂ ਦੇ ਅੰਦਰਲੇ ਪ੍ਰਬੰਧ ਦੀ ਲੋੜ ਤੋਂ ਵੱਧ ਫ਼ੌਜ ਨਹੀਂ ਰੱਖੇਗਾ। ਨਾ ਹੀ ਮਹਾਰਾਜਾ ਇਸ ਪਾਸੇ ਦੇ ਸਰਦਾਰਾਂ ਨਾਲ ਜਾਂ ਉਹਨਾਂ ਦੇ ਇਲਾਕਿਆਂ ਨਾਲ ਕੋਈ ਵਾਸਤਾ ਰੱਖੇਗਾ।

੩. ਜੇ ਕੋਈ ਧਿਰ ਉਪਰਲੀਆਂ ਸ਼ਰਤਾਂ ਪੂਰੀਆਂ ਕਰਨ ਤੋਂ ਫਿਰ ਗਈ ਜਾਂ ਉਸ ਨੇ ਦੁਵੱਲੀ ਦੋਸਤੀ ਵਿਚ ਵਿਘਨ ਪਾਇਆ ਤਾਂ ਇਹ ਅਹਿਦਨਾਮਾ ਟੁੱਟ ਗਿਆ ਸਮਝਿਆ ਜਾਵੇਗਾ।

੪. ਇਹ ਚਾਰ ਸ਼ਰਤਾਂ ਵਾਲਾ ਅਹਿਦਨਾਮਾ ੨੫ ਅਪ੍ਰੈਲ, ੧੮੦੯ ਈਸਵੀ ਨੂੰ ਅੰਮ੍ਰਿਤਸਰ ਵਿਚ ਹੋਇਆ। ਮੈਟਕਾਫ਼ ਨੇ ਆਪਣੀ ਸਹੀ ਪਾ ਕੇ ਮੋਹਰ ਲਾ ਕੇ ਇਹ ਅਹਿਦਨਾਮੇ ਦੀ ਅੰਗਰੇਜ਼ੀ ਤੇ ਫ਼ਾਰਸੀ ਵਿਚ ਨਕਲ ਮਹਾਰਾਜੇ ਦੇ ਹਵਾਲੇ ਕੀਤੀ। ਮਹਾਰਾਜੇ ਨੇ ਏਸੇ ਤਰ੍ਹਾਂ ਦੀ ਇਕ ਹੋਰ ਨਕਲ ਆਪਣੀ ਸਹੀ ਪਾ ਕੇ[1] ਮੋਹਰ ਲਾ ਕੇ ਮੈਟਕਾਫ਼ ਨੂੰ ਦਿੱਤੀ। ਇਹ ਵੀ ਫ਼ੈਸਲਾ ਹੋਇਆ ਕਿ ਦੋ ਮਹੀਨੇ ਦੇ ਅੰਦਰ ਅੰਦਰ ਇਸ ਅਹਿਦਨਾਮੇ ਉੱਤੇ ਗਵਰਨਰ-ਜਨਰਲ ਦੀ ਸਹੀ ਪੁਆ ਕੇ ਮਹਾਰਾਜੇ ਦੇ ਹਵਾਲੇ ਕੀਤਾ ਜਾਵੇਗਾ।[2]

ਮਈ, ੧੮੦੯ ਈਸਵੀ ਨੂੰ ਗਵਰਨਰ ਜਨਰਲ ਲਾਰਡ ਮਿੰਟੋ ਨੇ ਇਸ ਅਹਿਦਨਾਮੇ ਉੱਤੇ ਸਹੀ ਪਾਈ ਤੇ ਮੋਹਰ ਲਾਈ।

੩ ਮਈ, ੧੮੦੮ ਈਸਵੀ ਨੂੰ ਸਰਕਾਰ ਅੰਗਰੇਜ਼ੀ ਵੱਲੋਂ ਇਕ ਇਸ਼ਤਿਹਾਰ

---

1. ਮਹਾਰਾਜਾ ਗੁਰਮੁਖੀ ਅੱਖਰਾਂ ਵਿਚ ਸਹੀ ਪਾਇਆ ਕਰਦਾ ਸੀ। ਉਹ ਏਨੀ ਹੀ ਗੁਰਮੁਖੀ ਪੜ੍ਹਿਆ ਹੋਇਆ ਸੀ, ਜਿਸ ਨਾਲ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਸਕੇ ਤੇ ਮਾਮੂਲੀ ਲਿਖ ਸਕੇ ਜਾਂ ਸਹੀ ਪਾ ਸਕੇ। ਵੇਖੋ ਇਸੇ ਪੁਸਤਕ ਦਾ ਪੰਨਾ ੩੨
2. ਕਨਿੰਘਮ, ਪੰਨਾ ੩੮੧



Sri Satguru Jagjit Singh Ji eLibrary NamdhariElibrary@gmail.com

ਕੱਢਿਆ ਗਿਆ, (ਮਾਲਵੇ ਤੇ ਸਰਹਿੰਦ ਦੇ ਸਰਦਾਰਾਂ ਦਾ ਇਕ ਦਰਬਾਰ ਕਰ ਕੇ ਪੜ੍ਹ ਕੇ ਸੁਣਾਇਆ ਗਿਆ), ਜਿਸ ਵਿਚ ਇਹ ਪ੍ਰਗਟ ਕੀਤਾ ਗਿਆ ਕਿ ਮਾਲਵੇ ਤੇ ਸਰਹਿੰਦ ਦੀਆਂ ਰਿਆਸਤਾਂ ਅੰਗਰੇਜ਼ੀ ਸਰਕਾਰ ਦੇ ਮਾਤਹਿਤ ਤੇ ਉਸ ਦੀ ਰਾਖੀ ਵਿਚ ਹਨ।

**ਮਾਲਵੇ ਦੀਆਂ ਰਿਆਸਤਾਂ ਦੀ ਰਾਖੀ ਦਾ ਐਲਾਨ**

ਲੁਧਿਆਣੇ ਵਿਚ ਅੰਗਰੇਜ਼ੀ ਸਰਕਾਰ ਨੇ ਆਪਣੀ ਛਾਉਣੀ ਪਾ ਲਈ। ਡੇਵਡ ਆਕਟਰਲੋਨੀ ਉਥੋਂ ਦਾ ਫ਼ੌਜੀ ਅਫ਼ਸਰ ਨੀਯਤ ਹੋਇਆ। ਆਕਟਰਲੋਨੀ ਕੋਲ ਬਖ਼ਸ਼ੀ ਨੰਦ ਸਿੰਘ ਭੰਡਾਰੀ ਬਟਾਲਵੀ ਮਹਾਰਾਜੇ ਵੱਲੋਂ ਰਾਜਦੂਤ ਥਾਪਿਆ ਗਿਆ। ਅੰਗਰੇਜ਼ੀ ਸਰਕਾਰ ਵੱਲੋਂ ਖ਼ੁਸ਼ਵਕਤ ਰਾਏ ਨੂੰ ਲਾਹੌਰ ਦਰਬਾਰ ਵਿਚ ਖ਼ਬਰਨਵੀਸ ਮੁਕੱਰਰ ਕੀਤਾ ਗਿਆ।

**ਲੁਧਿਆਣੇ ਵਿਚ ਅੰਗੇਰਜ਼ੀ ਛਾਉਣੀ**

ਇਸ ਅਹਿਦਨਾਮੇ ਦੇ ਅਸਰ ਨਾਲ ਸਤਲੁਜ ਤੋਂ ਖੱਬੇ ਪਾਸੇ ਨਾਲ ਮਹਾਰਾਜੇ ਦਾ ਕੋਈ ਵਾਸਤਾ ਨਾ ਰਿਹਾ ਤੇ ਉਹਦੀ ਰੀਝ ਕਿ ਸਾਰੇ ਸਿੱਖਾਂ ਦੀ ਇਕ ਤਾਕਤਵਰ ਬਾਦਸ਼ਾਹੀ ਕਾਇਮ ਕਰੇ, ਸਦਾ ਵਾਸਤੇ ਅਰਮਾਨ ਬਣ ਕੇ ਰਹਿ ਗਈ, ਪਰ ਸਤਲੁਜ ਦੇ ਸੱਜੇ ਪਾਸੇ (ਕਾਂਗੜੇ ਤੋਂ ਲੈ ਕੇ ਮੁਲਤਾਨ ਤੋਂ ਪਰੇ ਤੱਕ, ਦੇਹਰਾਜਾਤ, ਅਟਕ, ਪੇਸ਼ਾਵਰ ਤੇ ਕਸ਼ਮੀਰ ਆਦਿ) ਦੇ ਸਾਰੇ ਇਲਾਕਿਆਂ ਦਾ ਉਹ ਕਾਨੂੰਨੀ ਤੌਰ 'ਤੇ ਬਾਦਸ਼ਾਹ ਮੰਨ ਲਿਆ ਗਿਆ। ਏਧਰ ਦੀਆਂ ਅੱਧ-ਸੁਤੰਤਰ ਤਾਕਤਾਂ ਨਾਲ ਸਰਕਾਰ ਅੰਗਰੇਜ਼ੀ ਦਾ ਕੋਈ ਵਾਸਤਾ ਨਹੀਂ ਸੀ ਰਹਿ ਗਿਆ। ਜੇ ਕਦੇ ਮਹਾਰਾਜੇ ਤੇ ਅਫ਼ਗਾਨਿਸਤਾਨ ਵਿਚ ਕੋਈ ਝਗੜਾ ਹੋ ਪਵੇ ਤਾਂ ਅੰਗਰੇਜ਼ ਉਸ ਵਿਚ ਦਖ਼ਲ ਨਹੀਂ ਸਨ ਦੇ ਸਕਦੇ। ਇਉਂ ਸਮਝੋ ਕਿ ਹੁਣ ਉੱਤਰ-ਪੱਛਮ ਵੱਲ ਆਪਣੀਆਂ ਹੱਦਾਂ ਵਧਾਉਣ ਲਈ ਮਹਾਰਾਜਾ ਅੰਗਰੇਜ਼ਾਂ ਵੱਲੋਂ ਬੇਫ਼ਿਕਰ ਹੋ ਗਿਆ। ਇਸ ਅਹਿਦਨਾਮੇ ਨੇ 'ਸਿੱਖ ਰਾਜ' ਤੇ ਸ਼ੇਰੇ-ਪੰਜਾਬ ਦੇ ਜੀਵਨ ਵਿਚ ਨਵਾਂ ਕਾਂਡ ਸ਼ੁਰੂ ਕਰ ਦਿੱਤਾ।



Sri Satguru Jagjit Singh Ji eLibrary NamdhariElibrary@gmail.com

# ਚੌਥਾ ਕਾਂਡ

ਅੰਗਰੇਜ਼ਾਂ ਨਾਲ ਸੁਲ੍ਹਾ ਹੋ ਜਾਣ 'ਤੇ ਕੁਝ ਸਮੇਂ ਵਾਸਤੇ ਸ਼ੇਰੇ-ਪੰਜਾਬ ਚੜ੍ਹਦੇ ਵੱਲੋਂ ਬੇਫ਼ਿਕਰ ਹੋ ਗਿਆ। ਫ਼ਲੌਰ ਦਾ ਕਿਲ੍ਹਾ ਪੱਕਾ ਕਰ ਕੇ ਦੀਵਾਨ ਮੁਹਕਮ ਚੰਦ ਨੂੰ ਉਥੋਂ ਦਾ ਕਿਲ੍ਹੇਦਾਰ ਨੀਯਤ ਕੀਤਾ। ਹੁਣ ਬਾਕੀ ਪੰਜਾਬ ਉੱਤੇ ਪੂਰਨ ਰਾਜ ਕਾਇਮ ਕਰਨ ਦਾ ਮਨ ਬਣਾ ਲਿਆ।

ਨੇਪਾਲੀ ਜਰਨੈਲ ਅਮਰ ਸਿੰਘ ਥਾਪਾ ਕਿਲ੍ਹੇ ਕਾਂਗੜ ਨੂੰ ਘੇਰੀ ਬੈਠਾ ਸੀ। ਰਾਜਾ ਸੰਸਾਰ ਚੰਦ ਬੁਰੀ ਤਰ੍ਹਾਂ ਉਸ ਦੇ ਘੇਰੇ ਵਿਚ ਫਸਿਆ ਹੋਇਆ ਸੀ। ਉਹਨੇ ਆਪਣੇ ਛੋਟੇ ਭਰਾ ਫ਼ਤਹਿ ਚੰਦ ਨੂੰ ਮਹਾਰਾਜੇ ਕੋਲ ਮਦਦ ਵਾਸਤੇ ਭੇਜਿਆ। ਇਸ ਸਹਾਇਤਾ ਬਦਲੇ ਸੰਸਾਰ ਚੰਦ ਨੇ ਕਾਂਗੜੇ ਦਾ ਕਿਲ੍ਹਾ ਦੇਣਾ ਮੰਨਿਆ। ਮਹਾਰਾਜਾ ਰਣਜੀਤ ਸਿੰਘ, ਮਾਈ ਸਦਾ ਕੌਰ ਨੂੰ ਨਾਲ ਲੈ ਕੇ ੨੮ ਮਈ ਨੂੰ ਪਠਾਨਕੋਟ ਜਾ ਪੁੱਜਾ। ਇਥੋਂ ਭਾਰੀ ਫ਼ੌਜ ਇਕੱਠੀ ਕਰ ਕੇ ਮਹਾਰਾਜਾ ਜਵਾਲਾਮੁਖੀ ਰਾਹੀਂ ਕਾਂਗੜੇ ਜਾ ਪੁੱਜਾ। ਰਾਹ ਵਿਚ ਸੰਸਾਰ ਚੰਦ ਦਾ ਲੜਕਾ—ਅਨਰੋਧ ਚੰਦ—ਮਹਾਰਾਜੇ ਦੇ ਸਵਾਗਤ ਵਾਸਤੇ ਅੱਗੋਂ ਜਾ ਮਿਲਿਆ। ਗੋਰਖੇ ਤੇ ਸਿੱਖ ਕਾਂਗੜੇ ਦੇ ਕਿਲ੍ਹੇ ਸਾਹਮਣੇ ਦੋਹੀਂ ਪਾਸੀਂ ਮੋਰਚੇ ਮੱਲ ਬੈਠੇ। ਮਹਾਰਾਜੇ ਨੇ ਗੋਰਖਿਆਂ ਦਾ ਟਾਕਰਾ ਕਰਨ ਵਾਸਤੇ ਸੰਸਾਰ ਚੰਦ ਤੋਂ ਕਿਲ੍ਹਾ ਕਾਂਗੜੇ ਦਾ ਕਬਜ਼ਾ ਮੰਗਿਆ। ਸੰਸਾਰ ਚੰਦ ਬਚਨ ਤੋਂ ਡੋਲ ਗਿਆ ਸੀ। ਉਹ ਕਿਲ੍ਹਾ ਦੇਣ ਤੋਂ ਟਾਲ ਮਟੋਲ ਕਰਨ ਲੱਗਾ। ਮਹਾਰਾਜੇ ਨੇ ਉਸ ਦਾ ਲੜਕਾ ਅਨਰੋਧ ਚੰਦ ਕੈਦ ਕਰ ਲਿਆ। ਕੁਝ ਛੋਟੀਆਂ-ਮੋਟੀਆਂ ਲੜਾਈਆਂ ਪਿਛੋਂ ੨੪ ਅਗਸਤ, ੧੮੦੯ ਈਸਵੀ ਨੂੰ ਮਹਾਰਾਜੇ ਨੇ ਚੁਫੇਰਿਉਂ ਹੱਲਾ ਕਰ ਕੇ ਕਿਲ੍ਹਾ ਕਾਂਗੜੇ 'ਤੇ ਕਬਜ਼ਾ ਕਰ ਲਿਆ। ਇਸ ਲੜਾਈ ਵਿਚ ਗੋਰਖਿਆਂ ਦਾ ਬੜਾ ਨੁਕਸਾਨ ਹੋਇਆ। ਇਥੋਂ ਨੱਸ ਕੇ ਉਹ ਕਿਲ੍ਹਾ ਮਲਾਕਰਾ ਵਿਚ ਜਾ ਲੁਕੇ। ਸਿੱਖ ਫ਼ੌਜਾਂ ਉਥੇ ਜਾ ਧਾਵਾ ਬੋਲਿਆ। ਹਾਰ ਤੇ ਹਾਰ ਖਾਂਦੇ ਗੋਰਖੇ ਅੰਤ ਸਤਲੁਜੋਂ ਪਾਰ ਹੋ ਗਏ।[1] ਏਸ ਜਿੱਤ ਨਾਲ ਸਾਰੇ ਪਹਾੜੀ ਰਾਜੇ ਸ਼ੇਰੇ-ਪੰਜਾਬ ਦੇ ਅਧੀਨ ਹੋ ਗਏ।

**ਸੰਸਾਰ ਚੰਦ ਦੀ ਮਦਦ**

**ਕਿਲ੍ਹਾ ਕਾਂਗੜੇ 'ਤੇ ਕਬਜ਼ਾ**

ਇਸ ਲੜਾਈ ਸਮੇਂ ਗੋਰਖੇ ਜਰਨੈਲ ਨੇ ਅੰਗਰੇਜ਼ੀ ਜਰਨੈਲ ਆਕਟਰ ਲੋਨੀ ਤੋਂ ਮਦਦ ਮੰਗੀ। ਮਗਰਲੇ ਨੇ ਗਵਰਨਰ ਜਨਰਲ ਤੋਂ ਪੁੱਛਿਆ ਤਾਂ ਉਹਨੇ ਸ਼ੇਰੇ-ਪੰਜਾਬ

1. ਲਤੀਫ਼, ਪੰਨੇ ੩੮੧-੨, ਮੈਕਗ੍ਰੇਗਰ, ਪੰਨੇ ੧੬੪-੫, ਕਨਿੰਘਮ, ਪੰਨੇ ੧੪੬-੭, ਕੋਹਲੀ, ਪੰਨੇ ੧੪੫-੬



Sri Satguru Jagjit Singh Ji eLibrary NamdhariElibrary@gmail.com

ਦੇ ਵਿਰੁੱਧ ਮਦਦ ਦੇਣੋਂ ਨਾਂਹ ਕਰ ਦਿੱਤੀ।[1]

੨੪ ਸਤੰਬਰ, ੧੮੦੯ ਈਸਵੀ ਨੂੰ ਮਹਾਰਾਜੇ ਨੇ ਕਾਂਗੜੇ ਦੇ ਕਿਲ੍ਹੇ ਵਿਚ ਸ਼ਾਹੀ ਦਰਬਾਰ ਕੀਤਾ। ਸਾਰੇ ਪਹਾੜੀ ਰਾਜਿਆਂ ਨੂੰ ਹੁਕਮ ਹੋਇਆ ਕਿ ਉਹ ਸਿੱਖ ਰਾਜ ਦੀ ਈਨ ਮੰਨ ਕੇ ਨਜ਼ਰਾਨੇ ਤਾਰਨ ਵਾਸਤੇ ਹਾਜ਼ਰ ਹੋਣ। ਕਾਂਗੜਾ, ਚੰਬਾ, ਨੂਰਪੁਰ, ਕੋਟਲਾ, ਸ਼ਾਹਪੁਰ, ਜਸਰੋਟਾ, ਬਸੋਹਲੀ, ਮਾਨ-ਕੋਟ, ਜੱਸਵਾਂ, ਸੀਬਾ, ਗੋਲੇਰ, ਮੰਡੀ, ਸੁਕੇਤ, ਕੁੱਲੂ, ਦਾਤਾਰਪੁਰ ਆਦਿ ਪਹਾੜੀ ਰਿਆਸਤਾਂ ਦੇ ਰਾਜਿਆਂ ਨੇ ਦਰਬਾਰ ਵਿਚ ਹਾਜ਼ਰ ਹੋ ਕੇ ਨਜ਼ਰਾਨੇ ਤਾਰੇ ਤੇ ਖ਼ੁਸ਼ੀ ਨਾਲ ਮਹਾਰਾਜੇ ਦੀ ਅਧੀਨਗੀ ਮੰਨੀ। ਸ. ਦੇਸਾ ਸਿੰਘ ਮਜੀਠੀਏ ਨੂੰ ਇਸ ਇਲਾਕੇ ਦਾ ਗਵਰਨਰ ਬਣਾਇਆ। ਕਿਲ੍ਹਾ ਕਾਂਗੜੇ ਵਿਚ ਖ਼ਾਲਸਾ ਫ਼ੌਜ ਨੀਯਤ ਕੀਤੀ ਗਈ।[2] ਦੀਵਾਨ ਮੁਹੱਕਮ ਚੰਦ ਨੂੰ ਫਿਰ ਕਿਲ੍ਹਾ ਫ਼ਲੌਰ ਵਿਚ ਭੇਜ ਦਿੱਤਾ ਗਿਆ।

**ਪਹਾੜੀ ਰਾਜਿਆਂ ਤੋਂ ਨਜ਼ਰਾਨਾ**

ਕਰੋੜਾਸਿੰਘੀਆ ਮਿਸਲ ਦਾ ਸ. ਬਘੇਲ ਸਿੰਘ ਸੁਰਗਵਾਸ ਹੋ ਗਿਆ ਸੀ। ਕਾਂਗੜੇ ਤੋਂ ਮੁੜਦਿਆਂ ਹੋਇਆਂ ਮਹਾਰਾਜੇ ਨੇ ਉਸ ਦਾ ਇਲਾਕਾ ਹਰਿਆਣਾ (ਦੁਆਬਾ ਜਲੰਧਰ ਵਿਚ) ਜ਼ਬਤ ਕਰ ਲਿਆ ਤੇ ਉਸ ਦੀ ਵਿਧਵਾ ਸਰਦਾਰਨੀ ਨੂੰ ਗੁਜ਼ਾਰੇ ਵਾਸਤੇ ਜਾਗੀਰ ਦੇ ਦਿੱਤੀ। ਸ. ਭੂਪ ਸਿੰਘ ਸਿੰਘਪੁਰੀਏ ਦੇ ਵਿਰੁੱਧ ਬਹੁਤ ਸਾਰੀਆਂ ਸ਼ਿਕਾਇਤਾਂ ਪੁੱਜ ਚੁੱਕੀਆਂ ਸਨ। ਉਹ ਇਲਾਕਾ ਜ਼ਬਤ ਕਰ ਕੇ ਉਸ ਨੂੰ ਨਜ਼ਰਬੰਦ ਕਰ ਕੇ ਨਾਲ ਲੈ ਆਂਦਾ। ਵੀਹ ਜਿੱਤਾਂ ਪ੍ਰਾਪਤ ਕਰਕੇ ਮਹਾਰਾਜਾ ਵਾਪਸ ਅੰਮ੍ਰਿਤਸਰ ਪੁੱਜਾ ਤਾਂ ਲਾਹੌਰ ਤੇ ਅੰਮ੍ਰਿਤਸਰ ਸ਼ਹਿਰਾਂ ਵਿਚ ਦੀਪਮਾਲਾ ਕੀਤੀ ਗਈ। ਮਹਾਰਾਜੇ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ ਤੇ ਚੜ੍ਹਾਵਾ ਚੜ੍ਹਾ ਕੇ ਸਿੱਖੀ ਸ਼ਰਧਾ ਦਾ ਸਬੂਤ ਦਿੱਤਾ।

**ਹਰਿਆਣੇ ਤੇ ਕਬਜ਼ਾ**

**ਭੂਪ ਸਿੰਘ ਦਾ ਇਲਾਕਾ ਜ਼ਬਤ**

ਇਸੇ ਸਾਲ ਮਹਾਰਾਜੇ ਨੇ ਆਪਣੀ ਫ਼ੌਜ ਨੂੰ ਅੰਗਰੇਜ਼ੀ ਢੰਗ ਦੀ ਕਵਾਇਦ ਸਿਖਾਉਣ ਦਾ ਅੱਗੇ ਨਾਲੋਂ ਚੰਗਾ ਪ੍ਰਬੰਧ ਕਰ ਦਿੱਤਾ। ਇਸ ਕੰਮ ਵਾਸਤੇ ਅੰਗਰੇਜ਼ੀ ਫ਼ੌਜ ਵਿਚੋਂ ਹਟ ਕੇ ਆਏ ਯੋਗ ਅਫ਼ਸਰਾਂ ਨੂੰ ਵਧੇਰੀਆਂ ਤਨਖ਼ਾਹਾਂ ਦੇਣੀਆਂ ਕਰ ਕੇ ਰੱਖ ਲਿਆ।[3]

**ਅੰਗਰੇਜ਼ੀ ਢੰਗ ਦੀ ਕਵਾਇਦ ਸਿਖਾਉਣੀ**

ਇਹ ਅਸੀਂ ਉਪਰ ਲਿਖ ਆਏ ਹਾਂ ਕਿ ਮਹਾਰਾਜੇ ਨੇ ਸਤਲੁਜ ਤੋਂ ਸੱਜੇ ਹੱਥਲੇ ਸਾਰੇ ਪੰਜਾਬ ਉੱਤੇ ਪੱਕੀ ਤਰ੍ਹਾਂ ਰਾਜ ਸਥਾਪਿਤ ਕਰਨ ਦਾ ਇਰਾਦਾ ਕਰ ਲਿਆ ਸੀ। ਕਾਂਗੜੇ ਤੋਂ ਆਉਂਦਿਆਂ ਹੀ ਉਹਨੇ ਪੱਛਮ ਉੱਤਰ ਵੱਲ ਚੜ੍ਹਾਈ ਕਰ

1. ਕਨਿੰਘਮ, ਪੰਨਾ ੧੪
2. ਲਤੀਫ਼, ਪੰਨਾ ੩੮੨
3. ਲਤੀਫ਼, ਪੰਨਾ ੮੩



Sri Satguru Jagjit Singh Ji eLibrary NamdhariElibrary@gmail.com

ਦਿੱਤੀ। ਵਜ਼ੀਰਾਬਾਦ ਦਾ ਸ. ਜੋਧ ਸਿੰਘ ਚਲਾਣਾ ਕਰ ਗਿਆ ਸੀ। ਜਨਵਰੀ, ੧੮੧੦ ਈਸਵੀ[1] ਨੂੰ ਮਹਾਰਾਜਾ ਵਜ਼ੀਰਾਬਾਦ ਜਾ ਪੁੱਜਾ। ਸ. ਜੋਧ ਸਿੰਘ ਦੇ ਪੁੱਤਰ ਗੰਡਾ ਸਿੰਘ ਨੇ ਮਹਾਰਾਜੇ ਦੀ ਅਧੀਨਗੀ ਪ੍ਰਵਾਨ ਕਰ ਕੇ ਇਕ ਲੱਖ ਨਜ਼ਰਾਨਾ ਤਾਰਿਆ। ਮਹਾਰਾਜੇ ਨੇ ਉਸ ਦਾ ਬੜਾ ਆਦਰ ਕੀਤਾ, ਕੀਮਤੀ ਸਿਰੋਪਾ ਬਖ਼ਸ਼ਿਆ ਤੇ ਉਸ ਦੇ ਪਿਤਾ ਦੀ ਥਾਂ ਉਸ ਨੂੰ ਸਰਦਾਰ ਬਣਾ ਦਿੱਤਾ।

**ਵਜ਼ੀਰਾਬਾਦ ਤੋਂ ਨਜ਼ਰਾਨਾ**

ਸਰਕਾਰ ਸਾਹਿਬ ਸਿੰਘ ਭੰਗੀ ਹਾਕਮ ਗੁਜਰਾਤ ਭਾਵੇਂ ਕਈ ਵਾਰ ਨਜ਼ਰਾਨਾ ਤਾਰ ਚੁੱਕਾ ਸੀ, ਪਰ ਅਮਲੀ ਤੌਰ 'ਤੇ ਉਹ ਆਪਣੇ ਇਲਾਕੇ ਵਿਚ ਖ਼ੁਦਮੁਖ਼ਤਿਆਰ ਹੀ ਬਣਿਆ ਬੈਠਾ ਸੀ। ਉਹਦਾ ਆਪਣੇ ਲੜਕੇ ਗੁਲਾਬ ਸਿੰਘ ਨਾਲ ਝਗੜਾ ਹੋ ਪਿਆ। ਸਮਾਂ ਤਾੜ ਕੇ ਮਹਾਰਾਜਾ ਝਨਾਂ ਟੱਪ ਕੇ ਉਹਦੇ ਇਲਾਕੇ ਉੱਤੇ ਜਾ ਪਿਆ। ਸ. ਸਾਹਿਬ ਸਿੰਘ ਬਿਨਾਂ ਟਾਕਰਾ ਕੀਤੇ ਹੀ ਡਰਦਾ ਪਹਾੜਾਂ ਨੂੰ ਨੱਸ ਗਿਆ। ਮਹਾਰਾਜੇ ਦਾ ਸਾਹਿਬ ਸਿੰਘ ਦੇ ਸਾਰੇ ਇਲਾਕੇ ਉੱਤੇ ਕਬਜ਼ਾ ਹੋ ਗਿਆ। ਗੁਜਰਾਤ, ਜਲਾਲਪੁਰ, ਇਸਲਾਮਗੜ੍ਹ ਆਦਿ ਕਿਲ੍ਹੇ ਮਹਾਰਾਜੇ ਦੇ ਹੱਥ ਆ ਗਏ। ਗੁਜਰਾਤ ਦਾ ਗਵਰਨਰ ਫ਼ਕੀਰ ਨੂਰੁੱਦੀਨ (ਫ਼ਕੀਰ ਅਜ਼ੀਜ਼ੁੱਦੀਨ ਦੇ ਭਰਾ) ਨੂੰ ਬਣਾਇਆ ਗਿਆ।[2]

**ਗੁਜਰਾਤ ਉੱਤੇ ਕਬਜ਼ਾ**

ਇਥੋਂ ਅੱਗੇ ਵੱਧ ਕੇ ਮਹਾਰਾਜੇ ਨੇ ਖ਼ੁਸ਼ਾਬ ਉੱਤੇ ਧਾਵਾ ਬੋਲ ਦਿੱਤਾ। ਉਥੋਂ ਦਾ ਹਾਕਮ ਜਾਅਫ਼ਰ ਖ਼ਾਂ ਬਲੋਚ ਖ਼ੁਸ਼ਾਬ ਛੱਡ ਕੇ ਕਿਲ੍ਹਾ ਕੱਛ ਵਿਚ ਜਾ ਆਕੀ ਹੋਇਆ। ਮਹਾਰਾਜੇ ਨੇ ਕਿਲ੍ਹਾ ਕੱਛ ਨੂੰ ਜਾ ਘੇਰਾ ਪਾਇਆ। ਕਈ ਦਿਨਾਂ ਦੀ ਲੜਾਈ ਪਿਛੋਂ ਜਾਅਫ਼ਰ ਖ਼ਾਂ ਨੇ ਈਨ ਮੰਨ ਕੇ ਕਿਲ੍ਹਾ ਖ਼ਾਲੀ ਕਰ ਦਿੱਤਾ। ਉਸ ਨੂੰ ਗੁਜ਼ਾਰੇ ਜੋਗੀ ਜਾਗੀਰ ਦੇ ਕੇ ਮਹਾਰਾਜੇ ਨੇ ਖ਼ੁਸ਼ਾਬ ਵਿਚ ਰਹਿਣ ਦੀ ਆਗਿਆ ਦੇ ਦਿੱਤੀ।[3]

**ਖ਼ੁਸ਼ਾਬ ਉੱਤੇ ਧਾਵਾ**

ਸਾਹੀਵਾਲ ਦੇ ਹਾਕਮ ਫ਼ਤਹਿ ਖ਼ਾਂ ਬਲੋਚ ਨੇ ਕਈ ਸਾਲ ਤੋਂ ਖ਼ਰਾਜ ਨਹੀਂ ਤਾਰਿਆ ਸੀ। ਮਹਾਰਾਜਾ ਉਸ ਵੱਲ ਵਧਿਆ, ਤਾਂ ਉਹ ਅੱਗੋਂ ਟਾਕਰੇ ਲਈ ਤਿਆਰ ਹੋ ਪਿਆ। ਬੜੀ ਸਖ਼ਤ ਲੜਾਈ ਪਿਛੋਂ ੧੦ ਫ਼ਰਵਰੀ, ੧੮੧੦ ਈਸਵੀ ਨੂੰ ਸਾਹੀਵਾਲ ਫ਼ਤਹਿ ਹੋ ਗਿਆ। ਫ਼ਤਹਿ ਖ਼ਾਂ ਕੈਦ ਕਰ ਕੇ ਕਿਲ੍ਹਾ ਕਾਂਗੜੇ ਵਿਚ ਭੇਜ ਦਿੱਤਾ

**ਸਾਹੀਵਾਲ ਉੱਤੇ ਕਬਜ਼ਾ**

---

1. ਮੈਕਗ੍ਰੇਗਰ, ਪੰਨਾ ੧੬੬
2. ਮੈਕਗ੍ਰੇਗਰ, ਪੰਨਾ ੧੬੬, ਲਤੀਫ਼, ਪੰਨਾ ੩੮੩, ਗੰਡਾ ਸਿੰਘ (ਰਣਜੀਤ ਸਿੰਘ) ਪੰਨਾ ੧੮
3. ਕੋਹਲੀ, ਪੰਨੇ ੧੫੦-੧



Sri Satguru Jagjit Singh Ji eLibrary NamdhariElibrary@gmail.com

**ਉੱਚ ਦੇ ਸੱਯਦਾਂ ਤੋਂ ਨਜ਼ਰਾਨਾ**

ਗਿਆ। ਉਹਦਾ ਇਲਾਕਾ ਜ਼ਬਤ ਕਰ ਲਿਆ। ਲਗਦੇ ਹੱਥ ਇਲਾਕਾ ਉੱਚ ਦੇ ਸੱਯਦਾਂ ਤੋਂ ਵੀ ਨਜ਼ਰਾਨੇ ਲਏ। ਇਹ ਘਟਨਾਵਾਂ ਫ਼ਰਵਰੀ, ੧੮੧੦ ਈਸਵੀ ਦੀਆਂ ਹਨ।

ਮਹਾਂਰਾਜਾ ਖ਼ੁਸ਼ਾਬ ਵਿਚ ਹੀ ਸੀ, ਜਾਂ ਖ਼ਬਰ ਮਿਲੀ ਕਿ ਸ਼ਾਹ ਸ਼ੁਜਾਹ ਕਾਬਲ ਦਾ ਬਾਦਸ਼ਾਹ ਉਸ ਤੋਂ ਮਦਦ ਲੈਣ ਵਾਸਤੇ ਆ ਰਿਹਾ ਹੈ।

**ਕਾਬਲ ਦੀ ਖ਼ਾਨਾ-ਜੰਗੀ**

ਅਫ਼ਗਾਨਿਸਤਾਨ ਵਿਚ ਕਈ ਸਾਲ ਤੋਂ ਖ਼ਾਨਾਜੰਗੀ ਦਾ ਬਾਜ਼ਾਰ ਗਰਮ ਸੀ। ਸ਼ਾਹ ਜ਼ਮਾਨ ਨੂੰ ਉਸ ਦੇ ਭਰਾ ਸ਼ਾਹ ਮਹਿਮੂਦ ਨੇ ਤਖ਼ਤੋਂ ਲਾਹ ਕੇ ਅੰਨ੍ਹਾ ਕਰ ਦਿੱਤਾ ਸੀ। ਉਹਨਾਂ ਨੇ ਤੀਜੇ ਭਰਾ ਸ਼ਾਹ ਸ਼ੁਜਾਹ (ਸ਼ੁਜਾਉਲਮੁਲਕ) ਨੇ ਸ਼ਾਹ ਮਹਿਮੂਦ ਨੂੰ ਤਖ਼ਤੋਂ ਉਤਾਰ ਕੇ ਕੈਦ ਕਰ ਲਿਆ ਸੀ। ਫ਼ਤਹਿ ਖ਼ਾਂ ਬਾਕਰਜ਼ਈ ਨੇ ਸ਼ਾਹ ਸ਼ੁਜਾਹ ਨੂੰ ਤਖ਼ਤੋਂ

**ਸ਼ੁਜਾਹ ਨਾਲ ਮੁਲਾਕਾਤ**

ਉਤਾਰ ਦਿੱਤਾ ਤੇ ਸ਼ਾਹ ਮਹਿਮੂਦ ਨੂੰ ਕੈਦ ਵਿਚੋਂ ਕੱਢ ਕੇ ਤਖ਼ਤ 'ਤੇ ਬਿਠਾਇਆ। ਸ਼ਾਹ ਸ਼ੁਜਾਹ ਜਾਨ ਬਚਾ ਕੇ ਪੰਜਾਬ ਵੱਲ ਨੱਸ ਆਇਆ। ਉਹ ਫ਼ਰਵਰੀ ੧੮੧੦ ਈਸਵੀ ਨੂੰ ਖ਼ੁਸ਼ਾਬ ਵਿਚ

**ਸ਼ੁਜਾਹ ਨੇ ਪਿਸ਼ਾਵਰ ਮੱਲ ਲਿਆ**

ਮਹਾਰਾਜੇ ਨੂੰ ਮਿਲਿਆ। ਮਹਾਰਾਜੇ ਨੇ ਉਸ ਦੀ ਬੜੀ ਇੱਜ਼ਤ ਕੀਤੀ। ੧੨੫੦ ਰੁਪਏ ਉਸ ਨੂੰ ਰੋਟੀ ਵਾਸਤੇ ਦਿੱਤੇ ਗਏ। ਇਥੋਂ ਉਹ ਰਾਵਲਪਿੰਡੀ ਸ਼ਾਹ ਜ਼ਮਾਨ ਨੂੰ ਜਾ ਮਿਲਿਆ। ਫਿਰ ਥੋੜ੍ਹੀ

**ਮੁਲਤਾਨ ਉੱਤੇ ਚੌਥਾ ਹਮਲਾ**

ਬਹੁਤ ਫੌਜ ਇਕੱਠੀ ਕਰ ਕੇ ਉਹਨੇ ੨੦ ਮਾਰਚ ਨੂੰ ਪਿਸ਼ਾਵਰ ਮੱਲ ਲਿਆ। ਖ਼ੁਸ਼ਾਬ ਵਿਚ ਭਾਰੀ ਫ਼ੌਜ ਇਕੱਠੀ ਕਰ ਕੇ ਮਹਾਰਾਜੇ ਨੇ ਚੌਥੀ ਵਾਰ ਮੁਲਤਾਨ 'ਤੇ ਚੜ੍ਹਾਈ ਕੀਤੀ। ਰਾਹ ਵਿਚ ਲੋਹੀਆਂ ਤੇ ਭੱਕਰ ਦੇ ਹਾਕਮ ਮੁਹੰਮਦ ਖ਼ਾਂ ਤੋਂ ਇਕ ਲੱਖ ੨੦ ਹਜ਼ਾਰ ਨਜ਼ਰਾਨਾ ਲਿਆ।[1] ਨਵਾਬ ਬਹਾਵਲਪੁਰ ਸਾਦਕ ਮੁਹੰਮਦ ਖ਼ਾਂ ਨੇ ਇਕ ਲੱਖ ਨਜ਼ਰਾਨਾ ਤੇ ਪੰਜ ਸੌ ਅਸਵਾਰ ਮਹਾਰਾਜੇ ਦੀ ਸੇਵਾ ਵਿਚ ਭੇਜੇ। ੨੪ ਫ਼ਰਵਰੀ, ੧੮੧੦ ਈਸਵੀ ਨੂੰ ਖ਼ਾਲਸਾ ਫ਼ੌਜ ਮੁਲਤਾਨ ਜਾ ਪੁੱਜੀ। ਇਸ ਵਾਰ ਨਵਾਬ ਮੁਲਤਾਨ ਮੁਜ਼ੱਫ਼ਰ ਖ਼ਾਂ ਟਾਕਰੇ ਲਈ ਪੂਰੀ ਤਿਆਰੀ ਕਰੀ ਬੈਠਾ ਸੀ। ਜਦ ਉਸ ਤੋਂ ਪਿਛਲਾ ਖ਼ਰਾਜ ਮੰਗਿਆ ਗਿਆ ਤਾਂ ਉਹ ਅੱਗੋਂ ਲੜਾਈ ਲਈ ਤਿਆਰ ਹੋ ਗਿਆ। ਸ. ਨਿਹਾਲ ਸਿੰਘ ਅਟਾਰੀ, ਸ. ਅਤਰ ਸਿੰਘ ਧਾਰੀ, ਸ. ਹਰੀ ਸਿੰਘ ਨਲਵਾ ਆਦਿ ਨੇ ੨੫ ਫ਼ਰਵਰੀ ਨੂੰ ਧਾਵਾ ਬੋਲ ਦਿੱਤਾ। ਸਾਰਾ ਦਿਨ ਬੜੀ ਕਹਿਰ ਦੀ ਲੜਾਈ ਹੋਈ।

**ਸ਼ਹਿਰ ਉੱਤੇ ਕਬਜ਼ਾ**

ਮਹਾਰਾਜਾ ਆਪ ਘੋੜੇ 'ਤੇ ਅਸਵਾਰ ਹੋ ਕੇ ਸਾਰਾ ਦਿਨ ਲੜਾਈ ਵਿਚ ਫਿਰਦਾ ਆਪਣੀ ਫ਼ੌਜ ਦਾ ਹੌਸਲਾ ਵਧਾਉਂਦਾ ਰਿਹਾ। ਅੰਤ ਸ਼ਾਮ ਹੁੰਦਿਆਂ ਸੈਂਕੜੇ ਜੁਆਨਾਂ ਦੀ ਬਲੀ ਦੇ ਕੇ ਸਿੱਖਾਂ ਨੇ

1. ਲਤੀਫ਼, ਪੰਨਾ ੩੮੬



Sri Satguru Jagjit Singh Ji eLibrary NamdhariElibrary@gmail.com

ਸ਼ਹਿਰ ਉੱਤੇ ਕਬਜ਼ਾ ਕਰ ਲਿਆ। ਪਠਾਣ ਪਿੜ ਵਿਚੋਂ ਹਾਰ ਕੇ ਕਿਲ੍ਹੇ ਵਿਚ ਜਾ ਬੰਦ ਹੋਏ। ਅਗਲੇ ਦਿਨ ਤੋਂ ਖ਼ਾਲਸਾ ਫ਼ੌਜ ਨੇ ਕਿਲ੍ਹੇ ਨੂੰ ਘੇਰਾ ਪਾ ਕੇ ਗੋਲੇ ਵਰਸਾਉਣੇ ਸ਼ੁਰੂ ਕਰ ਦਿੱਤੇ। ਇਸ ਘੇਰੇ ਸਮੇਂ ਨਵਾਬ ਮੁਜ਼ੱਫ਼ਰ ਖ਼ਾਂ ਨੇ ਅੰਗਰੇਜ਼ਾਂ ਤੋਂ ਮਹਾਰਾਜੇ ਦੇ ਵਿਰੁੱਧ ਮਦਦ ਮੰਗੀ ਤੇ ਬੇਨਤੀ ਕੀਤੀ ਕਿ ਮੁਲਤਾਨ ਨੂੰ ਅੰਗਰੇਜ਼ ਆਪਣੀ ਰਾਖੀ ਵਿਚ ਲੈ ਲੈਣ, ਪਰ ਅੰਗਰੇਜ਼ੀ ਸਰਕਾਰ ਨੇ ਇਸ ਕੰਮ ਤੋਂ ਨਾਂਹ ਕਰ ਦਿੱਤੀ।[1] ਓਧਰ ਸਿੱਖਾਂ ਨੇ ਭੰਗੀਆਂ ਵਾਲੀ ਤੋਪ ਮੰਗਾ ਕੇ ਕਿਲ੍ਹੇ ਦੀਆਂ ਕੰਧਾਂ ਹਿਲਾਉਣੀਆਂ ਸ਼ੁਰੂ ਕਰ ਦਿੱਤੀਆਂ। ੧ ਤੋਂ ੨੫ ਮਾਰਚ ਤੱਕ ਬੜੀ ਸਖ਼ਤ ਲੜਾਈ ਹੁੰਦੀ ਰਹੀ। ਅੰਤ ਸੁਰੰਗਾਂ ਵਿਚ ਬਰੂਦ ਦੱਬ ਕੇ ਕਿਲ੍ਹਾ ਉਡਾਉਣ ਦੀ ਗੋਂਦ ਗੁੰਦੀ ਗਈ।

**ਕਿਲ੍ਹੇ ਉੱਤੇ ਧਾਵਾ**

ਚੜ੍ਹੇ ਅਪ੍ਰੈਲ ਇਕ ਦਿਨ ਸੁਰੰਗਾਂ ਦੇ ਬਰੂਦ ਨੂੰ ਅੱਗ ਦੇ ਕੇ ਕਈ ਥਾਵਾਂ ਤੋਂ ਕਿਲ੍ਹੇ ਦੀ ਕੰਧ ਉਡਾ ਦਿੱਤੀ ਗਈ। ਕੰਧ ਦੇ ਪੱਥਰ ਵੱਜਣ ਨਾਲ ਧਾਵਾ ਬੋਲਣ ਲਈ ਨੇੜੇ ਖੜੇ ਬਹੁਤ ਸਾਰੇ ਸਿੱਖ ਸਰਦਾਰ ਤੇ ਸਿਪਾਹੀ ਜ਼ਖ਼ਮੀ ਹੋ ਗਏ। ਸ. ਅਤਰ ਸਿੰਘ ਧਾਰੀ ਨੂੰ ਤਾਂ ਏਨੀਆਂ ਸੱਟਾਂ ਲੱਗੀਆਂ ਕਿ ਉਹ ਉਸੇ ਵੇਲੇ ਅਕਾਲ ਚਲਾਣਾ ਕਰ ਗਿਆ। ਸ. ਨਿਹਾਲ ਸਿੰਘ ਅਟਾਰੀ ਤੇ ਸ. ਹਰੀ ਸਿੰਘ ਨਲਵਾ ਡਾਢੇ ਫੱਟੜ ਹੋਏ, ਪਰ ਜਾਨੋਂ ਬਚ ਗਏ। ਇਹ ਵੇਖ ਕੇ ਸਿੰਘਾਂ ਨੂੰ ਏਨਾ ਜੋਸ਼ ਆਇਆ ਕਿ ਉਹ ਜਾਨ ਦੀ ਪਰਵਾਹ ਨਾ ਕਰਦੇ ਹੋਏ, ਤਲਵਾਰਾਂ ਧੂਹ ਕੇ ਕਿਲ੍ਹੇ ਵਿਚ ਜਾ ਵੜੇ। ਵਿਹੰਦਿਆਂ-ਵਿਹੰਦਿਆਂ ਲੋਥਾਂ ਦੇ ਢੇਰ ਲੱਗ ਗਏ। ਜਦ ਜਿੱਤ ਦੀ ਕੋਈ ਆਸ ਨਾ ਰਹਿ ਗਈ ਤਾਂ ਨਵਾਬ ਮੁਜ਼ੱਫ਼ਰ ਖ਼ਾਂ ਨੇ ਚਿੱਟਾ ਝੰਡਾ ਖੜਾ ਕਰ ਦਿੱਤਾ। ਉਹਨੇ ਆਪਣੇ ਵਕੀਲ ਭੇਜ ਕੇ

**ਮੁਜ਼ੱਫ਼ਰ ਖ਼ਾਂ ਨੇ ਨਜ਼ਰਾਨਾ ਦਿੱਤਾ**

ਮਹਾਰਾਜੇ ਕੋਲੋਂ ਭੁੱਲ ਦੀ ਮਾਫ਼ੀ ਮੰਗੀ, ਜੰਗ ਦਾ ਖ਼ਰਚ, ਪਿਛਲਾ ਖ਼ਰਾਜ ਤੇ ਨਜ਼ਰਾਨਾ ਦੇਣਾ ਪ੍ਰਵਾਨ ਕੀਤਾ। ਨਾਲ ਹੀ ਉਸ ਨੇ ਅਹਿਦਨਾਮਾ ਲਿਖ ਦਿੱਤਾ ਕਿ ਉਹ ਆਪਣੇ ਆਪ ਨੂੰ ਕਾਬਲ ਸ਼ਾਹੀ ਦੀ ਥਾਂ ਲਾਹੌਰ ਦਰਬਾਰ ਦਾ ਮਾਤਹਿਤ ਸਮਝੇਗਾ ਤੇ ਲੜਾਈ ਦੇ ਸਮੇਂ ਫ਼ੌਜੀ ਮਦਦ ਭੇਜਿਆ ਕਰੇਗਾ। ਉਹਨੇ ਇਕ ਲੱਖ ਅੱਸੀ ਹਜ਼ਾਰ ਉਸੇ ਵੇਲੇ ਤਾਰ ਦਿੱਤਾ। ਅੱਗੇ ਵਾਸਤੇ ਢਾਈ ਲੱਖ ਸਾਲਾਨਾ ਖ਼ਰਾਜ ਦੇਣਾ ਪ੍ਰਵਾਨ ਕਰ ਲਿਆ। ਇਹ ਸਾਰਾ ਪ੍ਰਬੰਧ ਕਰਕੇ ੧੪ ਅਪ੍ਰੈਲ, ੧੮੧੦ ਈਸਵੀ ਨੂੰ ਮਹਾਰਾਜਾ ਮੁਲਤਾਨ ਤੋਂ ਤੁਰਿਆ।[2] ਉਸ ਦੇ ਲਾਹੌਰ ਪੁੱਜਣ ਉੱਤੇ ਸਾਰੇ ਸ਼ਹਿਰ ਵਿਚ ਖ਼ੁਸ਼ੀਆਂ ਮਨਾਈਆਂ ਗਈਆਂ।

ਵਜ਼ੀਰਾਬਾਦ ਤੋਂ ਖ਼ਬਰਾਂ ਪਹੁੰਚੀਆਂ ਕਿ ਸ. ਗੰਡਾ ਸਿੰਘ ਤੇ ਉਸ ਦੇ

---

1. ਗ੍ਰਿਫ਼ਨ, ਪੰਨਾ ੧੩੪, ਕਨਿੰਘਮ, ਪੰਨੇ ੧੪੯-੫੦, ਲਤੀਫ਼, ਪੰਨਾ ੩੮੭
2. ਗ੍ਰਿਫ਼ਨ, ਪੰਨੇ ੧੩੪-੫, ਕਨਿੰਘਮ, ਪੰਨਾ ੧੪੯, ਮੈਕਗ੍ਰੇਗਰ, ਪੰਨਾ ੧੬੬ ਲਤੀਫ਼, ਪੰਨੇ ੩੮੬-੭



Sri Satguru Jagjit Singh Ji eLibrary NamdhariElibrary@gmail.com

ਰਿਸ਼ਤੇਦਾਰ ਸ. ਜੋਧ ਸਿੰਘ ਦੀ ਜਾਇਦਾਦ ਬਦਲੇ ਝਗੜ ਰਹੇ ਸਨ। ਮਹਾਰਾਜੇ ਨੇ ਹਾਕਮ ਗੁਜਰਾਤ ਖ਼ਲੀਫ਼ਾ ਨੂਰਦੀਨ ਨੂੰ ਹੁਕਮ ਭੇਜਿਆ ਕਿ ਵਜ਼ੀਰਾਬਾਦ ਜ਼ਬਤ ਕਰ ਲਵੇ। ਖ਼ਲੀਫ਼ੇ ਨੇ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਵਜ਼ੀਰਾਬਾਦ ਉੱਤੇ ਹਮਲਾ ਕੀਤਾ, ਜੋ ਮਾਮੂਲੀ ਟਾਕਰੇ ਪਿਛੋਂ ਉਹਦੇ ਕਬਜ਼ੇ ਵਿਚ ਆ ਗਿਆ। ਇਹ ਘਟਨਾ ਜੂਨ ੧੮੧੦ ਈਸਵੀ ਦੀ ਹੈ। ਮਹਾਰਾਜੇ ਵੱਲੋਂ ਸ. ਜੋਧ ਸਿੰਘ ਦੇ ਪੁੱਤਰਾਂ—ਗੰਡਾ ਸਿਘ ਤੇ ਅਮਰੀਕ ਸਿੰਘ—ਨੂੰ ਦਸ ਹਜ਼ਾਰ ਸਾਲਾਨਾ ਜਾਗੀਰ ਦਿੱਤੀ ਗਈ।[1]

**ਵਜ਼ੀਰਾਬਾਦ ਜ਼ਬਤ**

ਇਸ ਸਮੇਂ ਸ. ਹੁਕਮਾ ਸਿੰਘ ਚਿਮਨੀ ਨੇ ਜੰਮੂ 'ਤੇ ਕਬਜ਼ਾ ਕਰ ਲਿਆ। ਉਥੇ ਵੀ ਘਰ ਵਿਚ ਝਗੜਾ ਪਿਆ ਹੋਇਆ ਸੀ। ਰਾਜਾ ਇਕ ਪਾਸੇ ਸੀ ਤੇ ਉਸ ਦੀ ਰਾਣੀ ਤੇ ਰਿਆਸਤ ਦਾ ਮੁਖ਼ਤਿਆਰ ਮੀਆਂ ਮੋਤਾ ਦੂਜੇ ਪਾਸੇ।

**ਜੰਮੂ ਉੱਤੇ ਕਬਜ਼ਾ**

ਬਹਾਦਰਗੜ੍ਹ ਦਾ ਕਿਲ੍ਹਾ ਰਾਣੀ ਰਾਮ ਕੌਰ (ਵਿਧਵਾ ਸ. ਬਘੇਲ ਸਿੰਘ) ਦੇ ਕਬਜ਼ੇ ਵਿਚ ਸੀ। ਫ਼ੌਜੀ ਲੋੜ ਵਾਸਤੇ ਮਹਾਰਾਜੇ ਨੇ ਰਾਣੀ ਤੋਂ ਕਿਲ੍ਹਾ ਲੈ ਲਿਆ ਤੇ ਉਸ ਨੂੰ ਵੱਖਰੀ ਜਾਗੀਰ ਦੇ ਦਿੱਤੀ।

ਮਰ੍ਹਾਕਾ (ਜ਼ਿਲ੍ਹਾ ਲਾਹੌਰ) ਦਾ ਸ. ਨਿਧਾਨ ਸਿੰਘ ਹੱਟੂ, ਜੋ ਉਸ ਵੇਲੇ ਡਸਕੇ ਦਾ ਹਾਕਮ ਸੀ, ਮੁਲਤਾਨ ਦੇ ਘੇਰੇ ਵਿਚੋਂ ਬਿਨਾਂ ਪੁੱਛਿਆਂ ਹੀ ਘਰ ਨੂੰ ਆ ਗਿਆ ਸੀ। ਏਸ ਗੱਲੋਂ ਮਹਾਰਾਜਾ ਉਸ ਨਾਲ ਨਾਰਾਜ਼ ਸੀ। ਜਦ ਮਹਾਰਾਜਾ ਅਕਤੂਬਰ ਵਿਚ ਰਾਮ ਨਗਰ ਗਿਆ ਤਾਂ ਨਿਧਾਨ ਸਿੰਘ ਨੂੰ ਬੁਲਾ ਭੇਜਿਆ, ਪਰ ਉਹ ਹਾਜ਼ਰ ਹੋਣ ਦੀ ਥਾਂ ਕਿਲ੍ਹਾ ਡਸਕਾ ਵਿਚ ਆਕੀ ਹੋ ਬੈਠਾ। ੧੭ ਅਕਤੂਬਰ, ੧੮੧੦ ਈਸਵੀ ਨੂੰ ਮਹਾਰਾਜੇ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ। ਇਕ ਮਹੀਨਾ ਘੇਰਾ ਪਿਆ ਰਿਹਾ, ਪਰ ਸ. ਨਿਧਾਨ ਸਿੰਘ ਕਿਲ੍ਹਾ ਖ਼ਾਲੀ ਕਰਨ ਵਾਸਤੇ ਤਿਆਰ ਨਾ ਹੋਇਆ।

**ਡਸਕੇ ਉੱਤੇ ਕਬਜ਼ਾ**

ਤੁਸੀਂ ਮਹਾਰਾਜੇ ਦੇ ਜੀਵਨ ਵਿਚ ਇਕ ਚੀਜ਼ ਪੜ੍ਹੋਗੇ ਕਿ ਕਈ ਵਾਰ ਉਹਨਾਂ ਮਾਮੂਲੀ ਮਾਮੂਲੀ ਕਿਲ੍ਹਿਆਂ ਨੂੰ ਕਈ ਕਈ ਦਿਨ ਘੇਰਾ ਪਿਆ ਰਹਿੰਦਾ, ਜਿਹੜੇ ਸਖ਼ਤ ਹੱਲਾ ਕਰ ਕੇ ਇਕ ਦਿਨ ਵਿਚ ਫ਼ਤਹਿ ਕੀਤੇ ਜਾ ਸਕਦੇ ਸਨ। ਇਸ ਦਾ ਕਾਰਨ ਮਹਾਰਾਜੇ ਦਾ ਨਰਮ ਸੁਭਾਅ ਸੀ। ਉਹ ਕਹਿੰਦਾ ਹੁੰਦਾ ਸੀ ਕਿ ਬਿਨਾਂ ਕਾਰਨ ਇਨਸਾਨੀ ਖ਼ੂਨ ਨਾ ਡੋਲ੍ਹੋ। ਲੱਗਦੀ ਵੱਸ ਲੜਾਈ ਤੋਂ ਸੰਕੋਚ ਕਰੋ। ਇਕ ਕਹਿਰੀ ਹੱਲੇ ਵਿਚ ਹਜ਼ਾਰਾਂ ਗੱਭਰੂ ਮਾਰ ਕੇ ਕਿਲ੍ਹਾ ਫ਼ਤਹਿ ਕਰਨ ਦੀ ਥਾਂ, ਘੇਰਾ ਜਾਰੀ ਰੱਖ ਕੇ ਕਿਲ੍ਹਾ ਖ਼ਾਲੀ ਕਰਾ ਲਵੋ। ਏਸੇ ਕਰਕੇ ਏਥੇ ਘੇਰਾ ਲੰਮਾ ਕੀਤਾ

---

1. ਲਤੀਫ਼, ਪੰਨੇ ੩੮੭-੮, ਮੈਕਗ੍ਰੇਗਰ, ਪੰਨਾ ੧੬੭



Sri Satguru Jagjit Singh Ji eLibrary NamdhariElibrary@gmail.com

ਗਿਆ। ਪਰ ਨਿਧਾਨ ਸਿੰਘ ਬੜਾ ਸਿਰੜੀ ਸੂਰਮਾ ਸੀ। ਉਹ ਹੁੰਦੇ ਤਾਣ ਕਿਲ੍ਹਾ ਖ਼ਾਲੀ ਕਰਨ ਲਈ ਤਿਆਰ ਨਾ ਹੋਇਆ। ਤੰਗ ਆ ਕੇ ਇਕ ਦਿਨ ਮਹਾਰਾਜੇ ਦੀ ਫ਼ੌਜ ਨੇ ਚੁਫੇਰਿਉਂ ਧਾਵਾ ਬੋਲ ਦਿੱਤਾ। ਭੰਗੀਆਂ ਵਾਲੀ ਤੋਪ ਦੀ ਮਾਰ ਨਾਲ ਕਿਲ੍ਹੇ ਦੀਆਂ ਕੰਧਾਂ ਉੱਡ ਗਈਆਂ। ਸ. ਨਿਧਾਨ ਸਿੰਘ ਨੂੰ ਕੈਦ ਕਰ ਲਿਆ ਗਿਆ। ਕਿਲ੍ਹਾ ਤੇ ਇਲਾਕਾ ਡਸਕਾ ਸਿੱਖ ਰਾਜ ਵਿਚ ਮਿਲਾ ਲਿਆ।[1] ਨਵੰਬਰ ਵਿਚ ਸ. ਭਾਗ ਸਿੰਘ ਤੋਂ ਹੱਲੋਵਾਲ (ਦੁਆਬਾ ਰਚਨਾ) ਦਾ ਕਿਲ੍ਹਾ ਲੈ ਲਿਆ ਗਿਆ ਤੇ ਉਸ ਨੂੰ ਗੁਜ਼ਾਰੇ ਜੋਗੀ ਜਾਗੀਰ ਦੇ ਦਿੱਤੀ ਗਈ।

**ਹੱਲੋਵਾਲ 'ਤੇ ਕਬਜ਼ਾ**

ਏਸੇ ਸਮੇਂ ਪਹਾੜੀ ਰਿਆਸਤਾਂ ਦੇ ਗਵਰਨਰ ਸ. ਦੇਸਾ ਸਿੰਘ ਮਜੀਠੀਏ ਨੇ ਆਪਣੇ ਇਲਾਕੇ ਦਾ ਦੌਰਾ ਕਰਕੇ ਮੰਡੀ ਸੁਕੇਤ ਆਦਿ ਰਿਆਸਤਾਂ ਤੋਂ ਪਿਛਲਾ ਰਹਿੰਦਾ ਸਾਰਾ ਖ਼ਰਾਜ ਉਗਰਾਹਿਆ। ਮਹਾਰਾਜੇ ਨੇ ਉਸ ਦੀ ਏਸ ਕਾਰਗੁਜ਼ਾਰੀ 'ਤੇ ਖ਼ੁਸ਼ ਹੋ ਕੇ ਉਸ ਨੂੰ ਇਨਾਮ ਦਿੱਤਾ।

ਦੂਜੇ ਪਾਸੇ ਦੀਵਾਨ ਮੁਹਕਮ ਚੰਦ ਨੂੰ ਪੰਜ ਹਜ਼ਾਰ ਫ਼ੌਜ ਦੇ ਕੇ ਭਿੰਬਰ ਵੱਲ ਭੇਜਿਆ। ਉਥੋਂ ਦੇ ਰਾਜਾ ਸੁਲਤਾਨ ਖ਼ਾਂ ਨੇ ਟਾਕਰਾ ਕੀਤਾ, ਪਰ ਹਾਰ ਗਿਆ। ਚਾਲੀ ਹਜ਼ਾਰ ਨਜ਼ਰਾਨਾ ਤਾਰ ਕੇ ਉਸ ਨੇ ਈਨ ਮੰਨ ਲਈ ਤੇ ਏਨਾ ਹੀ ਸਾਲਾਨਾ ਖ਼ਰਾਜ ਦੇਣਾ ਪਰਵਾਨ ਕਰ ਲਿਆ।[2] ਸੁਲਤਾਨ ਖ਼ਾਂ ਦੀ ਤਾਕਤ ਕਮਜ਼ੋਰ ਕਰਨ ਬਦਲੇ ਮੁਹਕਮ ਚੰਦ ਨੇ ਭਿੰਬਰ ਰਿਆਸਤ ਦਾ ਕੁਝ ਇਲਾਕਾ ਸੁਲਤਾਨ ਖ਼ਾਂ ਦੇ ਰਿਸ਼ਤੇਦਾਰ ਇਸਮਾਈਲ ਖ਼ਾਂ ਦੇ ਕਬਜ਼ੇ ਵਿਚ ਦੇ ਦਿੱਤਾ। ਏਥੋਂ ਅੱਗੋਂ ਵੱਧ ਕੇ ਦੀਵਾਨ ਤੇ ਸ. ਹੁਕਮਾ ਸਿੰਘ ਚਿਮਨੀ ਨੇ ਕਿਲ੍ਹਾ ਕਸਕ ਨੂੰ ਘੇਰਾ ਪਾ ਲਿਆ। ਇਹ ਕਿਲ੍ਹਾ ਕਸਕ, ਚੋਹਾ ਸੈਦਨ ਸ਼ਾਹ ਤੇ ਖੇਵੜੇ ਦੀ ਲੂਣ ਦੀ ਖਾਣ ਦੇ ਸਿਰ ਉੱਤੇ ਹੈ। ਕਈ ਦਿਨ ਘੇਰਾ ਪਿਆ ਰਿਹਾ। ਅੰਤ ਸ. ਹੁਕਮਾ ਸਿੰਘ ਨੇ ਚੋਹਾ ਸੈਦਨ ਸ਼ਾਹ 'ਤੇ ਕਬਜ਼ਾ ਕਰ ਕੇ ਕਿਲ੍ਹੇ ਨੂੰ ਜਾਂਦਾ ਪਾਣੀ ਬੰਦ ਕਰ ਦਿੱਤਾ। ਇਸੇ ਤਰ੍ਹਾਂ ਦਸੰਬਰ, ੧੮੧੦ ਈਸਵੀ ਵਿਚ ਕਿਲ੍ਹਾ ਖ਼ਾਲੀ ਹੋਇਆ। ਕਿਲ੍ਹੇ ਉੱਤੇ ਮਹਾਰਾਜੇ ਦੀਆਂ ਫ਼ੌਜਾਂ ਨੇ ਕਬਜ਼ਾ ਕਰ ਲਿਆ ਅਤੇ ਉਹਦੇ ਮਾਲਕਾਂ ਨੂੰ ਜਾਗੀਰਾਂ ਦੇ ਦਿੱਤੀਆਂ।[3]

**ਭਿੰਬਰ ਤੋਂ ਨਜ਼ਰਾਨਾ**

**ਕਿਲ੍ਹਾ ਕਸਕ ਉੱਤੇ ਕਬਜ਼ਾ**

ਜਿਥੋਂ ਦਰਿਆ ਜਿਹਲਮ ਪਹਾੜਾਂ ਵਿਚੋਂ ਨਿਕਲ ਕੇ ਮੈਦਾਨ ਵਿਚ ਆਉਂਦਾ ਹੈ, ਉਥੇ ਪਹਾੜੀਆਂ ਉੱਤੇ ਕਈ ਛੋਟੇ ਛੋਟੇ ਕਿਲ੍ਹੇ ਹਨ, ਜਿਨ੍ਹਾਂ ਵਿਚੋਂ ਕਿਲ੍ਹਾ

---

1. ਕੋਹਲੀ, ਪੰਨੇ ੧੪੭-੮, ਲਤੀਫ਼, ਪੰਨਾ ੩੮੮
2. ਮੈਕਗ੍ਰੇਗਰ, ਪੰਨਾ ੧੬੭
3. ਕੋਹਲੀ, ਪੰਨਾ ੧੫੯, ਲਤੀਫ਼, ਪੰਨਾ ੩੮੮



Sri Satguru Jagjit Singh Ji eLibrary NamdhariElibrary@gmail.com

ਕਿਲ੍ਹਾ ਮੰਗਲਾ ਉੱਤੇ ਕਬਜ਼ਾ

ਮੰਗਲਾ ਸਭ ਤੋਂ ਪੱਕਾ ਹੈ। ਇਹ ਕਿਲ੍ਹਾ ਦਰਿਆ ਜਿਹਲਮ ਦੇ ਕੰਢੇ ਉੱਤੇ ਹੈ। ਖ਼ਾਲਸਾ ਫ਼ੌਜ ਨੇ ਹਮਲਾ ਕਰ ਕੇ ਇਹ ਕਿਲ੍ਹਾ ਫ਼ਤਹਿ ਕਰ ਲਿਆ ਤਾਂ ਬਾਕੀ ਸਾਰੇ ਬਿਨਾਂ ਟਾਕਰੇ ਹੀ ਕਾਬੂ ਆ ਗਏ।[1]

ਸਾਹਿਬ ਸਿੰਘ ਭੰਗੀ ਨੂੰ ਜਾਗੀਰ

ਨਿਧਾਨ ਸਿੰਘ ਹੱਟੂ ਨੂੰ ਜਾਗੀਰ

ਫ਼ਤਹਿ ਖਾਂ ਨੂੰ ਜਾਗੀਰ

ਧਰਮ ਸਿੰਘ ਨੂੰ ਜਾਗੀਰ

ਏਨੇ ਚਿਰ ਨੂੰ ਸੰਨ ੧੮੧੧ ਈਸਵੀ ਚੜ੍ਹ ਪਿਆ। ਸ. ਸਾਹਿਬ ਸਿੰਘ ਭੰਗੀ ਦੀ ਮਾਤਾ (ਮਾਈ ਲਛਮੀ) ਦੀ ਬੇਨਤੀ ਮੰਨ ਕੇ ਭੰਗੀ ਸਰਦਾਰ ਦੀ ਭੁੱਲ ਮਾਫ਼ ਕਰ ਦਿੱਤੀ। ਉਸ ਨੂੰ ਪਹਾੜਾਂ ਵਿਚੋਂ ਬੁਲਾ ਕੇ ਬਜਵੰਤ ਦੇ ਇਲਾਕੇ ਵਿਚ ਇਕ ਲੱਖ ਮਾਲੀਏ ਸਾਲਾਨਾ ਦੀ ਜਾਗੀਰ ਦਿੱਤੀ।[2] ਸ. ਨਿਧਾਨ ਸਿੰਘ ਹੱਟੂ ਨੂੰ ਕੈਦ 'ਚੋਂ ਰਿਹਾਅ ਕਰ ਕੇ ਜਾਗੀਰ ਦਿੱਤੀ ਤੇ ਆਪਣੀ ਘੋੜ ਚੜ੍ਹਾ ਫ਼ੌਜ ਵਿਚ ਸਰਦਾਰੀ ਦਾ ਅਹੁਦਾ ਦਿੱਤਾ।[3] ਫ਼ਤਹਿ ਖ਼ਾਂ ਸਾਹੀਵਾਲ ਨੂੰ ਰਿਹਾਅ ਕਰ ਕੇ ਇਲਾਕਾ ਝੰਗ ਵਿਚ ੧੪੪੦੦ ਦੀ ਜਾਗੀਰ ਦਿੱਤੀ। ਧਰਮਕੋਟ (ਦੁਆਬਾ ਜਲੰਧਰ) ਵਾਲੇ ਸ. ਧਰਮ ਸਿੰਘ ਨੂੰ ਜਾਗੀਰ ਬਖ਼ਸ਼ੀ। ਏਸ ਸਾਲ ਵਿਚ ਦੋ ਕੰਮ ਵਧੇਰੇ ਹੋਏ : ਸਰਦਾਰਾਂ ਨੂੰ ਜਾਗੀਰਾਂ ਦਿੱਤੀਆਂ ਤੇ ਸਿੱਖ ਮਿਸਲਾਂ ਖ਼ਤਮ ਕਰ ਕੇ ਇਲਾਕੇ ਜ਼ਬਤ ਕੀਤੇ ਗਏ। ਉਪਰ ਦਿੱਤੀਆਂ ਜਾਗੀਰਾਂ ਜਨਵਰੀ ਵਿਚ ਦਿੱਤੀਆਂ ਗਈਆਂ।

ਸ਼ਾਹ ਮਹਿਮੂਦ ਨਾਲ ਮੁਲਾਕਾਤ

ਮਹਾਰਾਜਾ ਖੇਵੜੇ ਦੀਆਂ ਖਾਣਾਂ ਵੇਖਣ ਗਿਆ ਹੋਇਆ ਸੀ, ਜਾਂ ਉਸ ਨੂੰ ਪਤਾ ਲੱਗਾ ਕਿ ਸ਼ਾਹ ਮਹਿਮੂਦ ਦਰਿਆ ਅਟਕ ਟੱਪ ਪਿਆ ਹੈ। ਮਹਾਰਾਜਾ ਰਾਵਲਪਿੰਡੀ ਜਾ ਬੈਠਾ। ਫ਼ਕੀਰ ਅਜ਼ੀਜ਼ੁੱਦੀਨ ਨੂੰ ਸ਼ਾਹ ਵੱਲ—ਆਉਣ ਦਾ ਕਾਰਨ ਪੁੱਛਣ ਲਈ—ਭੇਜਿਆ। ਅੱਗੋਂ ਸ਼ਾਹ ਨੇ ਆਪਣੇ ਦੂਤ ਮਹਾਰਾਜੇ ਕੋਲ ਭੇਜੇ, ਜਿਨ੍ਹਾਂ ਰਾਹੀਂ ਦੋਸਤਾਨਾ ਮਿਲਾਪ ਦੀ ਇੱਛਿਆ ਪ੍ਰਗਟ ਕੀਤੀ। ਉਹਨੇ ਆਉਣ ਦਾ ਕਾਰਨ ਦੱਸਿਆ, ਕਿ ਗਵਰਨਰ ਕਸ਼ਮੀਰ ਨੂੰ ਸਜ਼ਾ ਦੇਣ ਆਇਆ ਹਾਂ, ਕਿਉਂਕਿ ਉਹਨੇ ਸ਼ਾਹ ਸ਼ੁਜਾਹ ਦੀ ਮਦਦ ਕੀਤੀ ਸੀ। ਫ਼ਰਵਰੀ ੧੮੧੧ ਈਸਵੀ ਨੂੰ ਮਹਾਰਾਜਾ ਤੇ ਸ਼ਾਹ ਮਹਿਮੂਦ ਦੀ ਮੁਲਾਕਾਤ ਹੋਈ, ਆਪਸ ਵਿਚ ਮਿੱਤਰਤਾ ਕਾਇਮ ਕੀਤੀ ਅਤੇ ਤੋਹਫ਼ੇ ਵਟਾਏ।[4]

ਮਹਾਰਾਜੇ ਨੇ ਵਾਪਸ ਲਾਹੌਰ ਆ ਕੇ ਬਾਕੀ ਮਿਸਲਾਂ ਦੀ ਸਮਾਪਤੀ ਦਾ ਕੰਮ

1. ਕੋਹਲੀ, ਪੰਨਾ ੧੬੦
2. ਲਤੀਫ਼, ਪੰਨਾ ੩੮੯
3. ਕੋਹਲੀ ਪੰਨਾ ੧੫੮
4. ਕਨਿੰਘਮ, ਪੰਨਾ ੧੫੧, ਲਤੀਫ਼, ਪੰਨਾ ੩੮੯



Sri Satguru Jagjit Singh Ji eLibrary NamdhariElibrary@gmail.com

**ਨਕਈ ਮਿਸਲ ਦਾ ਇਲਾਕਾ ਜ਼ਬਤ**

ਆਰੰਭ ਦਿੱਤਾ। ਟਿੱਕਾ ਖੜਕ ਸਿੰਘ ਨਕਈ ਸਰਦਾਰਾਂ ਦਾ ਦੋਹਤਰਾ ਸੀ। ਨਕਈ ਮਿਸਲ ਦਾ ਸਾਰਾ ਇਲਾਕਾ (ਚੂਹਣੀਆਂ, ਦੀਪਾਲਪੁਰ, ਸ਼ਰਕਪੁਰ, ਸਤਘਰਾ, ਕੋਟ ਕਮਾਲੀਆ, ਗੋਗੇਰਾ, ਜੇਠਪੁਰ, ਹਵੇਲੀਆਂ ਆਦਿ ਨੌਂ ਲੱਖ ਸਾਲਾਨਾ ਮਾਲੀਏ ਦਾ) ਟਿੱਕਾ ਖੜਕ ਸਿੰਘ ਨੂੰ ਜਾਗੀਰ ਵਜੋਂ ਦੇ ਦਿੱਤਾ। ਉਸ ਦਾ ਕਬਜ਼ਾ ਕਰਾਉਣ ਵਾਸਤੇ ਦੀਵਾਨ ਮੁਹਕਮ ਚੰਦ ਨੂੰ ਫ਼ੌਜ ਦੇ ਕੇ ਨਾਲ ਭੇਜਿਆ। ਦੀਵਾਨ ਨੇ ਨਕਈ ਮਿਸਲ ਦਾ ਸਾਰਾ ਇਲਾਕਾ ਜ਼ਬਤ ਕਰ ਲਿਆ। ਇਸ ਤਰ੍ਹਾਂ ਇਹ ਮਿਸਲ ਖ਼ਤਮ ਹੋ ਗਈ। ਮਿਸਲ ਦੇ ਲੀਡਰ ਸ. ਕਾਹਨ ਸਿੰਘ ਨੂੰ ਮਹਾਰਾਜੇ ਨੇ ਬਹਿੜਵਾਲ ਵਿਚ ਵੀਹ ਹਜ਼ਾਰ ਦੀ ਜਾਗੀਰ ਦੇ ਦਿੱਤੀ।[1]

**ਕਿਲ੍ਹਾ ਕੋਟਲਾ ਉੱਤੇ ਕਬਜ਼ਾ**

ਏਸੇ ਸਮੇਂ (੧੮੧੧ ਈ.) ਸ. ਦੇਸਾ ਸਿੰਘ ਮਜੀਠੀਏ ਨੇ ਕਿਲ੍ਹਾ ਕੋਟਲਾ (ਇਲਾਕਾ ਤਲੋਕ ਨਾਥ) ਮੱਲ ਲਿਆ। ਮਹਾਰਾਜੇ ਨੇ ਖ਼ੁਸ਼ ਹੋ ਕੇ ਓਥੇ ਸ. ਦੇਸਾ ਸਿੰਘ ਨੂੰ ਸੱਤ ਹਜ਼ਾਰ ਦੀ ਜਾਗੀਰ ਦਿੱਤੀ।

**ਬੁੱਧ ਸਿੰਘ ਜਲੰਧਰ ਦਾ ਇਲਾਕਾ ਜ਼ਬਤ**

ਸ. ਬੁੱਧ ਸਿੰਘ ਮਿਸਲ ਸਿੰਘਪੁਰੀਆ (ਫ਼ੈਜ਼ਲਾਪੁਰੀਆਂ) ਦੇ ਇਲਾਕੇ ਦਰਿਆ ਸਤਲੁਜ ਦੇ ਦੋਹੀਂ ਪਾਸੀਂ ਸਨ। ਇਸ ਵਾਸਤੇ ਉਹ ਮਹਾਰਾਜੇ ਨੂੰ ਆਪਣਾ ਪੂਰਾ ਮਾਲਕ ਨਹੀਂ ਸੀ ਮੰਨਦਾ। ਉਸਨੂੰ ਲਾਹੌਰ ਦਰਬਾਰ ਵਿਚ ਹਾਜ਼ਰ ਹੋਣ ਵਾਸਤੇ ਹੁਕਮ ਭੇਜਿਆ, ਮਗਰ ਉਸ ਨੇ ਆਉਣੋਂ ਨਾਂਹ ਕਰ ਦਿੱਤੀ। ਗੁੱਸੇ ਵਿਚ ਮਹਾਰਾਜੇ ਨੇ ਮੁਹਕਮ ਚੰਦ ਨੂੰ ਹੁਕਮ ਭੇਜਿਆ, ਕਿ ਉਹ ਸ. ਬੁੱਧ ਸਿੰਘ ਦੇ ਇਸ ਪਾਸੇ ਵਾਲੇ ਸਾਰੇ ਇਲਾਕੇ ਜ਼ਬਤ ਕਰ ਲਵੇ। ਮੁਹਕਮ ਚੰਦ ਨੇ ਸ. ਜੋਧ ਸਿੰਘ ਰਾਮਗੜ੍ਹੀਏ ਤੇ ਸ. ਫਤਹਿ ਸਿੰਘ ਆਹਲੂਵਾਲੀਏ ਨੂੰ ਨਾਲ ਲੈ ਕੇ ਸਤੰਬਰ ਵਿਚ ਜਲੰਧਰ ਉੱਤੇ ਹਮਲਾ ਕਰ ਦਿੱਤਾ। ਕੁਝ ਦਿਨ ਟਾਕਰਾ ਕਰਨ ਪਿਛੋਂ ਸ. ਬੁੱਧ ਸਿੰਘ ਅੰਗਰੇਜ਼ਾਂ ਕੋਲ ਲੁਧਿਆਣੇ ਚਲਾ ਗਿਆ। ਪਿਛੋਂ ਜਲੰਧਰ ਤੋਂ ਲੈ ਕੇ ਪੱਟੀ (ਜ਼ਿਲ੍ਹਾ ਅੰਮ੍ਰਿਤਸਰ) ਤੱਕ ਦਾ ਸਾਰਾ ਇਲਾਕਾ ਸਿੱਖ ਰਾਜ ਵਿਚ ਮਿਲਾ ਲਿਆ ਗਿਆ, ਜੋ ਤਿੰਨ ਲੱਖ ਸਾਲਾਨਾ ਆਮਦਨੀ ਦਾ ਸੀ। ਏਸ ਬਹਾਦਰੀ ਬਦਲੇ ਮਹਾਰਾਜੇ ਨੇ ਮੁਹਕਮ ਚੰਦ ਨੂੰ 'ਦੀਵਾਨ' ਦੀ ਪਦਵੀ, ਕੀਮਤੀ ਸਿਰੋਪਾ, ਹੀਰਿਆਂ ਜੜੀ ਤਲਵਾਰ ਤੇ ਸੁਨਹਿਰੀ ਹੋਦੇ ਵਾਲਾ ਹਾਥੀ ਬਖ਼ਸ਼ਿਆ।[2]

ਕਨ੍ਹਈਆ ਮਿਸਲ ਦਾ ਬਹੁਤ ਇਲਾਕਾ ਤਾਂ ਮਾਈ ਸਦਾ ਕੌਰ ਦੇ ਕਬਜ਼ੇ ਵਿਚ ਸੀ। ਪਰ ਦੁਆਬਾ ਜਲੰਧਰ, ਮੁਕੇਰੀਆਂ ਦੇ ਇਲਾਕੇ ਵਿਚ ਹਾਜੀਪੁਰ ਤੇ

---

1. ਕੋਹਲੀ, ਪੰਨੇ ੧੬੧ ਤੋਂ ੧੬੩, ਲਤੀਫ਼, ਪੰਨਾ ੩੮੯, ਮੈਕਗ੍ਰੇਗਰ, ਪੰਨਾ ੧੬੮, ਗੰਡਾ ਸਿੰਘ (ਰਣਜੀਤ ਸਿੰਘ), ਪੰਨਾ ੧੯
2. ਮੈਕਗ੍ਰੇਗਰ, ਪੰਨਾ ੧੬੮, ਲਤੀਫ਼, ਪੰਨਾ ੩੯੦



Sri Satguru Jagjit Singh Ji eLibrary NamdhariElibrary@gmail.com

**ਨਿਧਾਨ ਸਿੰਘ ਕਨ੍ਹਈਆ ਦਾ ਇਲਾਕਾ ਜ਼ਬਤ**

ਸੋਹੀਆਂ ਆਦਿ ਸ. ਜੈ ਸਿੰਘ ਕਨ੍ਹਈਏ ਦੇ ਦੂਜੇ ਦੋ ਲੜਕਿਆਂ—ਨਿਧਾਨ ਸਿੰਘ ਤੇ ਭਾਗ ਸਿੰਘ—ਦੇ ਕਬਜ਼ੇ ਵਿਚ ਸਨ। ਉਹਨਾਂ ਦਾ ਪ੍ਰਬੰਧ ਏਨਾ ਭੈੜਾ ਸੀ, ਕਿ ਪਰਜਾ ਉਹਨਾਂ ਹੱਥੋਂ ਤੰਗ ਆ ਗਈ ਸੀ। ਮਹਾਰਾਜੇ ਨੇ ਫ਼ੌਜ ਭੇਜ ਕੇ ਉਹਨਾਂ ਦੋਹਾਂ ਦੇ ਇਲਾਕੇ ਜ਼ਬਤ ਕਰ ਲਏ। ਉਹਨਾਂ ਨੂੰ ਗੁਜ਼ਾਰੇ ਲਈ ਜਾਗੀਰ ਦੇ ਦਿੱਤੀ।[1] ਜਿਸ ਤੋਂ ਵੀ ਮਹਾਰਾਜੇ ਨੇ ਕੋਈ ਕਿਲ੍ਹਾ ਜਾਂ ਇਲਾਕਾ ਖੋਹਿਆ, ਉਸ ਨੂੰ ਗੁਜ਼ਾਰੇ ਜੋਗੀ ਜਾਗੀਰ ਜ਼ਰੂਰ ਦਿੱਤੀ।

ਇਸੇ ਸਾਲ (੧੮੧੧ ਈਸਵੀ) ਜਮਾਂਦਾਰ ਖ਼ੁਸ਼ਹਾਲ ਸਿੰਘ ਨੂੰ ਡਿਉਢੀਵਾਲਾ ਬਣਾਇਆ ਗਿਆ। ਇਹ ਪਿੰਡ ਈਕਰੀ (ਜ਼ਿਲ੍ਹਾ ਮੇਰਠ, ਪਰਗਣਾ ਸਰਦਨਾ) ਦੇ ਦੁਕਾਨਦਾਰ ਹਰਗੋਵਿੰਦ ਗੌੜ ਬ੍ਰਹਿਮਣ ਦਾ ਪੁੱਤਰ ਸੀ। ਇਹ ੧੮੦੭ ਈਸਵੀ ਵਿਚ ਧੌਂਕਲ ਸਿੰਘ ਵਾਲੀ ਰੈਜਮੈਂਟ ਵਿਚ ਪੰਜ ਰੁਪਏ ਮਹੀਨੇ 'ਤੇ ਸਿਪਾਹੀ ਭਰਤੀ ਹੋਇਆ। ਸਹਿਜ ਸਹਿਜ ਤਰੱਕੀ ਕਰਕੇ ਇਹ ਮਹਾਰਾਜੇ ਦੀ ਖ਼ਾਸ ਸਰੀਰ ਰੱਖਯਕ ਫ਼ੌਜ (ਬਾਡੀਗਾਰਡ) ਵਿਚ ਆ ਗਿਆ। ਮਹਾਰਾਜੇ ਨੂੰ ਖ਼ੁਸ਼ ਕਰਨ ਬਦਲੇ ਇਹ ਅੰਮ੍ਰਿਤ ਛੱਕ ਕੇ ਖ਼ੁਸ਼ਹਾਲ ਰਾਮ ਤੋਂ ਖ਼ੁਸ਼ਹਾਲ ਸਿੰਘ ਬਣ ਗਿਆ। ੧੮੧੧ ਈਸਵੀ ਵਿਚ ਮਹਾਰਾਜੇ ਨੇ ਇਸ ਨੂੰ ਜਮਾਂਦਰ ਦੀ ਪਦਵੀ ਦੇ ਕੇ ਡਿਉਢੀਵਾਲਾ ਬਣਾਇਆ। ਘਰ ਦਾ ਸਾਰਾ ਪ੍ਰਬੰਧ ਇਹਦੇ ਹੱਥ ਵਿਚ ਸੀ। ਇਹ ਮਹਾਰਾਜੇ ਨੂੰ ਜੰਗੀ ਖ਼ਬਰਾਂ ਪੜ੍ਹ ਕੇ ਸੁਣਾਉਂਦਾ ਹੁੰਦਾ ਸੀ। ਜਿਸ ਨੇ ਮਹਾਰਾਜੇ ਨਾਲ ਮੁਲਾਕਾਤ ਕਰਨੀ ਹੁੰਦੀ, ਉਹ ਵੀ ਡਿਉਢੀਵਾਲੇ ਰਾਹੀਂ ਹੁੰਦੀ। ਇਸ ਵਾਸਤੇ ਇਹ ਅਹੁਦਾ ਸਿੱਖ ਰਾਜ ਵਿਚ ਬੜੀ ਇੱਜ਼ਤ ਵਾਲਾ ਮੰਨਿਆ ਜਾਂਦਾ ਸੀ।

**ਜਮਾਂਦਾਰ ਖ਼ੁਸ਼ਹਾਲ ਸਿੰਘ ਡਿਉਢੀਵਾਲਾ**

੧੮੧੧ ਈਸਵੀ ਵਿਚ ਹੀ ਕਾਬਲ ਦਾ ਤਖ਼ਤੋਂ ਲੱਥਾ ਬਾਦਸ਼ਾਹ, ਸ਼ਾਹ ਜ਼ਮਾਨ, ਮਹਾਰਾਜੇ ਨੂੰ ਰਾਵਲਪਿੰਡੀ ਮਿਲਿਆ। ਮਹਾਰਾਜੇ ਨੇ ਉਸ ਦੀ ਬੜੀ ਇੱਜ਼ਤ ਕੀਤੀ ਤੇ ਲਾਹੌਰ ਵਿਚ ਰਹਿਣ ਵਾਸਤੇ ਕਿਹਾ। ਮਹਾਰਾਜਾ ਵਾਪਸ ਲਾਹੌਰ ਆ ਗਿਆ। ਨਵੰਬਰ ੧੮੧੧ ਈਸਵੀ ਨੂੰ ਸ਼ਾਹ ਜ਼ਮਾਨ ਵੀ ਲਾਹੌਰ ਆ ਪੁੱਜਾ। ਮਹਾਰਾਜੇ ਵੱਲੋਂ ਉਸ ਦੀ ਪੂਰੀ ਆਓ-ਭਗਤ ਕੀਤੀ ਗਈ ਤੇ ਗੁਜ਼ਾਰੇ ਲਈ ਰੋਜ਼ੀਨਾ ਨੀਯਤ ਕੀਤਾ ਗਿਆ।

**ਸ਼ਾਹ ਜ਼ਮਾਨ ਨਾਲ ਮੁਲਾਕਾਤ**

ਸੰਨ ੧੮੧੨ ਈਸਵੀ ਚੜ੍ਹਦਿਆਂ ਹੀ ਸ਼ਹਿਜ਼ਾਦਾ ਖੜਕ ਸਿੰਘ ਦੇ ਵਿਆਹ ਦੀ ਤਿਆਰੀ ਹੋਣ ਲੱਗ ਪਈ। ਪੰਜਾਬ ਭਰ ਦੇ ਸਰਦਾਰਾਂ, ਨਵਾਬ ਮੁਲਤਾਨ, ਬਹਾਵਲਪੁਰ, ਅਮੀਰ ਕਾਬਲ, ਕਸ਼ਮੀਰ, ਪਹਾੜੀ ਹਿੰਦੂ ਰਾਜਿਆਂ, ਮਾਲਵੇ ਦੇ ਰਾਜਿਆਂ ਤੇ ਸਰਕਾਰ ਅੰਗਰੇਜ਼ੀ ਨੂੰ ਵਿਆਹ ਉੱਤੇ ਆਉਣ ਵਾਸਤੇ ਗੰਢਾਂ

1. ਕੋਹਲੀ, ਪੰਨਾ ੧੬੩, ਲਤੀਫ਼, ਪੰਨਾ ੩੯੦



Sri Satguru Jagjit Singh Ji eLibrary NamdhariElibrary@gmail.com

ਘਲੀਆਂ ਗਈਆਂ। ਸਾਰੀ ਫ਼ੌਜ ਤੇ ਅਫ਼ਸਰਾਂ ਲਈ ਵਧੀਆ ਵਰਦੀਆਂ ਤਿਆਰ ਕੀਤੀਆਂ ਗਈਆਂ। ਮਹਾਰਾਜੇ ਵੱਲੋਂ ਏਸ ਸ਼ੁਭ ਕੰਮ ਲਈ ਪਾਣੀ ਵਾਂਗ ਪੈਸਾ ਵਹਾਇਆ ਗਿਆ। ਵਿਆਹ ਉੱਤੇ ਜੰਞ ਵਿਚ ਸ਼ਾਮਿਲ ਹੋਣ ਲਈ ਅੰਗਰੇਜ਼ਾਂ ਵੱਲੋਂ ਕਰਨਲ ਡੇਵਿਡ ਅਕਟਰਲੋਨੀ, ਰਾਜਾ ਜੀਂਦ, ਰਾਜਾ ਨਾਭਾ, ਭਾਈ ਲਾਲ ਸਿੰਘ ਕੈਥਲ ਆਪ ਆਏ। ਕਾਬਲ, ਕਸ਼ਮੀਰ, ਮੁਲਤਾਨ, ਬਹਾਵਲਪੁਰ, ਮਾਣਕੇਰਾ ਦੇ ਰਾਜਦੂਤ ਹਾਜ਼ਰ ਹੋਏ, ਰਾਜਾ ਸੰਸਾਰ ਚੰਦ ਬਾਕੀ ਪਹਾੜੀ ਰਾਜਿਆਂ ਸਣੇ ਆਇਆ, ਪੰਜਾਬ ਦੇ ਸਾਰੇ ਨਾਮਵਰ ਸਰਦਾਰ ਹਾਜ਼ਰ ਹੋਏ ਤੇ ਸ਼ਹਿਰ ਲਾਹੌਰ ਤੇ ਅੰਮ੍ਰਿਤਸਰ ਦੇ ਸਭ ਪਤਵੰਤੇ ਸ਼ਾਮਿਲ ਹੋਏ। ੨੩੬੦੩੭)[1] ਨਿਉਂਦਰਾ ਪਿਆ। ਚੜ੍ਹੇ ਫ਼ਰਵਰੀ ਬੜੀ ਸਜ ਧਜ ਨਾਲ ਜੰਞ ਸ. ਜੈਮਲ ਸਿੰਘ ਕਨ੍ਹਈਆ ਦੇ ਘਰ ਫ਼ਤਹਿਗੜ੍ਹ (ਜ਼ਿਲ੍ਹਾ ਗੁਰਦਾਸਪੁਰ) ਢੁੱਕੀ। ਕਨ੍ਹਈਏ ਸਰਦਾਰ ਨੇ ਜਾਂਞੀਆਂ ਦੀ ਸ਼ਾਨ ਦੇ ਮੁਤਾਬਕ ਉਹਨਾਂ ਦੀ ਸੇਵਾ ਕੀਤੀ। ਪੰਜਾਹ ਹਜ਼ਾਰ ਰੁਪਏ ਉਹਨੇ ਮਿਲਨੀ ਉੱਤੇ ਮਹਾਰਾਜਾ ਦੀ ਭੇਟਾ ਕੀਤੇ। ਜਿੰਨੇ ਦਿਨ ਜੰਞ ਰਹੀ, ਪੰਦਰਾਂ ਹਜ਼ਾਰ ਰੋਜ਼ ਜੰਞ ਦੀ ਰੋਟੀ ਵਾਸਤੇ ਦਿੰਦਾ ਰਿਹਾ। ੬ ਫਰਵਰੀ, ੧੮੧੨ ਈਸਵੀ ਨੂੰ ਸ਼ਹਿਜ਼ਾਦਾ ਖੜਕ ਸਿੰਘ ਦਾ ਸ. ਜੈਮਲ ਸਿੰਘ ਦੀ ਲੜਕੀ ਬੀਬੀ ਚੰਦ ਕੌਰ ਨਾਲ ਆਨੰਦ ਕਾਰਜ ਹੋਇਆ।[2] ਵਿਦਾਇਗੀ ਸਮੇਂ ਸ. ਜੈਮਲ ਸਿੰਘ ਨੇ ਲੱਖਾਂ ਰੁਪਏ ਦਾਜ ਦੁਸ਼ਾਲੇ, ਹੀਰੇ, ਘੋੜੇ ਤੇ ਹਾਥੀ ਦਿੱਤੇ। ਵਾਪਸੀ ਉੱਤੇ ਮਹਾਰਾਜੇ ਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਿਆ, ਭੇਟਾ ਚੜ੍ਹਾਈ ਤੇ ਗ਼ਰੀਬਾਂ ਨੂੰ ਦਾਨ ਦਿੱਤਾ। ਮੈਕਗ੍ਰੇਗਰ ਲਿਖਦਾ ਹੈ ਕਿ ਮਹਾਰਾਜੇ ਨੇ ਦੋ ਲੱਖ ਰੁਪੈ ਦਾਨ ਕੀਤੇ।[3] ਇਥੋਂ ਖ਼ੁਸ਼ੀ ਦੇ ਵਾਜੇ ਵਜਾਉਂਦੀ ਜੰਞ ਵਾਪਸ ਲਾਹੌਰ ਪੁੱਜੀ। ਇਸ ਸਮੇਂ ਲਾਹੌਰ ਦੇ ਬਾਦਸ਼ਾਹੀ ਕਿਲ੍ਹੇ ਨੂੰ ਸ਼ਾਹੀ ਮਸਜਿਦ ਨਾਲ ਮਿਲਾਇਆ ਗਿਆ। ਅਕਟਰਲੋਨੀ ਨੇ ਲਾਹੌਰ ਦਾ ਕਿਲ੍ਹਾ ਅੰਦਰੋਂ ਵੇਖਣ ਦੀ ਇੱਛਿਆ ਪ੍ਰਗਟ ਕੀਤੀ। ਮਹਾਰਾਜਾ ਮੰਨ ਗਿਆ, ਮਗਰ ਉਸ ਦੇ ਸੈਨਾਪਤੀ ਦੀਵਾਨ ਮੁਹਕਮ ਚੰਦ ਨੇ ਏਸ ਗੱਲ ਦੀ ਸਖ਼ਤ ਵਿਰੋਧਤਾ ਕੀਤੀ।[4] ਕਹਿੰਦੇ ਹਨ ਉਹ ਨੰਗੀ ਤਲਵਾਰ ਲੈ ਕੇ ਕਿਲ੍ਹੇ ਦੇ ਦਰਵਾਜ਼ੇ ਵਿਚ ਖਲੋ ਗਿਆ ਤੇ ਗਰਜ ਕੇ ਕਹਿਣ ਲੱਗਾ ਕਿ ਸਿੱਖ ਰਾਜ ਦੀ ਭਲਾਈ ਨੂੰ ਮੁੱਖ ਰੱਖਦਿਆਂ ਹੋਇਆਂ ਕਿਸੇ ਬਦੇਸ਼ੀ ਨੂੰ ਕਿਲ੍ਹੇ ਦੇ ਅੰਦਰ ਨਹੀਂ ਜਾਣ ਦਿੱਤਾ ਜਾਵੇਗਾ। ਇਸ ਤਰ੍ਹਾਂ ਅਕਟਰਲੋਨੀ ਦੀ ਕਿਲ੍ਹਾ ਵੇਖਣ ਦੀ ਰੀਝ ਪੂਰੀ ਨਾ ਹੋਈ।

**ਮੁਹਕਮ ਚੰਦ ਨੇ ਅਕਟਰਲੋਨੀ ਨੂੰ ਕਿਲ੍ਹਾ ਨਾ ਵੇਖਣ ਦਿੱਤਾ**

1. ਕੋਹਲੀ, ਪੰਨਾ ੧੬੮
2. ਲਤੀਫ਼, ਪੰਨਾ ੩੯੨। ਏਸੇ ਚੰਦ ਕੌਰ ਦੀ ਕੁੱਖੋਂ ਕੰਵਰ ਨੌਨਿਹਾਲ ਸਿੰਘ ਦਾ ਜਨਮ ਹੋਇਆ ਸੀ।
3. ਮੈਕਗ੍ਰੇਗਰ, ਪੰਨਾ ੧੬੮
4. ਲਤੀਫ਼, ਪੰਨਾ ੩੯੨



Sri Satguru Jagjit Singh Ji eLibrary NamdhariElibrary@gmail.com

**ਸੁਲਤਾਨ ਖ਼ਾਂ ਕੈਦ, ਭਿੰਬਰ ਜ਼ਬਤ**

ਜਦ ਮਹਾਰਾਜਾ ਵਿਆਹ ਵਿਚ ਰੁੱਝਾ ਹੋਇਆ ਸੀ, ਉਦੋਂ ਰਾਜਾ ਸੁਲਤਾਨ ਖ਼ਾਂ ਭਿੰਬਰ ਨੇ ਇਸਮਾਈਲ ਖ਼ਾਂ ਨੂੰ ਕਤਲ ਕਰ ਦਿੱਤਾ। ਇਹ ਖ਼ਬਰ ਸੁਣ ਕੇ ਸੁਲਤਾਨ ਖ਼ਾਂ ਨੂੰ ਸੋਧਣ ਵਾਸਤੇ ਮਹਾਰਾਜੇ ਨੇ ਭਾਈ ਰਾਮ ਸਿੰਘ ਤੇ ਸ. ਖੜਕ ਸਿੰਘ ਨੂੰ ਫ਼ੌਜ ਦੇ ਕੇ ਭੇਜਿਆ। ਪਹਿਲੀ ਟੱਕਰ ਵਿਚ ਸਿੱਖ ਫ਼ੌਜ ਦਾ ਕੁਝ ਨੁਕਸਾਨ ਹੋਇਆ। ਇੰਨੇ ਨੂੰ ਮੁਹਕਮ ਚੰਦ ਫ਼ੌਜ ਲੈ ਕੇ ਪਹੁੰਚ ਗਿਆ। ਖ਼ਾਲਸਾ ਫ਼ੌਜ ਨੇ ਕਿਲ੍ਹਾ ਫ਼ਤਹਿ ਕਰ ਕੇ ਕਬਜ਼ੇ ਵਿਚ ਲੈ ਲਿਆ। ਰਾਜਾ ਸੁਲਤਾਨ ਖ਼ਾਂ ਨੂੰ ਫੜ ਕੇ ਲਾਹੌਰ ਵਿਚ ਕੈਦ ਕਰ ਦਿੱਤਾ। ਇਸ ਤਰ੍ਹਾਂ ਭਿੰਬਰ ਦਾ ਸਾਰਾ ਇਲਾਕਾ ਸਿੱਖ ਰਾਜ ਵਿਚ ਮਿਲਾ ਲਿਆ।[1] ਲੱਗਦੇ ਹੱਥ ਜੰਮੂ ਤੇ ਅਖਨੂਰ ਜ਼ਬਤ ਕਰ ਕੇ ਸ਼ਹਿਜ਼ਾਦੇ ਨੂੰ ਜਾਗੀਰ ਵਜੋਂ ਦਿੱਤੇ ਗਏ। ਰਾਜੌੜੀ ਜ਼ਬਤ ਤਾਂ ਨਾ ਕੀਤਾ ਗਿਆ ਪਰ ਉਸ ਤੋਂ ਖ਼ਰਾਜ ਵਸੂਲ ਕੀਤਾ ਗਿਆ।

**ਜੰਮੂ ਤੇ ਅਖਨੂਰ ਜ਼ਬਤ**

**ਖ਼ਰਾਜ ਲਿਆ**

ਇਸੇ ਸਾਲ ਸ. ਦਲ ਸਿੰਘ ਨੇ ਮਿੱਠਾ ਟਿਵਾਣਾ, ਉੱਚ, ਬਹਾਵਲਪੁਰ ਤੇ ਮੁਲਤਮਾਨ ਤੋਂ ਖ਼ਰਾਜ ਵਸੂਲ ਕੀਤਾ। ਵਾਪਸ ਮੁੜਦਿਆਂ ਹੋਇਆਂ ਰਾਹ ਵਿਚਲੇ ਸਭ ਜ਼ਿਮੀਂਦਾਰਾਂ ਤੇ ਸਰਦਾਰਾਂ ਤੋਂ ਨਜ਼ਰਾਨੇ ਲੈਂਦਾ ਹੋਇਆ ਉਹ ਲਾਹੌਰ ਆ ਪੁੱਜਾ। ਮਹਾਰਾਜੇ ਨੇ ਖ਼ੁਸ਼ ਹੋ ਕੇ ਉਹਨੂੰ ਇਨਾਮ ਤੇ ਸਿਰੋਪਾ ਬਖ਼ਸ਼ਿਆ।

ਗਰਮੀ ਸ਼ੁਰੂ ਹੁੰਦਿਆਂ ਹੀ (੧੮੧੨ ਈਸਵੀ) ਮਹਾਰਾਜਾ ਦੀਨਾਨਗਰ ਜਾ ਬੈਠਾ। ਸ. ਦੇਸਾ ਸਿੰਘ ਮਜੀਠੀਏ ਤੇ ਦੀਵਾਨ ਮੁਹਕਮ ਚੰਦ ਨੇ ਪਹਾੜੀ ਰਾਜਿਆਂ ਤੋਂ ਬਾਕੀ ਰਹਿੰਦਾ ਖ਼ਰਾਜ ਉਗਰਾਹਿਆ। ਰਾਜਾ ਨੂਰਪੁਰ ਤੋਂ ਚਾਲੀ ਹਜ਼ਾਰ ਤੇ ਮੰਡੀ, ਸੁਕੇਤ, ਕੁੱਲੂ ਆਦਿ ਤੋਂ ਇਕ ਲੱਖ ਨੱਬੇ ਹਜ਼ਾਰ ਵਸੂਲ ਕੀਤਾ।[2]

**ਜੈਮਲ ਸਿੰਘ ਸੁਰਗਵਾਸ**

ਅਗਸਤ, ੧੮੧੨ ਵਿਚ ਸ. ਜੈਮਲ ਸਿੰਘ ਕਨ੍ਹਈਆ (ਸ. ਖੜਕ ਸਿੰਘ ਦਾ ਸੌਹਰਾ) ਅਕਾਲ ਚਲਾਣਾ ਕਰ ਗਿਆ। ਮਹਾਰਾਜੇ ਨੇ ਰਾਮ ਸਿੰਘ ਨੂੰ ਭੇਜ ਕੇ ਉਸ ਦਾ ਸਾਰਾ ਇਲਾਕਾ ਜ਼ਬਤ ਕਰ ਲਿਆ। ਅੰਮ੍ਰਿਤਸਰ ਦੇ ਸ਼ਾਹੂਕਾਰਾਂ ਕੋਲ ਸ. ਜੈਮਲ ਸਿੰਘ ਦਾ ਬਹੁਤ ਸਾਰਾ ਧਨ ਜਮ੍ਹਾਂ ਸੀ। ਉਹ ਸਾਰਾ ਲਾਹੌਰ ਦਰਬਾਰ ਵਾਸਤੇ ਉਗਰਾਹਿਆ ਗਿਆ। ਤਿੰਨ ਮਹੀਨੇ ਪਿਛੋਂ ਸ. ਜੈਮਲ ਸਿੰਘ ਦੇ ਘਰ ਲੜਕਾ ਹੋ ਪਿਆ, ਤਾਂ ਮਹਾਰਾਜੇ ਨੇ ਉਸ ਦੇ ਨਾਂ ਪੰਦਰਾਂ ਹਜ਼ਾਰ ਸਾਲਾਨਾ ਜਾਗੀਰ ਲਾ ਦਿੱਤੀ।[3]

---

1. ਮੈਕਗ੍ਰੇਗਰ, ਪੰਨਾ ੧੬੯, ਲਤੀਫ਼, ਪੰਨਾ ੩੬੩
2. ਮੈਕਗ੍ਰੇਗਰ, ਪੰਨਾ ੧੬੮, ਲਤੀਫ਼, ਪੰਨਾ ੩੯੩
3. ਲਤੀਫ਼, ਪੰਨਾ ੩੯੪



Sri Satguru Jagjit Singh Ji eLibrary NamdhariElibrary@gmail.com

ਮਾਰਚ, ੧੮੧੦ ਈਸਵੀ ਵਿਚ ਸ਼ਾਹ ਸ਼ੁਜਾਹ ਨੇ ਪਿਸ਼ਾਵਰ ਉੱਤੇ ਕਬਜ਼ਾ ਕਰ ਲਿਆ ਸੀ। ੧੮੧੨ ਈਸਵੀ ਵਿਚ ਜਹਾਂਦਾਦ ਖ਼ਾਂ ਨਾਜ਼ਮ ਅਟਕ ਨੇ ਸ਼ਾਹ ਸ਼ੁਜਾਹ ਨੂੰ ਕੈਦ ਕਰ ਕੇ ਆਪਣੇ ਭਰਾ ਅਤਾ ਮੁਹੰਮਦ ਖ਼ਾਂ ਗਵਰਨਰ ਕਸ਼ਮੀਰ ਕੋਲ ਭੇਜ ਦਿੱਤਾ।[1] ਉਥੇ ਉਹ ਮੁਹਕਮ ਚੰਦ ਦੇ ਪਹੁੰਚਣ ਤੱਕ ਕੈਦ ਰਿਹਾ।

**ਸ਼ਾਹ ਸ਼ੁਜਾਹ ਕੈਦ**

ਸਤੰਬਰ, ੧੮੧੨ ਈਸਵੀ ਵਿਚ ਸ਼ਾਹ ਜ਼ਮਾਨ, ਆਪਣਾ ਤੇ ਸ਼ਾਹ ਸ਼ੁਜਾਹ ਦਾ ਪਰਵਾਰ ਨਾਲ ਲੈ ਕੇ ਲਾਹੌਰ ਆ ਗਿਆ। ਮਹਾਰਾਜੇ ਨੇ ਉਹਨਾਂ ਨੂੰ ਰਹਿਣ ਵਾਸਤੇ ਥਾਂ ਤੇ ਗੁਜ਼ਾਰੇ ਵਾਸਤੇ ਰੋਜ਼ੀਨਾ ਲਾ ਦਿੱਤਾ। ਏਸ ਵੇਲੇ ਇਹ ਖ਼ਬਰ ਲਾਹੌਰ ਪਹੁੰਚੀ, ਕਿ ਸ਼ਾਹ ਮਹਿਮੂਦ ਤੇ ਵਜ਼ੀਰ ਫਤਹਿ ਖ਼ਾਂ ਕਸ਼ਮੀਰ ਫ਼ਤਹਿ ਕਰਨ ਵਾਸਤੇ ਚੜ੍ਹਾਈ ਕਰੀ ਆ ਰਹੇ ਹਨ। ਇਹ ਸੁਣ ਕੇ ਸ਼ਾਹ ਸ਼ੁਜਾਹ ਦੀ ਬੇਗਮ (ਵਫ਼ਾ ਬੇਗਮ) ਘਬਰਾ ਗਈ। ਉਹ ਜਾਣਦੀ ਸੀ, ਕਿ ਜੇ ਸ਼ੁਜਾਹ ਫ਼ਤਹਿ ਖ਼ਾਂ ਦੇ ਕਾਬੂ ਆ ਗਿਆ, ਤਾਂ ਉਹਦਾ ਕੀ ਅੰਤ ਹੋਵੇਗਾ। ਉਹਨੇ ਫ਼ਕੀਰ ਅਜ਼ੀਜ਼ੁੱਦੀਨ ਰਾਹੀਂ ਮਹਾਰਾਜੇ ਕੋਲ ਬੇਨਤੀ ਕੀਤੀ ਕਿ ਜੇ ਮਹਾਰਾਜਾ, ਸ਼ਾਹ ਸ਼ੁਜਾਹ ਨੂੰ ਕੈਦ ਵਿਚੋਂ ਛੁਡਾ ਲਿਆਵੇ ਤਾਂ ਉਹਦੇ ਲਾਹੌਰ ਪਹੁੰਚਣ ਉੱਤੇ ਬੇਗਮ 'ਕੋਹਿਨੂਰ' ਹੀਰਾ ਮਹਾਰਾਜੇ ਦੀ ਭੇਟਾ ਕਰੇਗੀ।[2]

**ਸ਼ਾਹ ਜ਼ਮਾਨ ਦਾ ਤੇ ਸ਼ੁਜਾਹ ਦਾ ਪਰਵਾਰ ਲਾਹੌਰ**

**ਵਫ਼ਾ ਬੇਗਮ ਨੇ ਕੋਹਿਨੂਰ ਦੇਣਾ ਮੰਨਿਆ**

ਵਜ਼ੀਰ ਫਤਹਿ ਖ਼ਾਂ ਦਾ ਵਕੀਲ ਗੁੱਦੜ ਮੱਲ ਮਹਾਰਾਜੇ ਕੋਲ ਮਦਦ ਵਾਸਤੇ ਆਇਆ ਸੀ। ਮਹਾਰਾਜੇ ਨੇ ਇਕਰਾਰ ਕੀਤਾ ਸੀ ਕਿ ਕੁਝ ਸ਼ਰਤਾਂ ਉੱਤੇ ਉਹ ਕਸ਼ਮੀਰ ਫ਼ਤਹਿ ਕਰਨ ਵਿਚ ਮਦਦ ਦੇਣ ਲਈ ਤਿਆਰ ਹੈ। ਇਸ ਹੌਂਸਲੇ ਉੱਤੇ ਵਜ਼ੀਰ ਫ਼ਤਹਿ ਖ਼ਾਂ ਅਫ਼ਗ਼ਾਨੀ ਫ਼ੌਜ ਲੈ ਕੇ ਨਵੰਬਰ, ੧੮੧੨ ਈਸਵੀ ਵਿਚ ਦਰਿਆ ਅਟਕ ਟੱਪ ਗਿਆ। ਪਹਿਲੀ ਦਸੰਬਰ ਨੂੰ ਰੁਹਤਾਸ ਵਿਚ ਫਤਹਿ ਖ਼ਾਂ ਨੇ ਮਹਾਰਾਜਾ ਨਾਲ ਮੁਲਾਕਾਤ ਕੀਤੀ। ਵਜ਼ੀਰ ਨੇ ਕਸ਼ਮੀਰ ਵਿਚੋਂ (ਤੇ ਲੁੱਟ ਦੇ ਮਾਲ ਵਿਚੋ) ਤੀਜਾ ਹਿੱਸਾ ਮਹਾਰਾਜੇ ਨੂੰ ਦੇਣਾ ਮੰਨਿਆ। ਮਹਾਰਾਜੇ ਨੇ ਬਾਰਾਂ ਹਜ਼ਾਰ ਖ਼ਾਲਸਾ ਫੌਜ ਦੇ ਕੇ ਦੀਵਾਨ ਮੁਹਕਮ ਚੰਦ ਨੂੰ ਵਜ਼ੀਰ ਦੀ ਮਦਦ 'ਤੇ ਭੇਜ ਦਿੱਤਾ। ਦੋਵੇਂ ਫ਼ੌਜਾਂ ਜਿਹਲਮ ਤੋਂ ਇਕੱਠੀਆਂ ਤੁਰੀਆਂ। ਜਦ ਪੀਰ ਪੰਚਾਲ ਪੁੱਜੀਆਂ, ਤਾਂ ਸਰਦੀ ਦਾ ਮੌਸਮ ਹੋਣ ਕਰਕੇ ਉਥੇ ਸਖ਼ਤ ਬਰਫ਼ ਪਈ। ਸਿੱਖ ਵਧੇਰੇ ਠੰਢ ਸਹਾਰਨ ਦੇ ਆਦੀ ਨਹੀਂ ਸਨ। ਖ਼ਾਲਸਾ ਫ਼ੌਜ ਦੇ ਦੋ ਸੌ ਸਿਪਾਹੀ ਸਰਦੀ ਨਾਲ ਮਰ ਗਏ।[3] ਸਿੱਖਾਂ ਦੇ ਚੱਲਣ ਵਿਚ ਵੀ ਰੁਕਾਵਟ ਪੈ ਗਈ। ਵਜ਼ੀਰ

**ਕਸ਼ਮੀਰ ਫ਼ਤਹਿ ਕਰਨ ਲਈ ਫ਼ਤਹਿ ਖ਼ਾਂ ਦੀ ਮਦਦ**

1. ਕਨਿੰਘਮ, ਪੰਨਾ ੧੫੨, ਲਤੀਫ਼, ਪੰਨਾ ੩੯੪
2. ਮੈਕਗ੍ਰੇਗਰ, ਪੰਨਾ ੧੬੯, ਲਤੀਫ਼, ਪੰਨਾ ੩੯੪
3. ਸੋਹਲ ਲਾਲ ਕੋਹਲੀ, ਪੰਨਾ ੧੭੪



Sri Satguru Jagjit Singh Ji eLibrary NamdhariElibrary@gmail.com

ਫ਼ਤਹਿ ਖ਼ਾਂ ਨੇ ਸਿੱਖਾਂ ਦੀ ਮਦਦ ਕੇਵਲ ਏਸ ਵਾਸਤੇ ਹਾਸਲ ਕੀਤੀ ਸੀ, ਕਿ ਜੇ ਮਹਾਰਾਜੇ ਨੇ ਵਿਰੋਧਤਾ ਕੀਤੀ ਤਾਂ ਉਹ ਕਸ਼ਮੀਰ ਫ਼ਤਹਿ ਨਹੀਂ ਕਰ ਸਕੇਗਾ। ਹੁਣ ਉਹ ਚਾਹੁੰਦਾ ਸੀ ਕਿ ਕਿਵੇਂ ਇਕੱਲਾ ਹੀ ਕਸ਼ਮੀਰ ਫ਼ਤਹਿ ਕਰ ਕੇ ਸਭ ਕੁਝ ਸੰਭਾਲ ਲਵੇ। ਮੁਹਕਮ ਚੰਦ ਨੂੰ ਦੱਸੇ ਬਿਨਾਂ ਹੀ ਉਹ ਫ਼ੌਜ ਲੈ ਕੇ ਅੱਗੇ ਤੁਰ ਪਿਆ। ਮੁਹਕਮ ਚੰਦ ਏਸ ਚਾਲ ਨੂੰ ਸਮਝ ਗਿਆ। ਉਹਨੇ ਰਾਜੌੜੀ ਦੇ ਹਾਕਮ ਨੂੰ ਢਾਈ ਹਜ਼ਾਰ ਦੀ ਜਾਗੀਰ ਦੇਣ ਦਾ ਇਕਰਾਰ ਕੀਤਾ, ਜੇ ਉਹ ਕਿਸੇ ਸਿੱਧੇ ਰਾਹ ਖਾਲਸਾ ਫ਼ੌਜ ਨੂੰ ਵਜ਼ੀਰ ਤੋਂ ਪਹਿਲਾਂ ਕਸ਼ਮੀਰ ਵਿਚ ਲੈ ਚੱਲੇ ਤਾਂ। ਇਸ ਚਾਲ ਵਿਚ ਦੀਵਾਨ ਕਾਮਯਾਬ ਹੋ ਗਿਆ। ਖ਼ਾਲਸਾ ਫ਼ੌਜ, ਪਠਾਣਾਂ ਤੋਂ ਪਹਿਲਾਂ ਹੀ ਵਾਦੀ ਕਸ਼ਮੀਰ ਵਿਚ ਪਹੁੰਚ ਗਈ। ਅੱਗੇ ਗਵਰਨਰ ਕਸ਼ਮੀਰ ਅਤਾ ਮੁਹੰਮਦ ਖ਼ਾਂ ਕਿਲ੍ਹਾ ਸ਼ੇਰਗੜ੍ਹ ਵਿਚ ਟਾਕਰੇ ਦੀ ਤਿਆਰੀ ਕਰੀ ਬੈਠਾ ਸੀ। ਦੀਵਾਨ ਦੇ ਹੁਕਮ ਨਾਲ ਸ. ਜੋਧ ਸਿੰਘ ਕਲਸੀਆਂ ਤੇ ਸ. ਨਿਹਾਲ ਸਿੰਘ ਅਟਾਰੀ ਨੇ ਕਿਲ੍ਹਾ ਸ਼ੇਰਗੜ੍ਹ ਤੇ ਹਰੀ ਪਰਬਤ ਨੂੰ ਘੇਰਾ ਪਾ ਲਿਆ।[1] ਏਨੇ ਨੂੰ ਵਜ਼ੀਰ ਫ਼ਤਹਿ ਖ਼ਾਂ ਦੀ ਫ਼ੌਜ ਵੀ ਆ ਪੁੱਜੀ। ਥੋੜਾ ਚਿਰ ਟਾਕਰਾ ਕਰਨ ਪਿਛੋਂ ਅਤਾ ਮੁਹੰਮਦ ਕਿਲ੍ਹਾ ਛੱਡ ਕੇ ਨੱਸ ਗਿਆ। ਅਫ਼ਗਾਨੀ ਤੇ ਖ਼ਾਲਸਾ ਫ਼ੌਜ ਕਿਲ੍ਹੇ ਵਿਚ ਜਾ ਵੜੀਆਂ।[2] ਸ਼ਾਹ ਸ਼ੁਜਾਹ ਕਿਲ੍ਹੇ ਵਿਚ ਕੈਦ ਸੀ।

**ਸ਼ੇਰਗੜ੍ਹ ਦੀ ਲੜਾਈ**

ਮਹਾਰਾਜੇ ਵੱਲੋਂ ਦੀਵਾਨ ਨੂੰ ਹੁਕਮ ਸੀ, ਕਿ ਸ਼ਾਹ ਸ਼ੁਜਾਹ ਨੂੰ ਛੁਡਾ ਕੇ ਲਿਆਉਣਾ ਸਾਡੇ ਏਸ ਮੁਹਿੰਮ ਦਾ ਮੁੱਖ ਮੰਤਵ ਹੈ। ਕਿਲ੍ਹੇ ਵਿਚ ਵੜਦਿਆਂ ਹੀ ਅਫ਼ਗਾਨ ਫ਼ੌਜਾਂ ਤਾਂ ਲੁੱਟਮਾਰ ਵਿਚ ਲੱਗ ਗਈਆਂ ਤੇ ਖ਼ਾਲਸਾ ਫ਼ੌਜਾਂ ਸ਼ਾਹ ਸ਼ੁਜਾਹ ਦੀ ਭਾਲ ਵਿਚ। ਦੋਵੇਂ ਧਿਰਾਂ ਆਪੋ ਆਪਣੇ ਕੰਮ ਵਿਚ ਕਾਮਯਾਬ ਹੋ ਗਈਆਂ। ਸ਼ਾਹ ਸ਼ੁਜਾਹ ਨੂੰ ਦੀਵਾਨ ਮੁਹਕਮ ਚੰਦ ਦੇ ਡੇਰੇ ਵਿਚ ਪਹੁੰਚਾ ਦਿੱਤਾ ਗਿਆ। ਉਹਦੀਆਂ ਹੱਥਕੜੀਆਂ ਤੇ ਬੇੜੀਆਂ ਤੋੜ ਦਿੱਤੀਆਂ ਗਈਆਂ। ਦੀਵਾਨ ਨੇ ਸ਼ੁਜਾਹ ਦੀ ਤਸੱਲੀ ਕਰਾਈ ਕਿ ਮਹਾਰਾਜਾ ਸਾਹਿਬ ਦੇ ਹੁਕਮ ਨਾਲ ਉਸ ਨੂੰ ਲਾਹੌਰ ਉਸ ਦੇ ਪਰਿਵਾਰ ਕੋਲ ਪਹੁੰਚਾ ਦਿੱਤਾ ਜਾਵੇਗਾ।

**ਸ਼ਾਹ ਦੀ ਕੈਦ 'ਚੋਂ ਰਿਹਾਈ**

ਹੁਣ ਵਜ਼ੀਰ ਤੇ ਦੀਵਾਨ ਵਿਚ ਝਗੜਾ ਪੈ ਗਿਆ। ਵਜ਼ੀਰ ਨੇ ਦੀਵਾਨ ਤੋਂ ਸ਼ਾਹ ਸ਼ੁਜਾਹ ਦੀ ਮੰਗ ਕੀਤੀ ਤੇ ਮਗਰਲੇ ਨੇ ਪਹਿਲੇ ਤੋਂ ਕੀਤੇ ਇਕਰਾਰ ਮੁਤਾਬਕ ਲੁੱਟ ਵਿਚੋਂ ਤੀਜਾ ਹਿੱਸਾ ਮੰਗਿਆ। ਕੋਈ ਵੀ ਦੂਜੇ ਦੀ ਸ਼ਰਤ ਮੰਨਣ ਨੂੰ ਤਿਆਰ ਨਹੀਂ ਸੀ। ਦੋਵੇਂ ਇਥੋਂ ਵੱਖ ਵੱਖ ਹੋ ਗਏ। ਵਜ਼ੀਰ ਫ਼ਤਹਿ ਖ਼ਾਂ ਨੇ ਅੱਗੇ ਵੱਧ ਕੇ ਸਾਰੇ ਕਸ਼ਮੀਰ ਉੱਤੇ ਕਬਜ਼ਾ ਕਰ ਲਿਆ। ਦੀਵਾਨ ਸਣੇ ਖਾਲਸਾ ਫ਼ੌਜਾਂ ਸ਼ਾਹਜਹਾਨ ਨੂੰ ਨਾਲ ਲੈ ਕੇ ਵਾਪਸ ਲਾਹੌਰ ਆ ਗਿਆ। ਮਹਾਰਾਜਾ ਨੇ ਸ਼ਾਹ ਸ਼ੁਜਾਹ ਦਾ ਬੜਾ ਆਦਰ ਕੀਤਾ। ਉਸ ਨੂੰ ਸ਼ਹਿਰ ਅੰਦਰ

**ਫ਼ਤਹਿ ਖ਼ਾਂ ਤੇ ਮੁਹਕਮ ਚੰਦ ਵਿਚ ਝਗੜਾ**

1. ਲਤੀਫ਼, ਪੰਨਾ ੩੯੫
2. ਦੋਹਾਂ ਫ਼ੌਜਾਂ ਮਿਲ ਕੇ ਕਿਲ੍ਹਾ ਫ਼ਤਹਿ ਕੀਤਾ। ਸੋਹਨ ਲਾਲ, ਕੋਹਲੀ, ਪੰਨਾ ੧੭੬



Sri Satguru Jagjit Singh Ji eLibrary NamdhariElibrary@gmail.com

ਸ਼ੁਜਾਹ ਲਾਹੌਰ

'ਮੁਬਾਰਕ ਹਵੇਲੀ' ਵਿਚ ਬਸੇਰਾ ਦਿੱਤਾ। ਇਹ ਸਭ ਘਟਨਾਵਾਂ ੧੮੧੩ ਈਸਵੀ ਦੇ ਆਰੰਭ ਦੀਆਂ ਹਨ।

ਕਿਲ੍ਹਾ ਅਟਕ ਦਾ ਹਾਕਮ ਜਹਾਂਦਾਦ ਖ਼ਾਂ, ਕਸ਼ਮੀਰ ਦੇ ਗਵਰਨਰ ਅਤਾ ਮੁਹੰਮਦ ਦਾ ਭਰਾ ਸੀ। ਜਹਾਂਦਾਦ ਖ਼ਾਂ ਜਾਣਦਾ ਸੀ ਕਿ ਕਸ਼ਮੀਰ ਤੋਂ ਮੁੜਦਾ ਹੋਇਆ ਵਜ਼ੀਰ ਫ਼ਤਹਿ ਖ਼ਾਂ ਉਸ ਤੋਂ ਵੀ ਬਦਲਾ ਲਵੇਗਾ।

ਕਿਲ੍ਹਾ ਅਟਕ ਉੱਤੇ ਕਬਜ਼ਾ

ਉਹਨੇ ਵਜ਼ੀਰ ਤੇ ਸ਼ਾਹ ਮਹਿਮੂਦ ਤੋਂ ਡਰਦਿਆਂ, ਮਹਾਰਾਜੇ ਕੋਲ ਬੇਨਤੀ ਕਰ ਘੱਲੀ ਕਿ ਜੇ ਮਹਾਰਾਜਾ ਸਾਹਿਬ ਉਸ ਦੇ ਗੁਜ਼ਾਰੇ ਜੋਗੀ ਜਾਗੀਰ ਤੇ ਫ਼ੌਜਾਂ ਦੀ ਰਹਿੰਦੀ ਤਨਖ਼ਾਹ ਨਿਬੇੜਨ ਲਈ ਇੱਕ ਲੱਖ ਰੁਪਏ ਉਸ ਨੂੰ ਬਖ਼ਸ਼ ਦੇਣ ਤਾਂ ਉਹ ਕਿਲ੍ਹਾ ਅਟਕ ਸਰਕਾਰ ਖ਼ਾਲਸਾ ਦੇ ਹਵਾਲੇ ਕਰਨ ਨੂੰ ਤਿਆਰ ਹੈ। ਮਹਾਰਾਜੇ ਨੇ ਇਹ ਦੋਵੇਂ ਸ਼ਰਤਾਂ ਮੰਨ ਲਈਆਂ। ਜਹਾਂਦਾਦ ਖ਼ਾਂ ਵਜ਼ੀਰਾਬਾਦ ਆ ਗਿਆ। ਕਿਲ੍ਹਾ ਅਟਕ ਉੱਤੇ ਖ਼ਾਲਸਾ ਫ਼ੌਜਾਂ ਨੇ ਕਬਜ਼ਾ ਕਰ ਲਿਆ।[1] ਸ. ਦਇਆ ਸਿੰਘ ਨੂੰ ਅਟਕ ਦਾ ਕਿਲ੍ਹੇਦਾਰ ਬਣਾਇਆ ਗਿਆ।

ਸ਼ਾਹ ਸ਼ੁਜਾਹ ਸਹੀ ਸਲਾਮਤ ਆਪਣੇ ਪਰਿਵਾਰ ਵਿਚ ਪਹੁੰਚ ਚੁੱਕਾ ਸੀ। ਮਹਾਰਾਜੇ ਨੇ ਉਸ ਦੀ ਆਓ ਭਗਤ ਕਰਨ ਵਿਚ ਕੋਈ ਕਸਰ

ਸ਼ੁਜਾਹ ਦੀ ਬੇਵਫ਼ਾਈ

ਨਹੀਂ ਸੀ ਛੱਡੀ। ਕੀਤੇ ਹੋਏ ਬਚਨ ਮੁਤਾਬਿਕ ਜਦ ਸ਼ਾਹ ਸ਼ੁਜਾਹ ਤੋਂ ਕੋਹਿਨੂਰ ਹੀਰਾ ਮੰਗਿਆ ਤਾਂ ਉਹ ਟਾਲ ਮਟੋਲ ਕਰਨ ਲੱਗਾ। ਉਸ ਨੇ ਲੱਗਦੇ ਹੱਥ ਇਕ ਹੋਰ ਬੇਵਫ਼ਾਈ ਕੀਤੀ ਕਿ ਸਿੱਖਾਂ ਦੇ ਵਿਰੁੱਧ ਵਜ਼ੀਰ ਫ਼ਤਹਿ ਖ਼ਾਂ ਨੂੰ ਦੋ ਖ਼ਤ ਲਿਖੇ।[2] ਜਦ ਮਹਾਰਾਜੇ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਦੋ ਸਿੱਖ ਕੰਪਨੀਆਂ ਨੇ ਸ਼ੁਜਾਹ ਨੂੰ ਹਵੇਲੀ ਵਿਚ

ਕੋਹਿਨੂਰ ਲਿਆ

ਘੇਰ ਲਿਆ। ਅੰਤ ਪਹਿਲੀ ਜੂਨ, ੧੮੧੩ ਈਸਵੀ ਨੂੰ ਸ਼ਾਹ ਸ਼ੁਜਾਹ ਨੇ ਕੋਹਿਨੂਰ ਹੀਰਾ ਮਹਾਰਾਜੇ ਦੇ ਹਵਾਲੇ ਕਰ ਦਿੱਤਾ।

ਮਹਾਰਾਜਾ ਜਾਣਦਾ ਸੀ ਕਿ ਸਿੱਖਾਂ ਦਾ ਕਿਲ੍ਹਾ ਅਟਕ ਉੱਤੇ ਕਬਜ਼ਾ ਵਜ਼ੀਰ ਫ਼ਤਹਿ ਖ਼ਾਂ ਪੋਲੇ ਪੈਰੀਂ ਪਰਵਾਨ ਨਹੀਂ ਕਰੇਗਾ। ਉਹਨੇ ਅਟਕ ਦਾ

ਕਿਲ੍ਹਾ ਅਟਕ ਦੀ ਪਕਿਆਈ

ਉਦਾਲਾ ਤਕੜਾ ਕਰਨ ਵਾਸਤੇ ਫ਼ਕੀਰ ਅਜ਼ੀਜ਼ੁੱਦੀਨ ਤੇ ਦੀਵਾਨ ਦੇਵੀ ਦਾਸ ਨੂੰ ਫ਼ੌਜ ਦੇ ਕੇ ਭੇਜ ਦਿੱਤਾ। ਦੀਵਾਨ ਮੁਹਕਮ ਚੰਦ ਤੇ ਸ. ਕਰਮ ਸਿੰਘ ਚਾਹਲ ਨੂੰ ਵੀ ਅਟਕ ਪਹੁੰਚਣ ਦੇ ਹੁਕਮ ਭੇਜ ਦਿੱਤੇ। ਜਦ ਅਟਕ ਉੱਤੇ ਸਿੱਖਾਂ ਦੇ ਕਬਜ਼ੇ ਦੀ ਖ਼ਬਰ ਫ਼ਤਹਿ ਖ਼ਾਂ ਨੂੰ ਪੁੱਜੀ,

---

1. ਕਨਿੰਘਮ, ਪੰਨਾ ੧੫੨; ਲਤੀਫ਼, ਪੰਨਾ ੩੯੬; ਕੋਹਲੀ, ਪੰਨੇ ੧੮੧-੨; ਗੰਡਾ ਸਿੰਘ (ਰਣਜੀਤ ਸਿੰਘ) ਪੰਨਾ ੨੦
2. ਲਤੀਫ਼, ਪੰਨਾ ੩੯੯



Sri Satguru Jagjit Singh Ji eLibrary NamdhariElibrary@gmail.com

ਤਾਂ ਉਹ ਕਸ਼ਮੀਰ ਦਾ ਗਵਰਨਰ ਆਪਣੇ ਭਰਾ ਅਜ਼ੀਮ ਖਾਂ ਨੂੰ ਥਾਪ ਕੇ ਆਪ ਅਟਕ ਉੱਤੇ ਹਮਲਾ ਕਰਨ ਲਈ ਵਧਿਆ। ਪੁਖਲੀ ਤੇ ਧਮਤੋਰ ਰਾਹੀਂ ਵਜ਼ੀਰ ਪਿਸ਼ਾਵਰ ਪਹੁੰਚ ਗਿਆ। ਉਹਨੇ ਮਹਾਰਾਜੇ ਨੂੰ ਕਿਲ੍ਹਾ ਅਟਕ ਖ਼ਾਲੀ ਕਰਨ ਵਾਸਤੇ ਲਿਖਿਆ। ਮਹਾਰਾਜੇ ਨੇ ਉੱਤਰ ਲਿਖਿਆ, ਕਿ ਪਹਿਲਾਂ ਕਸ਼ਮੀਰ ਦੀ ਲੁੱਟ ਵਿਚੋਂ ਹਿੱਸਾ ਦਿਓ, ਫੇਰ ਕੋਈ ਹੋਰ ਗੱਲ ਹੋਵੇਗੀ। ਹੁਣ ਦੋਵੇਂ ਧਿਰਾਂ ਲੜਾਈ ਵਾਸਤੇ ਤਿਆਰ ਹੋ ਪਈਆਂ।

**ਪਠਾਣ ਤੇ ਸਿੱਖ ਮੈਦਾਨ ਵਿਚ**

ਵਜ਼ੀਰ ਪਿਸ਼ਾਵਰ ਤੋਂ ਉਠ ਕੇ ਇਲਾਕਾ ਛੱਛ ਵਿਚ ਜਾ ਬੈਠਾ। ਏਧਰੋਂ ਦੀਵਾਨ ਮੁਹਕਮ ਚੰਦ ਵੀ ਅਟਕ ਪਹੁੰਚ ਗਿਆ। ਅਫ਼ਗਾਨ ਕਿਲ੍ਹੇ ਨੂੰ ਘੇਰਨ ਵਾਸਤੇ ਅੱਗੇ ਵਧੇ ਤਾਂ ਖ਼ਾਲਸਾ ਫ਼ੌਜਾਂ ਵੀ ਖੁੱਲ੍ਹੇ ਮੈਦਾਨ ਵਿਚ ਅੱਗੇ ਵੱਧ ਗਈਆਂ। ਵਜ਼ੀਰ ਦੀ ਮਦਦ ਵਾਸਤੇ ਉਸ ਦਾ ਭਰਾ ਦੋਸਤ ਮੁਹੰਮਦ ਖਾਂ ਪਹੁੰਚ ਗਿਆ। ਛੋਟੀਆਂ ਛੋਟੀਆਂ ਲੜਾਈਆਂ ਸ਼ੁਰੂ ਹੋ ਗਈਆਂ। ਏਸ ਤਰ੍ਹਾਂ ਤਿੰਨ ਕੁ ਮਹੀਨੇ ਲੰਘ ਗਏ।

**ਹਜ਼ਰੋ ਦੀ ਲੜਾਈ**

ਅੰਤ ਬਾਰਾਂ ਤੇ ਤੇਰਾਂ ਜੁਲਾਈ ੧੮੧੩ ਈਸਵੀ ਨੂੰ (ਦੋ ਦਿਨ) ਹਜ਼ਰੋ ਦੇ ਮੁਕਾਮ ਉੱਤੇ ਵੱਡੀ ਲੜਾਈ ਹੋਈ, ਜਿਸ ਵਿਚ ਹਜ਼ਾਰਾਂ ਪਠਾਣ ਮਾਰੇ ਗਏ।[1] ਇਹ ਸਿੱਖਾਂ ਤੇ ਅਫ਼ਗਾਨਾਂ ਦੀ ਪਹਿਲੀ ਲੜਾਈ ਸੀ, ਜਿਸ ਵਿਚ ਅਫ਼ਗਾਨ ਬੁਰੀ ਤਰ੍ਹਾਂ ਹਾਰੇ।[2] ਸਿੱਖਾਂ ਦਾ ਪਠਾਣਾਂ ਦੇ ਦਿਲ ਉੱਤੇ ਬੜਾ ਡਰ ਬਹਿ ਗਿਆ। ਫ਼ਤਹਿ ਖ਼ਾਂ ਤੇ ਉਹਦੀਆਂ ਫ਼ੌਜਾਂ ਨੱਸ ਕੇ ਪਿਸ਼ਾਵਰ ਜਾ ਵੜੀਆਂ। ਯਾਰ ਮੁਹੰਮਦ ਖ਼ਾਂ ਨੂੰ ਪਿਸ਼ਾਵਰ ਦਾ ਗਵਰਨਰ ਛੱਡ ਕੇ, ਫ਼ਤਹਿ ਖ਼ਾਂ ਕਾਬਲ ਜਾ ਵੜਿਆ। ਖ਼ਾਲਸੇ ਫ਼ਤਹਿ ਦੇ ਜੈਕਾਰੇ ਛੱਡ ਕੇ ਵਾਪਸ ਮੁੜੇ। ਏਸ ਜਿੱਤ ਦੀ ਖ਼ੁਸ਼ੀ ਵਿਚ ਲਾਹੌਰ ਤੇ ਅੰਮ੍ਰਿਤਸਰ ਦੀਪਮਾਲਾ ਕੀਤੀ ਗਈ। ਕਿਲ੍ਹਾ ਅਟਕ ਹੋਰ ਪੱਕਾ ਕੀਤਾ ਗਿਆ। ਇਲਾਕੇ ਉੱਤੇ ਪੂਰਾ ਕਬਜ਼ਾ ਰੱਖਣ ਵਾਸਤੇ ਮੱਖਦ ਆਦਿ ਕਈ ਕਈ ਹੋਰ ਕਿਲ੍ਹੇ ਕਬਜ਼ੇ ਵਿਚ ਲੈ ਲਏ ਗਏ।

ਮਹਾਰਾਜੇ ਨੇ ਪੱਕਾ ਮਨ ਬਣਾ ਲਿਆ ਸੀ, ਕਿ ਕਸ਼ਮੀਰ ਨੂੰ ਸਿੱਖ ਰਾਜ ਵਿਚ ਸ਼ਾਮਿਲ ਕਰ ਲੈਣਾ ਹੈ।

**ਕਸ਼ਮੀਰ ਫ਼ਤਹਿ ਕਰਨ ਦੀ ਤਿਆਰੀ**

ਕਸ਼ਮੀਰ ਫ਼ਤਹਿ ਕਰਨ ਵਾਸਤੇ ਕਿੰਨੀ ਕੁ ਤਿਆਰੀ ਦੀ ਲੋੜ ਸੀ, ਉਹ ਇਹ ਵੀ ਸਮਝਦਾ ਸੀ। ਪਹਿਲਾਂ ਉਸ ਨੇ ਸਾਰੇ ਉੱਤਰੀ ਪੰਜਾਬ ਦੇ ਹਾਲਾਤ ਅੱਖੀਂ ਵੇਖਣ ਵਾਸਤੇ ਆਪ ਦੌਰਾ ਕੀਤਾ। ਨਾਲ ਹੀ ਸਿੱਖ ਰਾਜ ਦੇ ਸਰਦਾਰਾਂ ਤੇ

---

1. ਅਮਰ ਨਾਥ (ਜ਼ਫ਼ਰਨਾਮਾ ਰਣਜੀਤ ਸਿੰਘ ਫ਼ਾਰਸੀ, ਕਰਤਾ ਦੀਵਾਨ ਅਮਰ ਨਾਥ), ਦੋ ਹਜ਼ਾਰ ਪਠਾਣ ਮਰੇ।
2. ਲਤੀਫ਼, ਪੰਨੇ ੩੯੬-੭, ਮੈਕਗ੍ਰੇਗਰ, ਪੰਨੇ ੧੭੦-੧, ਕਨਿੰਘਮ, ਪੰਨੇ ੧੫੨-੩, ਕੋਹਲੀ, ਪੰਨੇ ੧੮੨-੩



Sri Satguru Jagjit Singh Ji eLibrary NamdhariElibrary@gmail.com

ਜਾਗੀਰਦਾਰਾਂ ਨੂੰ ਹੁਕਮ ਹੋਇਆ ਕਿ ਉਹ ਸਣੇ ਫ਼ੌਜ ਸਿਆਲਕੋਟ ਇਕੱਠੇ ਹੋਣ। ਅਕਤੂਬਰ, ੧੮੧੩ ਈਸਵੀ ਨੂੰ ਸ਼ੇਰੇ-ਪੰਜਾਬ ਲਾਹੌਰੋਂ ਤੁਰਿਆ। ਅੰਮ੍ਰਿਤਸਰ, ਦੀਨਾਨਗਰ, ਪਠਾਨਕੋਟ, ਕਾਂਗੜਾ ਆਦਿ ਥਾਵਾਂ ਦੀ ਦੇਖ ਭਾਲ ਕਰ ਕੇ ਸਿਆਲਕੋਟ ਸ਼ਹਿਜ਼ਾਦਾ ਖੜਕ ਸਿੰਘ ਦੇ ਡੇਰੇ ਜਾ ਪੁੱਜਾ। ਏਥੋਂ ਅੱਗੇ ਸ. ਨਿਹਾਲ ਸਿੰਘ ਅਟਾਰੀ, ਸ. ਦੇਸਾ ਸਿੰਘ ਮਜੀਠਾ, ਦੀਵਾਨ ਰਾਮ ਦਿਆਲ, ਸ. ਹਰੀ ਸਿੰਘ ਨਲਵਾ, ਭਾਈ ਰਾਮ ਸਿੰਘ ਆਦਿ ਜਰਨੈਲ ਇਕੱਠੇ ਹੋਏ ਹੋਏ ਸਨ। ਏਥੋਂ ਸਣੇ ਸਾਰੇ ਸਰਦਾਰਾਂ, ਸ਼ੇਰੇ-ਪੰਜਾਬ ਵਜ਼ੀਰਾਬਾਦ, ਗੁਜਰਾਤ ਰਾਹੀਂ ਰੁਹਤਾਸ ਪੁੱਜਾ। ਏਥੇ ਖ਼ਬਰ ਮਿਲੀ ਕਿ ਫ਼ਤਹਿ ਖ਼ਾਂ ਵਜ਼ੀਰ ਕਾਬਲ ਮੁਲਤਾਨ ਫ਼ਤਹਿ ਕਰਨ ਵਾਸਤੇ ਕਾਲਾਬਾਗ਼ ਤੱਕ ਆ ਗਿਆ ਹੈ। ਡੇਹਰਾ ਇਸਮਾਈਲ ਖ਼ਾਂ ਦਾ ਨਵਾਬ ਸਰਬੁਲੰਦ ਖ਼ਾਂ ਤੇ ਡੇਹਰਾ ਗ਼ਾਜ਼ੀ ਖਾਂ ਦਾ ਨਾਜ਼ਮ ਅਬਦੁੱਲ ਜੱਬਾਰ ਖ਼ਾਂ ਵਜ਼ੀਰ ਦੇ ਨਾਲ ਮਿਲ ਗਏ ਹਨ। ਨਵਾਬ ਮੁਲਤਾਨ ਮੁਜ਼ੱਫਰ ਖ਼ਾਂ ਦਾ ਵਕੀਲ ਗ਼ੁਲਾਮ ਮੁਹੰਮਦ ਮਹਾਰਾਜੇ ਕੋਲ ਮਦਦ ਵਾਸਤੇ ਪੁੱਜਾ। ਮਹਾਰਾਜੇ ਨੇ ਉਸੇ ਵੇਲੇ ਸ਼ਹਿਜ਼ਾਦਾ ਖੜਕ ਸਿੰਘ ਨੂੰ ਮੁਜ਼ੱਫਰ ਖ਼ਾਂ ਦੀ ਮਦਦ ਵਾਸਤੇ ਭੇਜ ਦਿੱਤਾ। ਇਹ ਖ਼ਬਰ ਸੁਣ ਕੇ ਵਜ਼ੀਰ ਫ਼ਤਹਿ ਖ਼ਾਂ ਉਥੋਂ ਹੀ ਵਾਪਸ ਕਾਬਲ ਨੂੰ ਮੁੜ ਗਿਆ। ਦੂਜੇ ਪਾਸੇ ਦੀਵਾਨ ਰਾਮ ਦਿਆਲ ਨੂੰ ਰਾਜੌੜੀ ਵੱਲੇ ਰਵਾਨਾ ਕੀਤਾ। ਦੀਵਾਨ ਰਾਜੌੜੀ ਤੱਕ ਗਿਆ। ਪੀਰ ਪੰਚਾਲ ਦੀਆਂ ਚੜ੍ਹਾਈਆਂ ਤੋਂ ਉਰੇ ਤੱਕ ਸਭ ਥਾਈਂ ਲੋੜੀਂਦਾ ਪ੍ਰਬੰਧ ਕਰ ਕੇ ਉਹ ਵਾਪਸ ਆ ਗਿਆ। ਮਹਾਰਾਜਾ ਆਪ ਵੀ ਏਥੋਂ ਹੀ ਵਾਪਸ ਮੁੜ ਪਿਆ ਤੇ ੨੬ ਦਸੰਬਰ ਨੂੰ ਲਾਹੌਰ ਆ ਪੁੱਜਾ।

**ਫ਼ਤਹਿ ਖ਼ਾਂ ਦੀ ਮੁਲਤਾਨ 'ਤੇ ਚੜ੍ਹਾਈ ਤੇ ਰਾਹ 'ਚੋਂ ਵਾਪਸੀ**

ਹੋਲੀ ਲਾਹੌਰ ਮਨਾ ਕੇ ਮਹਾਰਾਜੇ ਨੇ ਫੇਰ ਕਸ਼ਮੀਰ 'ਤੇ ਚੜ੍ਹਾਈ ਕਰ ਦਿੱਤੀ। ਅਪ੍ਰੈਲ, ੧੮੧੪ ਈਸਵੀ ਨੂੰ ਉਹ ਲਾਹੌਰੋਂ ਤੁਰਿਆ। ਸਰਕਾਰ ਦੇ ਹੁਕਮ ਨਾਲ ਸਭ ਫ਼ੌਜਾਂ ਵਜ਼ੀਰਾਬਾਦ ਇਕੱਠੀਆਂ ਹੋਈਆਂ ਹੋਈਆਂ ਸਨ। ਇਥੇ ਚਾਰ ਜੂਨ ਨੂੰ ਸਭ ਸਰਦਾਰਾਂ ਦੀ ਫ਼ੌਜ ਦੀ ਵੱਖੋ-ਵੱਖ ਪੜਤਾਲ ਕੀਤੀ ਗਈ। ਏਥੋਂ ਚੱਲ ਕੇ ਸਾਰਾ ਦਲ ੧੧ ਜਨਵਰੀ ਨੂੰ ਰਾਜੌੜੀ ਜਾ ਪੁੱਜਾ। ਰਾਜੌੜੀ ਦਾ ਹਾਕਮ ਰਾਜਾ ਅਘੜ ਖ਼ਾਂ ਹਾਜ਼ਰ ਹੋਇਆ, ਪਰ ਉਹ ਦਿਲੋਂ ਬੇਈਮਾਨ ਹੋ ਚੁੱਕਾ ਸੀ। ਉਹਦੀ ਸਲਾਹ ਉੱਤੇ ਵਿੱਸ ਕੇ ਮਹਾਰਾਜੇ ਨੇ ਖ਼ਾਲਸਾ ਫ਼ੌਜ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ। ਇਕ ਦਲ ਦੀ ਕਮਾਨ ਦੀਵਾਨ ਰਾਮ ਦਿਆਲ[1] ਦੇ ਹੱਥ ਦੇ ਦਿੱਤੀ ਤੇ ਦੂਜੇ ਦਲ ਦੀ ਆਪਣੇ ਹੱਥ। ਅੱਘੜ ਖ਼ਾਂ ਦੀ ਤਜਵੀਜ਼ ਮੁਤਾਬਿਕ ਫ਼ੈਸਲਾ ਹੋਇਆ ਕਿ ਰਾਮ ਦਿਆਲ

**ਕਸ਼ਮੀਰ 'ਤੇ ਚੜ੍ਹਾਈ**

1. ਰਾਮ ਦਿਆਲ, ਦੀਵਾਨ ਮੁਹਕਮ ਚੰਦ ਦਾ ਪੋਤਰਾ ਸੀ। ਮੁਹਕਮ ਚੰਦ ਦੀ ਸਿਹਤ ਖ਼ਰਾਬ ਸੀ, ਇਸ ਵਾਸਤੇ ਉਹ ਲਾਹੌਰ ਹੀ ਰਿਹਾ।



Sri Satguru Jagjit Singh Ji eLibrary NamdhariElibrary@gmail.com

ਬਹਿਰਾਮਗਲਾ ਦੇ ਰਾਹ ਵਾਦੀ ਕਸ਼ਮੀਰ ਵਿਚ ਦਾਖ਼ਲ ਹੋਵੇ ਤੇ ਮਹਾਰਾਜਾ ਪੁਣਛ ਤੇ ਤੋਸ਼ਾ ਦੇ ਮੈਦਾਨ ਰਾਹੀਂ। ਦੀਵਾਨ ਰਾਮ ਦਿਆਲ, ਸ. ਦਲ ਸਿੰਘ, ਗੌਂਸ ਖ਼ਾਂ, ਸ. ਮਿੱਤ ਸਿੰਘ ਭੜਾਣੀਆ, ਸ. ਹਰੀ ਸਿੰਘ ਨਲਵਾ, ਸ. ਨਿਹਾਲ ਸਿੰਘ ਅਟਾਰੀ, ਜਮਾਂਦਾਰ ਖ਼ੁਸ਼ਹਾਲ ਸਿੰਘ ਤੀਹ ਹਜ਼ਾਰ ਫ਼ੌਜ ਲੈ ਕੇ ੧੫ ਜੂਨ ਨੂੰ ਰਾਜੌਂੜੀ ਤੋਂ ਤੁਰੇ ਤੇ ੧੮ ਜੂਨ ਨੂੰ ਬਹਿਰਾਮ-ਗਲੇ ਉੱਤੇ ਜਾ ਕਬਾਜ਼ ਕੀਤਾ। ਏਥੇ ਪਠਾਣਾਂ ਨਾਲ ਮਾਮੂਲੀ ਝੜਪਾਂ ਹੋਈਆਂ, ਜਿਨ੍ਹਾਂ ਵਿਚ ਪਠਾਣ ਹਾਰ ਗਏ। ਖ਼ਾਲਸਾ ਫ਼ੌਜਾਂ ਨੇ ਮਦਨਪੁਰ ਰਾਹੀਂ ਹਮੀਰਪੁਰ 'ਤੇ ਕਬਜ਼ਾ ਕਰ ਲਿਆ। ਏਥੇ ਖ਼ਾਲਸਾ ਫ਼ੌਜ ਦਾ ਅਜ਼ੀਮ ਖ਼ਾਂ ਨਾਲ ਟਾਕਰਾ ਹੋਇਆ। ਬੜੀ ਲਹੂ ਡੋਲਵੀਂ ਲੜਾਈ ਹੋਈ, ਜਿਸ ਵਿਚ ਅਜ਼ੀਮ ਖ਼ਾਂ ਹਾਰ ਗਿਆ। ਰਾਮ ਦਿਆਲ ਨੇ ਅੱਗੇ ਵੱਧ ਕੇ ਸੁਪੀਨ ਉੱਤੇ ਹੱਲਾ ਕਰ ਦਿੱਤਾ। ਕਸ਼ਮੀਰ ਸਰਕਾਰ ਦਾ ਇਹ ਸਭ ਤੋਂ ਵੱਡਾ ਮੋਰਚਾ ਸੀ। ਮੁਹੰਮਦ ਸ਼ਕੂਰ ਖ਼ਾਂ ਏਥੇ ਬੜੀ ਬਹਾਦਰੀ ਨਾਲ ਲੜਿਆ। ਪਹਿਲੇ ਦਿਨ ਦੋਵੇਂ ਧਿਰਾਂ ਬਰਾਬਰ ਰਹੀਆਂ। ਅਗਲੇ ਦਿਨ ਲੜਾਈ ਛਿੜਨ ਤੋਂ ਪਹਿਲਾਂ ਹੀ ਬਾਰਸ਼ ਸ਼ੁਰੂ ਹੋ ਗਈ, ਜੋ ਸਾਰਾ ਦਿਨ ਰਹੀ। ਚੁਫੇਰੇ ਪਾਣੀ ਹੋ ਗਿਆ। ਠੰਢੀ ਹਵਾ ਚੱਲੀ ਤੇ ਰਾਤ ਨੂੰ ਸਖ਼ਤ ਬਰਫ਼ ਪਈ[1]। ਸਿੱਖ ਏਨੀ ਠੰਢ ਸਹਾਰਨ ਦੇ ਆਦੀ ਨਹੀਂ ਸਨ। ਉਹਨਾਂ ਦੇ ਹੱਥ ਪੈਰ ਸੁੰਨ ਹੋ ਗਏ। ਏਨੇ ਨੂੰ ਅਜ਼ੀਮ ਖ਼ਾਂ ਵੀ ਫ਼ੌਜ ਲੈ ਕੇ ਮੁਹੰਮਦ ਸ਼ਕੂਰ ਖ਼ਾਂ ਦੀ ਮਦਦ ਵਾਸਤੇ ਆ ਗਿਆ। ਦੋਹਾਂ ਰੱਲ ਕੇ ਕਹਿਰੀ ਧਾਵਾ ਬੋਲਿਆ, ਜਿਸ ਵਿਚ ਸਿੱਖ ਹਾਰ ਗਏ। ਆਪਣੀ ਫ਼ੌਜ ਦਾ ਢੇਰ ਨੁਕਸਾਨ ਕਰਾ ਕੇ ਦੀਵਾਨ ਰਾਮ ਦਿਆਲ ਸ੍ਰੀਨਗਰ ਕੋਲ ਇਕ ਪਿੰਡ ਵਿਚ ਜਾ ਬੈਠਾ। ਉਹ ਪਿਛੋਂ ਆਪਣੀ ਕੁਮਕ ਉਡੀਕ ਰਿਹਾ ਸੀ।

**ਸੁਪੀਨ ਦੀ ਲੜਾਈ**

ਦੂਜੀ ਫ਼ੌਜ ਦਾ ਹਾਲ ਸੁਣੋ। ਮਹਾਰਾਜਾ ਅਜੇ ਰਾਜੌਂੜੀ ਹੀ ਬੈਠਾ ਸੀ ਜਾਂ ਜ਼ੋਰ ਦਾ ਮੀਂਹ ਸ਼ੁਰੂ ਹੋ ਗਿਆ, ਜੋ ਕਈ ਦਿਨ ਹਟਣ ਵਿਚ ਹੀ ਨਾ ਆਇਆ। ਅੰਤ ਸ਼ੇਰੇ-ਪੰਜਾਬ ੨੬ ਜੂਨ ਨੂੰ ਰਾਜੌਂੜੀ ਤੋਂ ਤੁਰਿਆ ਤੇ ੨੮ ਜੂਨ ਨੂੰ ਪੁਣਛ ਪੁੱਜਾ। ਜਾਣ ਤੋਂ ਪਹਿਲਾਂ ਹੀ ਹਾਕਮ ਪੁਣਛ ਰੂਹਉੱਲਾ ਖ਼ਾਂ ਸਭ ਕੁਝ ਸਾੜ ਫੂਕ ਕੇ ਅਜ਼ੀਮ ਖ਼ਾਂ ਨਾਲ ਜਾ ਮਿਲਿਆ ਸੀ। ਪੁਣਛ ਉੱਤੇ ਕਬਜ਼ਾ ਕਰ ਕੇ ਵੀ ਮਹਾਰਾਜੇ ਦੇ ਹੱਥ ਕੁਝ ਨਾ ਆਇਆ। ਇਕ ਮੋਹਲੇਧਾਰ ਮੀਂਹ ਤੇ ਦੂਜੇ ਸਾਮਾਨ ਖ਼ੁਰਾਕ ਦੀ ਤੰਗੀ, ਅੱਧ ਜੁਲਾਈ ਤੱਕ ਸ਼ੇਰੇ-ਪੰਜਾਬ ਏਥੇ ਰੁਕਿਆ ਰਿਹਾ। ਅੰਤ ਬੜੀ ਔਖਿਆਈ ਨਾਲ ਮਹਾਰਾਜਾ ਤੋਸਾ ਮੈਦਾਨ ਦੇ ਗਲੇ ਤੱਕ ਪੁੱਜਾ। ਏਥੋਂ ਮਹਾਰਾਜੇ ਨੇ ਪੰਜ ਹਜ਼ਾਰ ਫ਼ੌਜ ਭਾਈ ਰਾਮ ਸਿੰਘ, ਦੀਵਾਨ ਦੇਵੀ ਦਾਸ ਤੇ ਕੁਤਬੁੱਦੀਨ ਖ਼ਾਂ ਕਸੂਰੀ ਦੇ ਮਾਤਹਿਤ ਦੀਵਾਨ ਰਾਮ ਦਿਆਲ ਦੀ ਮਦਦ ਵਾਸਤੇ ਘੱਲੀ, ਜੋ ੯ ਜੁਲਾਈ ਨੂੰ ਅਜ਼ੀਮ ਖ਼ਾਂ

**ਮਹਾਰਾਜੇ ਦੀਆਂ ਔਕੜਾਂ**

---

1. ਮੈਕਗ੍ਰੇਗਰ, ਪੰਨਾ ੧੭੨; ਲਤੀਫ਼, ਪੰਨਾ ੪੦੩



Sri Satguru Jagjit Singh Ji eLibrary NamdhariElibrary@gmail.com

ਤੋਂ ਹਾਰ ਖਾ ਕੇ ਮੁੜ ਆਈ। ਮੀਂਹ ਨੇ ਸੜਕਾਂ ਸਾਰੀਆਂ ਤੋੜ ਛੱਡੀਆਂ ਸਨ। ਬਰਫ਼ ਦੇ ਕਾਰਨ ਖ਼ਾਲਸਾ ਫ਼ੌਜ ਵਿਚ ਬੀਮਾਰੀ ਪੈ ਗਈ। ਅੱਗੇ ਲੰਘਣ ਦਾ ਕੋਈ ਚਾਰਾ ਨਜ਼ਰ ਨਾ ਆਇਆ, ਤਾਂ ਮਹਾਰਾਜਾ ਏਥੋਂ ਵਾਪਸ ਮੁੜ ਪਿਆ। ਰਾਹ ਵਿਚ ਪੁਣਛ ਦਾ ਬਚਿਆ ਹਿੱਸਾ ਸਿੱਖਾਂ ਨੇ ਸਾੜ ਦਿੱਤਾ। ਕੋਟਲੀ ਤੇ ਭਿੰਬਰ ਦੇ ਰਸਤੇ ੧੨ ਅਗਸਤ ੧੮੧੪ ਈਸਵੀ ਨੂੰ ਮਹਾਰਾਜਾ ਲੌਹਾਰ ਆ ਪੁੱਜਾ।

**ਰਾਮ ਦਿਆਲ ਵਾਪਸ**

ਰਾਮ ਦਿਆਲ ਅਜੇ ਸ੍ਰੀਨਗਰ ਦੇ ਲਾਗੇ ਡਟਿਆ ਬੈਠਾ ਸੀ। ਮਹਾਰਾਜੇ ਦੇ ਮੁੜ ਜਾਣ ਪਿਛੋਂ ਅਜ਼ੀਮ ਖ਼ਾਂ ਨੇ ਰਾਮ ਦਿਆਲ 'ਤੇ ਧਾਵਾ ਬੋਲ ਦਿੱਤਾ। ਖ਼ਾਲਸਾ ਫ਼ੌਜਾਂ ਏਨੀ ਬਹਾਦਰੀ ਨਾਲ ਲੜੀਆਂ ਕਿ ਅੰਤ ਅਜ਼ੀਮ ਖ਼ਾਂ ਨੂੰ ਸੁਲ੍ਹਾ ਕਰਨੀ ਪੈ ਗਈ। ਉਹ ਚਾਹੁੰਦਾ ਸੀ, ਕਿ ਖ਼ਾਲਸਾ ਫ਼ੌਜਾਂ ਮੇਰੀ ਰਿਆਸਤ 'ਚੋਂ ਛੇਤੀ ਬਾਹਰ ਚਲੀਆਂ ਜਾਣ। ਉਹਨੇ ਲਾਹੌਰ ਨੂੰ ਵੱਡੀ ਤਾਕਤ ਮੰਨ ਕੇ ਤੋਹਫ਼ੇ ਭੇਜੇ ਤੇ ਰਾਮ ਦਿਆਲ ਨੂੰ ਅਮਨ ਨਾਲ ਵਾਪਸ ਮੁੜਨ ਦੀ ਆਗਿਆ ਦੇ ਦਿੱਤੀ। ਏਸ ਤਰ੍ਹਾਂ ਰਾਮ ਦਿਆਲ ਵੀ ਕਸ਼ਮੀਰ ਵਿਚੋਂ ਵਾਪਸ ਮੁੜ ਆਇਆ। ਏਸ ਮੁਹਿੰਮ ਵਿਚ ਖ਼ਾਲਸਾ ਫ਼ੌਜ ਦਾ ਬੜਾ ਨੁਕਸਾਨ ਹੋਇਆ। ਸ. ਮਿੱਤ ਸਿੰਘ ਭੜਾਣੀਆਂ, ਜੀਵਨ ਮੱਲ, ਸ. ਫਤਹਿ ਸਿੰਘ ਛਾਛੀ, ਸ. ਗੁਰਬਖ਼ਸ਼ ਸਿੰਘ ਧਾਰੀ, ਸ. ਦੇਸਾ ਸਿੰਘ ਮਾਨ ਆਦਿ ਕਈ ਜਰਨੈਲ ਜੰਗ ਦੀ ਭੇਟਾ ਹੋ ਗਏ।[1]

**ਮੁਹਕਮ ਚੰਦ ਸੁਰਗਵਾਸ**

ਮਹਾਰਾਜਾ ਲਾਹੌਰ ਪੁੱਜਾ, ਤਾਂ ਦੀਵਾਨ ਮੁਹਕਮ ਚੰਦ ਫ਼ਿਲੌਰ ਚਲਾ ਗਿਆ। ਉਥੇ ਉਹ ੧੫ ਕਤਕ, ੧੮੭੩ ਬਿ. (ਅਕਤੂਬਰ, ੧੮੧੪ ਈਸਵੀ) ਨੂੰ ਸੁਰਗਵਾਸ ਹੋ ਗਿਆ। ਮਹਾਰਾਜੇ ਨੇ ਉਸ ਦੇ ਪੁੱਤਰ ਮੋਤੀ ਰਾਮ ਨੂੰ ਦੀਵਾਨ ਦਾ ਖ਼ਿਤਾਬ ਦੇ ਕੇ ਉਸ ਦੀ (ਮੁਹਕਮ ਚੰਦ) ਦੀ ਜਾਗੀਰ ਦਾ ਮਾਲਕ ਬਣਾ ਦਿੱਤਾ। ਮੋਤੀ ਰਾਮ ਦੇ ਪੁੱਤਰ ਰਾਮ ਦਿਆਲ ਨੂੰ ਜਾਗੀਰਦਾਰੀ ਫ਼ੌਜ ਦਾ ਅਫ਼ਸਰ ਬਣਾਇਆ।

**ਅੰਗਰੇਜ਼ਾਂ ਵੱਲੋਂ ਤੋਹਫ਼ੇ**

ਏਸੇ ਸਾਲ ਸਰਕਾਰ ਅੰਗਰੇਜ਼ੀ ਵੱਲੋਂ ਅਬਦੁੱਲ ਨਬੀ ਖ਼ਾਂ ਮਹਾਰਾਜੇ ਵਾਸਤੇ ਤੋਹਫ਼ੇ ਤੇ ਮਿੱਤਰਤਾ ਦੇ ਖ਼ਤ ਲੈ ਕੇ ਆਇਆ। ਸ਼ੇਰੇ-ਪੰਜਾਬ ਨੇ ਉਸ ਨੂੰ ਸਿਰੋਪਾ ਬਖ਼ਸ਼ਿਆ ਤੇ ਗਵਰਨਰ-ਜਨਰਲ ਵਾਸਤੇ ਮੋੜਵੇਂ ਤੋਹਫ਼ੇ ਤੇ ਦੋਸਤਾਨਾ ਖ਼ਤ ਭੇਜੇ।

**ਸ਼ੁਜਾਹ ਲਾਹੌਰ ਨੱਸ ਕੇ ਲੁਧਿਆਣੇ**

ਸ਼ਾਹ ਸ਼ੁਜਾਹ ਦੇ ਦਿਲ ਵਿਚ ਅਜੇ ਵੀ ਕਾਬਲ ਦੀ ਬਾਦਸ਼ਾਹੀ ਹਾਸਲ ਕਰਨ ਦਾ ਅਰਮਾਨ ਸੀ। ਪਹਿਲੀ ਨਵੰਬਰ, ੧੮੧੪ ਈਸਵੀ ਨੂੰ ਉਹਦੀਆਂ ਬੇਗਮਾਂ ਲਾਹੌਰੋਂ ਨੱਸ ਗਈਆਂ। ਉਹ ਅੰਗਰੇਜ਼ਾਂ ਕੋਲ ਲੁਧਿਆਣੇ ਜਾ ਟਿਕੀਆਂ। ਅਪ੍ਰੈਲ, ੧੮੧੪ ਈਸਵੀ ਨੂੰ ਇਕ ਰਾਤ ਸ਼ੁਜਾਹ ਵੀ ਲਾਹੌਰੋਂ ਨੱਸ ਗਿਆ। ਡੇਢ ਕੁ ਸਾਲ ਪਹਾੜਾਂ

---

1. ਲਤੀਫ਼, ਪੰਨੇ ੪੦੨ ਤੋਂ ੪੦੫, ਮੈਕਗ੍ਰੇਗਰ, ਪੰਨੇ ੧੭੨ ਤੋਂ ੧੭੪, ਕਨਿੰਘਮ, ਪੰਨੇ ੧੫੪-੫, ਕੋਹਲੀ, ਪੰਨੇ ੧੮੬ ਤੋਂ ੧੮੯



Sri Satguru Jagjit Singh Ji eLibrary NamdhariElibrary@gmail.com

ਵਿਚ ਭਟਕਦਾ ਫਿਰਦਾ ਰਿਹਾ। ਅੰਤ ਉਹ ਸਤੰਬਰ, ੧੮੧੬ ਈਸਵੀ ਨੂੰ ਲੁਧਿਆਣੇ ਜਾ ਪੁੱਜਾ। ਅੰਗਰੇਜ਼ਾਂ ਨੇ ਪੰਜਾਹ ਹਜ਼ਾਰ ਸਾਲਾਨਾ ਪੈਨਸ਼ਨ ਸ਼ਾਹ ਸ਼ੁਜਾਹ ਨੂੰ ਤੇ ੨੪ ਹਜ਼ਾਰ ਸਾਲਾਨਾ ਸ਼ਾਹ ਜ਼ਮਾਨ ਨੂੰ ਦੇ ਦਿੱਤੀ।

**ਦੀਨਾ ਨਾਥ ਨੌਕਰ ਹੋਇਆ**

੧੮੧੫ ਈਸਵੀ ਵਿਚ ਪੰਡਿਤ ਦੀਨਾ ਨਾਥ ਦਿੱਲੀ ਤੋਂ ਆ ਕੇ ਮਹਾਰਾਜੇ ਕੋਲ ਮਹਿਕਮਾ ਮਾਲ ਵਿਚ ਨੌਕਰ ਹੋਇਆ। ਇਹ ਆਪਣੇ ਕੰਮ ਦਾ ਬੜਾ ਸਿਆਣਾ ਸੀ। ਸਮਾਂ ਪਾ ਕੇ ਇਹ ਮਹਿਕਮੇ ਦਾ ਸਭ ਤੋਂ ਵੱਡਾ ਅਫ਼ਸਰ ਬਣਿਆ। ਸਰਕਾਰ ਖ਼ਾਲਸਾ ਵੱਲੋਂ ਇਸ ਨੂੰ 'ਦੀਵਾਨ' ਤੇ ਫੇਰ 'ਰਾਜਾ' ਦਾ ਖ਼ਿਤਾਬ ਦਿੱਤਾ ਗਿਆ।

**ਰਾਜੌਂੜੀ, ਕੋਟਲੀ, ਭਿੰਬਰ ਜ਼ਬਤ**

ਕਸ਼ਮੀਰ ਦੀ ਮੁਹਿੰਮ ਵਿਚ ਰਾਜਾ ਅਘੜ ਖ਼ਾਂ ਰਾਜੌਂੜੀ ਵਾਲੇ ਨੇ ਮਹਾਰਾਜੇ ਨਾਲ ਵਿਸ਼ਵਾਸਘਾਤ ਕੀਤਾ ਸੀ। ਸ਼ੇਰੇ-ਪੰਜਾਬ ਨੇ ਅਕਤੂਬਰ, ੧੮੧੫ ਈਸਵੀ ਵਿਚ ਦੀਵਾਨ ਰਾਮ ਦਿਆਲ, ਸ. ਦਲ ਸਿੰਘ, ਅਕਾਲੀ ਫੂਲਾ ਸਿੰਘ, ਸ. ਹਰੀ ਸਿੰਘ ਨਲੂਏ ਨੂੰ ਹੁਕਮ ਦੇ ਕੇ ਭੇਜਿਆ ਕਿ ਰਾਜੌਂੜੀ ਆਦਿ ਸਭ ਪਹਾੜੀ ਇਲਾਕੇ ਪੀਰ ਪੰਚਾਲ ਤੋਂ ਅੰਦਰ ਅੰਦਰ ਜ਼ਬਤ ਕਰ ਲਏ ਜਾਣ। ਮਹਾਰਾਜਾ ਆਪ ਵੀ ਵਜ਼ੀਰਾਬਾਦ ਦੇ ਰਸਤੇ ਮਗਰੇ ਗਿਆ। ਮਹਾਰਾਜਾ ਭਿੰਬਰ ਜਾ ਬੈਠਾ। ਜਦ ਖ਼ਾਲਸਾ ਫ਼ੌਜਾਂ ਰਾਜੌਂੜੀ ਵੱਲ ਵਧੀਆਂ ਤਾਂ ਅੱਗੋਂ ਅਘੜ ਖ਼ਾਂ ਕਿਲ੍ਹੇ ਵਿਚੋਂ ਨੱਸ ਕੇ ਕੋਟਲੀ ਦੇ ਕਿਲ੍ਹੇ ਵਿਚ ਜਾ ਲੁਕਿਆ। ਖ਼ਾਲਸਾ ਫ਼ੌਜ ਨੇ ਰਾਜੌਂੜੀ ਉੱਤੇ ਕਬਜ਼ਾ ਕਰ ਲਿਆ। ਭਿੰਬਰ ਤੇ ਰਾਜੌਂੜੀ ਦੇ ਹਾਕਮ ਫੜ ਕੇ ਲਾਹੌਰ ਲਿਆਂਦੇ ਗਏ। ਪੀਰ ਪੰਚਾਲ ਤੋਂ ਅੰਦਰ ਦਾ ਸਾਰਾ ਇਲਾਕਾ (ਰਾਜੌਂੜੀ, ਭਿੰਬਰ ਆਦਿ) ਜ਼ਬਤ ਕਰ ਲਿਆ ਗਿਆ।[1]

**ਮਿਸਲ ਰਾਮਗੜ੍ਹੀਆ ਦੇ ਇਲਾਕੇ ਜ਼ਬਤ**

ਸਤੰਬਰ, ੧੮੧੫ ਈਸਵੀ ਨੂੰ ਸ. ਜੋਧ ਸਿੰਘ ਰਾਮਗੜ੍ਹੀਆ ਸੁਰਗਵਾਸ ਹੋ ਗਿਆ। ਉਹਦੇ ਵਾਰਸ ਪਿਛੋਂ ਆਪਸ ਵਿਚ ਲੜਨ ਲੱਗ ਪਏ। ਮਹਾਰਾਜੇ ਨੇ ਇਲਾਕੇ ਵਿਚ ਅਮਨ ਕਾਇਮ ਕਰਨ ਬਦਲੇ ਰਾਮਗੜ੍ਹੀਆ ਮਿਸਲ ਦਾ ਇਲਾਕਾ (ਚਾਰ ਲੱਖ ਦਾ) ਜ਼ਬਤ ਕਰ ਲਿਆ। ਸ. ਜੋਧ ਸਿੰਘ ਦੀ ਵਿਧਵਾ ਤੇ ਵਾਰਸਾਂ ਵਾਸਤੇ ਤੀਹ ਹਜ਼ਾਰ (ਪੰਜਾਹ ਹਜ਼ਾਰ[2]) ਦੀ ਜਾਗੀਰ ਦੇ ਦਿੱਤੀ। ਇਸ ਦਿਨ ਤੋਂ ਮਿਸਲ ਰਾਮਗੜ੍ਹੀਆ ਸਮਾਪਤ ਹੋ ਗਈ।

**ਨੂਰਪੁਰ ਜ਼ਬਤ**

**ਜੱਸਵਾਂ 'ਤੇ ਕਬਜ਼ਾ**

ਰਾਜਾ ਬੀਰ ਸਿੰਘ ਨੂਰਪੁਰ ਦੇ ਜ਼ੁਮੇ ਕਈ ਚਿਰ ਦਾ ਖ਼ਰਾਜ ਰਹਿੰਦਾ ਸੀ। ਉਹਨੂੰ ਰਾਜੌਂੜੀ ਦੀ ਮੁਹਿੰਮ ਵਿਚ ਬੁਲਾਇਆ, ਮਗਰ ਉਹ ਹਾਜ਼ਰ ਨਾ ਹੋਇਆ। ਜਨਵਰੀ, ੧੮੧੬ ਈਸਵੀ ਵਿਚ ਉਹਦਾ ਇਲਾਕਾ ਨੂਰਪੁਰ ਜ਼ਬਤ ਕਰ ਲਿਆ। ਰਾਜੇ ਦੇ ਗੁਜ਼ਾਰੇ ਵਾਸਤੇ ਜਾਗੀਰ ਦੇ ਦਿੱਤੀ ਗਈ। ਰਾਜਾ ਉਮੇਦ ਸਿੰਘ ਜੱਸਵਾਂ ਵੱਲੋਂ ਵੀ ਅਜੇ ਪਿਛਲਾ ਬਕਾਇਆ ਰਹਿੰਦਾ ਸੀ। ਉਹਨੇ ਆਪਣੇ ਆਪ ਨੂੰ

---

1. ਮੈਕਗ੍ਰੇਗਰ, ਪੰਨਾ ੧੭੬
2. ਮੈਕਗ੍ਰੇਗਰ, ਪੰਨਾ ੧੭੫



Sri Satguru Jagjit Singh Ji eLibrary NamdhariElibrary@gmail.com

ਖ਼ਰਾਜ ਤਾਰਨ ਤੋਂ ਅਸਮਰਥ ਦੱਸਿਆ, ਤਾਂ ਉਹਨੂੰ ਦਸ ਹਜ਼ਾਰ ਸਾਲਾਨਾ ਜਾਗੀਰ ਦੇ ਕੇ, ਇਲਾਕਾ ਖ਼ਾਲਸਾ ਰਾਜ ਵਿਚ ਮਿਲਾ ਲਿਆ।

ਏਧਰੋਂ ਆਣ ਕੇ ਮਹਾਰਾਜੇ ਨੇ ਪਾਕਪਟਨ-ਮੁਲਤਾਨ ਵੱਲ ਦੌਰਾ ਸ਼ੁਰੂ ਕੀਤਾ।

**ਪਾਕਪਟਨ ਤੋਂ ਨਜ਼ਰਾਨਾ**

ਮਾਰਚ, ੧੮੧੬ ਈਸਵੀ ਨੂੰ ਮਹਾਰਾਜਾ ਲਾਹੌਰੋਂ ਤੁਰਿਆ। ਰਾਹ ਵਿਚ ਪਾਕਪਟਨ ਦੇ ਸਜਾਦਾ ਨਸ਼ੀਨ ਦੀਵਾਨ ਸ਼ੇਖ਼ ਮੁਹੰਮਦ ਨੇ ਨਜ਼ਰਾਨਾ ਦਿੱਤਾ ਤੇ ਨੌਂ ਹਜ਼ਾਰ ਸਾਲਾਨਾ ਖ਼ਰਾਜ ਦੇਣਾ ਪਰਵਾਨ ਕੀਤਾ। ਮਹਾਰਾਜੇ ਨੇ ਉਹਦਾ ਇਲਾਕਾ ਉਸੇ ਦੇ ਕਬਜ਼ੇ ਵਿਚ ਰਹਿਣ ਦਿੱਤਾ। ਖ਼ਾਲਸਾ ਫ਼ੌਜਾਂ ਵਧੀਆਂ, ਤਾਂ ਬਹਾਵਲਪੁਰ ਦੇ ਰਾਜਦੂਤ ਸੂਬਾ ਰਾਏ ਤੇ ਕਿਸ਼ਨ ਦਾਸ ਰਾਹ ਵਿਚ ਆ ਮਿਲੇ। ਉਹਨਾਂ ਅੱਸੀ ਹਜ਼ਾਰ ਉਸੇ ਵੇਲੇ ਤਾਰ ਦਿੱਤਾ ਤੇ ਅੱਗੇ ਵਾਸਤੇ ਸੱਤਰ ਹਜ਼ਾਰ ਸਾਲਾਨਾ ਖ਼ਰਾਜ ਦੇਣਾ ਮੰਨਿਆ।

**ਬਹਾਵਲਪੁਰ ਤੋਂ ਨਜ਼ਰਾਨਾ**

ਮਹਾਰਾਜਾ ਹੜੱਪੇ ਦੇ ਰਾਹੀਂ ਤੁਲੰਭੇ ਜਾ ਬੈਠਾ। ਏਥੇ ਮੁਜ਼ੱਫਰ ਖ਼ਾਂ ਨਵਾਬ ਮੁਲਤਾਨ ਦਾ ਵਕੀਲ ਮੁਹਸਨ ਸ਼ਾਹ ਤੋਹਫ਼ੇ ਲੈਕੇ ਆ ਮਿਲਿਆ। ਮਹਾਰਾਜੇ ਨੇ ਪਿਛਲਾ ਬਾਕੀ ਇਕ ਲੱਖ ਵੀਹ ਹਜ਼ਾਰ ਖ਼ਰਾਜ ਮੰਗਿਆ। ਮਗਰ ਵਕੀਲ ਰਾਹੀਂ ਪਤਾ ਲੱਗਾ, ਕਿ ਮੁਜ਼ੱਫ਼ਰ ਖ਼ਾਂ ਕੇਵਲ ਚਾਲੀ ਹਜ਼ਾਰ ਦੇਣ ਨੂੰ ਤਿਆਰ ਸੀ। ਮਹਾਰਾਜੇ ਨੇ ਇਹ ਸ਼ਰਤ ਨਾ ਮੰਨੀ। ਅਕਾਲੀ ਫੂਲਾ ਸਿੰਘ ਤੇ ਮਿਸਰ ਦੀਵਾਨ ਚੰਦ ਨੂੰ ਅੱਗੇ ਵੱਧਣ ਦਾ ਹੁਕਮ ਦਿੱਤਾ। ਖ਼ਾਲਸਾ ਫ਼ੌਜ ਨੇ ਅਹਿਮਦਾਬਾਦ ਉੱਤੇ ਕਬਜ਼ਾ ਕਰਕੇ, ਅੱਗੇ ਵੱਧ ਕੇ ਸ਼ਹਿਰ ਮੁਲਤਾਨ ਨੂੰ ਘੇਰਾ ਪਾ ਲਿਆ।

**ਮੁਲਤਾਨ ਨੂੰ ਘੇਰਾ**

ਮਹਾਰਾਜਾ ਵੀ ਤ੍ਰਿਮੂੰ ਘਾਟ ਤੋਂ ਝਨਾਂ ਲੰਘ ਕੇ ਸਲਾਰਵਾਨ ਜਾ ਬੈਠਾ। ਮਾਮੂਲੀ ਟਾਕਰੇ ਪਿਛੋਂ ਅਕਾਲੀ ਫੂਲਾ ਸਿੰਘ ਨੇ ਸ਼ਹਿਰ ਮੁਲਤਾਨ ਉੱਤੇ ਕਬਜ਼ਾ ਕਰ ਲਿਆ। ਮੁਜ਼ੱਫਰ ਖ਼ਾਂ ਨੇ ਸੁਲ੍ਹਾ ਕਰ ਕੇ ਅੱਸੀ ਹਜ਼ਾਰ ਉਸੇ ਵੇਲੇ ਤਾਰ ਦਿੱਤਾ ਤੇ ਬਾਕੀ ਰਕਮ ਦੋ ਮਹੀਨੇ ਦੇ ਅੰਦਰ ਅੰਦਰ ਤਾਰਨ ਦਾ ਇਕਰਾਰ ਕੀਤਾ।[1]

**ਮਾਨਕੇਰਾ ਤੋਂ ਨਜ਼ਰਾਨਾ**

ਇਥੋਂ ਵੱਧ ਕੇ ਮਹਾਰਾਜੇ ਨੇ ਮਾਨਕੇਰਾ ਵੱਲ ਰੁਖ਼ ਕੀਤਾ। ਉਥੋਂ ਦਾ ਨਵਾਬ ਮੁਹੰਮਦ ਖ਼ਾਂ ਮਰ ਚੁੱਕਾ ਸੀ। ਉਹਦੀ ਥਾਂ ਨਵਾਂ ਨਵਾਬ ਸ਼ੇਰ ਮੁਹੰਮਦ ਖ਼ਾਂ ਬਣਿਆ ਸੀ। ਉਹਦੇ ਇਲਾਕੇ ਵਿਚ ਮਾਨਕੇਰਾ, ਖ਼ਾਨਗੜ੍ਹ, ਮਹਿਮੂਦ ਕੋਟ, ਮੁਹੰਮਦ ਪੁਰ, ਲੋਹੀਆਂ, ਭੱਕਰ ਆਦਿ ਕਈ ਕਿਲ੍ਹੇ ਸਨ। ਜਦ ਖ਼ਾਲਸਾ ਫ਼ੌਜ ਇਲਾਕੇ ਵਿਚ ਦਾਖ਼ਲ ਹੋਈ ਤਾਂ ਨਵਾਬ ਦੇ ਵਕੀਲ ਆ ਮਿਲੇ। ਮਹਾਰਾਜੇ ਨੇ ਨਵਾਬ ਵੱਲ ਪਿਛਲਾ ਬਕਾਇਆ ਖ਼ਰਾਜ ਇਕ ਲੱਖ ਵੀਹ ਹਜ਼ਾਰ ਕੱਢਿਆ ਜਿਸ ਵਿਚੋਂ ਨਵਾਬ ਕੇਵਲ ਵੀਹ ਹਜ਼ਾਰ ਦੇਣਾ ਚਾਹੁੰਦਾ ਸੀ। ਖ਼ਾਲਸਾ ਫ਼ੌਜਾਂ ਨੇ ਮਹਿਮੂਦ ਕੋਟ, ਖ਼ਾਨਗੜ੍ਹ ਤੇ ਮੁਹੰਮਦਪੁਰ ਨੂੰ ਘੇਰ ਲਿਆ। ਕਿਲ੍ਹਿਆਂ ਉੱਤੇ ਤੋਪਾਂ ਨੇ ਗੋਲੇ ਬਰਸਾਉਣੇ ਸ਼ੁਰੂ ਕਰ ਦਿੱਤੇ। ਤੰਗ ਆ ਕੇ ਸ਼ੇਰ ਮੁਹੰਮਦ ਖ਼ਾਂ ਨੇ ਪੰਜਾਹ ਹਜ਼ਾਰ ਨਜ਼ਰਾਨਾ ਤਾਰ ਕੇ ਅੱਗੇ ਵਾਸਤੇ ਈਨ ਮੰਨ ਲਈ।[1]

1. ਲਤੀਫ਼, ਪੰਨਾ ੪੦੭



Sri Satguru Jagjit Singh Ji eLibrary NamdhariElibrary@gmail.com

ਝੰਗ ਦੇ ਹਾਕਮ ਅਹਿਮਦ ਖ਼ਾਂ ਸਿਆਲ ਨੇ ਕਈ ਸਾਲ ਤੋਂ ਖ਼ਰਾਜ ਨਹੀਂ ਤਾਰਿਆ ਸੀ। ਮਹਾਰਾਜੇ ਨੇ ਅਹਿਮਦ ਖ਼ਾਂ ਤੇ ਉਹਦੇ ਦੀਵਾਨ ਜਵਾਇਆ ਰਾਮ ਨੂੰ ਲਾਹੌਰ ਨਜ਼ਰਬੰਦ ਕਰ ਦਿੱਤਾ ਤੇ ਸਾਰਾ ਇਲਾਕਾ ਝੰਗ ਸਿੱਖ ਰਾਜ ਵਿਚ ਮਿਲਾ ਲਿਆ। ਸੁਖ ਦਿਆਲ ਨੂੰ ਉਥੋਂ ਦਾ ਗਵਰਨਰ ਥਾਪਿਆ ਤੇ ਸੁਜਾਨ ਰਾਏ ਨੂੰ ਦੀਵਾਨ। ਇਸੇ ਸਮੇਂ ਸ. ਫ਼ਤਹਿ ਸਿੰਘ ਆਹਲੂਵਾਲੀਏ ਨੇ ਇਲਾਕਾ ਉੱਚ ਤੇ ਕੋਟ ਮਹਾਰਾਜਾ ਜ਼ਬਤ ਕਰ ਲਏ। ਉੱਚ ਦੇ ਸੱਯਦਾਂ ਨੂੰ ਗੁਜ਼ਾਰੇ ਜੋਗੀ ਜਾਗੀਰ ਦੇ ਦਿੱਤੀ ਗਈ। ਕੋਟ ਮਹਾਰਾਜਾ ਦੇ ਹਾਕਮ ਰਜਬ ਅਲੀ ਖ਼ਾਂ ਨੂੰ ਕੁਝ ਸਮੇਂ ਵਾਸਤੇ ਲਾਹੌਰ ਨਜ਼ਰਬੰਦ ਕਰ ਦਿੱਤਾ। ਇਹ ਸਾਰਾ ਪ੍ਰਬੰਧ ਕਰਕੇ ਮਹਾਰਾਜਾ ੨੦ ਮਈ, ੧੮੧੬ ਈਸਵੀ ਨੂੰ ਲਾਹੌਰ ਪੁੱਜਾ।[2]

**ਝੰਗ ਜ਼ਬਤ**

**ਇਲਾਕਾ ਉੱਚ ਤੇ ਕੋਟ ਮਹਾਰਾਜਾ ਜ਼ਬਤ**

ਮਹਾਰਾਜਾ ਲਾਹੌਰ ਆਇਆ ਹੀ ਸੀ ਜਾਂ ਡੇਹਰਾ ਦੀਨ ਪਨਾਹ ਦਾ ਹਾਕਮ ਅਬਦੁੱਸਸਮੱਦ ਖ਼ਾਂ, ਦੀਵਾਨ ਰਾਮਾ ਦਿਆਲ ਦੇ ਨਾਲ ਲਾਹੌਰ ਸ਼ੇਰੇ ਪੰਜਾਬ ਦੀ ਸ਼ਰਣ ਆਇਆ। ਉਹਨੇ ਮੁਜ਼ੱਫ਼ਰ ਖ਼ਾਂ ਨਵਾਬ ਮੁਲਤਾਨ ਦੀ ਸ਼ਕਾਇਤ ਕੀਤੀ ਕਿ ਉਹ ਹਰ ਵੇਲੇ ਮੇਰੇ ਇਲਾਕੇ ਵਿਚ ਮੈਨੂੰ ਤੰਗ ਕਰਦਾ ਰਹਿੰਦਾ ਹੈ। ਮਹਾਰਾਜੇ ਨੇ ਉਹਦਾ ਬੜਾ ਆਦਰ ਕੀਤਾ ਤੇ ਮੁਬਾਰਕ ਹਵੇਲੀ ਵਿਚ ਆਸਰਾ ਦਿੱਤਾ।

**ਅਬਦੁੱਸਸਮੱਦ ਖ਼ਾਂ ਲਾਹੌਰ**

ਏਸੇ ਵੇਲੇ ਖ਼ਬਰ ਮਿਲੀ ਕਿ ਕਾਬਲ ਦੇ ਵਜ਼ੀਰ ਫ਼ਤਹਿ ਖ਼ਾਂ ਨੇ ਆਪਣੇ ਭਰਾ ਮੁਹੰਮਦ ਅਜ਼ੀਮ ਖ਼ਾਂ ਨੂੰ ਸ਼ਕੱਸਤ ਦੇ ਕੇ ਕਸ਼ਮੀਰ ਮੱਲ ਲਿਆ ਹੈ।[3]

**ਫ਼ਤਹਿ ਖ਼ਾਂ ਨੇ ਕਸ਼ਮੀਰ ਮਲ ਲਿਆ**

ਨਕਈ ਮਿਸਲ ਦਾ ਇਲਾਕਾ ਜ਼ਬਤ ਕਰਕੇ ਮਹਾਰਾਜੇ ਨੇ ਸ਼ਹਿਜ਼ਾਦਾ ਖੜਕ ਸਿੰਘ ਨੂੰ ਜਾਗੀਰ ਵਿਚ ਦਿੱਤਾ ਹੋਇਆ ਸੀ। ਭਾਈ ਰਾਮ ਸਿੰਘ ਉਸ ਜਾਗੀਰ ਦਾ ਪ੍ਰਬੰਧਕ ਥਾਪਿਆ ਗਿਆ ਸੀ। ਉਹ ਜਾਗੀਰ ਦਾ ਪ੍ਰਬੰਧ ਠੀਕ ਨਾ ਕਰ ਸਕਿਆ। ਉਹਦੀ ਹਕੂਮਤ ਪਰਜਾ ਨੂੰ ਖ਼ੁਸ਼ ਨਾ ਕਰ ਸਕੀ। ਉਸ ਤੋਂ ਹੋਰ ਵੀ ਕਈ ਭੁੱਲਾਂ ਹੋਈਆਂ। ਮਹਾਰਾਜੇ ਨੇ ਭਾਈ ਰਾਮ ਸਿੰਘ ਨੂੰ ਨਜ਼ਰਬੰਦ ਕਰ ਦਿੱਤਾ ਤੇ ਉਹਦਾ ਨਜਾਇਜ਼ ਢੰਗ ਨਾਲ ਜਮ੍ਹਾਂ ਕੀਤਾ ਸਾਰਾ ਧਨ (ਚਾਰ-ਪੰਜ ਲੱਖ) ਜ਼ਬਤ ਕਰ ਲਿਆ। ਸ਼ਹਿਜ਼ਾਦੇ ਦੀ ਜਾਗੀਰ ਦਾ ਪ੍ਰਬੰਧ ਦੀਵਾਨ ਭਵਾਨੀ ਦਾਸ ਪਸ਼ੌਰੀਏ ਦੇ ਹਵਾਲੇ ਕੀਤਾ।[4]

**ਰਾਮ ਸਿੰਘ ਨੂੰ ਸਜ਼ਾ**

ਅਕਤੂਬਰ, ੧੮੧੬ ਈਸਵੀ ਦੇ ਨੌਰਾਤਿਆਂ ਨੂੰ ਅਨਾਰਕਲੀ ਦੇ ਪਿਛਲੇ

---

1. ਲਤੀਫ਼, ਪੰਨਾ ੪੦੮, ਕੋਹਲੀ, ਪੰਨਾ ੧੯੮
2. ਲਤੀਫ਼, ਪੰਨਾ ੪੦੮
3. ਮੈਕਗ੍ਰੇਗਰ, ਪੰਨਾ ੧੭੬, ਲਤੀਫ਼, ਪੰਨਾ ੪੦੮
4. ਲਤੀਫ਼, ਪੰਨੇ ੪੦੮-੯



Sri Satguru Jagjit Singh Ji eLibrary NamdhariElibrary@gmail.com

**ਖੜਕ ਸਿੰਘ ਨੂੰ ਰਾਜ ਤਿਲਕ**

ਮੈਦਾਨ ਵਿਚ ਬੜਾ ਵੱਡਾ ਦਰਬਾਰ ਕੀਤਾ ਗਿਆ, ਜਿਸ ਵਿਚ ਸ਼ਹਿਜ਼ਾਦਾ ਖੜਕ ਸਿੰਘ ਨੂੰ ਰਾਜ ਤਿਲਕ ਦਿੱਤਾ ਗਿਆ। ਸਾਰੀ ਪਰਜਾ ਵਿਚ ਐਲਾਨ ਕੀਤਾ ਗਿਆ ਕਿ ਸ਼ੇਰੇ ਪੰਜਾਬ ਦੇ ਪਿੱਛੋਂ ਸ. ਖੜਕ ਸਿੰਘ ਸਿੱਖ ਰਾਜ ਦੀ ਗੱਦੀ ਉੱਤੇ ਬੈਠੇਗਾ। ਰਾਜ ਦੇ ਜਾਗੀਰਦਾਰਾਂ ਤੇ ਅਹਿਲਕਾਰਾਂ ਵੱਲੋਂ ਸ਼ਹਿਜ਼ਾਦੇ ਨੂੰ ਨਜ਼ਰਾਂ ਪੇਸ਼ ਕੀਤੀਆਂ ਗਈਆਂ। ਸ਼ਾਹੀ ਹੁਕਮਨਾਮੇ ਜਾਰੀ ਕਰਨ ਉਤੇ ਸ਼ਹਿਜ਼ਾਦਾ ਖੜਕ ਸਿੰਘ ਨੂੰ ਨੀਯਤ ਕੀਤਾ ਗਿਆ।

**ਪਹਾੜੀ ਰਾਜਿਆਂ ਤੋਂ ਨਜ਼ਰਾਨੇ**

ਲਾਹੌਰ ਦੁਸਹਿਰਾ ਕਰ ਕੇ ਸ਼ੇਰੇ-ਪੰਜਾਬ ਨੇ ਪਹਾੜੀ ਰਿਆਸਤਾਂ ਦੇ ਦੌਰੇ ਦੀ ਚੜ੍ਹਾਈ ਕੀਤੀ। ਅੰਮ੍ਰਿਤਸਰ ਹਰਿਮੰਦਰ ਸਾਹਿਬ ਮੱਥਾ ਟੇਕਿਆ। ਮਾਧੋਪੁਰ ਵਾਲੀ ਨਹਿਰ ਵਿਚੋਂ ਸਰੋਵਰ ਵਾਸਤੇ ਪਾਣੀ ਦਾ ਪ੍ਰਬੰਧ ਕਰਨ ਦਾ ਹੁਕਮ ਦਿੱਤਾ। ਮਹਾਰਾਜਾ ਦੀਨਾਨਗਰ ਪੁੱਜਾ ਤਾਂ ਚੰਬੇ ਦੇ ਵਕੀਲ ਨੇ ਹਾਜ਼ਰ ਹੋ ਕੇ ਚਾਲੀ ਹਜ਼ਾਰ ਨਜ਼ਰਾਨਾ ਤਾਰਿਆ। ਫਿਰ ਸ਼ੇਰੇ ਪੰਜਾਬ ਨੂਰਪੁਰ ਰਾਹੀਂ ਕਾਂਗੜੇ ਪੁੱਜਾ। ਏਥੇ ਹਾਜ਼ਰ ਹੋ ਕੇ ਪਹਾੜੀ ਰਾਜਿਆਂ ਨੇ ਨਜ਼ਰਾਨੇ ਤਾਰੇ। ਮੰਡੀ ਦੇ ਰਾਜੇ ਈਸ਼ਰ ਸੈਨ ਨੇ ਪੈਂਹਠ ਹਜ਼ਾਰ ਖ਼ਰਾਜ ਤੇ ਤੀਹ ਹਜ਼ਾਰ ਨਜ਼ਰਾਨਾ ਤਾਰਿਆ। ਸਕੇਤ ਦੇ ਰਾਜਾ ਨੇ ਦਸ ਹਜ਼ਾਰ ਭੇਟਾ ਕੀਤਾ। ਕੁੱਲੂ ਦਾ ਰਾਜਾ ਬਿਕ੍ਰਮ ਸੈਨ ਮਰ ਗਿਆ ਸੀ। ਮਹਾਰਾਜੇ ਨੇ ਕੁੱਲੂ ਜਾ ਕੇ ਰਾਜੇ ਦੇ ਪੁੱਤਰ ਠਾਕਰ ਦਾਸ ਨੂੰ ਗੱਦੀ 'ਤੇ ਬਿਠਾਇਆ। ਉਸ ਨੇ ਅੱਗੋਂ ਨਜ਼ਰਾਨੇ ਵਜੋਂ ਇਕ ਲੱਖ ਭੇਟਾ ਕੀਤਾ। ਜਸਰੋਟਾ ਦੇ ਰਾਜੇ ਤੋਂ ਨਜ਼ਰਾਨਾ ਲੈ ਕੇ ਮਹਾਰਾਜਾ ਨਦੌਣ ਤੱਕ ਗਿਆ। ਰਾਜਾ ਸੰਸਾਰ ਚੰਦ ਨਾਲ ਹੀ ਸੀ। ਇਥੋਂ ਮੈਦਾਨ ਰਾਹੀਂ ਮਹਾਰਾਜਾ ਵਾਪਸ ਲਾਹੌਰ ਨੂੰ ਮੁੜਿਆ।

**ਨਿਹਾਲ ਸਿੰਘ ਅਟਾਰੀ ਦੀ ਕੁਰਬਾਨੀ**

ਰਾਹ ਵਿਚ ਵਣੀਕੇ ਮਹਾਰਾਜਾ ਕੁਝ ਦਿਨ ਸ਼ਿਕਾਰ ਖੇਡਣ ਵਾਸਤੇ ਖਲੋ ਗਿਆ। ਇਥੋਂ ਬਿਮਾਰ ਹੋ ਕੇ ਮਹਾਰਾਜਾ ਲਾਹੌਰ ਚਲਾ ਗਿਆ। ਬਿਮਾਰੀ ਘਟਣ ਦੀ ਥਾਂ ਪੈਰੋ ਪੈਰ ਵਧਦੀ ਹੀ ਗਈ। ਏਥੋਂ ਤੱਕ ਕਿ ਮਹਾਰਾਜੇ ਦੀ ਜ਼ਿੰਦਗੀ ਨੂੰ ਖ਼ਤਰਾ ਪੈ ਗਿਆ। ਸਿੱਖੀ ਪਿਆਰ ਨੇ ਸ: ਨਿਹਾਲ ਸਿੰਘ ਅਟਾਰੀ ਵਾਲੇ ਦੇ ਦਿਲ ਅੰਦਰ ਐਨਾ ਹੁਲਾਰਾ ਦਿੱਤਾ ਕਿ ਉਹ ਮਹਾਰਾਜੇ ਤੋਂ ਸੀਸ ਵਾਰਨ ਵਾਸਤੇ ਤਿਆਰ ਹੋ ਪਿਆ। ਉਹਨੇ ਮਹਾਰਾਜੇ ਦੇ ਪਲੰਘ ਕੋਲ ਖਲੋ ਕੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ, "ਸੱਚੇ ਪਾਤਸ਼ਾਹ! ਮੇਰੀ ਬਾਕੀ ਦੀ ਜ਼ਿੰਦਗੀ ਮਹਾਰਾਜੇ ਨੂੰ ਮਿਲ ਜਾਏ ਤੇ ਇਨ੍ਹਾਂ ਦੀ ਬੀਮਾਰੀ ਮੈਨੂੰ ਲੱਗ ਜਾਏ।" ਸੱਚੇ ਦਿਲੋਂ ਅਰਦਾਸ ਕਰ ਕੇ ਸਰਦਾਰ ਨੇ ਸ਼ੇਰੇ-ਪੰਜਾਬ ਦੇ ਪਲੰਘ ਉਦਾਲੇ ਤਿੰਨ ਪਰਕਰਮਾਂ ਕੀਤੀਆਂ। ਉਸੇ ਵੇਲੇ ਸਰਦਾਰ ਅਟਾਰੀ ਆ ਗਿਆ।

**ਨਿਹਾਲ ਸਿੰਘ ਅਟਾਰੀ ਸੁਰਗਵਾਸ**

ਵਾਹਿਗੁਰੂ ਦੇ ਰੰਗ, ਮਹਾਰਾਜਾ ਅਰੋਗ ਹੋ ਗਿਆ ਤੇ ਸ. ਨਿਹਾਲ ਸਿੰਘ ਅਟਾਰੀ ਬਿਮਾਰ। ਉਹ ਕਈ ਮਹੀਨੇ ਬਿਮਾਰ ਰਹਿ ਕੇ ਜਨਵਰੀ



Sri Satguru Jagjit Singh Ji eLibrary NamdhariElibrary@gmail.com

੧੮੧੮ ਈਸਵੀ ਨੂੰ ਸੁਰਗਵਾਸ ਹੋਇਆ।[1] ਮਹਾਰਾਜਾ ਨੇ ਉਸ ਦੀ ਥਾਂ ਉਸ ਦੇ ਪੁੱਤਰ ਸ਼ਾਮ ਸਿੰਘ ਨੂੰ ਸਰਦਾਰ ਬਣਾ ਦਿੱਤਾ।

**ਭਵਾਨੀ ਦਾਸ ਦਾ ਮੁਲਤਾਨ 'ਤੇ ਹਮਲਾ**

ਜਨਵਰੀ, ੧੮੧੭ ਈਸਵੀ ਵਿਚ ਦੀਵਾਨ ਭਵਾਨੀ ਦਾਸ ਨੂੰ ਫ਼ੌਜ ਦੇ ਕੇ ਮੁਲਤਾਨ ਤੋਂ ਖ਼ਰਾਜ ਵਸੂਲ ਕਰਨ ਵਾਸਤੇ ਭੇਜਿਆ। ਮੁਜ਼ੱਫਰ ਖ਼ਾਂ ਪੋਲੇ ਹੱਥੀਂ ਖ਼ਰਾਜ ਦੇਣ ਵਾਸਤੇ ਤਿਆਰ ਨਾ ਹੋਇਆ। ਖ਼ਾਲਸਾ ਫ਼ੌਜ ਨੇ ਸ਼ਹਿਰ ਨੂੰ ਘੇਰਾ ਪਾ ਕੇ ਗੋਲੇ ਬਰਸਾਉਣੇ ਆਰੰਭ ਕਰ ਦਿੱਤੇ। ਘੇਰਾ ਲੰਮਾ ਹੋ ਗਿਆ। ਕੋਈ ਚੰਗਾ ਅਸਰ ਨਾ ਪਿਆ। ਮੁਜ਼ੱਫਰ ਖ਼ਾਂ ਸਗੋਂ ਤਕੜਾ ਹੋ ਗਿਆ। ਇਹ ਸਭ ਕੁਝ ਦੀਵਾਨ ਭਵਾਨੀ ਦਾਸ ਦੀ ਅਣਗਹਿਲੀ ਕਰਕੇ ਹੋਇਆ।

**ਭਵਾਨੀ ਦਾਸ ਨੂੰ ਸਜ਼ਾ**

ਦੀਵਾਨ ਅਮਰ ਨਾਥ ਤਾਂ 'ਜ਼ਫ਼ਰਨਾਮਾ ਰਣਜੀਤ ਸਿੰਘ' ਵਿਚ ਇਥੋਂ ਤੱਕ ਲਿਖਦਾ ਹੈ ਕਿ ਭਵਾਨੀ ਦਾਸ ਨੇ ਮੁਜ਼ੱਫਰ ਖ਼ਾਂ ਤੋਂ ਦਸ ਹਜ਼ਾਰ ਰੁਪਏ ਵੱਢੀ ਲੈ ਕੇ ਸਾਰਾ ਕੰਮ ਵਿਗਾੜ ਦਿੱਤਾ।[2] ਮਹਾਰਾਜੇ ਨੇ ਮੁਹਿੰਮ ਵਿਚ ਢਿਲਿਆਈ ਵੇਖੀ ਤਾਂ ਦੀਵਾਨ ਭਵਾਨੀ ਦਾਸ ਨੂੰ ਵਾਪਸ ਬੁਲਾ ਕੇ ਲਾਹੌਰ ਵਿਚ ਨਜ਼ਰਬੰਦ ਕਰ ਦਿੱਤਾ ਤੇ ਦਸ ਹਜ਼ਾਰ ਜੁਰਮਾਨਾ ਕੀਤਾ।[3]

**ਧਿਆਨ ਸਿੰਘ ਡੋਗਰਾ ਡਿਉਢੀਵਾਲਾ**

ਅਸੀਂ ਪਿਛੇ ਲਿਖ ਆਏ ਹਾਂ, ਕਿ ਜਮਾਂਦਾਰ ਖ਼ੁਸ਼ਹਾਲ ਸਿੰਘ ਨੇ ਮਹਾਰਾਜੇ ਨੂੰ ਏਨਾ ਖ਼ੁਸ਼ ਕੀਤਾ, ਕਿ ਸਰਕਾਰ ਨੇ ਉਸ ਨੂੰ ਡਿਉਢੀ ਵਾਲੇ ਦਾ ਅਹੁਦਾ ਦਿੱਤਾ। ਸਮਾਂ ਪਾ ਕੇ ਉਹ ਆਪਣੇ ਕੰਮ ਵਿਚ ਕੁਝ ਭੁੱਲਾਂ ਕਰਨ ਲੱਗ ਪਿਆ। ੧੮੧੭ ਈਸਵੀ ਵਿਚ ਮਹਾਰਾਜੇ ਨੇ ਜਮਾਂਦਾਰ ਖ਼ੁਸ਼ਹਾਲ ਸਿੰਘ ਨੂੰ ਹਟਾ ਕੇ ਧਿਆਨ ਸਿੰਘ ਡੋਗਰੇ ਨੂੰ ਡਿਉਢੀਵਾਲਾ ਬਣਾ ਦਿੱਤਾ।[4] ਖ਼ੁਸ਼ਹਾਲ ਸਿੰਘ ਨੂੰ ਉਹਦੀਆਂ ਭੁੱਲਾਂ ਬਦਲੇ ਪੰਜਾਹ ਹਜ਼ਾਰ ਰੁਪੈ ਜੁਰਮਾਨਾ ਕੀਤਾ ਗਿਆ।[5] ਕੁਝ ਸਮੇਂ ਪਿਛੋਂ ਜਮਾਂਦਾਰ ਦੀਆਂ ਪੁਰਾਣੀਆਂ ਬਹਾਦਰੀਆਂ ਨੂੰ ਯਾਦ ਕਰਕੇ ਮਹਾਰਾਜੇ ਨੇ ਉਸ ਨੂੰ ਮਾਫ਼ ਕਰ ਦਿੱਤਾ।

**ਰਾਮ ਸਿੰਘ ਨੂੰ ਅਹੁਦਾ**

ਜਮਾਂਦਾਰ ਦਾ ਭਰਾ ਰਾਮ ਲਾਲ ਅੰਮ੍ਰਿਤ ਛਕ ਕੇ ਰਾਮ ਸਿੰਘ ਬਣ ਗਿਆ ਤਾਂ ਮਹਾਰਾਜੇ ਨੇ ਉਸ ਨੂੰ ਚੇਤ ਸਿੰਘ ਦੀ ਬਟਾਲੀਅਨ ਦਾ ਕੁਮੇਦਾਨ ਬਣਾ ਦਿੱਤਾ। ਖ਼ੁਸ਼ਹਾਲ ਸਿੰਘ ਦਾ ਭਤੀਜਾ ਤੇਜ ਰਾਮ ਵੀ ਸਿੱਖ ਸਜ ਕੇ ਤੇਜ ਸਿੰਘ ਬਣ

---

1. ਗੰਡਾ ਸਿੰਘ (ਸ਼ਾਮ ਸਿੰਘ ਅਟਾਰੀ ਵਾਲਾ) ਪੰਨੇ ੨੭-੮
2. ਲਤੀਫ, ਪੰਨਾ ੪੧੦
3. ਹਵਾਲਾ ਸਹਿਤ, ਕੋਹਲੀ, ਪੰਨਾ ੨੦੭
4. ਮੈਕਗ੍ਰੇਗਰ, ਪੰਨਾ ੧੭੯
5. ਲਤੀਫ, ਪੰਨਾ ੪੧੪



Sri Satguru Jagjit Singh Ji eLibrary NamdhariElibrary@gmail.com

**ਤੇਜ ਸਿੰਘ ਨੂੰ ਅਹੁਦਾ**

ਗਿਆ, ਤਾਂ ਉਸ ਨੂੰ ਸ਼ਹਿਜ਼ਾਦਾ ਖੜਕ ਸਿੰਘ ਦੀਆਂ ਫ਼ੌਜਾਂ ਦਾ ਜਰਨੈਲ ਬਣਾ ਦਿੱਤਾ।

**ਭਾਈ ਰਾਮ ਸਿੰਘ ਰਿਹਾਅ**

੨੭ ਅਗਸਤ, ੧੮੧੭ ਈਸਵੀ ਨੂੰ ਭਾਈ (ਭਈਆ) ਰਾਮ ਸਿੰਘ (ਸ਼ਹਿਜ਼ਾਦਾ ਖੜਕ ਸਿੰਘ ਦੀਆਂ ਜਾਗੀਰਾਂ ਦਾ ਪੁਰਾਣਾ ਪ੍ਰਬੰਧਕ) ਨੂੰ ਰਿਹਾਅ ਕਰਕੇ ਮਹਾਰਾਜੇ ਨੇ ਸਿਰੋਪਾ ਬਖ਼ਸ਼ਿਆ।[1] ਤੇ ਰਾਮਗੜ੍ਹੀਆ ਮਿਸਲ ਦੇ ਇਲਾਕੇ ਦਾ ਨਾਜ਼ਮ ਥਾਪਿਆ।

**ਮੁਹੰਮਦ ਖ਼ਾਂ ਦਾ ਕਤਲ**

ਹਜ਼ਾਰੇ ਦਾ ਹਾਕਮ ਮੁਹੰਮਦ ਖ਼ਾਂ ਖ਼ਰਾਜ ਦੇਣ ਤੋਂ ਵਿਹਰ ਗਿਆ। ਉਲਟਾ ਉਹ ਅਟਕ ਦੇ ਸਿੱਖ ਗਵਰਨਰ ਸ. ਹੁਕਮ ਸਿੰਘ ਚਿਮਨੀ ਨਾਲ ਵਧੀਕੀਆਂ ਕਰਨ ਲੱਗ ਪਿਆ। ਕੰਵਰ ਸ਼ੇਰ ਸਿੰਘ ਤੇ ਅਕਾਲੀ ਫੂਲਾ ਸਿੰਘ ਦੇ ਮਾਤਹਿਤ ਲਾਹੌਰੋਂ ਫ਼ੌਜ ਭੇਜੀ ਗਈ। ਬੜੀ ਮਾਰੂ ਲੜਾਈ ਹੋਈ, ਜਿਸ ਵਿਚ ਮੁਹੰਮਦ ਖ਼ਾਂ ਮਾਰਿਆ ਗਿਆ। ਉਸ ਦੇ ਪੁੱਤਰ ਸੈਦ ਅਹਿਮਦ ਖ਼ਾਂ ਨੇ ਪੰਜ ਹਜ਼ਾਰ ਦੀ ਥਾਂ ਪੰਝੱਤਰ ਹਜ਼ਾਰ ਖ਼ਰਾਜ ਦੇਣਾ ਪਰਵਾਨ ਕਰ ਲਿਆ। ਮਹਾਰਾਜੇ ਦੇ ਹੁਕਮ ਨਾਲ ਉਸ ਨੂੰ ਹਜ਼ਾਰੇ ਦਾ ਹਾਕਮ ਬਣਾ ਕੇ ਖ਼ਾਲਸਾ ਫ਼ੌਜ ਵਾਪਸ ਮੁੜ ਆਈ (੧੮੧੭ ਈਸਵੀ)।

**ਮਿੱਠਾ ਟਿਵਾਣਾ ਫ਼ਤਹਿ**

ਮਹਾਰਾਜਾ ਮੁਲਤਾਨ ਦਾ ਸੂਬਾ ਪੂਰੀ ਤਰ੍ਹਾਂ ਫਤਹਿ ਕਰਨਾ ਚਾਹੁੰਦਾ ਸੀ। ਹਮਲੇ ਤੋਂ ਪਹਿਲਾਂ ਉਹ ਮੁਲਤਾਨ ਦਾ ਉਦਾਲਾ ਸਾਫ਼ ਕਰਨਾ ਚਾਹੁੰਦਾ ਸੀ। ਮਹਾਰਾਜੇ ਨੇ ਮਿਸਰ ਦੀਵਾਨ ਚੰਦ, ਸ. ਦਲ ਸਿੰਘ ਅਤੇ ਸ. ਜਵੰਦ ਸਿੰਘ ਮੋਕਲ ਨੂੰ ਮਿੱਠਾ ਟਿਵਾਣਾ ਫ਼ਤਹਿ ਕਰਨ ਵਾਸਤੇ ਭੇਜਿਆ। ਮਿੱਠਾ ਟਿਵਾਣਾ ਦਾ ਹਾਕਮ ਅਹਿਮਦ ਯਾਰ ਖ਼ਾਂ ਨੂਰਪੁਰ ਦੇ ਕਿਲ੍ਹੇ ਵਿਚ ਆਕੀ ਹੋ ਬੈਠਾ। ਖ਼ਾਲਸਾ ਫ਼ੌਜ ਨੇ ਕਿਲ੍ਹੇ ਨੂੰ ਘੇਰ ਲਿਆ। ਅਹਿਮਦ ਯਾਰ ਖ਼ਾਂ ਟਾਕਰੇ ਦੀ ਹਿੰਮਤ ਨਾ ਵੇਖ ਕੇ ਨੱਸ ਕੇ ਮਾਨਕੇਰਾ ਦੇ ਨਵਾਬ ਕੋਲ ਚਲਾ ਗਿਆ। ਖ਼ਾਲਸਾ ਫ਼ੌਜ ਨੇ ਮਿੱਠਾ ਟਿਵਾਣਾ ਦੇ ਸਾਰੇ ਇਲਾਕੇ ਉੱਤੇ ਕਬਜ਼ਾ ਕਰ ਲਿਆ। ਸ. ਜਵੰਦ ਸਿੰਘ ਨੂੰ ਨੂਰਪੁਰ ਦਾ ਕਿਲ੍ਹੇਦਾਰ ਬਣਾਇਆ ਗਿਆ। ਇਥੋਂ ਦਾ ਪ੍ਰਬੰਧ ਕਰ ਕੇ ਖਾਲਸਾ

**ਮਾਨਕੇਰਾ ਨਾਲ ਨਵਾਂ ਅਹਿਦਨਾਮਾ**

ਫ਼ੌਜ ਮਾਨਕੇਰਾ ਪੁੱਜੀ। ਨਵਾਬ ਮਾਨਕੇਰਾ ਨੇ ਆਪਣੇ ਵੱਲੋਂ ਸਰਕਾਰ ਖ਼ਾਲਸਾ ਨਾਲ ਨਵਾਂ ਅਹਿਦਨਾਮਾ ਕਰ ਕੇ ਅੱਸੀ ਹਜ਼ਾਰ ਸਾਲਾਨਾ ਖ਼ਰਾਜ ਤੇ ਜੰਗ ਮੁਲਤਾਨ ਵਿਚ ਫ਼ੌਜੀ ਮਦਦ ਦੇਣੀ ਮੰਨੀ।[2] ਉਸ ਦੇ ਕਹਿਣ ਉੱਤੇ ਅਹਿਮਦ ਯਾਰ ਖ਼ਾਂ ਨੂੰ ਵੀ ਦਸ ਹਜ਼ਾਰ ਦੀ ਜਾਗੀਰ ਦਿੱਤੀ।

ਮੁਲਤਾਨ ਦੀ ਕਿਸਮਤ ਅਜੇ ਵਿਚੇ ਲਟਕ ਰਹੀ ਸੀ। ਭਵਾਨੀ ਦਾਸ ਦੀ

---

1. ਕੋਹਲੀ, ਪੰਨਾ ੨੦੬
2. ਲਤੀਫ਼, ਪੰਨਾ ੪੧੦



Sri Satguru Jagjit Singh Ji eLibrary NamdhariElibrary@gmail.com

ਅਸਫਲਤਾ ਮਹਾਰਾਜੇ ਦੇ ਦਿਲ ਵਿਚ ਰੜਕ ਰਹੀ ਸੀ। ਉਹਨੇ ਮੁਲਤਾਨ ਨੂੰ ਸਦਾ ਵਾਸਤੇ ਫ਼ਤਹਿ ਕਰ ਲੈਣ ਦਾ ਪੱਕਾ ਮਨ ਬਣਾ ਲਿਆ ਸੀ। ੧੮੦੭ ਈਸਵੀ ਦੇ ਮੁੱਕਣ ਤੋਂ ਪਹਿਲਾਂ ਪਹਿਲਾਂ ਮਹਾਰਾਜੇ ਨੇ ਸਭ ਤਿਆਰੀ ਪੂਰੀ ਕਰ ਲਈ ਸੀ। ਮੁਲਤਾਨ ਤੱਕ ਆਵਾਜਾਈ ਤੇ ਸਾਮਾਨ ਭੇਜਣ ਵਾਸਤੇ ਦਰਿਆ ਰਾਵੀ, ਝਨਾ ਤੇ ਜਿਹਲਮ ਦੀਆਂ ਸਭ ਬੇੜੀਆਂ ਸਰਕਾਰ ਨੇ ਕਬਜ਼ੇ ਵਿਚ ਲੈ ਲਈਆਂ। ਖ਼ੁਰਾਕ ਤੇ ਜੰਗ ਦਾ ਸਾਮਾਨ ਲੋੜ ਤੋਂ ਵੱਧ ਇਕੱਠਾ ਕੀਤਾ ਗਿਆ।

**ਮੁਲਤਾਨ 'ਤੇ ਆਖ਼ਰੀ ਹਮਲਾ**

੧੮੧੮ ਈਸਵੀ ਦੇ ਚੜ੍ਹਦਿਆਂ ਹੀ ਸ਼ਹਿਜ਼ਾਦਾ ਖੜਕ ਸਿੰਘ ਨੂੰ ਪੰਝੀ ਹਜ਼ਾਰ ਫ਼ੌਜ ਦੇ ਕੇ ਮੁਲਤਾਨ ਵੱਲ ਤੋਰ ਦਿੱਤਾ। ਮਿਸਰ ਦੀਵਾਨ ਚੰਦ ਨੂੰ ਸ਼ਹਿਜ਼ਾਦੇ ਦਾ ਸਹਾਇਕ ਜਰਨੈਲ ਬਣਾ ਕੇ ਭੇਜਿਆ। ਖ਼ਾਲਸਾ ਫ਼ੌਜ ਦੇ ਬਹੁਤ ਸਾਰੇ ਪ੍ਰਸਿੱਧ ਜਰਨੈਲ ਏਸ ਮੁਹਿੰਮ ਵਿਚ ਸ਼ਾਮਿਲ ਹੋਏ। ਮੁਲਤਾਨ ਦੇ ਇਲਾਕੇ ਵਿਚ ਫ਼ੌਜ ਨੇ ਦਾਖ਼ਲ ਹੁੰਦਿਆਂ ਹੀ ਮੁਜ਼ੱਫ਼ਰ ਖ਼ਾਂ ਤੋਂ ਖ਼ਰਾਜ ਮੰਗਿਆ। ਉਹਨੇ ਖ਼ਰਾਜ ਤਾਂ ਕੀ ਦੇਣਾ ਸੀ, ਉਹ ਤਾਂ ਇਸ ਵਾਰ ਇਕ-ਏਕੜੀ ਕਰਨ ਲਈ ਪੂਰੀ ਤਿਆਰੀ ਕਰੀ ਬੈਠਾ ਸੀ। ਨਿਤ ਦੀ ਫ਼ੌਜ ਤੋਂ ਵੱਖਰੇ ਵੀਹ ਹਜ਼ਾਰ ਗ਼ਾਜ਼ੀ ਉਹਨੇ ਇਲਾਕੇ ਵਿਚੋਂ ਇਕੱਠੇ ਕਰ ਲਏ ਹੋਏ ਸਨ। ਉਹਨੇ ਸਰਕਾਰ ਖ਼ਾਲਸਾ ਦੇ ਵਕੀਲਾਂ ਨੂੰ ਅੱਗੋਂ ਚੰਗਾ ਖੜਕਵਾਂ ਉੱਤਰ ਦਿੱਤਾ। ਮੁਜ਼ੱਫ਼ਰ ਖਾਂ ਦਾ ਕੌੜਾ ਉੱਤਰ ਸੁਣ ਕੇ ਖ਼ਾਲਸਾ ਫ਼ੌਜਾਂ ਭੜਕ ਉਠੀਆਂ। ਜਰਨੈਲਾਂ ਦੇ ਹੁਕਮ ਨਾਲ ਖ਼ਾਲਸਾ ਫ਼ੌਜਾਂ ਨੇ ਜਾਂਦਿਆਂ ਹੀ—ਮਾਮੂਲੀ ਟਾਕਰੇ ਪਿਛੋਂ—ਕਿਲ੍ਹਾ ਖ਼ਾਨਗੜ੍ਹ ਤੇ ਕਿਲ੍ਹਾ ਮੁਜ਼ੱਫ਼ਰਗੜ੍ਹ ਉੱਤੇ ਕਬਜ਼ਾ ਕਰ ਲਿਆ।

**ਖ਼ਾਨਗੜ੍ਹ ਤੇ ਮੁਜ਼ੱਫ਼ਰਗੜ੍ਹ ਉੱਤੇ ਕਬਜ਼ਾ**

ਖ਼ਾਲਸਾ ਫ਼ੌਜਾਂ ਮੁਲਤਾਨ ਦੇ ਨੇੜੇ ਪੁੱਜੀਆਂ, ਤਾਂ ਨਵਾਬ ਮੁਜ਼ੱਫ਼ਰ ਖ਼ਾਂ ਅੱਗੋਂ ਟਾਕਰੇ ਵਾਸਤੇ ਮੈਦਾਨ ਵਿਚ ਆਇਆ। ਸਾਰਾ ਦਿਨ ਬੜੀ ਲਹੂ ਡੋਲ੍ਹਵੀਂ ਲੜਾਈ ਹੋਈ। ਦੋਹਾਂ ਧਿਰਾਂ ਦੇ ਸੈਂਕੜੇ ਗੱਭਰੂ ਜੰਗ ਦੀ ਭੇਟਾ ਹੋ ਗਏ। ਸ਼ਾਮ ਹੁੰਦਿਆਂ ਤੱਕ ਗ਼ਾਜ਼ੀਆਂ ਦੇ ਪੈਰ ਮੈਦਾਨ ਵਿਚੋਂ ਉਖੜ ਗਏ। ਉਹ ਖੁੱਲ੍ਹੇ ਪਿੜ ਵਿਚੋਂ ਹਾਰ ਖਾ ਕੇ ਸ਼ਹਿਰ ਵਿਚ ਜਾ ਵੜੇ। ਖ਼ਾਲਸਾ ਫ਼ੌਜ ਨੇ ਅੱਗੇ ਵੱਧ ਕੇ ਸ਼ਹਿਰ ਨੂੰ ਘੇਰਾ ਪਾ ਲਿਆ।

**ਸ਼ਹਿਰ ਮੁਲਤਾਨ ਨੂੰ ਘੇਰਾ**

ਲੱਗੀ ਦੋਹਾਂ ਪਾਸਿਆਂ ਤੋਂ ਫ਼ੌਜਾਂ ਉੱਤੇ ਅੱਗ ਵਰ੍ਹਨ। ਸਿੱਖਾਂ ਦੀਆਂ ਤੋਪਾਂ ਨੇ ਸ਼ਹਿਰ ਦੀ ਫ਼ਸੀਲ (ਰੱਖਵਾਲੀ ਕੰਧ) ਵਿਚ ਕਈ ਥਾਈਂ ਪਾੜ ਪਾ ਦਿੱਤੇ। ਨੀਹਾਂ ਥੱਲੇ ਬਾਰੂਦ ਦੱਬ ਕੇ ਕਈਆਂ ਥਾਵਾਂ ਤੋਂ ਕੰਧ ਉਡਾ ਦਿੱਤੀ। ਇਕ ਕਹਿਰੀ ਹੱਲਾ ਬੋਲ ਕੇ ਖ਼ਾਲਸਾ ਬਹਾਦਰਾਂ ਨੇ ਫਰਵਰੀ ਵਿਚ ਸ਼ਹਿਰ ਉੱਤੇ ਕਬਜ਼ਾ ਕਰ ਲਿਆ।

**ਸ਼ਹਿਰ ਉਤੇ ਕਬਜ਼ਾ**

ਕਈ ਹਜ਼ਾਰ ਗ਼ਾਜ਼ੀ ਮਰਵਾ ਕੇ ਮੁਜ਼ੱਫ਼ਰ ਖ਼ਾਂ ਸ਼ਹਿਰ ਤੋਂ ਹਾਰ ਕੇ ਕਿਲ੍ਹੇ ਵਿਚ ਜਾ ਵੜਿਆ। ਮੁਲਤਾਨ ਦਾ ਕਿਲ੍ਹਾ ਪੰਜਾਬ ਦੇ ਪ੍ਰਸਿੱਧ ਕਿਲ੍ਹਿਆਂ ਵਿਚੋਂ ਇਕ ਸੀ। ਉਸ ਜ਼ਮਾਨੇ ਵਿਚ ਲੋਕਾਂ ਦਾ ਖ਼ਿਆਲ ਸੀ ਕਿ ਕੋਈ ਉਸ ਨੂੰ ਫ਼ਤਹਿ ਨਹੀਂ ਕਰ ਸਕਦਾ। ਇਸੇ ਹੌਂਸਲੇ 'ਤੇ ਮੁਜ਼ੱਫ਼ਰ ਖ਼ਾਂ ਆਪਣੀ ਚੋਣਵੀਂ ਫ਼ੌਜ ਨਾਲ ਕਿਲ੍ਹੇ ਵਿਚ ਆਕੀ ਹੋ ਬੈਠਾ।

**ਕਿਲ੍ਹੇ ਨੂੰ ਘੇਰਾ**

ਸ਼ਹਿਰ ਦਾ ਪ੍ਰਬੰਧ ਠੀਕ ਕਰ ਕੇ ਸਿੱਖਾਂ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ।



Sri Satguru Jagjit Singh Ji eLibrary NamdhariElibrary@gmail.com

ਮੁਜ਼ੱਫਰ ਖ਼ਾਂ ਨੇ ਬੜੇ ਹੌਂਸਲੇ ਨਾਲ ਟਾਕਰਾ ਕੀਤਾ। ਸਾਰਾ ਮਹੀਨਾ ਮਾਰਚ, ਅਪ੍ਰੈਲ ਕਿਲ੍ਹੇ ਉੱਤੇ ਸਿੱਖਾਂ ਦੀਆਂ ਤੋਪਾਂ ਅੱਗ ਬਰਸਾਉਂਦੀਆਂ ਰਹੀਆਂ ਪਰ ਕੋਈ ਅਸਰ ਨਾ ਹੋਇਆ। ਮਹਾਰਾਜੇ ਨੇ ਅਕਾਲੀ ਸਾਧੂ ਸਿੰਘ ਨੂੰ ਭੰਗੀਆਂ ਵਾਲੀ ਤੋਪ ਦੇ ਕੇ ਮਗਰੋਂ ਭੇਜ ਦਿੱਤਾ। ਅਕਾਲੀ ਫ਼ੌਜ ਦੇ ਪਹੁੰਚਣ ਉੱਤੇ ਸਿੱਖਾਂ ਨੇ ਨਵੇਂ ਜੋਸ਼ ਨਾਲ ਗੋਲਾਬਾਰੀ ਸ਼ੁਰੂ ਕਰ ਦਿੱਤੀ। ਇਸ ਮਾਰ ਤੋਂ ਮੁਜ਼ੱਫਰ ਖ਼ਾਂ ਘਬਰਾ ਗਿਆ। ਉਹਨੇ ਆਪਣੇ ਵਕੀਲ ਸ਼ਹਿਜ਼ਾਦਾ ਖੜਕ ਸਿੰਘ ਕੋਲ ਘੱਲੇ ਕਿ ਜੇ ਸਰਕਾਰ ਉਹਨੂੰ ਕਿਲ੍ਹਾ ਖ਼ਾਨਗੜ੍ਹ ਤੇ ਸ਼ੁਜਾਹਬਾਦ ਜਾਗੀਰ ਵਜੋਂ ਦੇ ਦੇਵੇ ਤਾਂ ਉਹ ਕਿਲ੍ਹਾ ਮੁਲਤਾਨ ਤੇ ਮੁਜ਼ੱਫ਼ਰਗੜ੍ਹ ਛੱਡਣ ਨੂੰ ਤਿਆਰ ਹੈ, ਤੇ ਦੋ ਲੱਖ ਨਜ਼ਰਾਨਾ ਵੀ ਅਦਾ ਕਰ ਦੇਵੇਗਾ। ਸ਼ੇਰੇ-ਪੰਜਾਬ ਦੀ ਆਗਿਆ ਨਾਲ ਸ਼ਹਿਜ਼ਾਦੇ ਨੇ ਇਹ ਸ਼ਰਤ ਪ੍ਰਵਾਨ ਕਰ ਲਈ। ਉਹਨੇ ਅਹਿਦਨਾਮਾ ਪੱਕਾ ਕਰਨ ਬਦਲੇ ਆਪਣੇ ਵਕੀਲ ਕਿਲ੍ਹੇ ਵਿਚ ਭੇਜੇ। ਅੱਗੇ ਮੁਜ਼ੱਫਰ ਖ਼ਾਂ ਦੇ ਸਲਾਹਕਾਰਾਂ ਨੇ ਇਸਲਾਮ ਦੇ ਨਾਂ ਉੱਤੇ ਭੜਕਾ ਕੇ ਸੁਲ੍ਹਾ ਕਰਨ ਤੋਂ ਉਹਨੂੰ ਮੁਕਰਾ ਦਿੱਤਾ। ਇਹ ਖ਼ਬਰ ਸੁਣ ਕੇ ਸਿੱਖ ਫ਼ੌਜਾਂ ਨੂੰ ਬੜਾ ਗੁੱਸਾ ਆ ਗਿਆ। ਉਹਨਾਂ ਦੋ ਜੂਨ, ੧੮੧੮ ਈਸਵੀ ਨੂੰ ਇਹ ਫ਼ੈਸਲਾ ਕੀਤਾ ਕਿ ਅੱਜ ਹਰ ਕੀਮਤ ਉੱਤੇ ਕਿਲ੍ਹਾ ਫ਼ਤਹਿ ਕਰ ਲੈਣਾ ਹੈ। ਸਿੱਖਾਂ ਦੀਆਂ ਤੋਪਾਂ ਨੇ ਕਿਲ੍ਹੇ ਦੀਆਂ ਕੰਧਾਂ ਪੋਲੀਆਂ ਕਰ ਦਿੱਤੀਆਂ। ਏਸੇ ਦਿਨ ਦੀ ਲੜਾਈ ਬਾਰੇ ਗ਼ੁਲਾਮ ਜ਼ੀਲਾਨੀ ਆਪਣੀ ਲਿਖਤ 'ਜੰਗਿ ਮੁਲਤਾਨ' ਵਿਚ ਇਕ ਅਦੁੱਤੀ ਕੁਰਬਾਨੀ ਦਾ ਜ਼ਿਕਰ ਕਰਦਾ ਹੈ : "ਸਿੱਖਾਂ ਦੀ ਇਕ ਤੋਪ ਦਾ ਪਹੀਆ ਟੁੱਟ ਗਿਆ। ਸਿੱਖਾਂ ਨੇ ਫ਼ੈਸਲਾ ਕੀਤਾ ਕਿ ਇਕ ਇਕ ਸਿੱਖ ਧੁਰੇ ਹੇਠ ਮੋਢਾ ਦੇਵੇ ਤੇ ਤੋਪ ਚਲਾਈ ਜਾਵੇ। ਸਭ ਤੋਂ ਪਹਿਲਾਂ ਉਸ ਜੱਥੇ ਦੇ ਕਮਾਂਡਰ ਨੇ ਮੋਢਾ ਦਿੱਤਾ। ਤੋਪ ਚੱਲੀ ਤੇ ਉਹਦਾ ਸਰੀਰ ਪੁਰਜ਼ਾ ਪੁਰਜ਼ਾ ਹੋ ਕੇ ਉੱਡ ਗਿਆ। ਤਾਂ ਉਸ ਤੋਂ ਦੂਸਰੇ ਦਰਜੇ ਵਾਲਾ ਸਿੰਘ ਤੋਪ ਹੇਠ ਮੋਢਾ ਡਾਹੁਣ ਵਾਸਤੇ ਆ ਖਲੋਤਾ। ਏਸ ਤਰ੍ਹਾਂ ਦਸ-ਗਿਆਰਾਂ ਸਿੰਘ ਸ਼ਹੀਦ ਹੋ ਗਏ।" ਸਿੱਖਾਂ ਦੀ ਇਸ ਅਦੁੱਤੀ ਕੁਰਬਾਨੀ ਨੇ ਮੁਲਤਾਨ ਦਾ ਕਿਲ੍ਹਾ ਫ਼ਤਹਿ ਕਰ ਲਿਆ। ਅਕਾਲੀ ਫ਼ੌਜ ਨੇ ਕਿਲ੍ਹੇ ਦੇ ਖ਼ਿਜ਼ਰੀ ਦਰਵਾਜ਼ੇ ਉੱਤੇ ਭੰਗੀਆਂ ਵਾਲੀ ਤੋਪ ਨਾਲ ਧਾਵਾ ਬੋਲਿਆ। ਉਸ ਤੋਪ ਦਾ ਚੌਥਾ ਗੋਲਾ ਨਿਸ਼ਾਨੇ ਉੱਤੇ ਲੱਗਾ ਤਾਂ ਕਿਲ੍ਹੇ ਦੀ ਕੰਧ ਧਰਤੀ 'ਤੇ ਆ ਪਈ। ਅਕਾਲੀ ਸਾਧੂ ਸਿੰਘ[1] ਜੈਕਾਰੇ ਛੱਡਦਾ ਕਿਲ੍ਹੇ ਦੇ ਅੰਦਰ ਜਾ ਵੜਿਆ। ਹੱਥੋ-ਹੱਥ ਲੜਾਈ ਸ਼ੁਰੂ ਹੋ ਗਈ। ਤੋਪਾਂ ਬੰਦੂਕਾਂ ਦੀ ਥਾਂ ਅੰਤ ਸੂਰਮਿਆਂ ਨੇ ਤਲਵਾਰਾਂ ਨਾਲ ਫ਼ੈਸਲਾ ਕਰਨ ਦੀ ਠਾਣ ਲਈ। ਕਿਲ੍ਹੇ ਵਿਚ ਥਾਂ ਥਾਂ ਲੋਥਾਂ ਦੇ ਢੇਰ ਲੱਗ ਗਏ। ਬਹਾਵਲ ਹੱਕ ਦੀ ਕਬਰ ਕੋਲ ਨਵਾਬ ਮੁਜ਼ੱਫ਼ਰ ਖ਼ਾਂ, ਉਹਦੇ ਪੰਜ ਪੁੱਤਰ (ਸ਼ਾਹ ਨਿਵਾਜ਼ ਖ਼ਾਂ, ਮੁਮਤਾਜ਼ ਖ਼ਾਂ, ਅੱਯਾਜ਼ ਖ਼ਾਂ, ਹੱਕ ਨਿਵਾਜ਼ ਖ਼ਾਂ ਤੇ ਸ਼ਾਹਬਾਜ਼ ਖ਼ਾਂ), ਭਤੀਜਾ ਨਾਸਰੁੱਲਾ ਖ਼ਾਂ, ਸਲਾਹਕਾਰ ਖ਼ਾਨ ਮੁਹੰਮਦ ਖ਼ਾਂ, ਖ਼ੁਦਾ

ਕਿਲ੍ਹਾ ਮੁਲਤਾਨ ਫ਼ਤਹਿ

ਗ਼ੁਲਾਮ ਜ਼ੀਲਾਨੀ

1. ਕਨਿੰਘਮ, ਪੰਨਾ ੧੫੬, ਲਤੀਫ਼, ਪੰਨਾ ੪੧੧, ਗ੍ਰਿਫ਼ਨ, ਪੰਨਾ ੧੩੬, ਕੋਹਲੀ, ਪੰਨਾ ੨੧੪, ਗ਼ੁਲਾਮ ਜ਼ੀਲਾਨੀ (ਹਵਾਲਾ—ਗੰਡਾ ਸਿੰਘ—ਰਣਜੀਤ ਸਿੰਘ), ਪੰਨਾ ੨੨, ਰਊਸਾਏ ਪੰਜਾਬ, ਹਿੱਸਾ ਪਹਿਲਾ, ਪੰਨਾ ੫੬੫



Sri Satguru Jagjit Singh Ji eLibrary NamdhariElibrary@gmail.com

ਯਾਰ ਖ਼ਾਂ ਤੇ ਸਾਹਿਬਜਾਦ ਖ਼ਾਂ ਮਰਦਾਂ ਵਾਂਗ ਲੜ ਕੇ ਸ਼ਹੀਦ ਮੁਜ਼ੱਫ਼ਰ ਖ਼ਾਂ ਕਤਲ ਹੋਏ। ਨਵਾਬ ਦੇ ਦੋ ਪੁੱਤਰ ਜ਼ੁਲਫ਼ਕਾਰ ਖ਼ਾਂ ਤੇ ਸਰਫ਼ਰਾਜ਼ ਖ਼ਾਂ ਕੈਦੀ ਬਣਾ ਲਏ ਗਏ। ਏਸ ਘੱਲੂਘਾਰੇ ਪਿਛੋਂ ਦੋ ਜੂਨ, ੧੮੧੮ ਈਸਵੀ ਨੂੰ ਮੁਲਤਾਨ ਦਾ ਕਿਲ੍ਹਾ ਫਤਹਿ ਹੋ ਗਿਆ।[1] ਲੱਖਾਂ ਰੁਪਏ ਦਾ ਮਾਲ ਫ਼ੌਜਾਂ ਨੇ ਲੁੱਟ ਲਿਆ। ਦੋ ਲੱਖ ਦਾ ਮਾਲ ਸਰਕਾਰ ਖ਼ਾਲਸਾ ਵਾਸਤੇ ਲੁਟਿਆ ਗਿਆ। ਮਗਰੋਂ ਮਹਾਰਾਜੇ ਨੇ ਲੁੱਟ ਦਾ ਮਾਲ ਖ਼ਜ਼ਾਨੇ ਵਿਚ ਜਮ੍ਹਾਂ ਕਰਾਉਣ ਦਾ ਹੁਕਮ ਜਾਰੀ ਕੀਤਾ, ਤਾਂ ਪੰਜ ਲੱਖ ਹੋਰ ਖ਼ਜ਼ਾਨੇ ਵਿਚ ਜਮ੍ਹਾਂ ਹੋ ਗਿਆ।[2] ਸਭ ਪ੍ਰਬੰਧ ਠੀਕ ਕਰਕੇ ਸ਼ਹਿਜ਼ਾਦਾ ਖੜਕ ਸਿੰਘ ਕਿਲ੍ਹੇ ਵਿਚ ਦਾਖ਼ਲ ਹੋਇਆ। ਬੜੇ ਚਿਰ ਪਿਛੋਂ ਕਿਲ੍ਹਾ ਸ਼ੁਜਾਹਬਾਦ ਉੱਤੇ ਵੀ ਕਬਜ਼ਾ ਕਰ ਲਿਆ ਗਿਆ। ਇਹ ਖ਼ੁਸ਼ੀ ਦੀ ਖ਼ਬਰ ਲਾਹੌਰ ਪਹੁੰਚੀ ਤਾਂ ਲਾਹੌਰ, ਅੰਮ੍ਰਿਤਸਰ ਵਿਚ ਕਈ ਦਿਨ ਖ਼ੁਸ਼ੀਆਂ ਮਨਾਈਆਂ ਗਈਆਂ, ਦੀਪਮਾਲਾ ਕੀਤੀ ਗਈ। ਮਹਾਰਾਜੇ ਨੇ ਅੰਮ੍ਰਿਤਸਰ ਜਾ ਕੇ ਹਰਿਮੰਦਰ ਸਾਹਿਬ ਮੱਥਾ ਟੇਕਿਆ। ਸ. ਜੋਧ ਸਿੰਘ ਕਲਸੀਆਂ ਨੂੰ ਮੁਲਤਾਨ ਛੱਡ ਕੇ ਬਾਕੀ ਫ਼ੌਜਾਂ ਲਾਹੌਰ ਪਰਤ ਆਈਆਂ। ਮਹਾਰਾਜੇ ਨੇ ਏਸ ਬਹਾਦਰੀ ਬਦਲੇ ਮਿਸਰ ਦੀਵਾਨ ਚੰਦ ਨੂੰ 'ਜ਼ਫਰ ਜੰਗ ਬਹਾਦਰ' ਦਾ ਖ਼ਿਤਾਬ ਦਿੱਤਾ। ਇਸ ਮੁਹਿੰਮ ਵਿਚ ਹਿੱਸਾ ਲੈਣ ਵਾਲੇ ਸਾਰੇ ਸਰਦਾਰਾਂ ਤੇ ਜਰਨੈਲਾਂ ਨੂੰ ਇਨਾਮ ਦਿੱਤੇ ਗਏ। ਮੁਲਤਾਨ ਵਿਚ ਪ੍ਰਬੰਧ ਵਾਸਤੇ ਇਹ ਹਾਕਮ ਨੀਯਤ ਕੀਤੇ ਗਏ :— ਮੁਲਤਾਨ ਵਿਚ ਬਾਬੂ ਬਾਜ ਸਿੰਘ ਕਿਲ੍ਹੇਦਾਰ ਤੇ ਸੁਖਦਿਆਲ ਦੀਵਾਨ, ਮੁਜ਼ੱਫ਼ਰਗੜ੍ਹ ਵਿਚ ਜਮਾਂਦਾਰ ਖ਼ੁਸ਼ਹਾਲ ਸਿੰਘ, ਖ਼ਾਨਗੜ੍ਹ ਵਿਚ ਸ. ਸ਼ਾਮ ਸਿੰਘ ਅਟਾਰੀ ਵਾਲਾ, ਤੋਲੰਭਾ ਵਿਚ ਸ. ਫ਼ਤਹਿ ਸਿੰਘ ਆਹਲੂਵਾਲੀਆ।[3]

ਮੁਲਤਾਨ ਦੇ ਕੈਦੀ ਸਰਫ਼ਰਾਜ਼ ਖ਼ਾਂ ਤੇ ਜ਼ੁਲਫ਼ਕਾਰ ਖ਼ਾਂ (ਨਵਾਬ ਮੁਜ਼ੱਫ਼ਰ ਖ਼ਾਂ ਦੇ ਪੁੱਤਰ) ਲਾਹੌਰ ਲਿਆਂਦੇ ਗਏ। ਮਹਾਰਾਜੇ ਨੇ ਦੋਹਾਂ ਦੀ ਬੜੀ ਇੱਜ਼ਤ ਕੀਤੀ। ਜ਼ੁਲਫ਼ਕਾਰ ਖ਼ਾਂ ਨੂੰ ਪੈਨਸ਼ਨ ਦੇ ਦਿੱਤੀ ਗਈ। ਸਰਫ਼ਰਾਜ਼ ਖ਼ਾਂ ਨੂੰ ਪਹਿਲਾਂ ਸ਼ਰਕਪੁਰ ਵਿਚ ਜਾਗੀਰ ਦਿੱਤੀ ਤੇ ਪਿਛੋਂ ਉਹ ਵੀ ਨਕਦ ਪੈਨਸ਼ਨ ਵਿਚ ਬਦਲ ਗਈ।

ਮੁਲਤਾਨ ਫ਼ਤਹਿ ਹੋ ਜਾਣ ਨਾਲ ਸਾਰੇ ਪੰਜਾਬ ਉੱਤੇ ਮਹਾਰਾਜਾ ਰਣਜੀਤ ਸਿੰਘ ਦਾ ਕਬਜ਼ਾ ਹੋ ਗਿਆ। ਹੁਣ ਖ਼ਾਲਸਾ ਫ਼ੌਜਾਂ ਦੇ ਵਧਣ ਵਾਸਤੇ ਕੋਈ ਹੋਰ ਮੈਦਾਨ ਲੱਭਣ ਦੀ ਲੋੜ ਸੀ।

---

1. ਕਨਿੰਘਮ, ਪੰਨਾ ੧੫੬, ਗ੍ਰਿਫ਼ਨ, ਪੰਨਾ ੧੩੬, ਲਤੀਫ਼, ਪੰਨੇ ੪੧੧ ਤੋਂ ੪੧੩, ਗੰਡਾ ਸਿੰਘ (ਸ਼ਾਮ ਸਿੰਘ), ਪੰਨਾ ੩੧
2. ਗ੍ਰਿਫ਼ਨ, ਪੰਨਾ ੧੩੭
3. ਲਤੀਫ਼, ਪੰਨਾ ੪੧੪



Sri Satguru Jagjit Singh Ji eLibrary NamdhariElibrary@gmail.com

# ਪੰਜਵਾਂ ਕਾਂਡ

ਮਹਾਰਾਜਾ ਰਣਜੀਤ ਸਿੰਘ ਸ਼ੇਰੇ-ਪੰਜਾਬ ਦੀ ਜੀਵਨ-ਕਥਾ ਉੱਤੇ ਇਕ ਪਾਸਿਉਂ ਅੰਗਰੇਜ਼ਾਂ ਦੀ ਪਾਲਸੀ ਦਾ ਤੇ ਦੂਜੇ ਪਾਸਿਉਂ ਅਫ਼ਗਾਨਿਸਤਾਨ ਦੇ ਇਤਿਹਾਸ ਦਾ ਬੜਾ ਅਸਰ ਪਿਆ ਹੈ। ਸ਼ਾਹ ਜ਼ਮਾਨ ਦੇ ਤਖ਼ਤੋਂ ਲਾਹੇ ਜਾਣ ਪਿਛੋਂ ਅਫ਼ਗਾਨਿਸਤਾਨ ਵਿਚ ਕਦੇ ਅਮਨ ਨਹੀਂ ਸੀ ਹੋਇਆ। ਉਥੋਂ ਦੀ ਗੜਬੜ ਨੇ ਸਿੱਖਾਂ ਨੂੰ ਕਈ ਵਾਰ ਵੱਧਣ ਫੁੱਲਣ ਦਾ ਸਮਾਂ ਦਿੱਤਾ ਹੈ। ੧੮੧੮ ਈਸਵੀ ਵਿਚ ਉਥੇ ਫਿਰ ਇਨਕਲਾਬ ਆਇਆ। ਉਥੋਂ ਦੇ ਬਾਦਸ਼ਾਹ ਸ਼ਾਹ ਮਹਿਮੂਦ ਉੱਤੇ ਉਸ ਦੇ ਵਜ਼ੀਰ ਫ਼ਤਹਿ ਖ਼ਾਂ ਦਾ ਬੜਾ ਅਸਰ ਸੀ। ਮਹਿਮੂਦ ਦਾ ਸ਼ਹਿਜ਼ਾਦਾ ਕਾਮਰਾਨ ਇਸ ਗੱਲ ਨੂੰ ਪਸੰਦ ਨਹੀਂ ਸੀ ਕਰਦਾ। ਕਾਮਰਾਨ ਨੇ ਵਜ਼ੀਰ ਫ਼ਤਹਿ ਖ਼ਾਂ ਨੂੰ ਕੈਦ ਕਰ ਲਿਆ, ਗਰਮ ਸਲਾਈਆਂ ਫੇਰ ਕੇ ਉਸ ਦੀਆਂ ਅੱਖਾਂ ਕੱਢ ਦਿੱਤੀਆਂ ਤੇ ਅੰਤ ਕਤਲ ਕਰ ਦਿੱਤਾ ਗਿਆ। ਵਜ਼ੀਰ ਦਾ ਘਰਾਣਾ—ਬਾਰਕਜ਼ਈ—ਬੜਾ ਵੱਡਾ, ਅਮੀਰ ਤੇ ਉੱਘਾ ਸੀ। ਉਹਦੇ ਪੰਜਾਹ ਭਰਾ ਸਨ। ਉਹਨਾਂ ਵਿਚੋਂ ਬਹੁਤੇ ਇਲਾਕਿਆਂ ਦੇ ਗਵਰਨਰ ਜਾਂ ਜਰਨੈਲ ਸਨ। ਉਹਨਾਂ ਸਾਰੇ ਮੁਲਕ ਵਿਚ ਬਗ਼ਾਵਤ ਕਰ ਦਿੱਤੀ। ਕਸ਼ਮੀਰ ਦਾ ਗਵਰਨਰ—ਮੁਹੰਮਦ ਅਜ਼ੀਮ ਖ਼ਾਂ—ਕਸ਼ਮੀਰ ਵਿਚ ਆਪਣੇ ਭਰਾ ਜਬਾਰ ਖ਼ਾਂ ਨੂੰ ਛੱਡ ਕੇ, ਕਾਬਲ 'ਤੇ ਜਾ ਪਿਆ। ਕਾਮਰਾਨ ਜਾਂ ਮਹਿਮੂਦ ਸ਼ਾਹ ਉਸ ਦਾ ਟਾਕਰਾ ਨਾ ਕਰ ਸਕੇ। ਉਹ ਹਿਰਾਤ ਨੂੰ ਭੱਜ ਗਏ। ਮੁਹੰਮਦ ਆਜ਼ਮ ਖ਼ਾਂ ਨੇ ਪਿਸ਼ਾਵਰ, ਕਾਬਲ, ਕੰਧਾਰ ਤੇ ਗ਼ਜ਼ਨੀ ਉੱਤੇ ਕਬਜ਼ਾ ਕਰ ਲਿਆ। ਉਹਨੇ ਕਾਬਲ ਦੇ ਤਖ਼ਤ ਉੱਤੇ ਸ਼ਾਹ ਤੈਮੂਰ ਦੇ ਪੁੱਤਰ ਅਯੂਬ ਸ਼ਾਹ ਨੂੰ ਬਿਠਾ ਦਿੱਤਾ ਤੇ ਆਪ ਵਜ਼ੀਰ ਬਣ ਗਿਆ।

**ਵਜ਼ੀਰ ਫ਼ਤਹਿ ਖ਼ਾਂ ਕਤਲ**

**ਮੁਹੰਮਦ ਅਜ਼ੀਮ ਖ਼ਾਂ ਦਾ ਕਾਬਲ 'ਤੇ ਕਬਜ਼ਾ**

ਅਫ਼ਗਾਨਿਸਤਾਨ ਦੀ ਅਜਿਹੀ ਹਾਲਤ ਸੁਣ ਕੇ ਮਹਾਰਾਜੇ ਨੇ ਅਕਤੂਬਰ, ੧੮੧੮ ਈਸਵੀ ਵਿਚ ਅਟਕ ਵੱਲ ਚੜ੍ਹਾਈ ਕਰ ਦਿੱਤੀ। ਰੁਹਤਾਸ, ਰਾਵਲਪਿੰਡੀ ਦੇ ਰਸਤੇ ਮਹਾਰਾਜਾ ਹਜ਼ਰੋ ਦੇ ਮੈਦਾਨ ਵਿਚ ਜਾ ਬੈਠਾ। ਉਥੇ ਉਸ ਨੇ ਸਿੱਖ ਫ਼ੌਜ ਦਾ ਛੋਟਾ ਜਿਹਾ ਦਸਤਾ ਅਟਕੋਂ ਪਾਰ ਦੇਖਭਾਲ ਵਾਸਤੇ ਭੇਜਿਆ। ਉਹ ਦਸਤਾ ਖ਼ੈਰਾਬਾਦ ਦੀਆਂ ਪਹਾੜੀਆਂ ਵਿਚ ਪੁੱਜਾ, ਤਾਂ ਫ਼ਿਰੋਜ਼ ਖ਼ਾਂ ਖਟਕ ਨੇ ਹਮਲਾ ਕਰ ਕੇ ਸਾਰਾ ਦਸਤਾ ਖ਼ਤਮ ਕਰ ਦਿੱਤਾ। ਮਹਾਰਾਜੇ ਦਾ ਆਉਣਾ ਸੁਣ ਕੇ ਅੱਗੇ ਫ਼ੀਰੋਜ਼ ਖ਼ਾਂ ਸੱਤ ਹਜ਼ਾਰ ਖਟਕਾਂ ਦੀ ਫ਼ੌਜ ਲੈ ਕੇ ਖ਼ੈਰਾਬਾਦ ਦੀਆਂ ਪਹਾੜੀਆਂ ਵਿਚ ਲੁਕਿਆ ਬੈਠਾ ਸੀ। ਮਹਾਰਾਜੇ ਨੂੰ ਜਦ ਫ਼ੌਜੀ ਦਸਤੇ ਦੀ ਤਬਾਹੀ ਦੀ ਖ਼ਬਰ ਪਹੁੰਚੀ ਤਾਂ ਸੁਣ ਕੇ ਅੱਗ ਲੱਗ

**ਮਹਾਰਾਜੇ ਦੀ ਪਿਸ਼ਾਵਰ 'ਤੇ ਚੜ੍ਹਾਈ**

**ਫ਼ੀਰੋਜ਼ ਖ਼ਾਂ ਦਾ ਹਮਲਾ**



Sri Satguru Jagjit Singh Ji eLibrary NamdhariElibrary@gmail.com

ਉੱਠੀ। ਉਹਨੇ ਫ਼ੌਜ ਨੂੰ ਕੂਚ ਦਾ ਹੁਕਮ ਦਿੱਤਾ। ਅੱਗੇ ਦਰਿਆ ਅਟਕ ਠਾਠਾਂ ਮਾਰ ਰਿਹਾ ਸੀ। ਮਲਾਹ ਨੇ ਦੱਸਿਆ ਕਿ ਐਡੀ ਛੇਤੀ ਦਰਿਆ ਉੱਤੇ ਪੁਲ ਬੰਨ੍ਹਣ ਦਾ ਕੋਈ ਵਸੀਲਾ ਨਹੀਂ, ਸੋ ਸਰਕਾਰ ਨੂੰ ਕੁਝ ਸਮਾਂ ਅਟਕ ਦੇ ਕੰਢੇ ਅਟਕਣਾ ਪਵੇਗਾ। ਸ਼ੇਰੇ ਪੰਜਾਬ ਨੇ ਗਰਜ ਕੇ ਕਿਹਾ, "ਅਟਕ ਉਹਨਾਂ ਵਾਸਤੇ ਅਟਕ ਹੈ, ਜਿਨ੍ਹਾਂ ਦੇ ਆਪਣੇ ਦਿਲ ਵਿਚ ਅਟਕ ਹੈ। ਜੋ ਅਟਕਣਾ ਨਹੀਂ ਜਾਣਦੇ, ਉਹਨਾਂ ਦੇ ਰਾਹ ਵਿਚ ਕੋਈ ਸ਼ਕਤੀ ਅਟਕ ਨਹੀਂ ਪਾ ਸਕਦੀ। ਗੁਰੂ ਦਾ ਖ਼ਾਲਸਾ ਅਟਕ ਦੀਆਂ ਸਭ ਅਟਕਾਂ ਤੋੜ ਕੇ ਅੱਗੇ ਲੰਘੇਗਾ।" ਇਹ ਕਹਿੰਦਿਆਂ ਹੋਇਆਂ ਸ਼ੇਰੇ-ਪੰਜਾਬ ਨੇ ਜ਼ੋਰ ਦੀ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਛੱਡਿਆ। ਖ਼ਾਲਸਾ ਫ਼ੌਜਾਂ ਵਿਚ ਜੈਕਾਰੇ ਦੀ ਗੂੰਜ ਪੈ ਗਈ। ਮਹਾਰਾਜੇ ਨੇ ਫ਼ਤਹਿ ਬੁਲਾ ਕੇ ਆਪਣਾ ਜੰਗੀ ਹਾਥੀ ਦਰਿਆ ਅਟਕ ਵਿਚ ਠੇਲ੍ਹ ਦਿੱਤਾ। ਮਗਰੇ ਬਾਕੀ ਸਰਦਾਰਾਂ ਨੇ ਹਾਥੀ ਤੇ ਘੋੜੇ ਪਾਣੀ ਵਿਚ ਸੁੱਟ ਦਿੱਤੇ। ਕਹਿੰਦੇ ਹਨ ਕਿ ਦਰਿਆ ਦੇ ਅੱਧ ਵਿਚ ਜਾ ਕੇ ਮਹਾਰਾਜੇ ਨੇ ਆਪਣਾ ਹਾਥੀ ਖੜਾ ਕਰ ਦਿੱਤਾ ਕਿ ਪਹਿਲਾਂ ਖ਼ਾਲਸਾ ਫ਼ੌਜ ਪਾਰ ਹੋ ਲਵੇ, ਫੇਰ 'ਸਰਕਾਰ' ਦਰਿਆਉਂ ਪਾਰ ਨਿਕਲੇਗੀ।[1] ਦਰਿਆ ਟੱਪ ਕੇ ਖ਼ਾਲਸਾ ਫ਼ੌਜ ਜਹਾਂਗੀਰਾ ਕੋਲ ਪੁੱਜੀ ਤਾਂ ਅੱਗੋਂ ਖਟਕਾਂ ਦਾ ਟਿੱਡੀ ਦਲ ਨਜ਼ਰੀਂ ਪਿਆ। ਬੜੀ ਕਹਿਰ ਦੀ ਲੜਾਈ ਹੋਈ ਜਿਸ ਵਿਚ ਪਠਾਣ ਬੁਰੀ ਤਰ੍ਹਾਂ ਹਾਰੇ। ਫ਼ੀਰੋਜ਼ ਖ਼ਾਂ ਖਟਕ ਨੇ ਈਨ ਮੰਨ ਕੇ ਨਜ਼ਰਾਨਾ ਤਾਰਿਆ। ਮਹਾਰਾਜੇ ਨੇ ਉਸ ਦੀ ਭੁੱਲ ਮਾਫ਼ ਕਰ ਦਿੱਤੀ। ਖ਼ਾਲਸਾ ਫ਼ੌਜ ਨੇ ਕਿਲ੍ਹਾ ਜਹਾਂਗੀਰਾਂ ਤੇ ਖ਼ੈਰਾਬਾਦ ਉੱਤੇ ਕਬਜ਼ਾ ਕਰ ਲਿਆ। ਜਦ ਇਹ ਖ਼ਬਰ ਪਿਸ਼ਾਵਰ ਪੁੱਜੀ ਤਾਂ ਸਿੱਖਾਂ ਤੋਂ ਡਰਦਾ ਦੋਸਤ ਮੁਹੰਮਦ ਖ਼ਾਂ ਪਿਸ਼ਾਵਰ ਛੱਡ ਕੇ ਹਸ਼ਤ ਨਗਰ ਜਾ ਵੜਿਆ। ਸੁੰਞੇ ਪਏ ਸ਼ਹਿਰ ਪਿਸ਼ਾਵਰ ਵਿਚ ਨਵੰਬਰ ੧੮੧੮ ਈਸਵੀ ਨੂੰ ਖ਼ਾਲਸਾ ਫ਼ੌਜਾਂ ਜਾ ਦਾਖ਼ਲ ਹੋਈਆਂ। ਮਹਾਰਾਜੇ ਨੇ ਜਾਂਦਿਆਂ ਹੀ ਸ਼ਹਿਰ ਵਿਚ ਢੰਡੋਰਾ ਕਰਾ ਦਿੱਤਾ ਕਿ ਕੋਈ ਸਰਕਾਰੀ ਜਾਂ ਲੁਟੇਰਾ ਸ਼ਹਿਰ ਵਿਚ ਲੁੱਟ-ਮਾਰ ਨਾ ਕਰੇ। ਪਰਜਾ ਅਮਨ ਨਾਲ ਵਸੇ ਤੇ ਆਪਣਾ ਕਾਰ ਵਿਹਾਰ ਕਰੇ। ਇਸ ਗੱਲ ਦਾ ਪਰਜਾ ਉੱਤੇ ਬੜਾ ਚੰਗਾ ਅਸਰ ਹੋਇਆ। ਸ਼ਹਿਰ ਦੇ ਪਤਵੰਤਿਆਂ ਨੇ ਮਹਾਰਾਜੇ ਨੂੰ 'ਜੀ ਆਇਆਂ' ਕਿਹਾ ਤੇ ਸ਼ਹਿਰ ਵਿਚੋਂ ਉਗਰਾਹ ਕੇ ਪੰਝੀ ਹਜ਼ਾਰ ਨਜ਼ਰਾਨਾ ਦਿੱਤਾ। ਮਹਾਰਾਜਾ ਤਿੰਨ ਦਿਨ ਪਿਸ਼ਾਵਰ ਵਿਚ ਰਿਹਾ। ਚੌਥੇ ਦਿਨ ਉਸੇ ਜਹਾਂਦਾਦ ਖ਼ਾਂ ਨੂੰ—ਜਿਸ ਤੋਂ ਕਿਲ੍ਹਾ ਅਟਕ ਲਿਆ ਸੀ—ਪਿਸ਼ਾਵਰ ਦਾ ਗਵਰਨਰ ਬਣਾ ਕੇ ਮਹਾਰਾਜਾ ਅਟਕ ਆ ਗਿਆ। ਪਿਸ਼ਾਵਰ ਵਿਚੋਂ ੧੪ ਤੋਪਾਂ ਸਿੱਖਾਂ ਦੇ ਹੱਥ ਆਈਆਂ।

**ਮਹਾਰਾਜੇ ਨੇ ਅਟਕ ਵਿਚ ਦੀ ਲੰਘਣਾ**

**ਖਟਕਾਂ ਨਾਲ ਲੜਾਈ**

**ਪਿਸ਼ਾਵਰ ਉੱਤੇ ਸਿੱਖਾਂ ਦਾ ਕਬਜ਼ਾ**

**ਜਹਾਂਦਾਦ ਖ਼ਾਂ ਨੂੰ ਪਿਸ਼ਾਵਰ ਦਿੱਤਾ**

ਮਹਾਰਾਜਾ ਅਜੇ ਅਟਕ ਹੀ ਸੀ, ਕਿ ਦੋਸਤ ਮੁਹੰਮਦ ਖ਼ਾਂ ਨੇ ਆਪਣੇ ਭਰਾ

1. ਇਸ ਘਟਨਾ ਬਾਬਤ ਅੱਜ ਤੱਕ ਪ੍ਰਸਿੱਧ ਹੈ ਕਿ ਦਰਿਆ ਨੇ ਮਹਾਰਾਜੇ ਨੂੰ 'ਰਾਹ' ਦਿੱਤਾ ਸੀ।



Sri Satguru Jagjit Singh Ji eLibrary NamdhariElibrary@gmail.com

ਯਾਰ ਮੁਹੰਮਦ ਖ਼ਾਂ ਨੂੰ ਨਾਲ ਲੈ ਕੇ ਪਿਸ਼ਾਵਰ ਉੱਤੇ ਕਬਜ਼ਾ ਕਰ ਲਿਆ। ਜਹਾਂਦਾਦ ਖ਼ਾਂ ਮਹਾਰਾਜੇ ਵੱਲੇ ਆ ਗਿਆ। ਦੋਸਤ ਮੁਹੰਮਦ ਖ਼ਾਂ ਨੇ ਪਿਸ਼ਾਵਰ ਉੱਤੇ ਕਬਜ਼ਾ ਤਾਂ ਕਰ ਲਿਆ, ਪਰ ਉਹ ਜਾਣਦਾ ਸੀ ਕਿ ਮਹਾਰਾਜੇ ਦੇ ਟਾਕਰੇ ਉੱਤੇ ਉਹ ਬਲ ਨਾਲ ਆਪਣਾ ਕਬਜ਼ਾ ਕਾਇਮ ਨਹੀਂ ਰੱਖ ਸਕੇਗਾ। ਸੋ ਉਹਨੇ ਆਪਣੇ ਵਕੀਲ ਦੀਵਾਨ ਦਮੋਦਰ ਮੱਲ ਤੇ ਹਾਫ਼ਿਜ਼ ਰੂਹਉੱਲਾ ਖ਼ਾਂ ਮਹਾਰਾਜੇ ਕੋਲ ਭੇਜੇ। ਉਹਨਾਂ ਪੰਜਾਹ ਹਜ਼ਾਰ ਨਕਦ ਤੇ ਫਲਾਂ ਦੇ ਲੱਦੇ ਹੋਏ ਘੋੜੇ ਨਜ਼ਰਾਨੇ ਵਜੋਂ ਮਹਾਰਾਜੇ ਦੀ ਭੇਟਾ ਕੀਤੇ। ਨਾਲ ਹੀ ਅੱਗੇ ਵਾਸਤੇ ਬੇਨਤੀ ਕੀਤੀ ਕਿ 'ਸਰਕਾਰ' ਆਪਣੇ ਵੱਲੋਂ ਪਿਸ਼ਾਵਰ ਦਾ ਸੂਬਾ ਦੋਸਤ ਮੁਹੰਮਦ ਖ਼ਾਂ ਨੂੰ ਬਖ਼ਸ਼ ਦੇਵੇ, ਤਾਂ ਉਹ ਲਾਹੌਰ ਦਰਬਾਰ ਦੇ ਸਾਰੇ ਹੁਕਮ ਮੰਨਿਆ ਕਰੇਗਾ ਤੇ ਇਕ ਲੱਖ ਸਾਲਾਨਾ ਖ਼ਰਾਜ ਅਦਾ ਕਰੇਗਾ। ਮਹਾਰਾਜੇ ਨੇ ਇਹ ਸ਼ਰਤਾਂ ਪ੍ਰਵਾਨ ਕਰ ਲਈਆਂ। ਦਸੰਬਰ ਵਿਚ ਮਹਾਰਾਜਾ ਲਾਹੌਰ ਆ ਪੁੱਜਾ।[1]

**ਦੋਸਤ ਮੁਹੰਮਦ ਖ਼ਾਂ ਨੇ ਪਿਸ਼ਾਵਰ ਮੱਲ ਕੇ ਮਹਾਰਾਜੇ ਦੀ ਈਨ ਮੰਨੀ**

**ਦੋਸਤ ਮੁਹੰਮਦ ਨੂੰ ਪਿਸ਼ਾਵਰ ਦਿੱਤਾ**

ਏਸੇ ਸਮੇਂ ਅੰਗਰੇਜ਼ਾਂ ਨਾਲ ਗੜਬੜ ਹੋ ਚੱਲੀ ਸੀ ਪਰ ਬਚ ਗਈ। ਰਾਜਾ ਕਹਿਲੂਰ ਦਾ ਇਲਾਕਾ ਸਤਲੁਜ ਦੇ ਦੋਹੀਂ ਪਾਸੀਂ ਸੀ। ਉਸ ਦੀ ਰਾਜਧਾਨੀ—ਬਿਲਾਸਪੁਰ—ਦਰਿਆਓਂ ਖੱਬੇ ਹੱਥ ਸੀ। ਇਸ ਵਾਸਤੇ ਉਹ ਆਪਣੇ ਆਪ ਨੂੰ ਅੰਗਰੇਜ਼ਾਂ ਦੀ ਰਾਖੀ ਵਿਚ ਸਮਝਦਾ ਸੀ। ਪਰ ਉਹਦੇ ਬਹੁਤੇ ਇਲਾਕੇ ਸਤਲੁਜੋਂ ਸੱਜੇ ਹੱਥ ਸਨ। ਇਲਾਕੇ ਦਾ ਗਵਰਨਰ ਸ. ਦੇਸਾ ਸਿੰਘ ਮਜੀਠੀਆ ਪਹਾੜੀ ਰਾਜਿਆਂ ਤੋਂ ਖ਼ਰਾਜ ਵਸੂਲ ਕਰਦਾ ਕਰਦਾ ਕਹਿਲੂਰੀਏ ਦੇ ਇਲਾਕੇ ਵਿਚ ਗਿਆ, ਤਾਂ ਉਹਨੇ ਖ਼ਰਾਜ ਦੇਣ ਤੋਂ ਇਨਕਾਰ ਕਰ ਦਿੱਤਾ। ਸ. ਦੇਸਾ ਸਿੰਘ ਨੇ ਕਹਿਲੂਰੀਏ ਦੇ ਕਿਲ੍ਹੇ ਪਿਚਰੋਟਾ ਤੇ ਅਕਾਲਗੜ੍ਹ ਮੱਲ ਲਏ। ਕਹਿਲੂਰੀਆ ਨੱਸ ਕੇ ਦਰਿਆਓਂ ਪਾਰ ਅੰਗਰੇਜ਼ਾਂ ਦੇ ਪਾਸ ਚਲਾ ਗਿਆ। ਦੇਸਾ ਸਿੰਘ ਨੇ ਸਤਲੁਜ ਤੋਂ ਅੰਦਰ ਰਾਜੇ ਦਾ ਸਾਰਾ ਇਲਾਕਾ ਮੱਲ ਲਿਆ। ਕਹਿਲੂਰੀਏ ਨੇ ਕਟੋਚੀਏ ਦੇ ਵਿਰੁੱਧ ਗੋਰਖਿਆਂ ਦੀ ਮਦਦ ਕੀਤੀ ਸੀ। ਉਦੋਂ ਦਾ ਬਦਲਾ ਲੈਣ ਵਾਸਤੇ ਰਾਜਾ ਸੰਸਾਰ ਚੰਦ ਕਟੋਚੀਆ (ਸ. ਦੇਸਾ ਸਿੰਘ ਦੇ ਨਾਲ ਸੀ) ਸਤਲੁਜੋਂ ਪਾਰ ਟੱਪ ਗਿਆ। ਅੱਗੋਂ ਅੰਗਰੇਜ਼ੀ ਫ਼ੌਜਾਂ ਟਾਕਰੇ ਲਈ ਤਿਆਰ ਹੋ ਪਈਆਂ। ਜਦ ਏਸ ਗੱਲ ਦਾ ਮਹਾਰਾਜੇ ਨੂੰ ਪਤਾ ਲੱਗਾ ਤਾਂ ਉਹਨੇ ਆਪਣੇ ਆਦਮੀ ਵਾਪਸ ਬੁਲਾ ਲਏ। ਮਹਾਰਾਜੇ ਨੇ ਅੰਗਰੇਜ਼ੀ ਏਜੰਟ ਕੋਲ ਆਪਣਾ ਵਕੀਲ ਘੱਲਿਆ, ਜਿਸ ਨੇ ਇਹ ਸਾਰਾ ਮਾਮਲਾ ਸਾਫ਼ ਕਰ ਦਿੱਤਾ।[1] ਸਤਲੁਜ ਦੇ ਸੱਜੇ ਹੱਥ ਵਾਲੇ ਇਲਾਕਿਆਂ ਬਦਲੇ ਬਿਲਾਸਪੁਰੀਏ ਨੇ ਸ.

**ਬਿਲਾਸਪੁਰੀਏ ਤੋਂ ਨਜ਼ਰਾਨਾ ਲਿਆ**

1. ਲਤੀਫ਼, ਪੰਨੇ ੪੧੫-੬; ਮੈਕਗ੍ਰੇਗਰ, ਪੰਨਾ ੨੮੩; ਕਨਿੰਘਮ, ਪੰਨੇ ੧੪-੮



Sri Satguru Jagjit Singh Ji eLibrary NamdhariElibrary@gmail.com

ਦੇਸਾ ਸਿੰਘ ਨੂੰ ੨੩ ਹਜ਼ਾਰ ਖ਼ਰਾਜ ਦਿੱਤਾ, ਤਾਂ ਸਿੱਖ ਫ਼ੌਜਾਂ ਉਹਦਾ ਇਲਾਕਾ ਛੱਡ ਕੇ ਵਾਪਸ ਆ ਗਈਆਂ।[2]

**ਗਵਰਨਰ ਕਸ਼ਮੀਰ ਜੱਬਾਰ ਖ਼ਾਂ**

ਜਦ ਮੁਹੰਮਦ ਅਜ਼ੀਮ ਖ਼ਾਂ ਕਾਬਲ ਉੱਤੇ ਕਬਜ਼ਾ ਕਰਨ ਆਇਆ ਸੀ ਤਾਂ ਕਸ਼ਮੀਰ ਦਾ ਗਵਰਨਰ ਆਪਣੇ ਭਰਾ ਜੱਬਾਰ ਖ਼ਾਂ ਨੂੰ ਬਣਾ ਆਇਆ ਸੀ। ਉਹ ਬੜਾ ਜ਼ਾਲਮ ਤੇ ਤਅੱਸਬੀ ਸੀ। ਉਹਦੇ ਹੱਥੋਂ ਤੰਗ ਆ ਕੇ ਉਹਦਾ ਵਜ਼ੀਰ ਮਾਲ ਪੰਡਿਤ ਬੀਰਧਰ ਕਸ਼ਮੀਰੋਂ ਨੱਸ ਕੇ ਮਹਾਰਾਜੇ ਕੋਲ ਲਾਹੌਰ ਆ ਗਿਆ। ਸ਼ੇਰੇ-ਪੰਜਾਬ ਨੇ

**ਪੰਡਤ ਬੀਰਧਰ**

ਉਹਦੀ ਬੜੀ ਇੱਜ਼ਤ ਕੀਤੀ।[3] ਉਹਨੇ ਵੀ ਕਸ਼ਮੀਰ ਫ਼ਤਹਿ ਕਰਨ ਵੇਲੇ ਸਿੱਖਾਂ ਦੀ ਬੜੀ ਮਦਦ ਕੀਤੀ।

**ਕਸ਼ਮੀਰ ਉੱਤੇ ਆਖ਼ਰੀ ਚੜ੍ਹਾਈ**

ਇਹ ਪੱਕਾ ਫ਼ੈਸਲਾ ਹੋ ਚੁੱਕਾ ਸੀ, ਕਿ ਕਸ਼ਮੀਰ ਫ਼ਤਹਿ ਕਰਨਾ ਹੈ। ਇਸ ਮੁਹਿੰਮ ਵਾਸਤੇ ਵਜ਼ੀਰਾਬਾਦ ਵਿਚ ਬਹੁਤ ਸਾਰੀ ਫ਼ੌਜ ਇਕੱਠੀ ਕੀਤੀ ਗਈ। ਭਿੰਬਰ ਦਾ ਹਾਕਮ ਸੁਲਤਾਨ ਖ਼ਾਂ ਸੱਤਾ ਸਾਲਾਂ ਤੋਂ ਲਾਹੌਰ ਨਜ਼ਰਬੰਦ ਸੀ। ਮਹਾਰਾਜੇ ਨੇ ਉਸ ਨੂੰ ਰਿਹਾ ਕਰਕੇ ਦੁਬਾਰਾ ਭਿੰਬਰ ਦਾ ਰਾਜਾ ਬਣਾ ਕੇ ਸਿਰੋਪਾ ਦਿੱਤਾ। ਕਸ਼ਮੀਰ ਦੀ ਮੁਹਿੰਮ ਵਿਚ ਉਹਨੂੰ ਮਿਸਰ ਦੀਵਾਨ ਚੰਦ ਦੇ ਨਾਲ ਭੇਜਿਆ ਗਿਆ। ਸੁਲਤਾਨ ਖ਼ਾਂ ਨੇ ਏਸ ਫ਼ਤਹਿ ਵਿਚ ਸਿੱਖ ਫ਼ੌਜ ਦੀ ਬੜੀ ਮਦਦ ਕੀਤੀ। ਵਜ਼ੀਰਾਬਾਦ ਤੋਂ ਫ਼ੌਜ ਦੇ ਤਿੰਨ ਜੱਥੇ ਬਣਾਏ ਗਏ : ਪਹਿਲਾ ਸ਼ਹਿਜ਼ਾਦਾ ਖੜਕ ਸਿੰਘ ਦੇ ਮਾਤਹਿਤ, ਦੂਜਾ ਮਿਸਰ ਦੀਵਾਨ ਚੰਦ ਤੇ ਸ. ਸ਼ਾਮ ਸਿੰਘ ਅਟਾਰੀ ਵਾਲੇ ਦੇ ਤਹਿਤ ਵਿਚ ਤੇ ਤੀਜਾ ਮਹਾਰਾਜੇ ਨੇ ਆਪਣੇ ਹੱਥ ਵਿਚ ਰੱਖਿਆ। ਸਾਰੀ ਮੁਹਿੰਮ ਦਾ ਸੈਨਾਪਤੀ ਸ਼ਹਿਜ਼ਾਦਾ ਖ਼ੜਕ ਸਿੰਘ ਨੂੰ ਥਾਪਿਆ। ਸ਼ਹਿਜ਼ਾਦੇ ਤੇ ਦੀਵਾਨ ਵਾਲੇ ਦੋਵੇਂ ਦਲ ਮਈ ੧੮੧੯ ਈਸਵੀ ਨੂੰ ਵਜ਼ੀਰਾਬਾਦ ਤੋਂ ਤੋਰ ਦਿੱਤੇ। ਮਹਾਰਾਜਾ ਆਪ ਪਿੱਛੇ ਰਿਹਾ, ਤਾਂ ਕਿ ਜਿਥੇ ਲੋੜ ਪਵੇ ਉਥੇ ਮਦਦ ਪੁਚਾ ਸਕੇ। ਪਹਿਲੇ ਦੋਵੇਂ

**ਰਾਜੌੜੀ ਨੂੰ ਘੇਰਾ**

ਦਲ ਭਿੰਬਰ ਦੇ ਰਾਹ ਰਾਜੌੜੀ ਜਾ ਪੁੱਜੇ। ਰਾਜੌੜੀ ਦੇ ਰਾਜਾ ਅਘੜ ਖ਼ਾਂ ਨੇ ਪਿਛਲੀ ਮੁਹਿੰਮ ਵਿਚ ਧੋਖਾ ਦਿੱਤਾ ਸੀ। ਸੋ ਸ਼ਹਿਜ਼ਾਦੇ ਤੇ ਦੀਵਾਨ ਨੇ ਰਾਜੌੜੀ ਨੂੰ ਘੇਰਾ ਪਾ ਲਿਆ। ਟਾਕਰੇ ਦੀ ਤਾਬ ਨਾ ਲਿਆ ਕੇ ਰਾਜਾ ਅਘੜ ਖ਼ਾਂ ਰਾਤ ਨੂੰ ਨੱਸ ਗਿਆ। ਅਗਲੇ ਦਿਨ ਉਹਦਾ ਭਰਾ ਰਹੀਮੁੱਲਾ[4] ਅਧੀਨਗੀ ਪ੍ਰਵਾਨ ਕਰ ਕੇ ਸਿੱਖ ਡੇਰੇ ਵਿਚ ਹਾਜ਼ਰ ਹੋਇਆ। ਸ਼ਹਿਜ਼ਾਦਾ ਖੜਕ ਸਿੰਘ ਨੇ ਉਹਦਾ ਬੜਾ ਆਦਰ ਕੀਤਾ ਤੇ ਉਹਨੂੰ ਮਹਾਰਾਜੇ ਕੋਲ ਭੇਜ ਦਿੱਤਾ। ਮਹਾਰਾਜੇ ਨੇ ਉਹਦੀ ਬੜੀ ਇੱਜ਼ਤ ਕੀਤੀ। ਇਕ ਹਾਥੀ, ਇਕ ਘੋੜਾ ਤੇ ਕੀਮਤੀ ਸਿਰੋਪਾ ਦੇ ਕੇ ਉਸ ਨੂੰ ਰਾਜੌੜੀ ਦਾ

---

1. ਕਨਿੰਘਮ, ਪੰਨਾ ੧੫੮
2. ਲਤੀਫ਼, ਪੰਨਾ ੪੧੭
3. ਕੋਹਲੀ, ਪੰਨਾ ੨੨੫
4. ਸੋਹਨ ਲਾਲ ਤੇ ਅਮਰਨਾਥ ਦੇ ਹਵਾਲੇ ਸਹਿਤ; ਕੋਹਲੀ, ਪੰਨਾ ੨੨੭



Sri Satguru Jagjit Singh Ji eLibrary NamdhariElibrary@gmail.com

ਰਾਜਾ ਬਣਾ ਕੇ ਕਸ਼ਮੀਰ ਮੁਹਿੰਮ ਵਿਚ ਸਿੱਖ ਫ਼ੌਜ ਦੇ ਨਾਲ ਤੋਰ ਦਿੱਤਾ। ਫ਼ੌਜ ਦੇ ਮਗਰੋਂ ਮਹਾਰਾਜਾ ਵੀ ਭਿੰਬਰ ਆ ਬੈਠਾ।

ਜੂਨ ਵਿਚ ਦੋਵੇਂ ਦਲ ਰਾਜੌਰੀ ਤੋਂ ਅੱਗੇ ਤੁਰੇ। ਸ਼ਹਿਜ਼ਾਦਾ ਖੜਕ ਸਿੰਘ ਪੋਸ਼ਾਨਾ ਰਾਹੀਂ ਬਹਿਰਾਮ ਗਲਾ ਜਾ ਪੁੱਜਾ। ਸੁਲਤਾਨ ਖ਼ਾਂ ਦੇ ਸਮਝਾਉਣ ਉੱਤੇ ਸੁਪੀਨ ਦੇ ਕਿਲ੍ਹੇਦਾਰ ਮੁਹੰਮਦ ਅਲੀ ਨੇ ਸ਼ਹਿਜ਼ਾਦੇ ਦੀ ਅਧੀਨਗੀ ਮੰਨ ਲਈ। ਪੁਣਛ ਦਾ ਰਾਜਾ ਜ਼ਬਰਦਸਤ ਖ਼ਾਂ ਲੜਾਈ ਲਈ ਤਿਆਰ ਹੋ ਕੇ ਰਾਹ ਰੋਕੀ ਬੈਠਾ ਸੀ। ਸੁਲਤਾਨ ਖ਼ਾਂ ਦੇ ਦੱਸਣ ਉੱਤੇ ਸ਼ਹਿਜ਼ਾਦੇ ਨੇ ਸਿੱਧੇ ਰਾਹ ਅੱਗੇ ਵਧਣ ਦੀ ਥਾਂ ਪਹਾੜੀਆਂ ਵਿਚ ਦੀ ਦੂਜੇ ਰਸਤੇ ਲੰਘ ਕੇ ਜ਼ਬਰਦਸਤ ਖ਼ਾਂ ਉੱਤੇ ਧਾਵਾ ਬੋਲ ਦਿੱਤਾ। ਥੋੜ੍ਹੀ ਜਿਹੀ ਲੜਾਈ ਪਿਛੋਂ ਜ਼ਬਰਦਸਤ ਖ਼ਾਂ ਨੇ ਹਥਿਆਰ ਸੁੱਟ ਕੇ ਈਨ ਮੰਨ ਲਈ। ਰਹੀਮੁੱਲਾ ਦੇ ਸਮਝਾਉਣ ਉੱਤੇ ਬੁਸਾਨਾ ਦੇ ਹਾਕਮ ਨੇ ਵੀ ਈਨ ਮੰਨ ਲਈ। ਏਨੇ ਨੂੰ ਮਹਾਰਾਜਾ ਵੀ ਰਾਜੌਰੀ ਰਾਹੀਂ ਸ਼ਾਹਾਬਾਦ ਆ ਬੈਠਾ। ਉਹਨੇ ਦਸ ਹਜ਼ਾਰ ਫ਼ੌਜ ਮਦਦ ਵਾਸਤੇ ਪਿਛੋਂ ਹੋਰ ਤੋਰ ਦਿੱਤੀ। ਜਿਥੋਂ ਪੀਰ ਪੰਚਾਲ ਪਹਾੜ ਦੀ ਚੜ੍ਹਾਈ ਸ਼ੁਰੂ ਹੁੰਦੀ ਹੈ, ਉਥੇ ਸਾਰੀ ਸਿੱਖ ਫ਼ੌਜ (ਪਹਿਲੇ ਦੋਵੇਂ ਦਲ ਤੇ ਪਿਛੋਂ ਆਈ ਮਦਦ) ਇਕੱਠੀ ਹੋ ਗਈ। ਇਥੇ ਪਠਾਣਾਂ ਨੇ ਸਿੱਖਾਂ ਉੱਤੇ ਹਮਲਾ ਕੀਤਾ। ਚੰਗੀ ਘਮਸਾਣ ਦੀ ਲੜਾਈ ਹੋਈ, ਜਿਸ ਵਿਚ ਪਠਾਣ ਹਾਰ ਕੇ ਨੱਸ ਗਏ। ਪੀਰ ਪੰਚਾਲ ਦੇ ਰਸਤਿਆਂ ਉੱਤੇ ਕਬਜ਼ਾ ਕਰ ਕੇ ਖ਼ਾਲਸਾ ਫ਼ੌਜ ਪਹਾੜ ਦੇ ਦੂਜੇ ਪਾਸੇ ਸਰਾਏ ਅਲੀ ਆਬਾਦ ਜਾ ਪੁੱਜੀ। ਅੱਗੇ ਜੱਬਾਰ ਖ਼ਾਂ ਗਵਰਨਰ ਕਸ਼ਮੀਰ ਬਾਰਾਂ ਹਜ਼ਾਰ ਪਠਾਣੀ ਫੌਜ ਨਾਲ ਸ੍ਰੀਨਗਰ ਦਾ ਰਾਹ ਰੋਕੀ ਬੈਠਾ ਸੀ। ਇਕ ਦਿਨ ਆਰਾਮ ਕਰਕੇ ਅਗਲੇ ਦਿਨ (੩ ਜੁਲਾਈ, ੧੮੧੯ ਈਸਵੀ, ੨੧ ਹਾੜ, ੧੮੭੬ ਬਿ.) ਖ਼ਾਲਸਾ ਫ਼ੌਜ ਨੇ ਜੱਬਾਰ ਖ਼ਾਂ 'ਤੇ ਧਾਵਾ ਬੋਲ ਦਿੱਤਾ। ਪਹਿਲਾਂ ਤਾਂ ਪਠਾਣ ਏਨੇ ਜੋਸ਼ ਨਾਲ ਅੱਗੇ ਵਧੇ ਕਿ ਸਿੱਖਾਂ ਦੀਆਂ ਦੋ ਤੋਪਾਂ ਖੋਹ ਲਈਆਂ, ਪਰ ਜਦੋਂ ਅਕਾਲੀ ਫੂਲਾ ਸਿੰਘ ਦੇ ਜੱਥੇ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛਡ ਕੇ ਹੱਲਾ ਕੀਤਾ, ਤਾਂ ਪਠਾਣ ਸਭ ਕੁਝ ਛੱਡ ਕੇ ਨੱਸ ਗਏ। ਨਾ ਕੇਵਲ ਸਿੱਖਾਂ ਨੇ ਆਪਣੀਆਂ ਤੋਪਾਂ ਹੀ ਛੁਡਾ ਲਈਆਂ, ਸਗੋਂ ਜੱਬਾਰ ਖ਼ਾਂ ਦਾ ਸਭ ਜੰਗੀ ਸਾਮਾਨ ਤੇ ਡੇਰਾ ਲੁੱਟ ਲਿਆ। ਇਸ ਲੜਾਈ ਵਿਚ ਜੱਬਾਰ ਖ਼ਾਂ ਆਪ ਜ਼ਖ਼ਮੀ ਹੋ ਗਿਆ ਤੇ ਉਹਦੇ ਦੋ ਜਰਨੈਲ—ਮਿਹਰਦੀਨ ਖ਼ਾਂ ਤੇ ਮੀਰ ਸਮੱਦ ਖ਼ਾਂ—ਮਾਰੇ ਗਏ। ਜੱਬਾਰ ਖ਼ਾਂ ਭਿੰਬਰ ਦੀਆਂ ਪਹਾੜੀਆਂ ਦੇ ਵਿਚ ਦੀ ਹੁੰਦਾ ਹੋਇਆ, ਪਿਸ਼ਾਵਰ ਰਾਹੀਂ ਅਫ਼ਗਾਨਿਸਤਾਨ ਜਾ ਵੜਿਆ। ਸਿੱਖਾਂ ਦੇ ਇਕ ਦਸਤੇ ਨੇ ਕਿਲ੍ਹਾ ਸ਼ੇਰਗੜ੍ਹ ਉੱਤੇ ਜਾ ਕਬਜ਼ਾ ਕੀਤਾ। ਅਗਲੇ ਦਿਨ (ਚਾਰ ਜੁਲਾਈ) ਖ਼ਾਲਸਾ ਫ਼ੌਜ ਫ਼ਤਹਿ ਦੇ ਵਾਜੇ ਵਜਾਉਂਦੀ ਹੋਈ ਸ੍ਰੀਨਗਰ ਵਿਚ ਦਾਖ਼ਲ

**ਰਾਜਾ ਪੁਣਛ ਨੇ ਈਨ ਮੰਨ ਲਈ**

**ਜੱਬਾਰ ਖ਼ਾਂ ਲੜ ਕੇ ਹਾਰ ਗਿਆ**



Sri Satguru Jagjit Singh Ji eLibrary NamdhariElibrary@gmail.com

ਹੋਈ। ਸ਼ਹਿਜ਼ਾਦਾ ਖੜਕ ਸਿੰਘ ਨੇ ਸ਼ਹਿਰ ਵਿਚ ਕਿਸੇ ਕਿਸਮ ਦੀ ਲੁੱਟ ਮਾਰ ਨਾ ਹੋਣ ਦਿੱਤੀ ਤੇ ਅਮਨ ਕਾਇਮ ਰੱਖਣ ਲਈ ਸ਼ਹਿਰ ਤੇ ਇਲਾਕੇ ਵਿਚ ਢੰਡੋਰਾ ਫਿਰਾ ਦਿੱਤਾ ਗਿਆ।[1] ਕਸ਼ਮੀਰ ਤੇ ਪਿਸ਼ਾਵਰ ਦੀ ਜਿੱਤ ਨੇ ਹੰਕਾਰੀ ਪਠਾਣ ਕੌਮ ਦਾ ਸਿਰ ਕਲਗੀਧਰ ਦੇ ਖ਼ਾਲਸੇ ਦੇ ਸਾਹਮਣੇ ਝੁਕਾਅ ਦਿੱਤਾ। ਨਾਦਰ ਤੇ ਅਬਦਾਲੀ ਨਾਲ ਆ ਕੇ ਹਿੰਦੁਸਤਾਨ ਲੁੱਟਣ ਵਾਲੇ ਪਠਾਣਾਂ ਦੀ ਔਲਾਦ, ਗੁਰੂ ਗੋਬਿੰਦ ਸਿੰਘ ਜੀ ਦੇ ਬੀਰ ਸਪੁੱਤਰਾਂ ਤੋਂ ਡਰ ਖਾਣ ਲੱਗ ਪਈ।

**ਸ੍ਰੀਨਗਰ ਉੱਤੇ ਕਬਜ਼ਾ**

ਮਹਾਰਾਜਾ ਜਿੱਤ ਦੇ ਵਾਜੇ ਵਜਾਉਂਦਾ ਵਾਪਸ ਮੁੜਿਆ। ਸਭ ਤੋਂ ਪਹਿਲਾਂ ਸ਼ੇਰੇ-ਪੰਜਾਬ ਨੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਮੱਥਾ ਟੇਕਿਆ ਤੇ ਗੁਰੂ ਮਹਾਰਾਜ ਦੇ ਟਹਿਲੇ ਵਾਸਤੇ ਚੋਖਾ ਧਨ ਅਰਦਾਸ ਕਰਾਇਆ। ਅੰਮ੍ਰਿਤਸਰ ਤੇ ਲਾਹੌਰ ਅੰਦਰ ਤਿੰਨ ਦਿਨ ਦੀਪਮਾਲਾ ਹੁੰਦੀ ਰਹੀ। ਗ਼ਰੀਬਾਂ ਨੂੰ ਹਜ਼ਾਰਾਂ ਰੁਪਏ ਦਾਨ ਦਿੱਤਾ ਗਿਆ।

**ਕਿਲ੍ਹਾ ਅਜ਼ੀਮਗੜ੍ਹ ਉੱਤੇ ਕਬਜ਼ਾ**

**ਕਿਲ੍ਹਾ ਦੇਵਬੰਦ ਉੱਤੇ ਕਬਜ਼ਾ**

ਖ਼ਾਲਸਾ ਫ਼ੌਜ ਨੇ ਕਸ਼ਮੀਰੋਂ ਮੁੜਨ ਤੋਂ ਪਹਿਲਾਂ ਸਾਰੇ ਇਲਾਕੇ ਉੱਤੇ ਚੰਗੀ ਤਰ੍ਹਾਂ ਪੱਕਾ ਕਬਜ਼ਾ ਕਰ ਲਿਆ। ਰਾਜੌੜੀ ਦੇ ਨੇੜੇ ਉੱਚੀ ਪਹਾੜੀ ਉੱਤੇ ਕਿਲ੍ਹਾ ਅਜ਼ੀਮਗੜ੍ਹ ਸੀ, ਜੋ ਸਿੱਖਾਂ ਨੇ ਕਬਜ਼ੇ ਵਿਚ ਲੈ ਲਿਆ। ਸ. ਹਰੀ ਸਿੰਘ ਨਲਵਾ ਤੇ ਸ. ਦਲ ਸਿੰਘ ਨੇ ਪੈਂਦੇ ਖ਼ਾਂ ਤੋਂ ਕਿਲ੍ਹਾ ਦੇਵਬੰਦ ਲੈ ਲਿਆ। ਦੀਵਾਨ ਰਾਮ ਦਿਆਲ ਨੂੰ ਭਿੰਬਰ, ਭਾਈ ਰਾਮ ਸਿੰਘ ਨੂੰ ਥੰਨੇ, ਸ. ਸ਼ਾਮ ਸਿੰਘ ਅਟਾਰੀ ਤੇ ਸ. ਜਵਾਲਾ ਸਿੰਘ ਭੜਾਣੀਏ ਨੂੰ ਬਾਰਾਮੂਲੇ ਫ਼ੌਜ ਦੇ ਕੇ ਨੀਯਤ ਕੀਤਾ। ਦੀਵਾਨ ਮੋਤੀ ਰਾਮ (ਮੁਹਕਮ ਚੰਦ ਦੇ ਪੁੱਤਰ) ਨੂੰ ਕਸ਼ਮੀਰ ਦਾ ਪਹਿਲਾ ਗਵਰਨਰ ਥਾਪਿਆ। ਫ਼ਕੀਰ ਅਜ਼ੀਜ਼ੁੱਦੀਨ ਨੂੰ ਕਸ਼ਮੀਰ ਦੀ ਸਹੀ ਰੀਪੋਰਟ ਤਿਆਰ ਕਰਨ ਵਾਸਤੇ ਭੇਜਿਆ। ਕਸ਼ਮੀਰ ਦਾ ਜ਼ਿਮੀਂਦਾਰਾ ੫੩ ਲੱਖ ਸਾਲਾਨਾ ਠੇਕੇ ਉੱਤੇ ਪੰਡਿਤ ਬੀਰਧਰ ਨੂੰ ਦਿੱਤਾ ਗਿਆ ਤੇ ਉਥੋਂ ਦੀ ਦੁਸ਼ਾਲਿਆਂ ਦੀ ਪੈਦਾਵਾਰ ਜਵਾਹਲ ਮੱਲ ਨੂੰ ਦਸ ਲੱਖ ਸਾਲਾਨਾ ਬਦਲੇ ਦਿੱਤੀ। ਵਾਪਸ ਮੁੜਦਿਆਂ ਸਿੱਖ ਫ਼ੌਜ ਨੇ ਪੁਣਛ ਤੇ ਰਾਜੌੜੀ ਦੇ ਇਲਾਕਿਆਂ ਨੂੰ ਚੰਗੀ ਤਰ੍ਹਾਂ ਅਧੀਨ ਕੀਤਾ। ਪੁਣਛ ਦੇ ਰਾਜੇ ਜ਼ਬਰਦਸਤ ਖ਼ਾਂ ਨੇ ਆਪਣੇ ਪੁੱਤਰ ਨੂੰ ਜ਼ਮਾਨਤ ਵਜੋਂ ਲਾਹੌਰ ਭੇਜ ਕੇ ਸਭ ਸ਼ਰਤਾਂ ਮੰਨ ਲਈਆਂ। ਜਦ ਇਹ ਸਾਰਾ ਪ੍ਰਬੰਧ ਕਰ ਕੇ ਜੇਤੂ ਖ਼ਾਲਸਾ ਫ਼ੌਜਾਂ ਲਾਹੌਰ ਪੁੱਜੀਆਂ, ਤਾਂ ਮਹਾਰਾਜੇ ਨੇ ਦਿਲ ਖੋਲ੍ਹ ਕੇ ਫ਼ੌਜਾਂ ਤੇ ਸਰਦਾਰਾਂ ਨੂੰ

**ਜ਼ਬਰਦਸਤ ਖ਼ਾਂ ਨੇ ਈਨ ਮੰਨੀ**

1. ਲਤੀਫ਼, ਪੰਨੇ ੪੧੭-੮; ਕਨਿੰਘਮ, ਪੰਨੇ ੧੫੮-੯; ਮੈਕਗ੍ਰੇਗਰ, ਪੰਨੇ ੧੮੪-੫; ਗ੍ਰਿਫ਼ਨ, ਪੰਨਾ ੧੪੩; ਕੋਹਲੀ, ਪੰਨੇ ੨੨੬ ਤੋਂ ੨੩੦; ਸੋਹਨ ਲਾਲ, ਅਮਰ ਨਾਥ, ਗੰਡਾ ਸਿੰਘ, ਪੰਨਾ ੨੪।



Sri Satguru Jagjit Singh Ji eLibrary NamdhariElibrary@gmail.com

ਇਨਾਮ ਦਿੱਤੇ। ਮਿਸਰ ਦੀਵਾਨ ਚੰਦ ਨੂੰ ਪੰਜਾਹ ਹਜ਼ਾਰ ਦੀ ਜਾਗੀਰ ਦਿੱਤੀ ਗਈ।

**ਮੁਲਤਾਨਾ ਸਿੰਘ ਤੇ ਕਸ਼ਮੀਰਾ ਸਿੰਘ ਦਾ ਜਨਮ**

ਇਸੇ ਸਮੇਂ ਸਿਆਲਕੋਟ ਵਿਚ ਰਾਣੀ ਰਤਨ ਕੌਰ ਦੀ ਕੁੱਖੋਂ ਕਸ਼ਮੀਰਾ ਸਿੰਘ ਤੇ ਮੁਲਤਾਨਾ ਸਿੰਘ ਨੇ ਜਨਮ ਲਿਆ। ਲਾਹੌਰ ਵਧਾਈ ਪੁੱਜਣ ਉੱਤੇ ਬੜੀਆਂ ਖ਼ੁਸ਼ੀਆਂ ਮਨਾਈਆਂ ਗਈਆਂ। ਸ਼ਹਿਜ਼ਾਦਿਆਂ ਦੇ ਨਾਮ ਮੁਲਤਾਨ ਤੇ ਕਸ਼ਮੀਰ ਦੀ ਫ਼ਤਹਿ ਦੀ ਯਾਦ ਵਿਚ ਮੁਲਤਾਨਾ ਸਿੰਘ ਤੇ ਕਸ਼ਮੀਰਾ ਸਿੰਘ ਰੱਖੇ ਗਏ। ਦੋਹਾਂ ਸ਼ਹਿਜ਼ਾਦਿਆਂ ਨੂੰ ਸਿਆਲਕੋਟ ਵਿਚ ਪੰਜਾਹ ਹਜ਼ਾਰ ਸਾਲਾਨਾ ਦੀ ਜਾਗੀਰ ਦਿੱਤੀ ਗਈ।

**ਮੁਲਤਾਨ ਦਾ ਦੌਰਾ**

ਲਾਹੌਰ ਵਿਚ ਦੁਸਹਿਰੇ ਦਾ ਦਰਬਾਰ ਬੜਾ ਧੂਮਧਾਮ ਨਾਲ ਹੋਇਆ ਕਰਦਾ ਸੀ। ਉਸ ਤੋਂ ਵਿਹਲਾ ਹੋ ਕੇ ਮਹਾਰਾਜਾ (ਅਕਤੂਬਰ, ੧੮੧੯ ਈਸਵੀ) ਮੁਲਤਾਨ ਦੇ ਦੌਰੇ 'ਤੇ ਰਵਾਨਾ ਹੋ ਗਿਆ। ਸ਼ੇਰੇ-ਪੰਜਾਬ ਕੋਟ ਹੁਸੈਨ, ਪਿੰਡੀ ਭੱਟੀਆਂ, ਚਨਿਓਟ ਰਾਹੀਂ ਮੁਲਤਾਨ ਪੁੱਜਾ। ਰਾਹ ਵਿਚ ਬਾਗ਼ੀ ਜਿਮੀਂਦਾਰਾਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ ਤੇ ਨਜ਼ਰਾਨੇ ਲਏ ਗਏ। ਮੁਲਤਾਨ ਦੇ ਗਵਰਨਰ ਸ. ਸ਼ਾਮ ਸਿੰਘ ਪਸ਼ੌਰੀਏ ਦੇ ਵਿਰੁੱਧ ਉਥੋਂ

**ਸ਼ਾਮ ਸਿੰਘ ਪਸ਼ੌਰੀਏ ਨੂੰ ਸਜ਼ਾ**

**ਸਾਵਣ ਮੱਲ ਨੂੰ ਮੁਲਤਾਨ ਦਿੱਤਾ**

ਦੀ ਜਨਤਾ ਨੂੰ ਬੜੀ ਸ਼ਿਕਾਇਤ ਸੀ। ਨਾ ਹੀ ਉਹ ਨੀਯਤ ਕੀਤੀ ਰਕਮ ਖ਼ਜ਼ਾਨੇ ਵਿਚ ਦਾਖ਼ਲ ਕਰ ਸਕਿਆ ਸੀ, ਜਿਸ ਤੋਂ ਸਿੱਧ ਹੁੰਦਾ ਸੀ ਕਿ ਉਹਨੇ ਸਰਕਾਰੀ ਰਕਮ ਹਜ਼ਮ ਕਰ ਲਈ ਹੈ। ਸੋ ਮਹਾਰਾਜੇ ਨੇ ਸ਼ਾਮ ਸਿੰਘ ਨੂੰ ਕੈਦ ਕਰ ਦਿੱਤਾ ਤੇ ਉਹਦੀ ਥਾਂ ਮੁਲਤਾਨ ਦਾ ਹਾਕਮ ਦੀਵਾਨ ਸਾਵਣ ਮੱਲ (ਅਕਾਲਗੜ੍ਹ ਦੇ ਖੱਤਰੀ ਹੁਸ਼ਨਾਕ ਰਾਏ ਚੋਪੜਾ ਦਾ ਪੁੱਤਰ) ਨੂੰ ਨੀਯਤ ਕਰ ਦਿੱਤਾ।[1]

**ਡੇਹਰਾ ਗ਼ਾਜ਼ੀ ਖ਼ਾਂ 'ਤੇ ਕਬਜ਼ਾ**

**ਮਾਨਕੇਰਾ ਤੋਂ ਨਜ਼ਰਾਨਾ**

ਇਸ ਤੋਂ ਥੋੜ੍ਹਾ ਸਮਾਂ ਪਹਿਲਾਂ ਸ਼ਾਹ ਸ਼ੁਜਾਹ ਨੇ ਸਿੰਧ ਦੇ ਰਸਤੇ ਪਿਸ਼ਾਵਰ ਉੱਤੇ ਹਮਲਾ ਕੀਤਾ ਸੀ ਤੇ ਦੋਸਤ ਯਾਰ ਮੁਹੰਮਦ ਖ਼ਾਂ ਤੋਂ ਹਾਰ ਖਾ ਕੇ ਵਾਪਸ ਮੁੜਿਆ ਸੀ। ਡੇਹਰਾ ਗ਼ਾਜ਼ੀ ਖ਼ਾਂ ਦੇ ਹਾਕਮ ਜ਼ਮਾਨ ਖ਼ਾਂ ਨੇ ਆਉਂਦੇ ਜਾਂਦੇ ਸ਼ਾਹ ਸ਼ੁਜਾਹ ਦੀ ਮਦਦ ਕੀਤੀ ਸੀ। ਏਸ ਜੁਰਮ ਦੀ ਜ਼ਮਾਨ ਖ਼ਾਂ ਨੂੰ ਸਜ਼ਾ ਦੇਣ ਬਦਲੇ ਮਹਾਰਾਜੇ ਨੇ ਮੁਲਤਾਨ ਤੋਂ ਜਮਾਂਦਾਰ ਖ਼ੁਸ਼ਹਾਲ ਸਿੰਘ ਨੂੰ ਫ਼ੌਜ ਦੇ ਕੇ ਭੇਜਿਆ। ਸ. ਖ਼ੁਸ਼ਹਾਲ ਸਿੰਘ ਨੇ ਜ਼ਮਾਨ ਖ਼ਾਂ ਨੂੰ ਉਥੋਂ ਕੱਢ ਕੇ ਡੇਹਰਾ ਗ਼ਾਜ਼ੀ ਖ਼ਾਂ ਉੱਤੇ ਕਬਜ਼ਾ ਕਰ ਲਿਆ। ਮਹਾਰਾਜੇ ਨੇ ਇਹ ਇਲਾਕਾ ਬਹਾਵਲਪੁਰ ਦੇ ਨਵਾਬ ਨੂੰ ਤਿੰਨ ਲੱਖ ਸਾਲਾਨਾ ਖ਼ਰਾਜ ਬਦਲੇ ਦੇ ਦਿੱਤਾ। ਲਾਹੌਰ ਨੂੰ ਵਾਪਸ ਮੁੜਦਿਆਂ ਹੋਇਆਂ ਰਾਹ ਵਿਚ ਹਾਫ਼ਿਜ਼ ਅਹਿਮਦ ਖ਼ਾਂ ਮਾਨਕੇਰਾ ਤੋਂ ਨਜ਼ਰਾਨਾ[2] ਲਿਆ। ਉਹਨੇ ਪ੍ਰਸਿੱਧ ਘੋੜਾ 'ਸਫੈਦ ਪਰੀ' ਮਹਾਰਾਜੇ ਨੂੰ ਭੇਟਾ

---

1. ਮੈਕਗ੍ਰੇਗਰ, ਪੰਨਾ ੧੮੭; ਲਤੀਫ਼, ਪੰਨਾ ੪੧੯
2. ਮੈਕਗ੍ਰੇਗਰ, ਪੰਨਾ ੧੮੭; ਇਕ ਲੱਖ ਅੱਸੀ ਹਜ਼ਾਰ ਨਜ਼ਰਾਨਾ ਲਿਆ।



Sri Satguru Jagjit Singh Ji eLibrary NamdhariElibrary@gmail.com

ਕੀਤਾ। ੨੦ ਅਪ੍ਰੈਲ, ੧੮੨੦ ਈਸਵੀ ਨੂੰ ਮਹਾਰਾਜਾ ਵਾਪਸ ਲਾਹੌਰ ਪੁੱਜਾ।[1]

ਮੂਰਕ੍ਰਾਫਟ

ਅਪਾ ਸਾਹਿਬ ਅੰਮ੍ਰਿਤਸਰ

੧੮੨੦ ਈਸਵੀ ਵਿਚ ਪ੍ਰਸਿੱਧ ਸੈਲਾਨੀ ਮੂਰਕਰਾਫ਼ਟ ਲਾਹੌਰ ਆਇਆ। ਮਹਾਰਾਜੇ ਨੇ ਉਸ ਦੀ ਚੰਗੀ ਇੱਜ਼ਤ ਕੀਤੀ। ਮਰਹੱਟਾ ਅਪਾ ਸਾਹਿਬ ਅੰਗਰੇਜ਼ਾਂ ਦੀ ਕੈਦ ਵਿਚੋਂ ਨੱਸ ਕੇ ਅੰਮ੍ਰਿਤਸਰ ਆਇਆ। ਉਹਨੇ ਮਹਾਰਾਜੇ ਤੋਂ ਅੰਗਰੇਜ਼ਾਂ ਦੇ ਵਿਰੁੱਧ ਮਦਦ ਮੰਗੀ, ਪਰ ਮਹਾਰਾਜਾ ਨਾ ਮੰਨਿਆ। ਮਹਾਰਾਜਾ ਅੰਮ੍ਰਿਤਸਰੋਂ ਬਟਾਲੇ ਚਲਾ ਗਿਆ।

ਕਿਸ਼ਤਵਾਰ ਤੇ ਮਾਨਕੋਟ ਉੱਤੇ ਕਬਜ਼ਾ

ਕਿਲ੍ਹਾ ਦੇਵ ਬਟਾਲਾ 'ਤੇ ਕਬਜ਼ਾ

ਨੰਦ ਸਿੰਘ ਤੋਂ ਕਿਲ੍ਹਾ ਵਾਪਸ ਲਿਆ

ਇਥੋਂ ਚੱਲ ਕੇ ਮਹਾਰਾਜਾ ਸਿਆਲਕੋਟ ਜਾ ਬੈਠਾ। ਏਥੇ ਖ਼ਾਲਸਾ ਫ਼ੌਜ ਦੀ ਪੜਤਾਲ ਕੀਤੀ ਗਈ। ਏਥੋਂ ਫ਼ੌਜ ਦਾ ਇਕ ਦਸਤਾ ਭੇਜ ਕੇ ਕਿਸ਼ਤਵਾਰ ਤੇ ਮਾਨਕੋਟ ਉੱਤੇ ਕਬਜ਼ਾ ਕਰ ਲਿਆ। ਅਕਤੂਬਰ ਵਿਚ ਮਹਾਰਾਜਾ ਸਿਆਲਕੋਟ ਤੋਂ ਤੁਰਿਆ। ਝਨਾਉਂ ਪਾਰ ਹੋ ਕੇ ਦੇਵ ਬਟਾਲਾ ਦੇ ਬਾਗ਼ੀਆਂ ਨੂੰ ਸਜ਼ਾ ਦੇਣ ਵਾਸਤੇ ਫ਼ੌਜ ਭੇਜੀ ਗਈ। ਫ਼ੌਜ ਨੇ ਕਿਲ੍ਹਾ ਦੇਵਾ ਬਟਾਲਾ ਉੱਤੇ ਕਬਜ਼ਾ ਕਰ ਲਿਆ ਤੇ ਬਾਗ਼ੀਆਂ ਦੇ ਕਈ ਪਿੰਡ ਸਾੜ ਦਿੱਤੇ। ਏਥੋਂ ਚੱਲ ਕੇ ਮਹਾਰਾਜਾ ਰਾਵਲਪਿੰਡੀ ਜਾ ਪੁੱਜਾ। ਉਥੋਂ ਦੇ ਹਾਕਮ ਨੰਦ ਸਿੰਘ ਤੋਂ ਕਿਲ੍ਹੇ ਦਾ ਕਬਜ਼ਾ ਲੈ ਲਿਆ ਗਿਆ, ਕਿਉਂਕਿ ਉਹ ਪੂਰਾ ਆਗਿਆਕਾਰ ਨਹੀਂ ਸੀ। ੧੩ ਦਸੰਬਰ, ੧੮੨੦ ਈਸਵੀ ਨੂੰ ਮਹਾਰਾਜਾ ਵਾਪਸ ਲਾਹੌਰ ਆ ਗਿਆ।

ਹਜ਼ਾਰੇ ਦੀ ਬਗ਼ਾਵਤ

ਰਾਮ ਦਿਆਲ ਕਤਲ

ਲਾਹੌਰ ਖ਼ਬਰਾਂ ਪੁੱਜੀਆਂ ਕਿ ਹਜ਼ਾਰੇ ਵਿਚ ਥਾਂ ਥਾਂ (ਪੁਖਲੀ, ਧਮਤੌਰ, ਤਾਰਬੇਲਾ ਆਦਿ ਥਾਵਾਂ 'ਤੇ) ਪਠਾਣਾਂ ਨੇ ਬਗ਼ਾਵਤ ਕਰ ਦਿੱਤੀ ਹੈ। ਉਥੋਂ ਦਾ ਹਾਕਮ ਮੱਖਣ ਸਿੰਘ ਬਲਵਈਆਂ ਨੇ ਕਤਲ ਕਰ ਦਿੱਤਾ ਹੈ। ਮਹਾਰਾਜਾ ਨੇ ਸ਼ਹਿਜ਼ਾਦਾ ਸ਼ੇਰ ਸਿੰਘ ਦੇ ਮਾਤਹਿਤ ਸ. ਫ਼ਤਹਿ ਸਿੰਘ ਆਹਲੂਵਾਲੀਆ, ਰਾਣੀ ਸਦਾ ਕੌਰ, ਸ. ਸ਼ਾਮ ਸਿੰਘ ਅਟਾਰੀ ਵਾਲਾ, ਸ. ਗੰਡਾ ਸਿੰਘ, ਦੀਵਾਨ ਰਾਮ ਦਿਆਲ, ਸਣੇ ਇਲਾਹੀ ਬਖ਼ਸ਼ ਦੇ ਤੋਪਖ਼ਾਨੇ ਦੇ ਬਗ਼ਾਵਤ ਦਬਾਉਣ ਵਾਸਤੇ ਘੱਲੇ। ਉਹਨਾਂ ਜਾਂਦਿਆਂ ਸਾਰੇ ਇਲਾਕੇ ਵਿਚ ਫ਼ੌਜਾਂ ਖਿਲਾਰ ਦਿੱਤੀਆਂ। ਥਾਂ ਥਾਂ ਪਠਾਣਾਂ ਨਾਲ ਲੜਾਈਆਂ ਹੋਈਆਂ। ਹਜ਼ਾਰਾਂ ਬਲਵਈ ਕਤਲ ਕੀਤੇ ਗਏ। ਖ਼ਾਲਸਾ ਫ਼ੌਜਾਂ ਨੇ ਸਾਰੇ ਇਲਾਕੇ ਉੱਤੇ ਕਬਜ਼ਾ ਕਰ ਲਿਆ। ਤਾਰਬਲਾ ਦੇ ਹਾਕਮ ਸਰਬੁਲੰਦ ਖ਼ਾਂ ਤੇ ਗੁਲਢੇਰੀ ਦੇ ਹਾਕਮ ਮੁਹੰਮਦ ਖ਼ਾਂ ਨੇ ਈਨ ਮੰਨ ਕੇ ਨਜ਼ਰਾਨੇ ਤਾਰ ਦਿੱਤੇ। ਪਰ ਸਿੱਖਾਂ ਨੂੰ ਇਸ ਦਾ ਮੁੱਲ ਬੜਾ ਮਹਿੰਗਾ ਤਾਰਨਾ ਪਿਆ। ਗੰਦ ਗੜ੍ਹ ਦੀ ਲੜਾਈ ਵਿਚ ਸਿੱਖ

---

1. ਲਤੀਫ਼, ਪੰਨਾ ੪੧੯



Sri Satguru Jagjit Singh Ji eLibrary NamdhariElibrary@gmail.com

ਫ਼ੌਜ ਦਾ ਹੋਣਹਾਰ ਜਰਨੈਲ ਦੀਵਾਨ ਰਾਮ ਦਿਆਲ ਅਠਾਈ ਸਾਲ ਦੀ ਉਮਰ ਵਿਚ ਸ਼ਹੀਦ ਹੋ ਗਿਆ।[1] ਉਹ, ਮੋਤੀ ਰਾਮ ਦਾ ਪੁੱਤਰ ਤੇ ਦੀਵਾਨ ਮੁਹਕਮ ਚੰਦ ਦਾ ਪੋਤਰਾ ਸੀ। ਉਹਦੇ ਸ਼ਹੀਦ ਹੋਣ ਦਾ ਮਹਾਰਾਜੇ ਤੇ ਸਾਰੀ ਖ਼ਾਲਸਾ ਫ਼ੌਜ ਨੂੰ ਬੜਾ ਦੁੱਖ ਹੋਇਆ। ਇਹ ਘਟਨਾ ੧੮੨੧ ਈਸਵੀ ਦੀ ਹੈ।

ਰਾਮ ਦਿਆਲ ਦਾ ਪਿਤਾ ਮੋਤੀ ਰਾਮ ਉਸ ਵੇਲੇ ਕਸ਼ਮੀਰ ਦਾ ਗਵਰਨਰ ਸੀ। ਉਹਨੂੰ ਪੁੱਤਰ ਦੀ ਮੌਤ ਦਾ ਏਨਾ ਗ਼ਮ ਹੋਇਆ ਕਿ ਉਹਨੇ ਕਸ਼ਮੀਰ ਦੀ ਸੂਬੇਦਾਰੀ ਤੋਂ ਅਸਤੀਫ਼ਾ (ਤਿਆਗ ਪੱਤਰ) ਦੇ ਦਿੱਤਾ। ਮਹਾਰਾਜੇ ਨੇ ਉਹਨੂੰ ਲਾਹੌਰ ਬੁਲਾ ਲਿਆ ਤੇ ਉਹਦੀ ਥਾਂ 'ਤੇ ਸ. ਹਰੀ ਸਿੰਘ ਨਲਵਾ ਨੂੰ ਕਸ਼ਮੀਰ ਦਾ ਗਵਰਨਰ ਬਣਾ ਕੇ ਭੇਜ ਦਿੱਤਾ। ਮੋਤੀ ਰਾਮ ਦਾ ਅਸਤੀਫ਼ਾ ਮਨਜ਼ੂਰ ਕਰਨ ਦੀ ਥਾਂ ਉਸ ਨੂੰ ਇਕ ਸਾਲ ਦੀ ਛੁੱਟੀ ਦੇ ਦਿੱਤੀ। ਉਹ ਇਕ ਸਾਲ ਬਨਾਰਸ ਰਹਿ ਕੇ ਵਾਪਸ ਲਾਹੌਰ ਆਇਆ, ਤਾਂ ਉਹਨੂੰ ਫਿਰ ਕਸ਼ਮੀਰ ਦਾ ਗਵਰਨਰ ਬਣਾ ਦਿੱਤਾ।

**ਨਲਵਾ ਗਵਰਨਰ ਕਸ਼ਮੀਰ ਬਣਿਆ**

੯ ਮਾਰਚ, ੧੮੨੧ ਈਸਵੀ (ਫੱਗਣ, ੧੮੭੭ ਬਿ.) ਨੂੰ ਟਿੱਕਾ ਖੜਕ ਸਿੰਘ ਦੇ ਘਰ ਤੇ ਰਾਣੀ ਚੰਦ ਕੌਰ ਦੀ ਕੁੱਖੋਂ ਕੰਵਰ ਨੌਨਿਹਾਲ ਸਿੰਘ ਦਾ ਜਨਮ ਹੋਇਆ। ਏਸ ਖ਼ੁਸ਼ੀ ਵਿਚ ਮਹਾਰਾਜੇ ਨੇ ਦਿਲ ਖੋਲ੍ਹ ਕੇ ਪੁੰਨਦਾਨ ਕੀਤਾ।

**ਨੌਨਿਹਾਲ ਸਿੰਘ ਦਾ ਜਨਮ**

ਸ. ਗੁਰਬਖ਼ਸ਼ ਸਿੰਘ ਕਨ੍ਹਈਆ ਦੀ ਵਿਧਵਾ—ਸਦਾ ਕੌਰ—ਸਿੱਖ ਇਤਿਹਾਸ ਵਿਚ ਖ਼ਾਸ ਪ੍ਰਸਿੱਧਤਾ ਰੱਖਦੀ ਹੈ। ਉਸੇ ਦੀ ਸਲਾਹ ਨਾਲ ਮਹਿਤਾਬ ਕੌਰ ਦੀ ਸ਼ਾਦੀ ਰਣਜੀਤ ਸਿੰਘ ਨਾਲ ਕੀਤੀ ਗਈ ਸੀ। ਸ. ਜੈ ਸਿੰਘ ਕਨ੍ਹਈਆ ਦੇ ਮਰਨ ਨਾਲ ਸਾਰੀ ਤਾਕਤ ਸਦਾ ਕੌਰ ਦੇ ਹੱਥ ਆ ਗਈ ਸੀ। ਕਨਿੰਘਮ ਲਿਖਦਾ ਹੈ ਕਿ ਸਦਾ ਕੌਰ ਬੜੇ ਵੱਡੇ ਹੌਸਲੇ ਵਾਲੀ ਤੇ ਰਾਜਸੀ ਤਾਕਤ ਹਾਸਲ ਕਰਨ ਲਈ ਤੀਬਰ ਇੱਛਿਆ ਰੱਖਣ ਵਾਲੀ ਸੀ। ਜੀਵਨ ਦੇ ਆਰੰਭ ਵਿਚ ਉਹਨੇ ਰਣਜੀਤ ਸਿੰਘ ਦੀ ਬੜੀ ਮਦਦ ਕੀਤੀ। ਲਾਹੌਰ ਤੇ ਅੰਮ੍ਰਿਤਸਰ ਦਾ ਮਾਲਕ ਬਣਨ ਵਿਚ ਉਹਨੇ ਮਹਾਰਾਜੇ ਦਾ ਪੂਰਾ ਸਾਥ ਦਿੱਤਾ। ਉਹਦੇ ਦਿਲ ਵਿਚ ਇਹ ਬੜੀਆਂ ਰੀਝਾਂ ਸਨ, ਕਿ ਰਣਜੀਤ ਸਿੰਘ ਦਾ ਵਲੀ ਅਹਿਦ (ਉਹਦੇ ਪਿਛੋਂ ਤਖ਼ਤ ਦਾ ਵਾਰਸ) ਉਹਦਾ ਦੋਹਤਰਾ ਬਣੇਗਾ ਤੇ ਸਿੱਖ ਰਾਜ ਵਿਚ ਉਹਦਾ ਉਚੇਚਾ ਅਧਿਕਾਰ ਰਹੇਗਾ।[2] ਮਗਰ ਹਾਲਾਤ ਉਹਦੀਆਂ ਆਸਾਂ ਦੇ ਉਲਟ ਹੋ ਗਏ। ਰਣਜੀਤ ਸਿੰਘ ਦੇ ਘਰ ਜੇਠਾ ਪੁੱਤਰ (ਖੜਕ ਸਿੰਘ) ੧੮੦੪ ਈਸਵੀ ਵਿਚ ਰਾਣੀ ਨਕਾਇਣ ਦੇ ਘਰ ਜਨਮਿਆ। ਸਦਾ ਕੌਰ ਦੀ ਲੜਕੀ ਦੇ ਘਰ ਸ਼ੇਰ ਸਿੰਘ ੧੮੦੭ ਈਸਵੀ ਵਿਚ ਹੋਇਆ। ਸ਼ੇਰ ਸਿੰਘ, ਤਾਰਾ

**ਸਦਾ ਕੌਰ**

1. ਲਤੀਫ਼, ਪੰਨਾ ੪੨੦; ਕੋਹਲੀ, ਪੰਨਾ ੨੩੯; ਮੈਕਗ੍ਰੇਗਰ, ਪੰਨਾ ੧੮੭
2. ਕਨਿੰਘਮ, ਪੰਨਾ ੧੭੫



Sri Satguru Jagjit Singh Ji eLibrary NamdhariElibrary@gmail.com

ਸਿੰਘ ਆਪਣੀ ਨਾਨੀ ਕੋਲ ਹੀ ਪਲੇ ਸਨ। ਸਦਾ ਕੌਰ ਨੂੰ ਭਰੋਸਾ ਨਹੀਂ ਸੀ ਕਿ ਮਹਾਰਾਜਾ ਖੜਕ ਸਿੰਘ ਦਾ ਹੱਕ ਮਾਰ ਕੇ ਸ਼ੇਰ ਸਿੰਘ ਨੂੰ ਗੱਦੀ ਦਾ ਵਾਰਸ ਬਣਾਵੇਗਾ। ਸੋ, ਉਹ ਇਸ ਪਾਸਿਉਂ ਨਿਰਾਸ਼ ਹੋ ਕੇ ਅੰਗਰੇਜ਼ਾਂ ਨਾਲ ਚਿੱਠੀ-ਪੱਤਰ ਕਰਨ ਲੱਗ ਪਈ। ੧੮੧੦ ਈਸਵੀ ਵਿਚ ਉਹਨੇ ਅੰਗਰੇਜ਼ਾਂ ਨੂੰ ਲਿਖਿਆ ਕਿ ਰਣਜੀਤ ਸਿੰਘ ਨੇ ਮੇਰਾ ਹੱਕ ਮਾਰ ਲਿਆ ਹੈ, ਤੇ ਉਹ ਅੰਗਰੇਜ਼ਾਂ ਨਾਲ ਲੜਨ ਦੀ ਤਿਆਰੀ ਕਰ ਰਿਹਾ ਹੈ।[1] ਇਸ ਚਿੱਠੀ-ਪੱਤਰ ਨੇ ਅੰਗਰੇਜ਼ਾਂ ਦੇ ਦਿਲ ਵਿਚ ਸ਼ੱਕ ਪੈਦਾ ਕਰ ਦਿੱਤਾ ਸੀ, ਪਰ ਛੇਤੀ ਹੀ ਇਸ ਗੱਲ ਦੀ ਮਹਾਰਾਜੇ ਨਾਲ ਸਫ਼ਾਈ ਹੋ ਗਈ। ੧੮੧੬ ਈਸਵੀ ਵਿਚ ਮਹਾਰਾਜੇ ਨੇ ਸ਼ਹਿਜ਼ਾਦਾ ਖੜਕ ਸਿੰਘ ਨੂੰ ਰਾਜ ਤਿਲਕ ਦੇ ਕੇ ਗੱਦੀ ਦਾ ਵਾਰਸ (ਵਲੀ ਅਹਿਦ) ਬਣਾ ਦਿੱਤਾ ਤਾਂ ਸਦਾ ਕੌਰ ਦਿਲੋਂ ਨਾਰਾਜ਼ ਹੋ ਗਈ। ੧੮੨੧ ਈਸਵੀ ਵਿਚ ਉਹਨੇ ਫਿਰ ਕੁਝ ਅਜਿਹੀਆਂ ਹਰਕਤਾਂ ਕੀਤੀਆਂ, ਜਿਸ ਤੋਂ ਮਹਾਰਾਜੇ ਨਾਲ ਉਹਦਾ ਝਗੜਾ ਹੋ ਪਿਆ। ਮਹਾਰਾਜੇ ਨੂੰ ਵੀ ਉਹਦੀ ਤਾਕਤ ਘਟਾਉਣ ਦੀ ਸੁਝੀ। ਸ਼ੇਰੇ-ਪੰਜਾਬ ਨੇ ਸਦਾ ਕੌਰ ਨੂੰ ਲਾਹੌਰ ਬੁਲਾਇਆ ਤੇ ਕਿਹਾ, ਕਿ ਆਪਣੇ ਦੋਹਤਰਿਆਂ ਨੂੰ ਆਪਣੇ ਇਲਾਕੇ ਵਿਚੋਂ ਜਾਗੀਰ ਦੇਵੇ। ਸਦਾ ਕੌਰ ਏਸ ਗੱਲੋਂ ਏਨੀ ਨਾਰਾਜ਼ ਹੋਈ ਕਿ ਸਤਲੁਜ ਪਾਰ ਅੰਗਰੇਜ਼ਾਂ ਦੀ ਰਾਖੀ ਵਿਚ ਚਲੀ ਜਾਣ ਦੀ ਧਮਕੀ ਦਿੱਤੀ।

*ਸਦਾ ਕੌਰ ਦਾ ਅੰਗਰੇਜ਼ਾਂ ਨਾਲ ਚਿੱਠੀ ਪੱਤਰ*

*ਸਦਾ ਕੌਰ ਦਾ ਮਹਾਰਾਜੇ ਨਾਲ ਵਿਗਾੜ*

*ਸਦਾ ਕੌਰ ਕੈਦ*

ਮਹਾਰਾਜੇ ਨੇ ਸਦਾ ਕੌਰ ਨੂੰ ਫੜ ਕੇ ਕੈਦ ਕਰ ਲਿਆ ਤੇ ਜ਼ਬਰਦਸਤੀ ਉਸ ਤੋਂ ਸ਼ੇਰ ਸਿੰਘ ਤੇ ਤਾਰਾ ਸਿੰਘ ਦੇ ਨਾਂ ਜਾਗੀਰ ਲਿਖਾ ਲਈ। ਸਦਾ ਕੌਰ ਚੋਰੀ ਲਾਹੌਰੋਂ ਨੱਸ ਗਈ ਪਰ ਰਾਹ ਵਿਚੋਂ ਹੀ ਗ੍ਰਿਫ਼ਤਾਰ ਕਰ ਕੇ ਫੇਰ ਲਾਹੌਰ ਵਿਚ ਕੈਦ ਕਰ ਦਿੱਤੀ ਗਈ। ਇਥੇ ਹੀ ਬੱਸ ਨਹੀਂ, ਉਹਦੇ ਅੰਗਰੇਜ਼ਾਂ ਨਾਲ ਚਿੱਠੀ-ਪੱਤਰ ਦਾ ਸਿੱਟਾ ਇਹ ਨਿਕਲਿਆ ਕਿ ਅੰਗਰੇਜ਼ੀ ਏਜੰਟ ਨੇ ਐਲਾਨ ਕੀਤਾ, "ਰਾਣੀ ਸਦਾ ਕੌਰ ਕਨ੍ਹਈਆ ਮਿਸਲ ਦੀ ਖ਼ੁਦਮੁਖ਼ਤਿਆਰ ਲੀਡਰ ਹੈ। ਸਤਲੁਜ ਦੇ ਖੱਬੇ ਹੱਥ ਮਿਸਲ ਦੇ ਇਲਾਕੇ ਹਨ, ਇਸ ਵਾਸਤੇ ਉਹ ਸਰਕਾਰ ਅੰਗਰੇਜ਼ੀ ਦੀ ਰੱਖਿਆ ਵਿਚ ਹੈ।[2]" ਇਲਾਕਾ ਬਧਨੀ ਦੇ ਕਬਜ਼ੇ ਤੋਂ ਮਹਾਰਾਜਾ ਤੇ ਅੰਗਰੇਜ਼ਾਂ ਵਿਚ ਟੱਕਰ ਹੋ ਚੱਲੀ ਸੀ, ਪਰ ਦਿੱਲੀ ਵਿਚੋਂ ਅੰਗਰੇਜ਼ੀ ਸਰਕਾਰ ਦੇ ਪ੍ਰਤੀਨਿਧ ਨੇ ਮਹਾਰਾਜੇ ਨੂੰ ਮਿਤਰਾਨਾ ਖ਼ਤ ਲਿਖ ਕੇ ਇਹ ਝਗੜਾ ਏਥੇ ਹੀ ਨਜਿੱਠ ਦਿੱਤਾ। ਇਹਨਾਂ ਕਾਰਨਾਂ ਕਰਕੇ ਮਾਈ ਸਦਾ ਕੌਰ ਬਾਕੀ ਦੀ ਉਮਰ ਨਜ਼ਰਬੰਦ ਹੀ ਰਹੀ। ਉਹਦੇ ਸਾਰੇ ਇਲਾਕੇ ਜ਼ਬਤ ਕਰਕੇ ਵਿਚੋਂ ਬਟਾਲਾ ਸ਼ੇਰ ਸਿੰਘ ਨੂੰ ਜਾਗੀਰ ਵਜੋਂ ਦਿੱਤਾ ਗਿਆ।

---

1. ਕਨਿੰਘਮ, ਪੰਨਾ ੧੭੫
2. ਕਨਿੰਘਮ, ਪੰਨਾ ੧੬੦



Sri Satguru Jagjit Singh Ji eLibrary NamdhariElibrary@gmail.com

ਪਹਿਲਾਂ ਪਹਿਲਾਂ ਜਿਹੜਾ ਇਲਾਕਾ ਕਿਸੇ ਮੁਸਲਮਾਨ ਹੁਕਮਰਾਨ ਕੋਲੋਂ ਜਿੱਤਿਆ ਜਾਂਦਾ, ਉਹ ਉਸੇ ਨੂੰ ਖ਼ਰਾਜ ਬਦਲੇ ਦਿੱਤਾ ਜਾਂਦਾ। ਪਰ ਇਸ ਵੇਲੇ ਤੱਕ ਮਹਾਰਾਜੇ ਦੀ ਪਿਛਲੀ ਪਾਲਿਸੀ ਬਦਲ ਚੁੱਕੀ ਸੀ। ੧੮੧੮ ਈਸਵੀ ਵਿਚ ਮੁਲਤਾਨ ਤੇ ੧੮੦੯ ਵਿਚ ਕਸ਼ਮੀਰ ਫ਼ਤਹਿ ਕਰ ਕੇ ਸਿੱਧਾ ਆਪਣੇ ਪ੍ਰਬੰਧ ਵਿਚ ਲੈ ਲਿਆ ਗਿਆ ਸੀ। ਹੁਣ (੧੮੨੧ ਈਸਵੀ ਵਿਚ) ਮਹਾਰਾਜੇ ਨੇ ਨਵਾਬ ਮਾਨਕੇਰਾ ਦੇ ਇਲਾਕੇ ਫ਼ਤਹਿ ਕਰਨ ਵਾਸਤੇ ਚੜ੍ਹਾਈ ਕਰ ਦਿੱਤੀ। ਮਹਾਰਾਜਾ ਫ਼ੌਜ ਲੈ ਕੇ ਮਿੱਠੇ ਟਿਵਾਣੇ ਪੁੱਜਾ, ਤਾਂ ਏਥੇ ਸ. ਹਰੀ ਸਿੰਘ ਨਲਵਾ ਸਰਕਾਰ ਨਾਲ ਆ ਮਿਲਿਆ। ਖ਼ੁਸ਼ਾਬ ਜਾਂਦਿਆਂ ਤੱਕ ਮਿਸਰ ਦੀਵਾਨ ਚੰਦ ਤੇ ਕਿਰਪਾ ਰਾਮ ਵੀ ਮਿਲ ਪਏ। ਸਿੱਖ ਫ਼ੌਜ ਨੇ ਪਹਿਲਾਂ ਜਾਂਦਿਆਂ ਕਿਲ੍ਹਾ ਭੱਕਰ ਨੂੰ ਘੇਰਾ ਪਾ ਲਿਆ। ਉਥੋਂ ਨਵਾਬ ਮਾਨਕੇਰਾ ਦੇ ਥਾਪੇ ਹੋਏ ਹਾਕਮ ਬਿਨਾਂ ਟਾਕਰਾ ਕੀਤੇ ਹੀ ਨੱਸ ਗਏ। ਸਿੱਖ ਫ਼ੌਜ ਨੇ ਕਿਲ੍ਹਾ ਭੱਕਰ ਉੱਤੇ ਕਬਜ਼ਾ ਕਰ ਲਿਆ। ਸ. ਦਲ ਸਿੰਘ ਤੇ ਜਮਾਂਦਾਰ ਖ਼ੁਸ਼ਹਾਲ ਸਿੰਘ ਨੇ ਡੇਹਰਾ ਇਸਮਾਈਲ ਖ਼ਾਂ ਉੱਤੇ ਕਬਜ਼ਾ ਕਰ ਕੇ ਉਥੋਂ ਦੇ ਹਾਕਮ ਮਾਣਕ ਰਾਇ ਨੂੰ ਕੈਦ ਕਰ ਲਿਆ। ਖ਼ਾਲਸਾ ਫ਼ੌਜ ਦੇ ਬਾਕੀ ਦਸਤਿਆਂ ਨੇ ਕਿਲ੍ਹੇ ਖ਼ਾਨਗੜ੍ਹ, ਲੋਹੀਆਂ ਤੇ ਪੰਜਗੜ੍ਹ ਕਬਜ਼ੇ ਵਿਚ ਕਰ ਲਏ। ਇਹ ਸਾਰੇ ਕਿਲ੍ਹੇ ਹਾਫ਼ਜ਼ ਅਹਿਮਦ ਖ਼ਾਂ ਨਵਾਬ ਮਾਨਕੇਰਾ ਦੇ ਕਬਜ਼ੇ ਵਿਚ ਸਨ। ਚੁਫੇਰਾ ਫ਼ਤਹਿ ਕਰ ਕੇ ਫਿਰ ਸਿੱਖ ਫ਼ੌਜ ਨੇ ਨਵਾਬ ਦੀ ਰਾਜਧਾਨੀ ਕਿਲ੍ਹਾ ਮਾਨਕੇਰਾ ਨੂੰ ਘੇਰਾ ਪਾ ਲਿਆ। ਨਵਾਬ ਵੀ ਅੱਗੋਂ ਲੜਾਈ ਲਈ ਤਿਆਰੀ ਕਰੀ ਬੈਠਾ ਸੀ। ਇਸ ਕਿਲ੍ਹੇ ਦੇ ਉਦਾਲੇ ਸਾਰੇ ਰੇਤਥਲਾ ਸੀ। ਸਿੱਖ ਫ਼ੌਜ ਨੂੰ ਪਾਣੀ ਦੀ ਬੜੀ ਤੰਗੀ ਪ੍ਰਤੀਤ ਹੋਣ ਲੱਗੀ। ਇਹ ਔਕੜ ਦੂਰ ਕਰਨ ਬਦਲੇ ਮਹਾਰਾਜੇ ਨੇ ਉਦਾਲੇ ਵੀਹ ਖੂਹ ਪੁਟਾ ਕੇ ਚਾਲੂ ਕਰ ਲਏ। ੧੫ ਦਿਨ ਤੱਕ ਨਵਾਬ ਟਾਕਰੇ 'ਤੇ ਰਿਹਾ, ਪਰ ਜਦ ਉਸ ਨੂੰ ਜਿੱਤ ਦੀ ਕੋਈ ਆਸ ਨਾ ਰਹੀ, ਤਾਂ ਉਹ ਮਹਾਰਾਜੇ ਦੀ ਸ਼ਰਣ ਆ ਪਿਆ। ਸ਼ੇਰੇ ਪੰਜਾਬ ਨੇ ਉਸ ਦੀ ਬੜੀ ਇੱਜ਼ਤ ਕੀਤੀ। ਨਵਾਬ ਹਾਫ਼ਿਜ਼ ਅਹਿਮਦ ਖ਼ਾਂ ਦੀ ਇੱਛਿਆ ਅਨੁਸਾਰ ਡੇਹਰਾ ਇਸਮਾਈਲ ਖ਼ਾਂ ਵਿਚ ਉਸਨੂੰ ਜਾਗੀਰ ਦੇ ਕੇ ਬਾਕੀ ਦਸ ਲੱਖ ਦਾ ਇਲਾਕਾ ਮਾਨਕੇਰਾ ਜ਼ਬਤ ਕਰ ਲਿਆ ਗਿਆ (ਜਨਵਰੀ, ੧੮੨੨ ਈਸਵੀ)।[1] ਇਥੋਂ ੨੨ ਤੋਪਾਂ ਤੇ ਹੋਰ ਬਹੁਤ ਸਾਰਾ ਜੰਗੀ ਸਾਮਾਨ ਮਹਾਰਾਜੇ ਦੇ ਹੱਥ ਆਇਆ। ਸ. ਅਮੀਰ ਸਿੰਘ ਸੰਧਾਵਾਲੀਏ ਨੂੰ ਇਲਾਕਾ ਮਾਨਕੇਰਾ ਦਾ ਗਵਰਨਰ ਥਾਪਿਆ ਗਿਆ। ਏਸੇ ਸਮੇਂ ਟਾਂਕ ਤੇ ਸਾਗਰ ਦੇ ਬਲੋਚ ਸਰਦਾਰਾਂ ਨੇ ਖ਼ਾਲਸੇ ਦੀ ਈਨ ਮੰਨ ਕੇ ਨਜ਼ਰਾਨੇ ਤਾਰ ਦਿੱਤੇ। ਮਾਨਕੇਰਾ ਤੋਂ ਮਹਾਰਾਜਾ ਡੇਹਰਾ

**ਮਾਨਕੇਰਾ ਦੀ ਮੁਹਿਮ** | **ਭੱਕਰ 'ਤੇ ਕਬਜ਼ਾ** | **ਡੇਹਰਾ ਇਸਮਾਈਲ ਖ਼ਾਂ 'ਤੇ ਕਬਜ਼ਾ** | **ਮਾਨਕੇਰਾ ਫ਼ਤਹਿ** | **ਟਾਂਕ ਤੇ ਸਾਗਰ ਤੋਂ ਨਜ਼ਰਾਨਾ**

---

1. ਮੈਕਗ੍ਰੇਗਰ, ਪੰਨਾ ੧੯੦; ਲਤੀਫ਼, ਪੰਨੇ ੪-੫-੨੬



Sri Satguru Jagjit Singh Ji eLibrary NamdhariElibrary@gmail.com

ਗ਼ਾਜ਼ੀ ਖ਼ਾਂ ਪੁੱਜਾ। ਨਵਾਬ ਬਹਾਵਲਪੁਰ ਨੇ ਪੰਜ ਲੱਖ ਖ਼ਰਾਜ ਦੇ ਕੇ ਡੇਹਰਾ ਗ਼ਾਜ਼ੀ ਖ਼ਾਂ ਤੇ ਮਿਠਣ ਕੋਟ ਦਾ ਪਟਾ ਵਧਾ ਲਿਆ। ਇਸ ਸਾਰੇ ਇਲਾਕੇ ਦਾ ਇਉਂ ਪ੍ਰਬੰਧ ਕਰਕੇ ਮਹਾਰਾਜਾ ੨੭ ਜਨਵਰੀ, ੧੮੨੨ ਈਸਵੀ ਨੂੰ ਲਾਹੌਰ ਪੁੱਜਾ।

ਬਹਾਵਲਪੁਰ ਤੋਂ ਨਜ਼ਰਾਨਾ

ਇਸ ਵੇਲੇ ਖ਼ਬਰ ਪੁੱਜੀ ਕਿ ਨਾਰਾ ਦੇ ਜ਼ਿਮੀਂਦਾਰਾਂ ਨੇ ਬਗ਼ਾਵਤ ਕਰ ਕੇ ਸ. ਅਮਰ ਸਿੰਘ ਮਜੀਠਾ ਨੂੰ ਮਾਰ ਦਿੱਤਾ ਹੈ। ਇਹ ਵੀ ਅਫ਼ਵਾਹ ਸੀ ਕਿ ਇਸ ਬਗ਼ਾਵਤ ਵਿਚ ਸ. ਜੈ ਸਿੰਘ ਅਟਾਰੀ ਵਾਲੇ ਦਾ ਹੱਥ ਹੈ। ਮਹਾਰਾਜਾ ਨੇ ਬਾਗੀਆਂ ਨੂੰ ਸਜ਼ਾ ਦੇਣ ਬਦਲੇ ਦੀਵਾਨ ਚੰਦ ਨੂੰ ਭੇਜਿਆ। ਸ. ਜੈ ਸਿੰਘ ਤਾਂ ਡਰਦਾ ਕਾਬਲ ਨੂੰ ਨੱਸ ਗਿਆ ਤੇ ਬਾਕੀ ਬਾਗ਼ੀਆਂ ਨੂੰ ਉਹਨਾਂ ਦੇ ਕੀਤੇ ਦੀ ਸਜ਼ਾ ਦਿੱਤੀ ਗਈ।[1]

ਨਾਰਾ ਦੀ ਬਗ਼ਾਵਤ

ਦੀਵਾਨ ਮੋਤੀ ਰਾਮ ਬਨਾਰਸ ਤੋਂ ਵਾਪਸ ਆ ਗਿਆ। ਉਹਨੂੰ ਕਸ਼ਮੀਰ ਦਾ ਗਵਰਨਰ ਬਣਾ ਦਿੱਤਾ ਤੇ ਸ. ਹਰੀ ਸਿੰਘ ਨਲਵੇ ਨੂੰ ਇਲਾਕਾ ਕਸ਼ਮੀਰ ਵਿਚ ਪੁਖਲੀ ਤੇ ਧਮਤੌਰ ਜਾਗੀਰ ਵਿਚ ਦਿੱਤੇ ਗਏ।[2]

ਮੋਤੀ ਰਾਮ ਗਵਰਨਰ ਕਸ਼ਮੀਰ

੧੮੧੫ ਈਸਵੀ ਵਿਚ ਨੈਪੋਲੀਅਨ ਬੋਨਾਪਾਰਟ ਵਾਟਰਲੂ ਦੀ ਲੜਾਈ ਅੰਦਰ ਹਾਰ ਗਿਆ ਸੀ। ਉਹਦੀ ਫ਼ੌਜ ਦੇ ਕਈ ਨਾਮਵਰ ਜਰਨੈਲ ਰੋਟੀ ਬਦਲੇ ਭਟਕਦੇ ਫਿਰਦੇ ਸਨ। ਉਸ ਵੇਲੇ ਸਿੱਖ ਮਹਾਰਾਜਾ ਰਣਜੀਤ ਸਿੰਘ ਦੀ ਪ੍ਰਸਿੱਧਤਾ ਦੁਨੀਆਂ ਦੇ ਹਰ ਹਿੱਸੇ ਵਿਚ ਖਿਲਰ ਚੁੱਕੀ ਸੀ। ਮਾਰਚ, ੧੮੨੨ ਈਸਵੀ ਨੂੰ ਨੈਪੋਲੀਅਨ ਦੀ ਫ਼ੌਜ ਦੇ ਦੋ ਜਰਨੈਲ—ਵੰਤੂਰਾ ਤੇ ਅਲਾਰਡ—ਲਾਹੌਰ ਆਏ। ਵੰਤੂਰਾ (ਇਟਲੀ ਦਾ ਵਸਨੀਕ) ਪੈਦਲ ਫ਼ੌਜ ਦਾ ਤੇ ਅਲਾਰਡ (ਫ਼ਰਾਂਸੀਸੀ) ਰਸਾਲੇ ਦਾ ਜਰਨੈਲ ਸੀ। ਉਹ ਈਰਾਨ ਤੇ ਕਾਬਲ ਦੇ ਰਾਹ ਲਾਹੌਰ ਪੁੱਜੇ। ਉਹਨਾਂ ਫ਼ਕੀਰ ਅਜ਼ੀਜ਼ੁੱਦੀਨ ਰਾਹੀਂ ਮਹਾਰਾਜੇ ਦੇ ਪੇਸ਼ ਹੋ ਕੇ ਨੌਕਰੀ ਵਾਸਤੇ ਬੇਨਤੀ ਕੀਤੀ। ਮਹਾਰਾਜੇ ਨੇ ਉਹਨਾਂ ਸਾਹਮਣੇ ਇਹ ਸ਼ਰਤਾਂ ਰੱਖੀਆਂ : ਦਾੜ੍ਹੀ ਮੁਨਾਉਣ, ਗਊ ਮਾਸ ਖਾਣ ਤੇ ਤਮਾਕੂ ਪੀਣ ਦੀ ਸਖ਼ਤ ਮਨਾਹੀ ਹੋਵੇਗੀ, ਯੂਰਪ ਦੀ ਕਿਸੇ ਤਾਕਤ ਨਾਲ ਕੋਈ ਸੰਬੰਧ ਨਹੀਂ ਰੱਖੋਗੇ। ਜੇ ਕਿਸੇ ਯੂਰਪੀਨ ਤਾਕਤ ਨਾਲ ਲੜਾਈ ਛਿੜ ਪਵੇ ਤਾਂ ਸਿੱਖ ਰਾਜ ਦੇ ਵਫ਼ਾਦਾਰ ਨੌਕਰ ਰਹਿ ਕੇ ਵੈਰੀ ਨਾਲ ਲੜਨਾ ਪਵੇਗਾ। ਉਹਨਾਂ ਇਹ ਸਭ ਸ਼ਰਤਾਂ ਪਰਵਾਨ ਕਰ ਲਈਆਂ। ਸਰਕਾਰ ਨੇ ਦੋਹਾਂ ਨੂੰ ਪੰਜ਼ੀ ਪੰਜ਼ੀ ਸੌ ਰੁਪਏ ਮਹੀਨੇ ਉਤੇ ਨੌਕਰ ਰੱਖ ਲਿਆ। ਵੰਤੂਰਾ ਦੇ ਹਵਾਲੇ ਪੈਦਲ ਫ਼ੌਜ ਤੇ ਅਲਾਰਡ ਦੇ ਹਵਾਲੇ ਰਸਾਲਾ ਕਰ ਕੇ ਉਹਨਾਂ ਨੂੰ

ਨੈਪੋਲੀਅਨ

ਵੰਤੂਰਾ ਤੇ ਅਲਾਰਡ

---

1. ਲਤੀਫ਼, ਪੰਨਾ ੪੨੬
2. ਮੈਕਗ੍ਰੇਗਰ, ਪੰਨਾ ੧੯੦; ਲਤੀਫ਼, ਪੰਨਾ ੪੨੭



Sri Satguru Jagjit Singh Ji eLibrary NamdhariElibrary@gmail.com

ਫ਼ਰਾਂਸੀਸੀ ਢੰਗ ਦੀ ਕਵਾਇਦ ਸਿਖਾਉਣ ਦਾ ਹੁਕਮ ਦਿੱਤਾ। ਪਿਛੋਂ ਹੋਰ ਵੀ ਕਈ ਯੂਰਪੀਨ ਨੌਕਰ ਆਏ, ਜਿਨ੍ਹਾਂ ਨੂੰ ਉਪਰ ਲਿਖੀਆਂ ਸ਼ਰਤਾਂ ਮਨਾ ਕੇ ਕੰਮ 'ਤੇ ਲਾਇਆ। ਇਹ ਬਦੇਸ਼ੀ ਅਫ਼ਸਰ ਮੁਲਕੀ ਤੇ ਅਦਾਲਤੀ ਪ੍ਰਬੰਧ ਵਿਚ ਦਖ਼ਲ ਨਹੀਂ ਸਨ ਦੇ ਸਕਦੇ।[1] ਯਾਦ ਰਹੇ ਕਿ ਇਹਨਾਂ ਦੇ ਆਉਣ ਤੋਂ ਪਹਿਲਾਂ ਵੀ ਖ਼ਾਲਸਾ ਫ਼ੌਜ ਪੱਛਮੀ ਢੰਗ ਦੀ ਕਵਾਇਦ ਜਾਣਦੀ ਸੀ।

**ਗੁਲਾਬ ਸਿੰਘ ਧਿਆਨ ਸਿੰਘ ਡੋਗਰੇ**

ਗੁਲਾਬ ਸਿੰਘ ਤੇ ਧਿਆਨ ਸਿੰਘ ਡੋਗਰੇ ਜੰਮੂ ਦੇ ਸ਼ਾਹੀ ਘਰਾਣੇ ਵਿਚੋਂ ਸਨ। ਉਹ ਪਹਿਲਾਂ ਮਹਾਰਾਜੇ ਦੇ ਘੋੜਸਵਾਰਾਂ ਵਿਚ ਭਰਤੀ ਹੋਏ। ਸਹਿਜ ਸਹਿਜ ਤਰੱਕੀ ਕਰਕੇ ਧਿਆਨ ਸਿੰਘ ੧੮੧੭ ਈਸਵੀ ਵਿਚ ਡਿਉਢੀ ਵਾਲਾ ਬਣ ਗਿਆ। ੧੮੨੦ ਈਸਵੀ ਵਿਚ ਜੰਮੂ ਦਾ ਇਲਾਕਾ ਜਾਗੀਰ ਵਜੋਂ ਦੇ ਕੇ ਮਹਾਰਾਜੇ ਨੇ ਉਹਨਾਂ ਦੇ ਪਿਤਾ ਕਸ਼ੋਰ ਸਿੰਘ ਨੂੰ 'ਜੰਮੂ ਦਾ ਰਾਜਾ' ਬਣਾ ਦਿੱਤਾ। ੧੮੨੨ ਈਸਵੀ ਵਿਚ ਰਾਜਾ ਕਸ਼ੋਰ ਸਿੰਘ ਮਰ ਗਿਆ ਤਾਂ ਮਹਾਰਾਜੇ ਨੇ ਉਸ ਦੀ ਥਾਂ ਗੁਲਾਬ ਸਿੰਘ ਨੂੰ ਜੰਮੂ ਦਾ ਰਾਜਾ ਬਣਾ ਦਿੱਤਾ।

**ਪੁਖਲੀ ਤੇ ਧਮਤੋਰ ਵਿਚ ਬਗ਼ਾਵਤ**

ਉਪਰ ਲਿਖ ਆਏ ਹਾਂ ਕਿ ਪੁਖਲੀ ਤੇ ਧਮਤੋਰ ਸ. ਹਰੀ ਸਿੰਘ ਨਲਵੇ ਨੂੰ ਜਗੀਰ ਵਿਚ ਮਿਲੇ ਹੋਏ ਸਨ। ਨਲਵਾ ਸਰਦਾਰ ਆਪਣੀ ਜਾਗੀਰ ਵਿਚ ਨਹੀਂ ਸੀ, ਜਾਂ ਉਥੋਂ ਦੇ ਪਠਾਣਾਂ ਨੇ ਬਗ਼ਾਵਤ ਕਰ ਦਿੱਤੀ। ਨਲਵਾ ਫ਼ੌਜ ਲੈ ਕੇ ਬਿਜਲੀ ਵਾਂਗ ਉਹਨਾਂ ਉੱਤੇ ਜਾ ਪਿਆ। ਕਈ ਬਲਵਈ ਮਾਰੇ ਗਏ ਤੇ ਉਹਨਾਂ ਦੇ ਲੁੱਕਣ ਦੇ ਅੱਡੇ ਸਾੜ ਕੇ ਸੁਆਹ ਕੀਤੇ ਗਏ। ਸਾਰੇ ਇਲਾਕੇ ਵਿਚ ਅਮਨ ਕਰ ਕੇ ਹਰੀ ਸਿੰਘ ਵਾਪਸ ਆ ਗਿਆ।

**ਦਲ ਸਿੰਘ ਨੇ ਆਤਮਘਾਤ ਕੀਤਾ**

ਅਕਤੂਬਰ, ੧੮੨੩ ਈਸਵੀ ਨੂੰ ਮਹਾਰਾਜੇ ਨੇ ਆਪਣੀ ਫ਼ੌਜ ਦੀ ਰੁਹਤਾਸ ਵਿਚ ਪੜਤਾਲ ਕੀਤੀ। ਹਰ ਜਾਗੀਰਦਾਰ ਨੂੰ ਆਪਣੀ ਨੀਯਤ ਫ਼ੌਜ ਲੈ ਕੇ ਉਥੇ ਹਾਜ਼ਰ ਹੋਣ ਦਾ ਹੁਕਮ ਹੋਇਆ। ਸ. ਦਲ ਸਿੰਘ ਨਹਰਨਾ ਆਪ ਤਾਂ ਹਾਜ਼ਰ ਹੋਇਆ ਪਰ ਨੀਯਤ ਕੀਤੀ ਹੋਈ ਫ਼ੌਜ ਪੇਸ਼ ਨਾ ਕਰ ਸਕਿਆ। ਮਹਾਰਾਜੇ ਨੇ ਉਸ ਨੂੰ ਦਰਬਾਰ ਵਿਚ ਬੜਾ ਧਮਕਾਇਆ ਤੇ ਜੁਰਮਾਨਾ ਕੀਤਾ। ਏਸ ਨਮੋਸ਼ੀ ਨੂੰ ਨਾ ਸਹਾਰਦੇ ਹੋਏ ਦਲ ਸਿੰਘ ਨੇ ਰਾਤ ਜ਼ਹਿਰ ਖਾ ਕੇ ਆਤਮਘਾਤ ਕਰ ਲਿਆ।[2] ਦਸੰਬਰ ਵਿਚ ਮਹਾਰਾਜਾ ਸਣੇ ਫ਼ੌਜ ਰਾਵਪਿੰਡੀ ਪਹੁੰਚ ਗਿਆ। ਉਥੇ ਉਸ ਨੇ ਫ਼ਕੀਰ ਅਜ਼ੀਜ਼ੁੱਦੀਨ ਨੂੰ ਪਿਸ਼ਾਵਰ ਖ਼ਰਾਜ ਲੈਣ ਵਾਸਤੇ ਭੇਜਿਆ। ੧੮੧੮ ਈਸਵੀ ਵਿਚ

---

1. ਲਤੀਫ਼, ਪੰਨਾ ੪੨੮
2. ਲਤੀਫ਼, ਪੰਨਾ ੪੨੮



Sri Satguru Jagjit Singh Ji eLibrary NamdhariElibrary@gmail.com

ਮਹਾਰਾਜੇ ਨੇ ਪਿਸ਼ਾਵਰ ਜਿੱਤ ਕੇ ਦੋਸਤ ਮੁਹੰਮਦ ਖ਼ਾਂ ਨੂੰ ਖ਼ਰਾਜ ਬਦਲੇ ਦਿੱਤਾ ਸੀ। ਦੋਸਤ ਮੁਹੰਮਦ ਖ਼ਾਂ ਆਪਣੇ ਵੱਲੋਂ ਆਪਣੇ ਭਰਾ ਯਾਰ ਮੁਹੰਮਦ ਖ਼ਾਂ ਨੂੰ ਪਿਸ਼ਾਵਰ ਦੇ ਗਿਆ ਸੀ। ਇਸ ਵੇਲੇ ਓਹਾ ਸਿੱਖਾਂ ਵੱਲੋਂ ਪਿਸ਼ਾਵਰ ਦਾ ਗਵਰਨਰ ਸਮਝਿਆ ਜਾਂਦਾ ਸੀ। ਉਸ ਨੇ ਫ਼ਕੀਰ ਅਜ਼ੀਜ਼ੁੱਦੀਨ ਦੀ ਬੜੀ ਇੱਜ਼ਤ ਕੀਤੀ ਤੇ ਮਹਾਰਾਜੇ ਦੀ ਨਜ਼ਰ ਵਜੋਂ ਬਹੁਤ ਵਧੀਆ ਘੋੜੇ ਦਿੱਤੇ। ਖ਼ਰਾਜ ਲੈ ਕੇ ਫ਼ਕੀਰ ਅਜ਼ੀਜ਼ੁੱਦੀਨ ਸ਼ੁਰੂ ਜਨਵਰੀ ੧੮੨੪ ਈਸਵੀ ਨੂੰ ਵਾਪਸ ਲਾਹੌਰ ਆ ਗਿਆ।

**ਪਿਸ਼ਾਵਰ ਤੋਂ ਖ਼ਰਾਜ**

ਵਜ਼ੀਰ ਫ਼ਤਹਿ ਖ਼ਾਂ ਦੇ ਮਰਨ ਉੱਤੇ ਮੁਹੰਮਦ ਅਜ਼ੀਮ ਖ਼ਾਂ ਕਾਬਲ ਦਾ ਵਜ਼ੀਰ ਬਣਿਆ ਸੀ। ਓਹਾ ਇਸ ਵੇਲੇ ਬਾਰਕਜ਼ਈ ਘਰਾਣੇ ਦਾ ਲੀਡਰ ਸਮਝਿਆ ਜਾਂਦਾ ਸੀ। ਸਿੱਖਾਂ ਨੇ ਉਸ ਦੇ ਭਰਾ ਜੱਬਾਰ ਖ਼ਾਂ ਤੋਂ ਕਸ਼ਮੀਰ ਖੋਹਿਆ ਸੀ ਤੇ ਪਿਸ਼ਾਵਰ ਵਿਚ ਵਜ਼ੀਰ ਦੇ ਦੂਜੇ ਭਰਾ ਯਾਰ ਮੁਹੰਮਦ ਖ਼ਾਂ ਨੂੰ ਅਧੀਨ ਕਰ ਲਿਆ ਸੀ। ਮੁਹੰਮਦ ਅਜ਼ੀਮ ਖ਼ਾਂ ਇਸ ਗੱਲ ਦਾ ਸਿੱਖਾਂ ਤੋਂ ਬਦਲਾ ਲੈਣਾ ਚਾਹੁੰਦਾ ਸੀ। ਉਹ ਬਹੁਤ ਸਾਰੀ ਫ਼ੌਜ ਲੈ ਕੇ ਕਾਬਲ 'ਤੇ ਚੜ੍ਹ ਪਿਆ। ਯਾਰ ਮੁਹੰਮਦ ਖ਼ਾਂ ਇਹ ਬਹਾਨਾ ਕਰਕੇ ਕਿ ਮੈਂ ਅਫ਼ਗ਼ਾਨੀ ਫ਼ੌਜ ਦਾ ਟਾਕਰਾ ਕਰਨ ਤੋਂ ਅਸਮਰਥ ਹਾਂ, ਯੂਸਫਜ਼ਈ ਪਹਾੜਾਂ ਵਿਚ ਜਾ ਲੁਕਿਆ। ੨੭ ਜਨਵਰੀ ੧੮੨੪ ਈਸਵੀ ਨੂੰ ਮੁਹੰਮਦ ਅਜ਼ੀਮ ਖ਼ਾਂ ਨੇ ਖ਼ਾਲੀ ਪਏ ਪਿਸ਼ਾਵਰ ਉੱਤੇ ਕਬਜ਼ਾ ਆ ਕੀਤਾ। ਏਥੇ ਹੀ ਬੱਸ ਨਹੀਂ, ਉਹਨੇ ਸਿੱਖਾਂ ਦੇ ਵਿਰੁੱਧ ਜਹਾਦ ਦਾ ਢੰਡੋਰਾ ਦੇ ਕੇ ਪੰਝੀ-ਤੀਹ ਹਜ਼ਾਰ ਗ਼ਾਜ਼ੀ ਹੋਰ ਇਕੱਠੇ ਕਰ ਲਏ।

**ਮੁਹੰਮਦ ਅਜ਼ੀਮ ਖ਼ਾਂ ਦੀ ਚੜ੍ਹਾਈ**

**ਅਜ਼ੀਮ ਦਾ ਪਿਸ਼ਾਵਰ ਉੱਤੇ ਕਬਜ਼ਾ**

ਮਹਾਰਾਜੇ ਨੂੰ ਖ਼ਬਰ ਪਹੁੰਚੀ ਤਾਂ ਉਹਨੇ ਝੱਟ ਪੱਟ ਟਾਕਰੇ ਲਈ ਚੜ੍ਹਾਈ ਕਰ ਦਿੱਤੀ। ਸਭ ਤੋਂ ਪਹਿਲਾਂ ਸ਼ਹਿਜ਼ਾਦਾ ਸ਼ੇਰ ਸਿੰਘ, ਦੀਵਾਨ ਕਿਰਪਾ ਰਾਮ, ਸ. ਹਰੀ ਸਿੰਘ ਨਲਵਾ ਤੇ ਸ. ਅਤਰ ਸਿੰਘ ਨੂੰ ਫ਼ੌਜ ਦੇ ਕੇ ਤੋਰਿਆ। ਉਹਨਾਂ ਦੀ ਮਦਦ ਵਾਸਤੇ ਸ਼ਹਿਜ਼ਾਦਾ ਖੜਕ ਸਿੰਘ ਤੇ ਮਿਸਰ ਦੀਵਾਨ ਚੰਦ ਨੂੰ ਮਗਰ ਭੇਜਿਆ। ਮਗਰੇ ਹੀ ਮਹਾਰਾਜੇ ਨੇ ਸ. ਦੇਸਾ ਸਿੰਘ ਮਜੀਠੀਆ, ਸ. ਫਤਹਿ ਸਿੰਘ ਆਹਲੂਵਾਲੀਆ, ਅਕਾਲੀ ਫੂਲਾ ਸਿੰਘ, ਸ. ਅਮਰ ਸਿੰਘ ਸੌੜੀਆਂ ਵਾਲਾ, ਸ. ਰਤਨ ਸਿੰਘ ਘਰਜਾਖੀਆ, ਸ. ਦੂਲਾ ਸਿੰਘ ਮਲਵਈ ਆਦਿ ਸਮੇਤ ਆਪ ਚੜ੍ਹਾਈ ਕਰ ਦਿੱਤੀ। ਸ਼ਹਿਜ਼ਾਦਾ ਸ਼ੇਰ ਸਿੰਘ ਵਾਲੀ ਫ਼ੌਜ ਨੇ ਬੇੜੀਆਂ ਦਾ ਪੁਲ ਬੰਨ੍ਹ ਕੇ ਦਰਿਆ ਅਟਕ ਪਾਰ ਕਰ ਕੇ ਕਿਲ੍ਹਾ ਜਹਾਂਗੀਰਾ ਨੂੰ ਘੇਰਾ ਪਾ ਲਿਆ। ਥੋੜਾ ਚਿਰ ਟਾਕਰਾ ਕਰਨ ਪਿਛੋਂ ਪਠਾਣ ਕਿਲ੍ਹਾ ਛੱਡ ਕੇ ਨੱਸ ਗਏ। ਸ. ਸ਼ੇਰ ਸਿੰਘ ਤੇ ਸ. ਹਰੀ ਸਿੰਘ ਨਲਵਾ ਨੇ ਕਿਲ੍ਹਾ

**ਮਹਾਰਾਜੇ ਦੀ ਚੜ੍ਹਾਈ**

**ਜਹਾਂਗੀਰਾ ਉੱਤੇ ਸਿੱਖਾਂ ਦਾ ਕਬਜ਼ਾ**



Sri Satguru Jagjit Singh Ji eLibrary NamdhariElibrary@gmail.com

ਜਹਾਂਗੀਰਾ ਉੱਤੇ ਕਬਜ਼ਾ ਕਰ ਲਿਆ। ਇਹ ਖ਼ਬਰ ਸੁਣ ਕੇ ਮੁਹੰਮਦ ਅਜ਼ੀਮ ਖ਼ਾਂ ਪਿਸ਼ਾਵਰ ਤੋਂ ਅੱਗੇ ਵਧਿਆ। ਉਹਨੇ ਦੋਸਤ ਮੁਹੰਮਦ ਖ਼ਾਂ ਤੇ ਜੱਬਾਰ ਖ਼ਾਂ ਨੂੰ ਜਹਾਂਗੀਰੇ ਉੱਤੇ ਦੋਬਾਰਾ ਕਬਜ਼ਾ ਕਰਨ ਵਾਸਤੇ ਭੇਜਿਆ। ਉਹਨਾਂ ਆਉਂਦਿਆਂ ਹੀ ਸ. ਸ਼ੇਰ ਸਿੰਘ ਤੇ ਸ. ਹਰੀ ਸਿੰਘ ਨਲਵੇ ਨੂੰ ਘੇਰਾ ਪਾ ਲਿਆ। ਦੋਹਾਂ ਪਾਸਿਆਂ ਤੋਂ ਸਖ਼ਤ ਲੜਾਈ ਸ਼ੁਰੂ ਹੋ ਗਈ। ਮਹਾਰਾਜਾ ਮਗਰੇ ਕੁਮਕ ਲਈ ਆ ਰਿਹਾ ਸੀ। ਪਰ ਉਹਦੇ ਪਹੁੰਚਣ ਤੋਂ ਪਹਿਲਾਂ ਹੀ ਮੁਹੰਮਦ ਜ਼ਮਾਨ ਖ਼ਾਂ ਨੇ ਅਟਕ ਉੱਤੇ ਬੱਧਾ ਹੋਇਆ ਬੇੜੀਆਂ ਦਾ ਪੁਲ ਤੋੜ ਕੇ ਦਰਿਆ ਵਿਚ ਰੋੜ ਦਿੱਤਾ। ਮਹਾਰਾਜੇ ਨੇ ਦੁਬਾਰਾ ਪੁਲ ਬੰਨ੍ਹਣ ਦਾ ਹੁਕਮ ਦਿੱਤਾ। ਪੁਲ ਅਜੇ ਤਿਆਰ ਨਹੀਂ ਸੀ ਹੋਇਆ ਕਿ ਜਹਾਂਗੀਰਾ ਤੋਂ ਖ਼ਬਰ ਪਹੁੰਚੀ ਕਿ ਸ. ਸ਼ੇਰ ਸਿੰਘ ਤੇ ਸ. ਹਰੀ ਸਿੰਘ ਬੁਰੀ ਤਰ੍ਹਾਂ ਵੈਰੀਆਂ ਵਿਚ ਘਿਰ ਗਏ ਹਨ। ਜੇ ਵੇਲੇ ਸਿਰ ਮਦਦ ਨਾ ਪਹੁੰਚੀ ਤਾਂ ਨੁਕਸਾਨ ਹੋਣ ਦਾ ਡਰ ਹੈ। ਇਹ ਸੁਣ ਕੇ ਮਹਾਰਾਜੇ ਨੂੰ ਏਨਾ ਜੋਸ਼ ਆਇਆ ਕਿ ਉਹਨੇ

**ਮਹਾਰਾਜਾ ਅਟਕੋਂ ਪਾਰ**

ਆਪਣੇ ਘੋੜੇ ਨੂੰ ਦਰਿਆ ਵਿਚ ਠੇਲ੍ਹ ਦਿੱਤਾ ਤੇ ਸਾਰੀ ਫ਼ੌਜ ਨੂੰ ਬਿਨਾਂ ਪੁਲ ਦਰਿਆ ਪਾਰ ਕਰਨ ਦਾ ਹੁਕਮ ਦਿੱਤਾ। ਹੁਕਮ ਦੀ ਦੇਰ ਸੀ ਕਿ ਸਾਰੀ ਫ਼ੌਜ ਦਰਿਆ ਵਿਚ ਠਿੱਲ੍ਹ ਪਈ। ਕੁਝ ਆਦਮੀ ਦਰਿਆ ਦੇ ਵਹਿਣ ਵਿਚ ਰੁੜ ਗਏ। ਤੋਪਾਂ ਹਾਥੀਆਂ ਉੱਪਰ ਲੱਦ ਕੇ ਪਾਰ ਕੀਤੀਆਂ ਗਈਆਂ। ਜਿਸ ਵੇਲੇ ਮਹਾਰਾਜੇ ਦੇ ਦਰਿਆ ਟੱਪਣ ਦਾ ਪਤਾ ਪਠਾਣਾਂ ਨੂੰ ਲੱਗਾ ਤਾਂ ਉਹ ਮੈਦਾਨ ਛੱਡ ਕੇ ਨੱਸ ਗਏ। ਖ਼ਾਲਸਾ ਫ਼ੌਜਾਂ ਨੇ ਕਿਲ੍ਹਾ ਜਹਾਂਗੀਰਾ ਤੇ ਖ਼ੈਰਾਬਾਦ ਨੂੰ ਪੱਕਿਆਂ ਕਰ ਲਿਆ। ਫਿਰ ਇਕ ਵੱਡੀ ਲੜਾਈ ਵਾਸਤੇ ਪਠਾਣ ਨੌਸ਼ਹਿਰੇ ਤੇ ਸਿੱਖ ਅਕੋੜਾ ਦੇ ਮੈਦਾਨ ਵਿਚ ਇਕੱਠੇ ਹੋ ਗਏ।

**ਜੈ ਸਿੰਘ ਨੇ ਮਾਫ਼ੀ ਮੰਗੀ**

ਪਿਛੇ ਦੱਸਿਆ ਜਾ ਚੁੱਕਾ ਹੈ ਕਿ ਸ: ਜੈ ਸਿੰਘ ਅਟਾਰੀ ਵਾਲਾ ਨੱਸ ਕੇ ਕਾਬਲ ਬਾਰਕਜ਼ਈਆਂ ਕੋਲ ਚਲਾ ਗਿਆ ਸੀ। ਇਸ ਵੇਲੇ ਉਹ ਮੁਹੰਮਦ ਅਜ਼ੀਮ ਖ਼ਾਂ ਨਾਲ ਆਇਆ ਸੀ। ਜਹਾਂਗੀਰੇ ਦੀ ਲੜਾਈ ਵਿਚੋਂ ਕਤਲ ਹੋਏ ਸਿੱਖਾਂ ਦੇ ਸਿਰ ਪਿਸ਼ਾਵਰ ਮੁਹੰਮਦ ਅਜ਼ੀਮ ਖ਼ਾਂ ਕੋਲ ਭੇਜੇ ਗਏ ਸਨ। ਜਦ ਉਹ ਸ. ਜੈ ਸਿੰਘ ਨੇ ਵੇਖੇ ਤਾਂ ਸਿੱਖ ਖ਼ੂਨ ਪੱਘਰ ਆਇਆ। ਉਹ ਅਜ਼ੀਮ ਖ਼ਾਂ ਦਾ ਡੇਰਾ ਛੱਡ ਕੇ, ਸਿੱਖ ਡੇਰੇ ਵਿਚ ਚਲਾ ਗਿਆ ਤੇ ਅਕਾਲੀ ਫੂਲਾ ਸਿੰਘ ਰਾਹੀਂ ਮਹਾਰਾਜੇ ਤੋਂ ਮਾਫ਼ੀ ਮੰਗੀ। ਮਹਾਰਾਜੇ ਨੇ ਮਾਫ਼ ਕਰ ਕੇ ਉਸ ਨੂੰ ਫ਼ੌਜ ਵਿਚ ਅਹੁਦਾ ਬਖ਼ਸ਼ ਦਿੱਤਾ।

ਨੌਸ਼ਹਿਰੇ ਦੇ ਮੈਦਾਨ ਵਿਚ ਹਜ਼ਾਰਾਂ ਗ਼ਾਜ਼ੀ ਇਕੱਠੇ ਹੋ ਗਏ। ਮੁਹੰਮਦ ਅਜ਼ੀਮ ਖ਼ਾਂ ਵੀ ਗ਼ਾਜ਼ੀਆਂ ਨਾਲ ਮਿਲਣ ਵਾਸਤੇ ਦਰਿਆ ਲੁੰਢੇ ਦੇ ਕੰਢੇ ਆ ਪੁੱਜਾ।



Sri Satguru Jagjit Singh Ji eLibrary NamdhariElibrary@gmail.com

**ਨੌਸ਼ਹਿਰੇ ਦੀ ਲੜਾਈ**

ਮਹਾਰਾਜੇ ਨੇ ਸ. ਸ਼ੇਰ ਸਿੰਘ, ਸ. ਹਰੀ ਸਿੰਘ ਨਲੂਆ, ਜਰਨੈਲ ਵੰਤੂਰਾ ਤੇ ਅਲਾਰਡ ਨੂੰ ਤੋਪਖ਼ਾਨਾ ਦੇ ਕੇ ਦਰਿਆ ਲੁੰਢੇ ਵੱਲ ਭੇਜਿਆ, ਕਿ ਉਹ ਮੁਹੰਮਦ ਅਜ਼ੀਮ ਖ਼ਾਂ ਨੂੰ ਰੋਕੀ ਰੱਖਣ। ਬਾਕੀ ਫ਼ੌਜ ਨੂੰ ਨੌਸ਼ਹਿਰੇ ਦੇ ਗ਼ਾਜ਼ੀਆਂ ਉੱਤੇ ਹਮਲਾ ਕਰਨ ਦਾ ਹੁਕਮ ਹੋਇਆ। ਅੰਤ ੧੪ ਮਾਰਚ, ੧੮੨੪ ਈਸਵੀ ਨੂੰ ਨੌਸ਼ਹਿਰੇ ਦੀ ਪ੍ਰਸਿੱਧ ਲੜਾਈ ਲੜੀ ਗਈ। ਅਰਦਾਸਾ ਸੋਧ ਕੇ ਸਭ ਤੋਂ ਪਹਿਲਾਂ ਅਕਾਲੀ ਜੱਥੇ ਨੇ ਵੈਰੀ ਉੱਤੇ ਹਮਲਾ ਕੀਤਾ। ਫੇਰ ਬਾਕੀ ਸਰਦਾਰ ਵੀ ਲੜਾਈ ਵਿਚ ਕੁੱਦ ਪਏ। ਸਾਰਾ ਦਿਨ ਲਹੂ ਦੀ ਹੋਲੀ ਖੇਡੀ ਜਾਂਦੀ ਰਹੀ। ਇਸ ਲੜਾਈ ਵਿਚ ਸਿੱਖ ਰਾਜ ਦਾ ਥੰਮ੍ਹ ਪ੍ਰਸਿੱਧ ਅਕਾਲੀ ਲੀਡਰ ਫੂਲਾ ਸਿੰਘ ਸ਼ਹੀਦ ਹੋ ਗਿਆ। ਫਿਰ ਤਾਂ ਸਿੰਘਾਂ ਨੂੰ ਏਨਾ

**ਅਕਾਲੀ ਫੂਲਾ ਸਿੰਘ ਸ਼ਹੀਦ**

ਜੋਸ਼ ਆਇਆ ਕਿ ਉਹਨਾਂ ਨੇ ਹਜ਼ਾਰਾਂ ਗ਼ਾਜ਼ੀਆਂ ਦੇ ਲਹੂ ਵਿਚ ਤਲਵਾਰਾਂ ਧੋ ਕੇ ਗ਼ੁੱਸਾ ਠੰਢਾ ਕੀਤਾ। ਏਸ ਕਹਿਰੀ ਹੱਲੇ ਅੱਗੇ ਗ਼ਾਜ਼ੀ ਖਲੋ ਨਾ ਸਕੇ। ਉਹ ਸਾਰਾ ਸਾਮਾਨ ਮੈਦਾਨ ਵਿਚ ਛੱਡ ਕੇ ਪਹਾੜਾਂ ਨੂੰ ਨੱਸ ਗਏ। ਜਦ ਗ਼ਾਜ਼ੀਆਂ ਦੀ ਹਾਰ ਦੀ ਖ਼ਬਰ ਮੁਹੰਮਦ ਅਜ਼ੀਮ ਖ਼ਾਂ ਨੂੰ ਪਹੁੰਚੀ ਤਾਂ ਉਹ ਵੀ ਮੈਦਾਨ ਛੱਡ ਕੇ ਮਿਚਨੀ ਜਾ ਵੜਿਆ। ਸਿੱਖਾਂ ਨੇ ਕਈ ਮੀਲ ਤੱਕ ਗ਼ਾਜ਼ੀਆਂ ਦਾ ਪਿੱਛਾ ਕੀਤਾ। ਵੈਰੀ ਦਾ ਡੇਰਾ ਸਿੱਖ ਫ਼ੌਜ ਨੇ ਲੁੱਟ ਲਿਆ। ਏਸ ਲੜਾਈ ਵਿਚ ਦੋ ਹਜ਼ਾਰ ਸਿੱਖ ਸ਼ਹੀਦ ਜਾਂ ਫੱਟੜ ਹੋਏ। ਦਸ ਹਜ਼ਾਰ ਗ਼ਾਜ਼ੀ ਜੰਗ ਦੀ ਭੇਟਾ ਹੋ ਗਏ।[1] ਇਸ ਫ਼ਤਹਿ ਨੇ ਸਿੱਖਾਂ ਦਾ ਪਠਾਣਾਂ ਦੇ ਦਿਲਾਂ ਉੱਤੇ ਕਦੇ ਨਾ ਲਹਿਣ ਵਾਲਾ ਡਰ ਬਿਠਾ ਦਿੱਤਾ। ਮੁਹੰਮਦ

**ਮੁਹੰਮਦ ਅਜ਼ੀਮ ਖ਼ਾਂ ਮਰ ਗਿਆ**

ਅਜ਼ੀਮ ਖ਼ਾਂ ਕਾਬਲ ਨੂੰ ਜਾਂਦਾ ਹੋਇਆ ਇਸ ਹਾਰ ਦੀ ਨਮੋਸ਼ੀ ਨਾਲ ਰਾਹ ਵਿਚ ਹੀ ਮਰ ਗਿਆ। ਖ਼ਾਲਸਾ ਫ਼ੌਜ ਨੇ ਕਿਲ੍ਹਾ ਹਸ਼ਤ ਨਗਰ ਉੱਤੇ ਕਬਜ਼ਾ ਕਰਕੇ ਗ਼ਾਜ਼ੀਆਂ ਦਾ ਸਾਰਾ ਇਲਾਕਾ

**ਮਹਾਰਾਜੇ ਦਾ ਪਿਸ਼ਾਵਰ ਉਤੇ ਕਬਜ਼ਾ**

ਜ਼ਬਤ ਕਰ ਲਿਆ। ੧੭ ਮਾਰਚ ਨੂੰ ਮਹਾਰਾਜਾ ਪਿਸ਼ਾਵਰ ਵਿਚ ਦਾਖ਼ਲ ਹੋਇਆ। ਸ਼ਹਿਰ ਵਿਚ ਲੁੱਟਮਾਰ ਨਾ ਹੋਣ ਦਿੱਤੀ, ਸਗੋਂ ਅਮਨ ਕਾਇਮ ਰੱਖਣ ਦਾ ਢੰਡੋਰਾ ਫਿਰਾਇਆ ਗਿਆ। ਸ਼ਹਿਰ ਦੇ ਪਤਵੰਤਿਆਂ ਨੇ ਮਹਾਰਾਜੇ ਨੂੰ ਨਜ਼ਰਾਨਾ ਭੇਟਾ ਕੀਤਾ। ਕੁਝ ਦਿਨਾਂ ਪਿਛੋਂ ਦੋਸਤ ਮੁਹੰਮਦ ਖ਼ਾਂ ਤੇ ਯਾਰ ਮੁਹੰਮਦ ਖ਼ਾਂ ਨੇ ਹਾਜ਼ਰ ਹੋ ਕੇ ਮਹਾਰਾਜੇ ਤੋਂ ਮਾਫ਼ੀ ਮੰਗੀ। ਉਹਨਾਂ ਪੰਜਾਹ ਘੋੜੇ, ਜਿਨ੍ਹਾਂ ਵਿਚ ਪ੍ਰਸਿੱਧ ਘੋੜਾ 'ਗੌਹਰ ਬਾਰ'

---

1. ਅੱਧੀ ਗਿਣਤੀ ਗ਼ਾਜ਼ੀਆਂ ਦੀ ਕਤਲ ਹੋਈ ਤੇ ਦੋ ਹਜ਼ਾਰ ਸਿੱਖ ਕਤਲ ਜਾਂ ਜ਼ਖ਼ਮੀ ਹੋਏ। ਲਤੀਫ਼, ਪੰਨਾ ੪੩੦। ਦਸ ਹਜ਼ਾਰ ਗ਼ਾਜ਼ੀ ਕਤਲ, ਮੈਕਗ੍ਰੇਗਰ, ਪੰਨਾ ੧੯੩



Sri Satguru Jagjit Singh Ji eLibrary NamdhariElibrary@gmail.com

**ਦੋਸਤ ਮੁਹੰਮਦ ਖ਼ਾਂ ਤੇ ਯਾਰ ਮੁਹੰਮਦ ਖ਼ਾਂ ਨੇ ਮਾਫ਼ੀ ਮੰਗੀ ਤੇ ਪਿਸ਼ਾਵਰ ਲਿਆ**

ਵੀ ਸੀ ਤੇ ਹੋਰ ਵੀ ਬਹੁਮੁੱਲੇ ਤੋਹਫ਼ੇ ਮਹਾਰਾਜੇ ਦੀ ਭੇਟਾ ਕੀਤੇ। ਨਾਲ ਹੀ ਦਰਖ਼ਾਸਤ ਕੀਤੀ ਕਿ ਜੇ ਮਹਾਰਾਜਾ ਸਾਹਿਬ ਉਹਨਾਂ ਨੂੰ ਇਲਾਕਾ ਪਿਸ਼ਾਵਰ ਦੇ ਦੇਣ ਤਾਂ ਉਹ ਲਾਹੌਰ ਦਰਬਾਰ ਦੇ ਸਭ ਹੁਕਮ ਮੰਨਣਗੇ ਤੇ ਇਕ ਲੱਖ ਦਸ ਹਜ਼ਾਰ ਸਾਲਾਨਾ ਖ਼ਰਾਜ ਦੇਣਗੇ। ਮਹਾਰਾਜੇ ਨੇ ਇਹ ਸ਼ਰਤਾਂ ਪ੍ਰਵਾਨ ਕਰ ਕੇ ਸੂਬਾ ਪਿਸ਼ਾਵਰ ਦੋਹਾਂ ਭਰਾਵਾਂ (ਦੋਸਤ ਮੁਹੰਮਦ ਖ਼ਾਂ ਤੇ ਯਾਰ ਮੁਹੰਮਦ ਖ਼ਾਂ) ਵਿਚ ਵੰਡ ਦਿੱਤਾ। ਏਸ ਤਰ੍ਹਾਂ ਦੋਹਾਂ ਭਰਾਵਾਂ ਵਿਚ ਫੁੱਟ ਦਾ ਕਾਰਨ ਪੈਦਾ ਕਰ ਦਿੱਤਾ। ਇਹ ਪ੍ਰਬੰਧ ਕਰ ਕੇ ਮਹਾਰਾਜਾ ੨੬ ਅਪ੍ਰੈਲ, ੧੮੨੪ ਈਸਵੀ ਨੂੰ ਲਾਹੌਰ ਪੁੱਜਾ।[1]

---

1. ਲਤੀਫ਼, ਪੰਨੇ ੪੨੮ ਤੋਂ ੪੩੧; ਮੈਕਗ੍ਰੇਗਰ, ਪੰਨੇ ੧੯੨ ਤੋਂ ੧੯੩; ਕਨਿੰਘਮ, ਪੰਨਾ ੧੬੧; ਗੰਡਾ ਸਿੰਘ (ਰਣਜੀਤ ਸਿੰਘ), ਪੰਨੇ ੨੫-੬; ਕੋਹਲੀ, ਪੰਨੇ ੨੪੫ ਤੋਂ ੨੫੪; ਸੋਹਨ ਲਾਲ, ਪੰਨੇ ੨੦੪-੫; ਅਮਰ ਨਾਥ, ਪੰਨੇ ੧੫੪-੫



Sri Satguru Jagjit Singh Ji eLibrary NamdhariElibrary@gmail.com

# ਛੇਵਾਂ ਕਾਂਡ

**ਸੰਸਾਰ ਚੰਦ ਸੁਰਗਵਾਸ**

ਮਈ-ਜੂਨ ਵਿਚ ਮਹਾਰਾਜਾ ਦੀਨਾਨਗਰ ਚਲਾ ਜਾਇਆ ਕਰਦਾ ਸੀ। ਇਸ ਸਾਲ ਵੀ ਉਥੇ ਡੇਰਾ ਰੱਖ ਕੇ ਪਹਾੜੀ ਰਾਜਿਆਂ ਤੋਂ ਖ਼ਰਾਜ ਲਿਆ। ਅਪ੍ਰੈਲ, ੧੮੨੪ ਈਸਵੀ ਵਿਚ ਕਟੋਚ ਦਾ ਰਾਜਾ ਸੰਸਾਰ ਚੰਦ ਮਰ ਗਿਆ ਸੀ। ਮਹਾਰਾਜੇ ਨੇ ਉਹਦੇ ਪੁੱਤਰ ਅਨਰੋਧ ਚੰਦ ਨੂੰ ਬੁਲਾ ਕੇ ਇਕ ਲੱਖ ਨਜ਼ਰਾਨਾ ਲੈ ਕੇ ਗੱਦੀ 'ਤੇ ਬਿਠਾਇਆ।[1]

**ਰਾਮਾਨੰਦ ਸਰਾਫ ਦਾ ਚਲਾਣਾ**

**ਅੰਮ੍ਰਿਤਸਰ ਦੀ ਫ਼ਸੀਲ**

ਮਾਲ ਦਾ ਮਹਿਕਮਾ ਵੱਖਰਾ ਕਰਨ ਤੋਂ ਪਹਿਲਾਂ ਸਰਕਾਰੀ ਖ਼ਜ਼ਾਨਾ ਅੰਮ੍ਰਿਤਸਰ ਦੇ ਸਰਾਫ਼ ਰਾਮਾਨੰਦ ਕੋਲ ਹੁੰਦਾ ਸੀ। ਉਹ ਸਤੰਬਰ, ੧੮੦੪ ਈਸਵੀ ਨੂੰ ਮਰ ਗਿਆ। ਉਸ ਦਾ ਧੀ-ਪੁੱਤਰ ਕੋਈ ਨਹੀਂ ਸੀ। ਉਹ ਲੱਖਾਂ ਰੁਪਏ ਜਮ੍ਹਾਂ ਛੱਡ ਕੇ ਮਰਿਆ ਸੀ। ਮਹਾਰਾਜੇ ਨੇ ਉਸ ਵਿਚੋਂ ਕੁਝ ਰੁਪਏ ਰਾਮਾ ਨੰਦ ਦੇ ਭਤੀਜੇ ਨੂੰ ਦੇ ਦਿੱਤੇ ਤੇ ਬਾਕੀ ਧਨ ਖ਼ਰਚ ਕੇ ਅੰਮ੍ਰਿਤਸਰ ਦੇ ਉਦਾਲੇ ਪੱਕੀ ਕੰਧ (ਫ਼ਸੀਲ) ਬਣਵਾ ਦਿੱਤੀ।[2]

**ਡੇਹਰਾ ਗ਼ਾਜ਼ੀ ਖ਼ਾਂ ਦਾ ਦੌਰਾ**

ਦੁਸਹਿਰਾ ਲਾਹੌਰ ਮਨਾ ਕੇ ਮਹਾਰਾਜਾ ਡੇਹਰਾ ਗ਼ਾਜ਼ੀ ਖ਼ਾਂ ਗਿਆ। ਉਥੋਂ ਕੁਝ ਆਕੀ ਹੋ ਰਹੇ ਜ਼ਿਮੀਂਦਾਰਾਂ ਤੋਂ ਤਿੰਨ ਲੱਖ ਜੁਰਮਾਨਾ ਵਸੂਲ ਕੀਤਾ। ਏਥੇ ਹੀ ਨਵਾਬ ਬਹਾਵਲਪੁਰ ਦੇ ਵਕੀਲ ਨੇ ਹਾਜ਼ਰ ਹੋਕੇ ੧੦ ਹਜ਼ਾਰ ਨਜ਼ਰਾਨਾ ਤਾਰਿਆ।[3]

**ਲਾਹੌਰ ਦੀ ਫਸੀਲ**

ਲਾਹੌਰ ਵਾਪਸ ਆ ਕੇ ਮਹਾਰਾਜੇ ਨੇ ਸ਼ਹਿਰ ਲਾਹੌਰ ਦੇ ਉਦਾਲੇ ਵੀਹ ਫੁੱਟ ਚੌੜੀ ਕੰਧ ਬਣਵਾਈ, ਜਿਸ ਵਿਚ ਬਾਰਾਂ ਦਰਵਾਜ਼ੇ ਰੱਖੇ ਗਏ।[4]

**ਮੋਤੀ ਰਾਮ ਤੇ ਕਿਰਪਾ ਰਾਮ ਨੂੰ ਸਜ਼ਾ**

ਦੀਵਾਨ ਮੁਹਕਮ ਚੰਦ ਦਾ ਪੁੱਤਰ ਮੋਤੀ ਰਾਮ ਕਸ਼ਮੀਰ ਦਾ ਗਵਰਨਰ ਸੀ ਤੇ ਮੋਤੀ ਰਾਮ ਦਾ ਪੁੱਤਰ ਕਿਰਪਾ ਰਾਮ ਦੁਆਬਾ ਜਲੰਧਰ ਦਾ। ਇਲਾਕ ਫ਼ਲੌਰ ਇਸ ਘਰਾਣੇ ਦੀ ਪੁਰਾਣੀ ਜਾਗੀਰ ਸੀ। ਮਹਾਰਾਜੇ ਨੇ ਉਹ ਜਾਗੀਰ ਰਾਮ ਸਿੰਘ ਨੂੰ ਦਿੱਤੀ। ਕਿਰਪਾ ਰਾਮ ਨੇ ਇਸ ਗੱਲੋਂ ਨਰਾਜ਼ਾ ਹੋ ਕੇ ਸ਼ੇਰੇ ਪੰਜਾਬ ਦਾ ਹੁਕਮ ਮੰਨਣ ਵਿਚ ਕੁਝ

---

1. ਮੈਕਗ੍ਰੇਗਰ, ਪੰਨਾ ੧੯੫; ਲਤੀਫ਼, ਪੰਨਾ ੪੩੨
2. ਲਤੀਫ਼, ਪੰਨਾ ੪੩੨, ਅੱਠ ਲੱਖ; ਕੋਹਲੀ, ੨੫੫, ਵੀਹ ਲੱਖ
3. ਮੈਕਗ੍ਰੇਗਰ, ਪੰਨਾ ੧੯੪
4. ਮੈਕਗ੍ਰੇਗਰ, ਪੰਨਾ ੧੯੫



Sri Satguru Jagjit Singh Ji eLibrary NamdhariElibrary@gmail.com

ਢਿੱਲ-ਮੱਠ ਕਰਨੀ ਸ਼ੁਰੂ ਕਰ ਦਿੱਤੀ। ਮਹਾਰਾਜਾ ਏਸ ਬੇ-ਅਸੂਲੀ ਨੂੰ ਕਿਵੇਂ ਸਹਾਰ ਸਕਦਾ ਸੀ। ਉਸ ਨੇ ਦੋਹਾਂ ਪਿਓ-ਪੁੱਤਰਾਂ (ਮੋਤੀ ਰਾਮ ਤੇ ਕਿਰਪਾ ਰਾਮ) ਨੂੰ ਅਹੁਦਿਆਂ ਤੋਂ ਹਟਾ ਕੇ ਇਕ ਲੱਖ ਵੀਹ ਹਜ਼ਾਰ ਜੁਰਮਾਨਾ ਕੀਤਾ ਤੇ ਨਾਲ ਹੀ ਕਿਰਪਾ ਰਾਮ ਨੂੰ ਕੁਝ ਸਮੇਂ ਵਾਸਤੇ ਨਜ਼ਰਬੰਦ ਕਰ ਦਿੱਤਾ।[1] ਕਿਲ੍ਹਾ ਫ਼ਲੌਰ ਪਹਿਲਾਂ ਫ਼ਕੀਰ ਅਜ਼ੀਜ਼ੁੱਦੀਨ ਨੂੰ ਤੇ ਫੇਰ ਸ. ਦੇਸਾ ਸਿੰਘ ਮਜੀਠੀਏ ਨੂੰ ਦੇ ਦਿੱਤਾ।

**ਕਸ਼ਮੀਰ ਦੇ ਗਵਰਨਰ**

ਕਸ਼ਮੀਰ ਦਾ ਗਵਰਨਰ ਪਹਿਲਾਂ ਭੀਮਾ ਸਿੰਘ ਨੂੰ ਤੇ ਫਿਰ ਗੁਰਮੁਖ ਸਿੰਘ ਨੂੰ ਬਣਾਇਆ। ਗੁਰਮੁਖ ਸਿੰਘ ਦੇ ਨਾਲ ਦੀਵਾਨ ਬਣਾ ਕੇ ਚੂਨੀ ਲਾਲ ਨੂੰ ਭੇਜਿਆ, ਜਿਸ ਨਾਲ ਸਾਢੇ ਸਤਾਈ ਲੱਖ ਆਮਦਨ ਦਾ ਠੇਕਾ ਹੋਇਆ। ਪਰ ਇਹ ਦੋਵੇਂ ਸੱਜਣ ਕਸ਼ਮੀਰ ਦਾ ਚੰਗਾ ਪ੍ਰਬੰਧ ਨਾ ਕਰ ਸਕੇ।

**ਕਿਰਪਾ ਰਾਮ ਗਵਰਨਰ ਕਸ਼ਮੀਰ**

ਇਕ ਸਾਲ ਪਿਛੋਂ ਮਹਾਰਾਜੇ ਨੇ ਦੀਵਾਨ ਮੁਹਕਮ ਚੰਦ ਦੇ ਘਰਾਣੇ ਦੀਆਂ ਭੁੱਲਾਂ ਮਾਫ਼ ਕਰ ਦਿੱਤੀਆਂ ਤੇ ਕਿਰਪਾ ਰਾਮ ਕਸ਼ਮੀਰ ਦਾ ਗਵਰਨਰ ਬਣਾ ਕੇ ਭੇਜ ਦਿੱਤਾ।

**ਭਰਤਪੁਰ ਨੇ ਮਦਦ ਮੰਗੀ**

੧੮੨੫ ਈਸਵੀ ਵਿਚ ਭਰਤਪੁਰ ਦੇ ਜਾਟ ਰਾਜੇ ਨੇ ਸ਼ੇਰੇ-ਪੰਜਾਬ ਪਾਸੋਂ ਅੰਗਰੇਜ਼ਾਂ ਵਿਰੁੱਧ ਮਦਦ ਮੰਗੀ, ਮਗਰ ਮਹਾਰਾਜੇ ਨੇ ਇਨਕਾਰ ਕਰ ਦਿੱਤਾ।[2]

**ਦੀਵਾਨ ਚੰਦ ਦਾ ਚਲਾਣਾ**

ਪੰਜ ਸਾਵਣ ੧੮੮੨ ਬਿ. (੧੯ ਜੁਲਾਈ, ੧੮੨੫ ਈਸਵੀ)[3] ਨੂੰ ਮਿਸਰ ਦੀਵਾਨ ਚੰਦ ਦਰਦ ਕੌਲੰਜ ਨਲ ਚਲਾਣਾ ਕਰ ਗਿਆ। ਉਸ ਦਾ ਸਸਕਾਰ ਬੜੇ ਫ਼ੌਜੀ ਠਾਠ ਨਾਲ ਕੀਤਾ ਗਿਆ।

**ਫ਼ਤਹਿ ਸਿੰਘ ਨਾਲ ਨਾਰਾਜ਼ਗੀ ਤੇ ਸੁਲ੍ਹਾ**

ਸ. ਫਤਹਿ ਸਿੰਘ ਆਹਲੂਵਾਲੀਏ ਦਾ ਏਜੰਟ ਕਾਦਰ ਬਖ਼ਸ਼ ਲਾਹੌਰ ਦਰਬਾਰ ਵਿਚ ਰਹਿੰਦਾ ਸੀ। ਉਹ ਬੜਾ ਸ਼ਰਾਰਤੀ ਬੰਦਾ ਸੀ। ਉਹਨੇ ਆਹਲੂਵਾਲੀਏ ਸਰਦਾਰ ਦੇ ਦੀਵਾਨ ਸ਼ੇਰ ਅਲੀ ਨਾਲ ਮਿਲ ਕੇ ਲਾਹੌਰੋਂ ਅਜਿਹੀਆਂ ਖ਼ਬਰਾਂ ਭੇਜੀਆਂ, ਜਿਨ੍ਹਾਂ ਤੋਂ ਇਹ ਸਾਬਤ ਹੋਵੇ ਕਿ ਮਹਾਰਾਜਾ ਆਹਲੂਵਾਲੀਏ ਦਾ ਇਲਾਕਾ ਜ਼ਬਤ ਕਰਨ ਵਾਲਾ ਹੈ। ਸ. ਫ਼ਤਹਿ ਸਿੰਘ ਸਣੇ ਪਰਿਵਾਰ ਕਪੂਰਥਲਿਉਂ ਨੱਸ ਕੇ ਦਰਿਆ ਸਤਲੁਜ ਤੋਂ ਦੂਜੇ ਪਾਸੇ ਜਗਰਾਉਂ ਚਲਾ ਗਿਆ। ਇਹ ਥਾਂ ਉਹਨੂੰ ਮਹਾਰਾਜੇ ਵੱਲੋਂ ਜਾਗੀਰ ਮਿਲੀ ਹੋਈ ਸੀ। ਸਰਹਿੰਦ ਦੇ ਇਲਾਕੇ ਵਿਚ ਵੀ ਉਹਦੀ ਜਾਗੀਰ ਹੈ ਸੀ। ਅੰਗਰੇਜ਼ਾਂ ਨੇ ਉਹਨੂੰ ਭਰੋਸਾ ਦਿਵਾਇਆ ਕਿ ਉਹ ਉਸਨੂੰ ਆਪਣੀ ਰੱਖਿਆ ਵਿਚ ਲੈ ਲੈਣਗੇ।[4] ਇਹ ਖ਼ਬਰਾਂ ਸੁਣ ਕੇ ਮਹਾਰਾਜੇ ਨੂੰ ਬੜੀ

1. ਮੈਕਗ੍ਰੇਗਰ, ਪੰਨਾ ੧੯੬; ਲਤੀਫ਼, ਪੰਨਾ ੪੩੨
2. ਕਨਿੰਘਮ, ਪੰਨਾ ੧੮੧
3. ਕਨਿੰਘਮ, ਪੰਨਾ ੧੮੨
4. ਕਨਿੰਘਮ, ਪੰਨਾ ੧੮੨



Sri Satguru Jagjit Singh Ji eLibrary NamdhariElibrary@gmail.com

ਹੈਰਾਨੀ ਹੋਈ। ਉਸਨੇ ਆਹਲੂਵਾਲੀਏ ਦੇ ਸੁੰਞੇ ਇਲਾਕੇ ਦਾ ਪ੍ਰਬੰਧ ਕਰਨ ਵਾਸਤੇ ਫ਼ਕੀਰ ਅਜ਼ੀਜ਼ੁੱਦੀਨ ਨੂੰ ਭੇਜ ਦਿੱਤਾ। ਮਹਾਰਾਜੇ ਨੇ ਫ਼ਤਹਿ ਸਿੰਘ ਨੂੰ ਮਿੱਤਰਤਾ ਦੇ ਖ਼ਤ ਲਿਖ ਕੇ ਭਰੋਸਾ ਦਿਵਾਇਆ ਕਿ ਉਹ ਆ ਕੇ ਇਲਾਕੇ ਸੰਭਾਲ ਲਵੇ। ਫਿਰ ਸੋਢੀ ਅਤਰ ਸਿੰਘ ਨੂੰ ਜਗਰਾਉਂ ਭੇਜਿਆ ਗਿਆ ਤਸੱਲੀ ਦੇਣ ਬਦਲੇ। ਅੰਤ ੧੮੨੭ ਈਸਵੀ ਵਿਚ ਸ. ਫ਼ਤਹਿ ਸਿੰਘ ਵਾਪਸ ਲਾਹੌਰ ਆ ਗਿਆ। ਸ਼ੇਰੇ-ਪੰਜਾਬ ਨੇ ਕੰਵਰ ਨੌਨਿਹਾਲ ਸਿੰਘ ਨੂੰ ਅੱਗੋਂ ਸਰਦਾਰ ਦੇ ਸਵਾਗਤ ਵਾਸਤੇ ਭੇਜਿਆ। ਜਦ ਸ. ਫਤਹਿ ਸਿੰਘ ਦਰਬਾਰ ਵਿਚ ਪੁੱਜਾ ਤਾਂ ਆਪਣੀ ਤਲਵਾਰ ਸ਼ੇਰੇ ਪੰਜਾਬ ਦੇ ਪੈਰਾਂ ਵਿਚ ਧਰ ਕੇ ਚਰਨੀਂ ਢਹਿ ਪਿਆ। ਸ਼ੇਰੇ ਪੰਜਾਬ ਦੀਆਂ ਅੱਖਾਂ ਭਰ ਆਈਆਂ। ਉਹਨੇ ਸ. ਫ਼ਤਹਿ ਸਿੰਘ ਨੂੰ ਚੁੱਕ ਕੇ ਤਖ਼ਤ ਉੱਤੇ ਬਿਠਾ ਲਿਆ। ਗ਼ੁੱਸਾ ਗਿਲ੍ਹਾ ਕਰਨ ਦੀ ਥਾਂ ਮਹਾਰਾਜੇ ਨੇ ਸਰਦਾਰ ਨੂੰ ਚਾਂਦੀ ਦੇ ਹੌਦੇ ਵਾਲਾ ਹਾਥੀ, ਮੋਤੀ ਮਾਲਾ ਤੇ ਰੇਸ਼ਮੀ ਸਿਰੋਪਾ ਬਖ਼ਸ਼ਿਆ। ਉਸ ਦੇ ਸਾਰੇ ਇਲਾਕੇ ਉਹਦੇ ਹਵਾਲੇ ਕਰ ਦਿੱਤੇ। ਫ਼ਕੀਰ ਅਜ਼ੀਜ਼ੁੱਦੀਨ ਉਸ ਨੂੰ ਕਪੂਰਥਲੇ ਤੱਕ ਨਾਲ ਛੱਡਣ ਗਿਆ।[1]

**ਨਜ਼ਾਮ ਹੈਦਰਾਬਾਦ ਵੱਲੋਂ ਤੋਹਫ਼ੇ**

੧੮੨੯ ਈਸਵੀ ਵਿਚ ਨਜ਼ਾਮ ਹੈਦਰਾਬਾਦ (ਦੱਖਣ) ਦਾ ਵਕੀਲ ਦਰਵੇਸ਼ ਮੁਹੰਮਦ ਲਾਹੌਰ ਆਇਆ। ਨਜ਼ਾਮ ਨੇ ਮਹਾਰਾਜੇ ਵਾਸਤੇ ਤੋਹਫ਼ੇ ਵਜੋਂ ਚਾਰ ਵਧੀਆ ਘੋੜੇ, ਇਕ ਤੋਪ, ਇਕ ਤਲਵਾਰ, ਕੁਝ ਬੰਦੂਕਾਂ ਤੇ ਇਕ ਲਾਸਾਨੀ ਚਾਂਦਨੀ ਭੇਜੀ। ਸ਼ੇਰੇ-ਪੰਜਾਬ ਨੇ ਚਾਂਦਨੀ ਵੇਖ ਕੇ ਸ਼ਰਧਾ ਵਿਚ ਆ ਕੇ ਕਿਹਾ, "ਇਹ ਅਦਨਾ ਬੰਦਾ ਰਣਜੀਤ ਸਿੰਘ ਏਸ ਚਾਂਦਨੀ ਹੇਠ ਬਹਿਣ ਯੋਗ ਨਹੀਂ। ਇਹ ਮੇਰੇ ਸੱਚੇ ਪਾਤਸ਼ਾਹ ਦੇ ਦਰ 'ਤੇ ਹੀ ਸੋਭਦੀ ਹੈ।" ਉਸੇ ਵੇਲੇ ਉਹ ਚਾਂਦਨੀ ਅੰਮ੍ਰਿਤਸਰ ਹਰਿਮੰਦਰ ਸਾਹਿਬ ਪੁਚਾ ਦਿੱਤੀ ਗਈ ਜੋ ਅਜੇ ਤੱਕ ਹੈ।[2]

**ਹਿਰਾਤ ਵੱਲੋਂ ਤੋਹਫ਼ੇ**

ਇਸੇ ਸਾਲ ਹਿਰਾਤ ਦੇ ਮਾਲਕ ਸ਼ਹਿਜ਼ਾਦਾ ਕਾਮਰਾਨ ਦਾ ਵਕੀਲ ਸੈਫ਼ ਖ਼ਾਂ ਲਾਹੌਰ ਤੋਹਫ਼ੇ ਲੈ ਕੇ ਆਇਆ। ਮਹਾਰਾਜੇ ਨੇ ਦੋਹਾਂ ਵਕੀਲਾਂ ਦੀ ਇੱਜ਼ਤ ਕੀਤੀ ਤੇ ਸਿਰੋਪਾ ਬਖ਼ਸ਼ੇ।

**ਕਾਂਗੜੇ ਦਾ ਦੌਰਾ**

ਦੀਨਾ ਨਗਰ ਦੇ ਰਾਹੀਂ ਮਹਾਰਾਜਾ ਊਨੇ ਗਿਆ। ਉਥੇ ਬਾਬਾ ਸਾਹਿਬ ਸਿੰਘ ਬੇਦੀ ਨੂੰ ਮਿਲਿਆ ਤੇ ਪੰਜ ਹਜ਼ਾਰ ਮੱਥਾ ਟੇਕਿਆ।[3] ਏਥੋਂ ਮਹਾਰਾਜਾ ਕਾਂਗੜੇ ਆ ਗਿਆ। ਮਹਾਰਾਜੇ ਨੇ ਕਿਲ੍ਹਾ ਤਾਰਾਗੜ੍ਹ ਲੈਣ ਦੀ ਇੱਛਿਆ ਪ੍ਰਗਟ ਕੀਤੀ। ਰਾਜੇ ਨੇ ਪੰਝੀ ਹਜ਼ਾਰ ਨਜ਼ਰਾਨਾ ਤਾਰ

---

1. ਲਤੀਫ਼, ਪੰਨੇ ੪੩੩-੪; ਕਨਿੰਘਮ, ਪੰਨਾ ੧੮੨; ਸੋਹਨ ਲਾਲ, ਪੰਨਾ ੩੪੩; ਕੋਹਲੀ, ਪੰਨੇ ੨੫੭ ਤੋਂ ੨੫੯
2. ਗੰਡਾ ਸਿੰਘ (ਰਣਜੀਤ ਸਿੰਘ), ਪੰਨੇ ੨੬-੨੭
3. ਲਤੀਫ਼, ਪੰਨਾ ੪੩੪



Sri Satguru Jagjit Singh Ji eLibrary NamdhariElibrary@gmail.com

**ਕਿਲ੍ਹਾ ਕੋਟਲਰ ਫ਼ਤਹਿ**

ਦਿੱਤਾ ਤਾਂ ਮਹਾਰਾਜਾ ਵਾਪਸ ਮੁੜ ਆਇਆ। ਜਮਾਂਦਾਰ ਖ਼ੁਸ਼ਹਾਲ ਸਿੰਘ ਤੇ ਸ. ਲਹਿਣਾ ਸਿੰਘ ਨੂੰ ਭੇਜ ਕੇ ਕਿਲ੍ਹਾ ਕੋਟਲਰ ਫ਼ਤਹਿ ਕਰ ਲਿਆ। ਰਾਜਾ ਸ਼ਮਸ਼ੇਰ ਸਿੰਘ ਨੂੰ ਬਾਰਾਂ ਹਜ਼ਾਰ ਦੀ ਜਾਗੀਰ ਦੇ ਦਿੱਤੀ ਗਈ।

**ਗੰਦਗੜ੍ਹ ਦੀ ਬਗ਼ਾਵਤ**

ਗੰਦਗੜ੍ਹ ਦੇ ਜ਼ਿਮੀਂਦਾਰਾਂ ਨੇ ਬਗ਼ਾਵਤ ਕਰਕੇ ਕਿਲ੍ਹੇਦਾਰ ਅਬਾਸ ਖ਼ਾਂ ਨੂੰ ਕੈਦ ਕਰ ਲਿਆ। ਮਹਾਰਾਜੇ ਦਾ ਹੁਕਮ ਪਾ ਕੇ ਸ. ਹਰੀ ਸਿੰਘ ਨਲੂਆ ਤੇ ਵੰਤੂਰਾ ਨੇ ਬਾਗ਼ੀਆਂ ਨੂੰ ਸੋਧਣ ਵਾਸਤੇ ਹਮਲਾ ਕੀਤਾ। ਲੜਾਈ ਵਿਚ ਕਈ ਬਲਵਈ ਜ਼ਿਮੀਂਦਾਰ ਮਾਰੇ ਗਏ ਤੇ ਬਾਕੀਆਂ ਨੇ ਈਨ ਮੰਨ ਲਈ। ਅਬਾਸ ਖ਼ਾਂ ਨੂੰ ਰਿਹਾਅ ਕਰ ਲਿਆ।

**ਕਿਲ੍ਹਾ ਸਿਰੀ ਕੋਟ ਫ਼ਤਹਿ**

ਫਿਰ ਦੋਹਾਂ ਜਰਨੈਲਾਂ ਨੇ ਕਿਲ੍ਹਾ ਸਿਰੀਕੋਟ ਨੂੰ ਘੇਰਾ ਪਾ ਕੇ ਫ਼ਤਹਿ ਕਰ ਲਿਆ। ਇਹ ਸਭ ਘਟਨਾਵਾਂ ੧੮੨੬ ਈਸਵੀ ਵਿਚ ਹੋਈਆਂ।[1] ਸ. ਸ਼ੇਰ ਸਿੰਘ ਵੀ ਹੁਕਮ ਪਾ ਕੇ ਨਲਵੇ ਨੂੰ ਜਾ ਮਿਲਿਆ।

**ਪਿਸ਼ਾਵਰ ਤੋਂ ਖ਼ਰਾਜ**

ਸਾਰੇ ਪਿਸ਼ਾਵਰ ਤੋਂ ਖ਼ਰਾਜ ਲੈਣ ਵਾਸਤੇ ਅਟਕੋਂ ਪਾਰ ਟੱਪ ਗਏ। ਖ਼ਬਰ ਪਾ ਕੇ ਯਾਰ ਮੁਹੰਮਦ ਖ਼ਾਂ ਨੇ ਆਪਣੇ ਵਕੀਲ ਹੱਥ ਇਕ ਲੱਖ ਰੁਪਿਆ ਭੇਜ ਦਿੱਤਾ। ਖ਼ਾਲਸਾ ਫ਼ੌਜਾਂ ਉਥੋਂ ਹੀ ਵਾਪਸ ਆ ਗਈਆਂ।

**ਗੰਗਾ ਰਾਮ ਦਾ ਚਲਾਣਾ**

ਇਸ ਸਾਲ (੧੮੨੬ ਈਸਵੀ) ਕਈ ਪ੍ਰਸਿੱਧ ਆਦਮੀ ਕਾਲ ਵੱਸ ਹੋਏ। ਦੀਵਾਨ ਗੰਗਾ ਰਾਮ ਚਲਾਣਾ ਕਰ ਗਿਆ ਤਾਂ ਉਹਦੀ ਥਾਂ ਪੰਡਿਤ ਦੀਨਾ ਨਾਥ ਨੀਯਤ ਕੀਤਾ ਗਿਆ, ਜਿਸ ਨੂੰ ਪਿਛੋਂ 'ਰਾਜਾ' ਦਾ ਖ਼ਿਤਾਬ ਦਿੱਤਾ ਗਿਆ।

**ਨਵਾਬ ਸਾਦਿਕ ਮੁਹੰਮਦ ਦਾ ਚਲਾਣਾ**

ਏਸੇ ਸਾਲ ਦੇ ਮਹੀਨੇ ਅਪ੍ਰੈਲ ਵਿਚ ਬਹਾਵਲਪੁਰ ਦਾ ਨਵਾਬ ਸਾਦਿਕ ਮੁਹੰਮਦ ਖ਼ਾਂ (ਲਕਬ ਰੁਕਨੁੱਦੌਲਾ) ਮਰਿਆ ਸੀ। ਉਸ ਦਾ ਪੁੱਤਰ ਰਹੀਮ ਯਾਰ ਖ਼ਾਂ (ਮੁਹੰਮਦ ਬਹਾਵਲ ਖ਼ਾਂ ਲਕਬ ਧਾਰਨ ਕਰਕੇ) ਤਖ਼ਤ 'ਤੇ ਬੈਠਾ। ਉਹਨੇ ਮਹਾਰਾਜੇ ਨੂੰ ਪੰਝੀ ਹਜ਼ਾਰ ਨਜ਼ਰਾਨਾ ਭੇਜਿਆ। ਹਾਫ਼ਿਜ਼ ਅਹਿਮਦ ਖ਼ਾਂ (ਮਾਨਕੇਰਾ ਦਾ ਪੁਰਾਣਾ ਨਵਾਬ) ਡੇਹਰਾ ਇਸਮਾਈਲ ਖ਼ਾਂ ਦਾ ਜਾਗੀਰਦਾਰ ਮਰ ਗਿਆ ਤਾਂ ਲਾਹੌਰ ਸਰਕਾਰ ਦਾ ਹੁਕਮ ਪਾ ਕੇ ਸ. ਖੜਕ ਸਿੰਘ ਨੇ ਅਹਿਮਦ ਖ਼ਾਂ ਦੇ ਪੁੱਤਰ ਸ਼ਾਹ ਨਿਵਾਜ਼ ਖ਼ਾਂ ਤੋਂ ਪੰਝੀ ਹਜ਼ਾਰ ਨਜ਼ਰਾਨਾ ਲੈ ਕੇ ਜਾਗੀਰ ਦਾ ਮਾਲਕ ਬਣਾਇਆ।

**ਜ਼ਾਲਮ ਸੈਨ ਦਾ ਚਲਾਣਾ**

ਮੰਡੀ ਦਾ ਰਾਜਾ ਜ਼ਾਲਮ ਸੈਨ ਮਰ ਗਿਆ, ਤਾਂ ਪੰਜਾਹ ਹਜ਼ਾਰ ਨਜ਼ਰਾਨਾ ਲੈ ਕੇ ਉਹਦੇ ਭਤੀਜੇ ਬੀਰ ਸੈਨ

---

1. ਲਤੀਫ਼, ਪੰਨਾ ੪੩੫



Sri Satguru Jagjit Singh Ji eLibrary NamdhariElibrary@gmail.com

**ਬੀਰ ਸਿੰਘ ਕੈਦ**

(ਈਸਰੀ ਸੈਨ ਦੇ ਪੁੱਤਰ) ਨੂੰ ਗੱਦੀ 'ਤੇ ਬਿਠਾ ਦਿੱਤਾ। ਨੂਰਪੁਰ ਦੇ ਤਖ਼ਤੋਂ ਲੱਥੇ ਰਾਜੇ ਬੀਰ ਸਿੰਘ ਨੇ ਫਿਰ ਪਹਾੜੀਏ ਇਕੱਠੇ ਕਰ ਕੇ ਕਿਲ੍ਹੇ ਉੱਤੇ ਹਮਲਾ ਕੀਤਾ ਪਰ ਉਹ ਸ. ਦੇਸਾ ਸਿੰਘ ਮਜੀਠੀਏ ਤੋਂ ਹਾਰ ਗਿਆ ਤੇ ਕੈਦ ਕਰਕ ਲਾਹੌਰ ਪਹੁੰਚਾ ਦਿੱਤਾ ਗਿਆ।[1]

**ਮਹਾਰਾਜਾ ਬੀਮਾਰ ਡਾ. ਮਰੇ**

ਏਸੇ ਸਾਲ (੧੮੨੬) ਮਹਾਰਾਜਾ ਬੀਮਾਰ ਹੋ ਗਿਆ। ਫ਼ਕੀਰ ਅਜ਼ੀਜ਼ੁੱਦੀਨ ਤੇ ਅਨਾਇਤ ਸ਼ਾਹ ਹਕੀਮ ਨੇ ਇਲਾਜ ਕੀਤਾ। ਸਰਕਾਰ ਅੰਗਰੇਜ਼ੀ ਨੇ ਫ਼ੌਜ ਦੇ ਸਰਜਨ ਡਾ. 'ਮਰੇ' ਨੂੰ ਮਹਾਰਾਜੇ ਦੇ ਇਲਾਜ ਵਾਸਤੇ ਭੇਜਿਆ। ਮਹਾਰਾਜੇ ਵੱਲੋਂ ਉਸ ਦੀ ਬੜੀ ਸੇਵਾ ਕੀਤੀ ਗਈ, ਮਗਰ ਸ਼ੇਰੇ-ਪੰਜਾਬ ਦਵਾਈ ਆਪਣੇ ਹਕੀਮਾਂ ਦੀ ਹੀ ਖਾਂਦਾ ਰਿਹਾ। ਉਹ 'ਮਰੇ' ਨੂੰ ਆਪਣੇ ਕੋਲ ਪਸੰਦ ਨਹੀਂ ਸੀ ਕਰਦਾ।[2] ਮਹਾਰਾਜਾ ਅਰੋਗ ਹੋ ਗਿਆ ਤਾਂ ਹਜ਼ਾਰਾਂ ਰੁਪਏ ਗ਼ਰੀਬਾਂ ਨੂੰ ਦਾਨ ਦਿੱਤਾ ਗਿਆ।

**ਸੱਯਦ ਅਹਿਮਦ ਸ਼ਾਹ ਬਰੇਲਵੀ**

ਸੱਯਦ ਅਹਿਮਦ ਸ਼ਾਹ ਬਰੇਲੀ (ਯੂ. ਪੀ.) ਦੇ ਰਹਿਣ ਵਾਲਾ ਸੀ। ਪਹਿਲਾਂ ਉਹ ਅਮੀਰ ਖ਼ਾਂ ਰੁਹੇਲਾ ਦੇ ਰਸਾਲੇ ਵਿਚ ਨੌਕਰ ਸੀ। ਫਿਰ ਉਹ ਨੌਕਰੀ ਛੱਡ ਕੇ ਮਜ਼ਬੀ ਪੇਸ਼ਵਾ ਬਣ ਗਿਆ। ੧੮੨੨ ਈਸਵੀ ਵਿਚ ਉਹ ਕਲਕੱਤੇ ਰਾਹੀਂ ਮੱਕੇ ਮਦੀਨੇ ਗਿਆ, ਤੇ ਚਾਰ ਸਾਲ ਪਿਛੋਂ ਉਧਰੋਂ ਮੁੜਿਆ। ਦਿੱਲੀ ਵਿਚ ਉਹਨੇ ਸਿੱਖਾਂ ਦੇ ਵਿਰੁੱਧ ਮੁਸਲਮਾਨਾਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ, ਪਰੰਤੂ ਅੰਗਰੇਜ਼ ਦੇ ਵਿਰੁਧ ਕੁਝ ਨਹੀਂ ਸੀ ਕਹਿੰਦਾ। ਉਹਨੇ ਇਕ ਕਿਤਾਬ 'ਤਕਵੀਅਤੇ ਇਸਲਾਮ' ਛਾਪੀ। ਅੰਗਰੇਜ਼ੀ ਹਿੰਦ ਦੇ ਮੁਸਲਮਾਨਾਂ ਕੋਲੋਂ ਚੰਦਾ ਵੀ ਇਕੱਠਾ ਕੀਤਾ ਤੇ ਸਿੱਖਾਂ ਦੇ ਵਿਰੁੱਧ ਲੜਨ ਵਾਸਤੇ ਗ਼ਾਜ਼ੀ ਵੀ ਭਰਤੀ ਕੀਤੇ। ਉਸ ਦੇ ਮੁਰੀਦ ਹਜ਼ਾਰਾਂ ਦੀ ਗਿਣਤੀ ਵਿਚ ਹੋ ਗਏ। ਦਿੱਲੀ ਦੇ ਪ੍ਰਸਿੱਧ ਮੌਲਵੀ ਇਸਮਾਈਲ ਤੇ ਅਬਦੁਲ ਹਈ ਵੀ ਉਹਦੇ ਮੁਰੀਦਾਂ ਵਿਚੋਂ ਸਨ। ੧੮੨੬ ਈਸਵੀ ਵਿਚ ਉਹ ਪੰਜ ਸੌ ਮੁਰੀਦ ਲੈ ਕੇ ਦਿੱਲੀਉਂ ਤੁਰਿਆ। ਇਹ ਵੀ ਫ਼ੈਸਲਾ ਹੋਇਆ ਕਿ ਮਗਰੇ ਮਗਰ ਹੋਰ ਲੀਡਰ ਜੱਥੇ ਲੈ ਕੇ ਆਉਣਗੇ। ਸੱਯਦ ਅਹਿਮਦ ਰਾਜਪੂਤਾਨੇ ਰਾਹੀਂ ਸਿੰਧ ਪੁੱਜਾ। ਖ਼ੈਰਪੁਰ ਦੇ ਮੀਰ ਰੁਸਤਮ ਨੇ ਉਹਦੀ ਬੜੀ ਆਓ ਭਗਤ ਕੀਤੀ। ਇਥੋਂ ਸੱਯਦ ਕੰਧਾਰ, ਕਾਬਲ ਦੇ ਰਾਹ ਯੂਸਫ਼ ਜ਼ਈ ਪਹਾੜਾਂ ਵਿਚ ਆ ਗਿਆ। ਇਥੋਂ ਦੇ ਮੁਸਲਮਾਨਾਂ ਨੂੰ

**ਸੱਯਦ ਅਹਿਮਦ ਦੀ ਬ਼ਗ਼ਾਵਤ**

ਭੜਕਾ ਕੇ ਉਹਨੇ ਸਿੱਖ ਰਾਜ ਦੇ ਵਿਰੁੱਧ ਜਹਾਦ ਦਾ ਝੰਡਾ ਖੜਾ ਕਰ ਦਿੱਤਾ। ਖ਼ਬਰ ਪਾ ਕੇ ਮਹਾਰਾਜੇ ਨੇ ਸੰਧਾਵਾਲੀਆ ਸਰਦਾਰਾਂ—ਬੁੱਧ ਸਿੰਘ, ਅਤਰ ਸਿੰਘ, ਲਹਿਣਾ ਸਿੰਘ—ਨੂੰ ਭੇਜਿਆ। ਜਦ ਸੰਧਾਵਾਲੀਏ ਅਟਕੋਂ ਪਾਰ ਅਕੋੜਾ ਦੇ ਮੈਦਾਨ

---

1. ਲਤੀਫ਼, ਪੰਨਾ ੪੩੬
2. ਕਨਿੰਘਮ ਪੰਨਾ ੧੮੨



Sri Satguru Jagjit Singh Ji eLibrary NamdhariElibrary@gmail.com

ਵਿਚ ਪੁੱਜੇ, ਤਾਂ ਸੱਯਦ ਅਹਿਮਦ ਸ਼ਾਹ ਨੇ ਕਈ ਹਜ਼ਾਰ ਗ਼ਾਜ਼ੀਆਂ ਨਾਲ ਸਿੱਖ ਫ਼ੌਜ 'ਤੇ ਧਾਵਾ ਬੋਲ ਦਿੱਤਾ। ੨੩ ਫਰਵਰੀ, ੧੮੨੭ ਨੂੰ ਬੜੀ ਭਾਰੀ ਲੜਾਈ ਹੋਈ ਜਿਸ ਵਿਚ ਸੱਯਦ ਅਹਿਮਦ ਪੂਰੀ ਤਰ੍ਹਾਂ ਹਾਰ ਕੇ ਪਹਾੜਾਂ ਨੂੰ ਨੱਸ ਗਿਆ।[1] ਅਕਤੂਬਰ ਦੇ ਮਹੀਨੇ ਉਹਨੇ ਫੇਰ ਅਟਕ ਦੇ ਇਲਾਕੇ ਵਿਚ ਆ ਗੜਬੜ ਕੀਤੀ। ਸ. ਖੜਕ ਸਿੰਘ, ਜਰਨੈਲ ਵੰਤੂਰਾ ਤੇ ਅਲਾਰਡ ਟਾਕਰੇ 'ਤੇ ਗਏ। ਬੜੀ ਲਹੂ ਡੋਲਵੀਂ ਲੜਾਈ ਹੋਈ, ਜਿਸ ਵਿਚ ਛੇ ਹਜ਼ਾਰ ਗ਼ਾਜ਼ੀ ਮਰਵਾ ਕੇ ਸੱਯਦ ਹਾਰ ਗਿਆ।[2]

**ਸੱਯਦ ਅਹਿਮਦ ਹਾਰ ਗਿਆ**

ਇਸੇ ਸਾਲ (੧੮੨੭) ਈਸਵੀ ਲਾਹੌਰ ਵਿਚ ਹੈਜ਼ਾ ਪਿਆ ਜਿਸ ਵਿਚ ਸੈਂਕੜੇ ਬੰਦੇ ਮਰ ਗਏ। ਸ. ਬੁਧ ਸਿੰਘ ਸੰਧਾਵਾਲੀਆ ਸੁਰਗਵਾਸ ਹੋਇਆ। ਇਸੇ ਸਮੇਂ ਕਸ਼ਮੀਰ ਵਿਚ ਬੜਾ ਸਖ਼ਤ ਭੁਚਾਲ ਆਇਆ ਜਿਸ ਵਿਚ ਨੌਂ ਹਜ਼ਾਰ ਮਕਾਨ ਢਹਿ ਪਏ ਤੇ ਲਗਭਗ ਚਾਲੀ ਹਜ਼ਾਰ ਬੰਦੇ ਮਰ ਗਏ।[3] ਮਹਾਰਾਜਾ ਨੇ ਕਸ਼ਮੀਰ ਦਾ ਮਾਮਲਾ ਮਾਫ਼ ਕਰ ਦਿੱਤਾ ਤੇ ਮੁਸੀਬਤ ਮਾਰਿਆਂ ਦੀ ਮਦਦ ਵਾਸਤੇ ਲੱਖਾਂ ਰੁਪਏ ਖ਼ਰਚ ਕੀਤੇ।

**ਲਾਹੌਰ ਵਿਚ ਹੈਜ਼ਾ**

**ਬੁੱਧ ਸਿੰਘ ਦਾ ਚਲਾਣਾ**

**ਕਸ਼ਮੀਰ ਵਿਚ ਭੁਚਾਲ**

੧੮੨੭ ਈਸਵੀ ਦੀਆਂ ਗਰਮੀਆਂ ਕੱਟਣ ਵਾਸਤੇ ਅੰਗਰੇਜ਼ੀ ਗਵਰਨਰ ਜੈਨਰਲ ਲਾਰਡ ਐਮ੍ਹਰਸਟ ਸ਼ਿਮਲੇ ਆਇਆ। ਮਹਾਰਾਜੇ ਨੇ ਦੀਵਾਨ ਮੋਤੀ ਰਾਮ ਤੇ ਫ਼ਕੀਰ ਅਜ਼ੀਜ਼ੁੱਦੀਨ ਨੂੰ ਤੋਹਫ਼ੇ ਦੇ ਕੇ ਸ਼ਿਮਲੇ ਭੇਜਿਆ। ਇਸ ਸਿੱਖ ਮਿਸ਼ਨ ਦੇ ਜਵਾਬ ਵਿਚ ਅੰਗਰੇਜ਼ੀ ਮਿਸ਼ਨ ੩੧ ਮਈ ਨੂੰ ਅੰਮ੍ਰਿਤਸਰ ਆਇਆ ਜੋ ਮਹਾਰਾਜੇ ਵਾਸਤੇ ਤੋਹਫ਼ੇ ਲਿਆਇਆ। ਦੋਹਾਂ ਸਰਕਾਰਾਂ ਨੇ ਆਉਣ ਵਾਲੇ ਰਾਜਦੂਤਾਂ ਦਾ ਬੜਾ ਸਵਾਗਤ ਕੀਤਾ। ੧੮੨੩ ਈਸਵੀ ਤੋਂ ਅੰਗਰੇਜ਼ਾਂ ਦੀ ਪਾਲਿਸੀ ਬਦਲ ਗਈ ਸੀ। ਹੁਣ ਉਹ ਦਿਲੋਂ ਸਿੱਖਾਂ ਦੇ ਮਿੱਤਰ ਨਹੀਂ ਸਨ। ਉਹ ਹਰ ਢੰਗ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਵਧਦੀ ਤਾਕਤ ਨੂੰ ਰੋਕਣਾ ਚਾਹੁੰਦੇ ਸਨ। ਸੱਯਦ ਅਹਿਮਦ ਬਰੇਲਵੀ ਵੀ ਅੰਗਰੇਜ਼ਾਂ ਦੀ ਸ਼ਹਿ 'ਤੇ ਹੀ ਬਗ਼ਾਵਤ ਕਰਨ ਲਈ ਤਿਆਰ ਹੋਇਆ ਸੀ। ਉਹ ਪੈਸੇ ਤੇ ਪੰਜ ਸੌ ਮੁਰੀਦ ਅੰਗਰੇਜ਼ੀ ਇਲਾਕੇ ਵਿਚੋਂ ਹੀ ਲੈ ਕੇ ਆਇਆ ਸੀ। ਅਸਲੀ ਗੱਲ ਤਾਂ ਇਹ ਹੈ ਕਿ ਅੰਗਰੇਜ਼ ਉਪਰੋਂ ਸ਼ੇਰੇ-ਪੰਜਾਬ

**ਸਿੱਖ ਮਿਸ਼ਨ ਸ਼ਿਮਲੇ**

**ਅੰਗਰੇਜ਼ੀ ਮਿਸ਼ਨ ਅੰਮ੍ਰਿਤਸਰ**

**ਅੰਗਰੇਜ਼ੀ ਪਾਲਿਸੀ ਵਿਚ ਤਬਦੀਲੀ**

---

1. ਲਤੀਫ਼, ਪੰਨੇ ੪੩੭-੮; ਕਨਿੰਘਮ, ਪੰਨੇ ੧੮੬ ਤੋਂ ੧੮੮; ਮੈਕਗ੍ਰੇਗਰ, ਪੰਨਾ ੧੯੭; ਗੰਡਾ ਸਿੰਘ (ਸ਼ਾਮ ਸਿੰਘ) ਪੰਨਾ ੪੭
2. ਅਮਰ ਨਾਥ, ਪੰਨਾ ੧੮੧; ਕੋਹਲੀ, ਪੰਨਾ ੨੬੪
3. ਅਮਰ ਨਾਥ, ਪੰਨਾ ੧੭੯



Sri Satguru Jagjit Singh Ji eLibrary NamdhariElibrary@gmail.com

ਦੇ ਮਿੱਤਰ ਬਣੇ ਹੋਏ ਸਨ ਤੇ ਅੰਦਰੋਂ ਉਸ ਦੀ ਤਾਕਤ ਕਮਜ਼ੋਰ ਕਰਨਾ ਚਾਹੁੰਦੇ ਸਨ। ੧੮੨੮ ਈਸਵੀ ਵਿਚ ਅੰਗਰੇਜ਼ ਪ੍ਰਧਾਨ-ਸੈਨਾਪਤੀ (ਕਮਾਂਡਰ ਇਨ-ਚੀਫ਼) ਲਾਡਰ ਕੌਂਮਬਰ ਮੇਅਰ ਲੁਧਿਆਣੇ ਆਇਆ। ਮਹਾਰਾਜੇ ਦੇ ਏਲਚੀ ਉਹਨੂੰ ਮਿਲਣ ਗਏ। ਅੰਗਰੇਜ਼ ਸੈਨਾਪਤੀ ਨੇ ਪੰਜਾਬ ਵਿਚ ਸਿੱਖਾਂ ਦੇ ਮਜ਼ਬੂਤ ਕਿਲ੍ਹੇ ਵੇਖਣ ਦੀ ਇੱਛਿਆ ਪ੍ਰਗਟ ਕੀਤੀ, ਮਗਰ ਮਹਾਰਾਜੇ ਨੇ ਇਸ ਦੀ ਆਗਿਆ ਨਾ ਦਿੱਤੀ।[1] ਏਸੇ ਸਮੇਂ ਸਤਲੁਜ ਤੋਂ ਖੱਬੇ ਹੱਥ ਲਾਹੌਰ ਦਰਬਾਰ ਦੇ ਇਲਾਕਿਆਂ ਬਾਰੇ ਝਗੜਾ ਪੈ ਗਿਆ। ਮਹਾਰਾਜੇ ਨੇ ਅਨੰਦਪੁਰ, ਚਮਕੌਰ, ਵੱਧਣੀ, ਫ਼ਿਰੋਜ਼ਪੁਰ ਤੇ ਆਹਲੂਵਾਲੀਏ ਦੇ ਇਲਾਕਿਆਂ ਉੱਤੇ ਆਪਣਾ ਹੱਕ ਦੱਸਿਆ। ਸਰਕਾਰ ਅੰਗਰੇਜ਼ੀ ਨੇ ਅਨੰਦਪੁਰ, ਚਮਕੌਰ ਤੇ ਵੱਧਣੀ ਉੱਤੇ ਮਹਾਰਾਜੇ ਦਾ ਹੱਕ ਪ੍ਰਵਾਨ ਕਰ ਲਿਆ, ਪਰ ਬਾਕੀ ਇਲਾਕਿਆਂ ਉੱਤੇ ਨਹੀਂ।[2]

**ਅੰਗਰੇਜ਼ ਸੈਨਾਪਤੀ ਨੇ ਪੰਜਾਬ ਦੇ ਕਿਲ੍ਹੇ ਵੇਖਣੇ ਚਾਹੇ**

**ਸਤਲੁਜ ਪਾਰ**

ਡੋਗਰਾ ਭਰਾਵਾਂ (ਗੁਲਾਬ ਸਿੰਘ, ਧਿਆਨ ਸਿੰਘ ਤੇ ਸੁਚੇਤ ਸਿੰਘ) ਦੀ ਇੱਜ਼ਤ ਲਾਹੌਰ ਦਰਬਾਰ ਵਿਚ ਦਿਨੋ ਦਿਨ ਵਧਦੀ ਜਾ ਰਹੀ ਸੀ। ਤਿੰਨ ਭਰਾਵਾਂ ਨੂੰ ਸ਼ੇਰੇ ਪੰਜਾਬ ਵੱਲੋਂ 'ਰਾਜਾ' ਦਾ ਖ਼ਿਤਾਬ ਦਿੱਤਾ ਗਿਆ ਸੀ। ਅਪ੍ਰੈਲ, ੧੮੨੮ ਈਸਵੀ ਵਿਚ ਰਾਜਾ ਧਿਆਨ ਸਿੰਘ ਨੂੰ ਸਿੱਖ ਰਾਜ ਦਾ ਪ੍ਰਧਾਨ ਮੰਤਰੀ (ਵਜ਼ੀਰੇ ਆਜ਼ਮ) ਬਣਾਇਆ ਗਿਆ। ਇਸੇ ਸਮੇਂ ਰਾਜਾ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੂੰ ਰਾਜਾ ਦਾ ਖ਼ਿਤਾਬ ਦਿੱਤਾ ਗਿਆ। ਉਹ ਉਸ ਵੇਲੇ ਬਾਰਾਂ ਸਾਲ ਦਾ ਸੀ। ਦਰਬਾਰ ਵਿਚ ਮਹਾਰਾਜੇ ਦੇ ਸਾਹਮਣੇ ਕੇਵਲ ਹੀਰਾ ਸਿੰਘ ਕੁਰਸੀ ਉੱਤੇ ਬਹਿੰਦਾ ਸੀ। ਬਾਕੀ ਸਾਰੇ ਅਫ਼ਸਰ ਫ਼ਰਸ਼ ਉੱਤੇ ਬਹਿੰਦੇ ਸਨ। ਰਾਜਾ ਧਿਆਨ ਸੰਘ ਜਿੰਨਾ ਚਿਰ ਵੀ ਮਹਾਰਾਜੇ ਦੀ ਹਜ਼ੂਰੀ ਵਿਚ ਰਹਿੰਦਾ, ਓਨਾ ਚਿਰ ਤਖ਼ਤ ਦੇ ਮਗਰਲੇ ਪਾਸੇ ਖਲੋ ਕੇ ਸਿਰ 'ਤੇ ਚੌਰ ਕਰਦਾ ਰਹਿੰਦਾ। ਉਹ ਖ਼ੁਸ਼ਾਮਦ ਕਰਨੀ ਸਭ ਤੋਂ ਵਧੇਰੇ ਜਾਣਦਾ ਸੀ। ਸੰਸਾਰ ਚੰਦ ਦੇ ਥਾਂ ਕਟੋਚ ਦਾ ਰਾਜਾ ਅਨਰੋਧ ਚੰਦ (ਸੰਸਾਰ ਚੰਦ ਦਾ ਪੁੱਤਰ) ਸੀ। ੧੮੨੮ ਈਸਵੀ ਵਿਚ ਉਹ ਲਾਹੌਰ ਆਇਆ। ਉਸ ਦੇ ਨਾਲ ਹੀ ਉਸ ਦੀ ਮਾਂ ਤੇ ਦੋ ਕੁਆਰੀਆਂ ਭੈਣਾਂ ਸਨ। ਮਹਾਰਾਜੇ ਨੇ ਸੰਸਾਰ ਚੰਦ ਦੀ ਰਾਣੀ ਨੂੰ ਕਿਹਾ ਕਿ ਉਹ ਇਕ ਲੜਕੀ ਦਾ ਰਿਸ਼ਤਾ ਰਾਜਾ ਹੀਰਾ ਸਿੰਘ (ਰਾਜਾ ਧਿਆਨ ਸਿੰਘ ਦਾ ਪੁੱਤਰ) ਨੂੰ ਕਰ ਦੇਵੇ। ਸੰਸਾਰ ਚੰਦ ਦਾ ਘਰਾਣਾ, ਡੋਗਰੇ ਧਿਆਨ ਸਿੰਘ ਦੇ ਘਰਾਣੇ ਨੂੰ ਆਪਣੇ ਨਾਲੋਂ ਨੀਵਾਂ ਸਮਝਦਾ ਸੀ। ਰਾਣੀ ਨੇ ਹੀਰਾ ਸਿੰਘ ਨੂੰ ਰਿਸ਼ਤਾ ਕਰਨਾ ਪਰਵਾਨ ਨਾ ਕੀਤਾ। ਉਹ ਚੋਰੀ ਲੜਕੀਆਂ ਨੂੰ ਨਾਲ ਲੈ ਕੇ ਸਤਲੁਜੋਂ ਪਾਰ ਨੱਸ ਗਈ। ਮਹਾਰਾਜੇ ਨੇ ਅਨਰੋਧ ਚੰਦ ਨੂੰ ਕਿਹਾ ਕਿ

**ਧਿਆਨ ਸਿੰਘ ਵਜ਼ੀਰ ਬਣਿਆ**

**ਹੀਰਾ ਸਿੰਘ ਰਾਜਾ**

**ਅਨਰੋਧ ਚੰਦ ਨਾਲ ਨਾਰਾਜ਼ਗੀ**

1. ਕਨਿੰਘਮ, ਪੰਨਾ ੧੮੩
2. ਕਨਿੰਘਮ, ਪੰਨਾ ੧੮੪



Sri Satguru Jagjit Singh Ji eLibrary NamdhariElibrary@gmail.com

ਉਹ ਆਪਣੀ ਮਾਂ ਨੂੰ ਵਾਪਸ ਲਿਆਵੇ ਤਾਂ ਉਹ ਵੀ ਸਤਲੁਜੋਂ ਪਾਰ ਨੱਸ ਗਿਆ। ਉਸ ਨੇ ਸਿੱਖਾਂ ਦੇ ਵਿਰੁੱਧ ਸਰਕਾਰ ਅੰਗਰੇਜ਼ੀ ਤੋਂ ਮਦਦ ਮੰਗੀ, ਪਰ ਅੰਗਰੇਜ਼ ਨਾ ਮੰਨੇ।[1] ਮਹਾਰਾਜੇ ਨੇ ਉਸ ਦਾ ਸਾਰਾ ਇਲਾਕਾ ਜ਼ਬਤ ਕਰ ਲਿਆ। ਅਨਰੋਧ ਚੰਦ ਏਸੇ ਗ਼ਮ ਨਾਲ ਮਰ ਗਿਆ। ਮਹਾਰਾਜੇ ਨੇ ਅਨਰੋਧ ਚੰਦ ਦੇ ਭਰਾ ਫ਼ਤਹਿ ਚੰਦ ਨੂੰ ਰਾਜਾ ਬਣਾ ਕੇ ਜਾਗੀਰ ਦਿੱਤੀ। ਅਨਰੋਧ ਚੰਦ ਦੇ ਪਿਛੇ ਰਹੇ ਪਰਿਵਾਰ ਨੂੰ ਵੀ ਜਾਗੀਰ ਦਿੱਤੀ। ਮਹਾਰਾਜੇ ਦੀ ਖ਼ੁਸ਼ੀ ਹਾਸਲ ਕਰਨ ਬਦਲੇ ਸੰਸਾਰ ਚੰਦ ਦੀ ਦੂਜੀ ਰਾਣੀ ਨੇ ੧੮੨੯ ਈਸਵੀ ਵਿਚ ਆਪਣੀਆਂ ਦੋ ਖ਼ੂਬਸੂਰਤ ਲੜਕੀਆਂ ਮਹਾਰਾਜੇ ਨਾਲ ਵਿਆਹ ਦਿੱਤੀਆਂ। ਮਹਾਰਾਜੇ ਨੇ ਉਸ ਰਾਣੀ ਦੇ ਪੁੱਤਰ ਜੋਧਬੀਰ ਚੰਦ ਨੂੰ ਜਾਗੀਰ ਦੇ ਕੇ 'ਰਾਜਾ' ਦਾ ਖ਼ਿਤਾਬ ਦਿੱਤਾ।[2]

**ਫ਼ਤਹਿ ਚੰਦ ਨੂੰ ਜਾਗੀਰ**

**ਜੋਧਬੀਰ ਚੰਦ ਨੂੰ ਜਾਗੀਰ**

੧੮੨੯ ਈਸਵੀ ਵਿਚ ਸੱਯਦ ਅਹਿਮਦ ਸ਼ਾਹ ਨੇ ਫਿਰ ਪਿਸ਼ਾਵਰ ਉੱਤੇ ਹਮਲਾ ਕੀਤਾ। ਉਸ ਵੇਲੇ ਸਿੱਖ ਰਾਜ ਵੱਲੋਂ ਪਿਸ਼ਾਵਰ ਦਾ ਗਵਰਨਰ ਯਾਰ ਮੁਹੰਮਦ ਖ਼ਾਂ ਸੀ। ਉਹ ਈਮਾਨਦਾਰੀ ਨਾਲ ਸੱਯਦ ਦੇ ਗ਼ਾਜ਼ੀਆਂ ਸਾਹਮਣੇ ਹਿੱਕ ਡਾਹ ਕੇ ਲੜਿਆ, ਪਰ ਲੜਾਈ ਵਿਚ ਜ਼ਖ਼ਮੀ ਹੋ ਕੇ ਮਰ ਗਿਆ।[3] ਸੱਯਦ ਨੇ ਪਿਸ਼ਾਵਰ 'ਤੇ ਕਬਜ਼ਾ ਕਰ ਲਿਆ। ਸ. ਸ਼ੇਰ ਸਿੰਘ ਤੇ ਜਰਨੈਲ ਵੰਤੂਰਾ ਉਸ ਵੇਲੇ ਅਟਕ ਕੋਲ ਸਨ। ਮਹਾਰਾਜੇ ਦਾ ਹੁਕਮ ਪਾ ਕੇ ਉਹ ਦੋਵੇਂ ਬਿਜਲੀ ਵਾਂਗ ਕੜਕ ਕੇ ਪਿਸ਼ਾਵਰ 'ਤੇ ਜਾ ਪਏ। ਬੜੀ ਭਾਰੀ ਲੜਾਈ ਪਿਛੋਂ ਸੱਯਦ ਹਾਰ ਕੇ ਨੱਸ ਗਿਆ ਤੇ ਸਿੱਖ ਫ਼ੌਜ ਨੇ ਪਿਸ਼ਾਵਰ 'ਤੇ ਕਬਜ਼ਾ ਕਰ ਲਿਆ। ਯਾਰ ਮੁਹੰਮਦ ਖ਼ਾਂ ਦਾ ਭਰਾ ਸੁਲਤਾਨ ਮੁਹੰਮਦ ਖ਼ਾਂ ਇਸ ਲੜਾਈ ਵਿਚ ਸਿੱਖਾਂ ਦੀ ਮਦਦ ਕਰਦਾ ਰਿਹਾ ਸੀ। ਉਹਨੇ ਪ੍ਰਸਿੱਧ ਘੋੜਾ 'ਲੇਲੀ' ਮਹਾਰਾਜੇ ਵਾਸਤੇ ਸ. ਸ਼ੇਰ ਸਿੰਘ ਦੀ ਭੇਟਾ ਕੀਤਾ ਤੇ ਪਿਸ਼ਾਵਰ ਦੀ ਸੂਬੇਦਾਰੀ ਮੰਗੀ। ਮਹਾਰਾਜੇ ਦਾ ਹੁਕਮ ਪਹੁੰਚਣ ਉੱਤੇ ਸ. ਸ਼ੇਰ ਸਿੰਘ ਨੇ ਸੁਲਤਾਨ ਮੁਹੰਮਦ ਖ਼ਾਂ ਨੂੰ ਪਿਸ਼ਾਵਰ ਦਾ ਗਵਰਨਰ ਬਣਾ ਦਿੱਤਾ। ਖ਼ਾਲਸਾ ਫ਼ੌਜ ਵਾਪਸ ਆ ਗਈ। ਵੰਤੂਰਾ ਘੋੜਾ 'ਲੇਲੀ' ਲੈ ਕੇ ਲਾਹੌਰ ਆ ਪੁੱਜਾ।

**ਸੱਯਦ ਅਹਿਮਦ ਦਾ ਪਿਸ਼ਾਵਰ 'ਤੇ ਹਮਲਾ, ਯਾਰ ਮੁਹੰਮਦ ਕਤਲ**

**ਸਿੱਖਾਂ ਦਾ ਫਿਰ ਪਿਸ਼ਾਵਰ 'ਤੇ ਕਬਜ਼ਾ**

**ਘੋੜਾ ਲੇਲੀ**

**ਸੁਲਤਾਨ ਮੁਹੰਮਦ ਖ਼ਾਂ ਪਿਸ਼ਾਵਰ ਦਾ ਗਵਰਨਰ**

ਜੂਨ, ੧੮੩੦ ਈਸਵੀ ਵਿਚ ਸੱਯਦ ਅਹਿਮਦ ਸ਼ਾਹ ਕਸ਼ਮੀਰ ਵਿਚ ਬਗ਼ਾਵਤ

---

1. ਕਨਿੰਘਮ, ਪੰਨਾ ੨੮੫
2. ਲਤੀਫ਼, ਪੰਨਾ ੪੪੧; ਕਨਿੰਘਮ, ਪੰਨਾ ੧੮੫
3. ਕਨਿੰਘਮ, ਪੰਨਾ ੧੮੯; ਮੈਕਗ੍ਰੇਗਰ, ਪੰਨਾ ੧੯੭; ਲਤੀਫ਼, ਪੰਨਾ ੪੪੧



Sri Satguru Jagjit Singh Ji eLibrary NamdhariElibrary@gmail.com

ਸੱਯਦ ਨਲਵੇ ਤੋਂ ਹਾਰ ਗਿਆ

ਕਰਾਉਣ ਬਦਲੇ ਦਰਿਆ ਅਟਕ ਟੱਪ ਪਿਆ। ਅੱਗੋਂ ਸ. ਹਰੀ ਸਿੰਘ ਨਲਵਾ ਤੇ ਜਰਨੈਲ ਅਲਾਰਡ ਟਾਕਰੇ ਵਾਸਤੇ ਆਏ। ਲੜਾਈ ਵਿਚ ਹਾਰ ਕੇ ਸੱਯਦ ਫੇਰ ਨੱਸ ਗਿਆ।[1]

ਕਸ਼ਮੀਰ ਵੱਲੋਂ ਮੁੜ ਕੇ ਸੱਯਦ ਫਿਰ ਪਿਸ਼ਾਵਰ ਵੱਲ ਵਧਿਆ। ਇਸ ਵਾਰ ਉਹਦੇ ਨਾਲ ਚਾਲੀ ਹਜ਼ਾਰ ਗ਼ਾਜ਼ੀ ਸਨ। ਸੁਲਤਾਨ ਮੁਹੰਮਦ ਖ਼ਾਂ ਨੇ ਸੱਯਦ ਅਹਿਮਦ ਸ਼ਾਹ ਦੀਆਂ ਸ਼ਰਤਾਂ ਮੰਨ ਕੇ ਸੁਲ੍ਹਾ ਕਰ ਲਈ ਤੇ ਨਜ਼ਰਾਨਾ ਤਾਰਿਆ।[2]

ਸੱਯਦ ਅਹਿਮਦ ਦਾ ਪਿਸ਼ਾਵਰ 'ਤੇ ਕਬਜ਼ਾ

ਇਸ ਤਰ੍ਹਾਂ ਸੱਯਦ ਦਾ ੧੮੩੦ ਈਸਵੀ ਵਿਚ ਪਿਸ਼ਾਵਰ 'ਤੇ ਕਬਜ਼ਾ ਹੋ ਗਿਆ। ਉਹਨੇ ਉਥੇ ਇਸਲਾਮੀ ਕਾਨੂੰਨ ਦੇ ਮੁਤਾਬਿਕ ਮੌਲਵੀਆਂ ਦੀ ਅਦਾਲਤ ਬਿਠਾ ਦਿੱਤੀ। ਉਹਨੇ ਆਪਣੇ ਆਪ ਨੂੰ ਇਸਲਾਮ ਦਾ ਖ਼ਲੀਫ਼ਾ ਦਸ ਕੇ ਆਪਣੇ ਨਾਂ ਦਾ ਸਿੱਕਾ ਚਾਲੂ ਕੀਤਾ। ਉਹ ਮੁਸਲਮਾਨਾਂ ਦੇ ਫ਼ਿਰਕਾ 'ਵਹਾਬੀ' ਵਿਚੋਂ ਸੀ।[3]

ਸੱਯਦ ਦੇ ਫ਼ਤਵੇ

ਉਸ ਨੇ ਪਿਸ਼ਾਵਰ ਦੀ ਜਨਤਾ (ਜੋ ਬਹੁਤੀ ਮੁਸਲਮਾਨ ਸੀ) ਤੋਂ ਬੜੇ ਭਾਰੇ ਨਜ਼ਰਾਨੇ ਵਸੂਲ ਕੀਤੇ। ਉਹਨੇ ਫ਼ਤਵਾ ਜਾਰੀ ਕੀਤਾ ਕਿ ਸੂਬਾ ਪਿਸ਼ਾਵਰ ਦੀਆਂ ਸਭ ਵਿਧਵਾ ਔਰਤਾਂ ਦਾ ਤਿੰਨਾਂ ਦਿਨਾਂ ਵਿਚ ਨਕਾਹ ਕਰ ਦਿੱਤਾ ਜਾਵੇ ਨਹੀਂ ਤਾਂ ਉਹਨਾਂ ਦੇ ਵਾਰਸਾਂ ਦੇ ਘਰ ਸਾੜ ਦਿੱਤੇ ਜਾਣਗੇ। ਕੁਝ ਦਿਨਾਂ ਪਿਛੋਂ ਉਸ ਨੇ ਫ਼ਤਵਾ ਜਾਰੀ ਕੀਤਾ, ਕਿ ਬਾਰਾਂ ਦਿਨਾਂ ਦੇ ਅੰਦਰ ਜਿਨ੍ਹਾਂ ਕੁਆਰੀਆਂ ਲੜਕੀਆਂ ਦਾ ਨਿਕਾਹ ਨਾ ਕੀਤਾ ਗਿਆ, ਉਹ ਹਿੰਦ ਵਿਚੋਂ ਆਏ ਗ਼ਾਜ਼ੀਆਂ ਨਾਲ ਨਕਾਹੀਆਂ ਜਾਣਗੀਆਂ।[4] ਕਪਤਾਨ 'ਮਰੇ' ਦੇ ਆਧਾਰ 'ਤੇ ਕਨਿੰਘਮ ਕਹਿੰਦਾ ਹੈ ਕਿ ਯੂਸਫ਼ਜ਼ਈ ਲੜਕੀਆਂ ਦਾ ਸੱਯਦ ਨੇ ਹਿੰਦੁਸਤਾਨੀ ਮੁਰੀਦਾਂ ਨਾਲ ਨਕਾਹ ਕਰ ਦਿੱਤਾ।[5] ਇਸ ਗੱਲ ਤੋਂ ਸਾਰੇ ਪਠਾਣ ਸੱਯਦ ਨਾਲ ਨਰਾਜ਼ ਹੋ ਗਏ। ਉਸ ਦੇ ਮੌਲਵੀਆਂ ਵਿਚੋਂ ਕੁਝ, ਲੋਕਾਂ ਨੇ ਕਤਲ ਵੀ ਕਰ ਦਿੱਤੇ। ਸੱਯਦ ਦੇ ਮੁਜ਼ੱਫ਼ਰਾਬਾਦ ਵਿਚ ਕਾਫ਼ੀ ਮੁਰੀਦ ਸਨ। ਉਹ ਪਿਸ਼ਾਵਰ ਸੁਲਤਾਨ ਮੁਹੰਮਦ ਖ਼ਾਂ ਨੂੰ ਖ਼ਰਾਜ ਬਦਲੇ ਦੇ ਕੇ ਆਪ ਮੁਜ਼ੱਫ਼ਰਾਬਾਦ ਵੱਲੋਂ ਅਟਕੋਂ ਪਾਰ ਟੱਪ ਗਿਆ।

ਸੱਯਦ ਅਹਿਮਦ ਸ਼ਾਹ ਦਾ ਪਿਸ਼ਾਵਰ 'ਤੇ ਕਬਜ਼ਾ ਸੁਣ ਕੇ ਮਹਾਰਾਜੇ ਨੇ ਸ਼ੇਰ

---

1. ਕਨਿੰਘਮ, ਪੰਨਾ ੧੯੮; ਲਤੀਫ਼, ਪੰਨਾ ੪੪੨
2. ਮੈਕਗ੍ਰੇਗਰ, ਪੰਨਾ ੧੯੮; ਲਤੀਫ਼, ਪੰਨਾ ੪੪੨
3. ਲਤੀਫ਼, ਪੰਨਾ ੪੪੨
4. ਗੰਡਾ ਸਿੰਘ (ਰਣਜੀਤ ਸਿੰਘ), ਪੰਨਾ ੨੭; ਲਤੀਫ਼, ਪੰਨਾ ੪੪੨; ਕਨਿੰਘਮ, ਪੰਨਾ ੧੯੦
5. ਕਨਿੰਘਮ ਪੰਨਾ ੧੯੦; ਮਰੇ (ਰਣਜੀਤ ਸਿੰਘ) ਪੰਨਾ ੧੫੦, ਵੱਡੇ ਰੈਜ਼ੀਡੈਂਟ ਦਾ ਦਿੱਲੀ ਨੂੰ ਖ਼ਤ, ੨੧ ਮਾਰਚ, ੧੮੩੧



Sri Satguru Jagjit Singh Ji eLibrary NamdhariElibrary@gmail.com

ਸਿੰਘ ਤੇ ਜਰਨੈਲ ਵੰਤੂਰਾ ਦੇ ਮਾਤਹਿਤ ਭਾਰੀ ਖ਼ਾਲਸਾ ਫੌਜ ਭੇਜੀ। ਉਹਨਾਂ ਮੁਜ਼ੱਫ਼ਰਾਬਾਦ ਦੇ ਇਲਾਕੇ ਵਿਚ ਸੱਯਦ ਨੂੰ ਆ ਘੇਰਿਆ। ਅੰਤ

**ਸੱਯਦ ਅਹਿਮਦ ਕਤਲ**

ਮਈ, ੧੮੩੧ ਈਸਵੀ ਨੂੰ ਬਾਲਾਕੋਟ ਦੀ ਲੜਾਈ ਵਿਚ ਸੱਯਦ ਅਹਿਮਦ ਸ਼ਾਹ ਤੇ ਮੌਲਵੀ ਮੁਹੰਮਦ ਇਸਮਾਈਲ ਮਾਰੇ ਗਏ।[1] ਸ. ਸ਼ੇਰ ਸਿੰਘ ਨੇ ਇਕ ਮੁਸੱਵਰ ਤੋਂ ਸੱਯਦ ਦੀ ਤਸਵੀਰ ਬਣਾ ਕੇ ਮਹਾਰਾਜੇ ਕੋਲ ਭੇਜ ਦਿੱਤੀ।[2] ਸੱਯਦ ਦੀ ਦੇਹ ਬੜੀ ਇੱਜ਼ਤ ਨਾਲ ਦਫ਼ਨਾਈ ਗਈ। ਉਹ ਹਿੰਦੁਸਤਾਨੀ ਮੁਰੀਦ, ਜਿਹੜੇ ਲੜਾਈ ਵਿਚੋਂ ਬਚੇ, ਹਿੰਦੁਸਤਾਨ ਨੂੰ ਨੱਸ ਗਏ। ਪਿਸ਼ਾਵਰ ਦੇ ਸੂਬੇ ਉੱਤੇ ਸਿੱਖਾਂ ਨੇ ਆਪਣਾ ਤਸੱਲਤ ਜਮਾ ਲਿਆ। ਸੁਲਤਾਨ ਮੁਹੰਮਦ ਖ਼ਾਂ ਦੀ ਬੇਨਤੀ ਮੰਨ ਕੇ ਪਿਸ਼ਾਵਰ ਦਾ ਗਵਰਨਰ ਉਸੇ ਨੂੰ ਰਹਿਣ ਦਿੱਤਾ।

ਇਸ ਵੇਲੇ ਸ਼ੇਰੇ ਪੰਜਾਬ ਦੀ ਗੁੱਡੀ ਚੋਟੀ ਉੱਤੇ ਚੜ੍ਹੀ ਹੋਈ ਸੀ। ਉਦਾਲੇ ਦੀਆਂ ਤਾਕਤਾਂ ਵੱਲੋਂ ਆਏ ਦਿਨ ਤੋਹਫ਼ੇ ਤੇ ਮਿੱਤਰਤਾ ਦੇ ਖ਼ਤ

**ਬਲੋਚਸਤਾਨ ਵੱਲੋਂ ਤੋਹਫ਼ੇ**

ਆਉਂਦੇ ਸਨ। ੧੮੨੯ ਈਸਵੀ ਵਿਚ ਬਲੋਚਸਤਾਨ ਦੇ ਵਕੀਲ ਤੋਹਫ਼ੇ ਲੈ ਕੇ ਮਹਾਰਾਜੇ ਦੇ ਪੇਸ਼ ਹੋਏ।

**ਬਾਦਸ਼ਾਹ ਇੰਗਲੈਂਡ ਵੱਲੋਂ ਬਰਨਜ਼ ਤੋਹਫ਼ੇ ਲੈ ਕੇ ਆਇਆ**

੧੮੩੧ ਈਸਵੀ ਵਿਚ ਬਾਦਸ਼ਾਹ ਇੰਗਲੈਂਡ ਵੱਲੋਂ ਅਲੈਗਜ਼ੈਂਡਰ ਬਰਨਜ਼ ਮਹਾਰਾਜੇ ਵਾਸਤੇ ਤੋਹਫ਼ੇ ਲੈ ਕੇ ਆਇਆ ਜਿਨ੍ਹਾਂ ਵਿਚ ਪੰਜ ਵਲਾਇਤੀ ਨਸਲ ਦੇ ਵਧੀਆ ਘੋੜੇ ਤੇ ਇਕ ਵਲਾਇਤੀ ਬੱਘੀ ਖ਼ਾਸ ਚੀਜ਼ ਸੀ। ਬਰਨਜ਼ ਦਰਿਆ ਸਿੰਧ ਦੇ ਰਸਤੇ ਪੰਜਾਬ ਵਿਚ ਆਇਆ। ਉਹਨੂੰ ਸਰਕਾਰ ਅੰਗਰੇਜ਼ੀ ਵੱਲੋਂ ਗੁਪਤ ਢੰਗ ਨਾਲ ਇਹ ਪਤਾ ਕਰਨ ਦਾ ਹੁਕਮ ਸੀ ਕਿ ਦਰਿਆ ਵਿਚ ਪਾਣੀ ਕਿੰਨਾ ਡੂੰਘਾ, ਚੌੜਾ ਹੈ, ਜਹਾਜ਼ਰਾਨੀ ਦੇ ਕਾਬਲ ਹੈ ਜਾਂ ਨਹੀਂ ਤੇ ਦੋਹਾਂ ਕੰਢਿਆਂ ਉੱਤੇ ਕਿਹੋ ਜਿਹੇ ਲੋਕ ਵਸਦੇ ਹਨ। ੨੭ ਜੁਲਾਈ ੧੮੬੧ ਈਸਵੀ ਨੂੰ ਬਰਨਜ਼ ਬਹਾਵਲਪੁਰ ਪਹੁੰਚ ਗਿਆ। ਇਥੋਂ ਅੱਗੇ ਉਹ ਪੰਜਾਬ ਵਿਚ ਦਾਖ਼ਲ ਹੋਇਆ ਤਾਂ ਸਰਦਾਰ ਲਹਿਣਾ ਸਿੰਘ ਮਜੀਠੀਆ ਉਸਦੇ ਸਵਾਗਤ ਵਾਸਤੇ ਆ ਮਿਲਿਆ। ੧੮ ਜੁਲਾਈ ਨੂੰ ਬਰਨਜ਼ ਲਾਹੌਰ ਪੁੱਜਾ। ੨੦ ਜੁਲਾਈ ਨੂੰ ਉਸ ਦੀ ਮਹਾਰਾਜਾ ਨਾਲ ਮੁਲਾਕਾਤ ਹੋਈ। ਉਹਨੇ ਦਰਬਾਰ ਵਿਚ ਬਾਦਸ਼ਾਹ ਇੰਗਲੈਂਡ ਦੇ ਤੋਹਫ਼ੇ ਤੇ ਮਿੱਤਰਤਾ ਦਾ ਖ਼ਤ ਮਹਾਰਾਜੇ ਦੀ ਭੇਟਾ ਕੀਤਾ। ਫ਼ਕੀਰ ਅਜ਼ੀਜ਼ੁੱਦੀਨ ਨੇ ਉਹ ਖ਼ਤ ਦਰਬਾਰ ਵਿਚ ਪੜ੍ਹ ਕੇ ਸੁਣਾਇਆ। ਮਹਾਰਾਜੇ ਵੱਲੋਂ ਆਏ ਮਿਸ਼ਨ ਦਾ ਸਵਾਗਤ ਕੀਤਾ ਗਿਆ ਤੇ ਸਭ ਨੂੰ ਪਦਵੀ ਅਨੁਸਾਰ ਸਿਰੋਪਾ ਬਖ਼ਸ਼ੇ। ਬਾਦਸ਼ਾਹ ਦੇ ਖ਼ਤ ਦੇ ਜਵਾਬ ਵਿਚ ਮਹਾਰਾਜੇ ਨੇ ਵੀ ਉਸ ਨੂੰ ਮਿੱਤਰਤਾ ਦਾ ਖ਼ਤ ਲਿਖਿਆ। ੨੧ ਅਗਸਤ, ੧੮੩੧ ਈਸਵੀ ਨੂੰ ਬਰਨਜ਼ ਲਾਹੌਰੋਂ ਤੁਰਿਆ ਤੇ ਸ਼ਿਮਲੇ ਵਿਚ

1. ਕਨਿੰਘਮ, ਪੰਨਾ ੧੯੦; ਮੈਕਗ੍ਰੇਗਰ, ਪੰਨਾ ੧੯੮; ਲਤੀਫ਼, ਪੰਨਾ ੪੪੩; ਗੰਡਾ ਸਿੰਘ (ਰਣਜੀਤ ਸਿੰਘ) ਪੰਨਾ ੪੮; ਕੋਹਲੀ, ਪੰਨਾ ੨੬੬
2. ਅਮਰਨਾਥ, ਪੰਨਾ ੧੯੫; ਕੋਹਲੀ, ਪੰਨਾ ੨੬੬



Sri Satguru Jagjit Singh Ji eLibrary NamdhariElibrary@gmail.com

ਹਿੰਦ ਦੇ ਗਵਰਨਰ ਜੈਨਰਲ ਵਿਲੀਅਮ ਬੈਂਟਿੰਕ ਨੂੰ ਜਾ ਮਿਲਿਆ।[1]

**ਜੈਕੋਮੈਂਟ ਸੈਲਾਨੀ**

ਏਸ ਸਾਲ ਪੈਰਿਸ ਦਾ ਪ੍ਰਸਿੱਧ ਸੈਲਾਨੀ ਵਿਕਟਰ ਜੈਕੋਮੈਂਟ ਮਾਰਚ (੧੮੩੧ ਈਸਵੀ) ਵਿਚ ਲਾਹੌਰ ਆਇਆ। ਮਹਾਰਾਜੇ ਨੇ ਉਸ ਦਾ ਬੜਾ ਆਦਰ ਕੀਤਾ।

**ਸਿੰਧ ਤੇ ਬਹਾਵਲਪੁਰ**

ਇਸ ਵੇਲੇ ਸਰਕਾਰ ਅੰਗਰੇਜ਼ੀ ਤੇ ਲਾਹੌਰ ਦਰਬਾਰ ਸਿੰਧ ਵਿਚ ਪੈਰ ਜਮਾਉਣ ਦਾ ਯਤਨ ਕਰ ਰਹੇ ਸਨ। ਬਰਨਜ਼ ਤੋਹਫ਼ੇ ਲੈ ਕੇ ਸਿੰਧ ਦੇ ਰਾਹ ਕਿਉਂ ਆਇਆ ਹੈ, ਮਹਾਰਾਜਾ ਸਮਝਦਾ ਸੀ। ਸੋ ਮਹਾਰਾਜੇ ਨੇ ਜਰਨੈਲ ਵੰਤੂਰਾ ਨੂੰ ਫ਼ੌਜ ਦੇ ਕੇ ਡੇਹਰਾ ਗ਼ਾਜ਼ੀ ਖ਼ਾਂ ਜ਼ਬਤ ਕਰਨ ਵਾਸਤੇ ਭੇਜ ਦਿੱਤਾ। ਮਹਾਰਾਜੇ ਨੇ ਡੇਹਰਾ ਗ਼ਾਜ਼ੀ ਖ਼ਾਂ ਫ਼ਤਹਿ ਕਰਕੇ ਨਵਾਬ ਬਹਾਵਲਪੁਰ ਨੂੰ ਖ਼ਰਾਜ ਬਦਲੇ ਦਿੱਤਾ ਹੋਇਆ ਸੀ। ਬਹਾਵਲਪੁਰ ਦੇ ਬਾਕੀ ਸਾਰੇ ਇਲਾਕੇ ਦਰਿਆ ਸਤਲੁਜ ਦੇ ਖੱਬੇ ਹੱਥ ਸਨ। ਇਸ ਵਾਸਤੇ ਮਾਲਵੇ ਦੀਆਂ ਰਿਆਸਤਾਂ ਵਾਂਗ ਨਵਾਬ ਬਹਾਵਲਪੁਰ ਨੂੰ ਵੀ ਅੰਗਰੇਜ਼ ਨੇ ਆਪਣੀ ਰੱਖਿਆ

**ਡੇਹਰਾ ਗ਼ਾਜ਼ੀ ਖ਼ਾਂ ਜ਼ਬਤ**

ਵਿਚ ਲੈ ਲਿਆ ਹੋਇਆ ਸੀ। (੧੮੧੫ ਈਸਵੀ) ਸਿੰਧ ਦੇ ਝਗੜੇ ਨਾਲ ਨਵਾਬ ਬਹਾਵਲਪੁਰ ਦੇ ਕਬਜ਼ੇ ਦਾ ਵੀ ਕੋਈ ਝਗੜਾ ਖੜਾ ਨਾ ਹੋ ਜਾਏ, ਇਸ ਗੱਲੋਂ ਮਹਾਰਾਜੇ ਨੇ ਡੇਹਰਾ ਗ਼ਾਜ਼ੀ ਖ਼ਾਂ ਨਵਾਬ ਤੋਂ ਖੋਹ ਕੇ ਸਿੱਧਾ ਆਪਣੇ ਕਬਜ਼ੇ ਵਿਚ ਕਰਕੇ ਵੰਤੂਰਾ ਨੂੰ ਓਥੋਂ ਦਾ ਗਵਰਨਰ ਥਾਪ ਦਿੱਤਾ। ਇਹ ਘਟਨਾ ਉਦੋਂ ਹੋਈ, ਜਦ ਬਰਨਜ਼ ਅਜੇ ਲਾਹੌਰ ਪਹੁੰਚਣ ਵਾਲਾ ਹੀ ਸੀ।[2]

ਉਸ ਵੇਲੇ ਹਿੰਦੁਸਤਾਨ ਵਿਚ ਦੋ ਵੱਡੀਆਂ ਤਾਕਤਾਂ ਸਨ : ਇਕ ਬਦੇਸ਼ੀ ਅੰਗਰੇਜ਼ ਤੇ ਦੂਜੀ ਸੁਤੰਤਰ ਦੇਸੀ ਸਿੱਖ। ਦੋਵੇਂ ਇਕ ਦੂਜੇ ਦੀ ਤਾਕਤ ਨੂੰ ਸਮਝਦੇ ਸਨ ਤੇ ਕਿਸੇ ਹੱਦ ਤੱਕ ਚਾਹੁੰਦੇ ਸਨ, ਕਿ ਆਪਸ ਵਿਚ ਮਿਤਰਾਨਾ ਬਣਿਆ ਰਹੇ। ੧੮੩੧ ਈਸਵੀ ਦੀ ਗਰਮੀ ਸ਼ੁਰੂ ਹੁੰਦਿਆਂ ਹੀ ਗਵਰਨਰ ਜੈਨਰਲ ਲਾਰਡ

**ਸਿੱਖ ਮਿਸ਼ਨ ਸ਼ਿਮਲੇ**

ਵਿਲੀਅਮ ਬੈਂਟਿੰਕ ਸ਼ਿਮਲੇ ਆ ਗਿਆ। ਲੁਧਿਆਣੇ ਦੇ ਪੁਲੀਟੀਕਲ ਏਜੰਟ ਕਪਤਾਨ ਵੇਡ ਨੇ ਮਹਾਰਾਜੇ ਨੂੰ ਖ਼ਤ ਲਿਖਿਆ ਜਿਸ ਵਿਚ ਮਹਾਰਾਜੇ ਤੇ ਗਵਰਨਰ ਜੈਨਰਲ ਦੀ ਮੁਲਾਕਾਤ ਕਰਨ ਬਾਰੇ ਪੁੱਛ ਕੀਤੀ। ਅਪ੍ਰੈਲ ਵਿਚ ਮਹਾਰਾਜੇ ਦੇ ਰਾਜਦੂਤ ਦੀਵਾਨ ਮੋਤੀ ਰਾਮ, ਫ਼ਕੀਰ ਅਜ਼ੀਜ਼ੁੱਦੀਨ ਤੇ ਸ. ਹਰੀ ਸਿੰਘ ਨਲਵਾ ਸ਼ਿਮਲੇ ਗਵਰਨਰ ਜੈਨਰਲ ਨੂੰ ਮਿਲਣ ਗਏ। ਗਵਰਨਰ ਜੈਨਰਲ ਨੇ ਉਹਨਾਂ ਦਾ ਹੱਦੋਂ ਵੱਧ ਆਦਰ ਮਾਣ ਕੀਤਾ। ਤਜਵੀਜ਼ ਹੋਇਆ ਕਿ ਗਵਰਨਰ ਜੈਨਰਲ ਤੇ ਮਹਾਰਾਜਾ ਦੀ ਮੁਲਾਕਾਤ ਹੋਵੇ। ਉਸ ਵੇਲੇ ਅੰਗਰੇਜ਼ਾਂ ਨੂੰ ਰੂਸ ਦਾ ਡਰ ਸੀ। ਉਹ ਦੁਨੀਆਂ ਨੂੰ ਇਹ ਦੱਸਣ ਵਾਸਤੇ ਕਿ ਲਾਹੌਰ ਦਰਬਾਰ ਨਾਲ ਉਹਨਾਂ ਦੀ ਗੂੜ੍ਹੀ ਦੋਸਤੀ ਹੈ, ਮੁਲਾਕਾਤ ਕਰਨੀ ਚਾਹੁੰਦੇ ਸਨ। ਮਹਾਰਾਜਾ ਏਸ ਵਾਸਤੇ ਮੁਲਾਕਾਤ ਕਰਨੀ ਚਾਹੁੰਦਾ ਸੀ ਕਿ ਸਾਰੇ ਸਿੱਖ

---

1. ਲਤੀਫ਼, ਪੰਨੇ ੪੪੩ ਤੋਂ ੪੫੦; ਗੰਡਾ ਸਿੰਘ (ਰਣਜੀਤ ਸਿੰਘ), ਪੰਨਾ ੨੮
2. ਕਨਿੰਘਮ, ਪੰਨਾ ੧੯੪; ਗੰਡਾ ਸਿੰਘ (ਰਣਜੀਤ ਸਿੰਘ), ਪੰਨਾ ੨੮



Sri Satguru Jagjit Singh Ji eLibrary NamdhariElibrary@gmail.com

ਇਹ ਸਮਝ ਲੈਣ ਕਿ ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਨੂੰ ਹੀ ਸਾਰੇ ਸਿੱਖਾਂ ਦਾ ਲੀਡਰ ਮੰਨਦੇ ਹਨ।

**ਵੇਡ ਲਾਹੌਰ**

ਫਿਰ ਕਪਤਾਨ ਵੇਡ ਲਾਹੌਰ ਆਇਆ। ਉਥੇ ਫ਼ੈਸਲਾ ਹੋਇਆ ਕਿ ਅਕਤੂਬਰ ਵਿਚ ਰੋਪੜ ਮੁਲਾਕਾਤ ਹੋਵੇ। ਰੋਪੜ ਵਿਚ ਅੰਗਰੇਜ਼ਾਂ ਨੇ ਮੁਲਾਕਾਤ ਵਾਸਤੇ ਬੜੀ ਸਜਧਜ ਨਾਲ ਤਿਆਰੀ ਕੀਤੀ। ਗਵਰਨਰ ਜੈਨਰਲ ਸ਼ਿਮਲੇ ਤੋਂ ਰੋਪੜ ਆ ਗਿਆ। ਮਹਾਰਾਜੇ ਨੇ ਸਤਲੁਜ ਦੇ ਸੱਜੇ ਕੰਢੇ ਜਾ ਡੇਰਾ ਕੀਤਾ। ਉਸ ਨਾਲ ਦਸ ਹਜ਼ਾਰ ਰਸਾਲਾ, ਛੇ ਹਜ਼ਾਰ ਪੈਦਲ ਤੇ ਦੋ

**ਰੋਪੜ ਦੀ ਮੁਲਾਕਾਤ**

ਤੋਪਖ਼ਾਨੇ ਸਨ। ਲਾਹੌਰ ਦਰਬਾਰ ਦੇ ਬਹੁਤ ਸਾਰੇ ਨਾਮਵਰ ਸਰਦਾਰ ਤੇ ਜਰਨੈਲ ਨਾਲ ਸਨ। ਜਦ ਮਹਾਰਾਜਾ ਸਤਲੁਜ ਕੰਢੇ ਆਪਣੇ ਡੇਰੇ ਵਿਚ ਪੁੱਜਾ ਤਾਂ ਗਵਰਨਰ ਜੈਨਰਲ ਦੇ ਰਾਜਦੂਤ—ਮੇਜਰ ਜੈਨਰਲ ਰੈਮਜ਼ੇ, ਮੇਜਰ ਕਾਲਵਿਨ, ਮਿਸਟਰ ਪ੍ਰਿੰਸਪ ਤੇ ਗਵਰਨਰ ਜੈਨਰਲ ਦਾ ਚੀਫ਼ ਸੈਕਟਰੀ—ਮਹਾਰਾਜੇ ਕੋਲ ਆਏ। ਉਹਨਾਂ ਗ਼ਰੀਬਾਂ ਵਿਚ ਵੰਡਣ ਵਾਸਤੇ ਦਸ ਹਜ਼ਾਰ ਰੁਪੈ ਮਹਾਰਾਜੇ ਤੋਂ ਸਿਰਵਾਰਨਾ ਕੀਤੇ। ਮਹਾਰਾਜੇ ਨੇ ਸਭ ਨੂੰ ਸਿਰੋਪਾ ਬਖ਼ਸ਼ੇ। ਫਿਰ ਮਹਾਰਾਜੇ ਵੱਲੋਂ ਸ. ਖੜਕ ਸਿੰਘ, ਰਾਜਾ ਸੰਗਤ ਸਿੰਘ ਜੀਂਦ, ਰਾਜਾ ਗੁਲਾਬ ਸਿੰਘ, ਸ. ਅਤਰ ਸਿੰਘ ਸੰਧਾਵਾਲੀਆ, ਸ. ਸ਼ਾਮ ਸਿੰਘ ਅਟਾਰੀ ਤੇ ਸ. ਹਰੀ ਸਿੰਘ ਨਲਵਾ ਗਵਰਨਰ-ਜੈਨਰਲ ਨੂੰ ਮਿਲਣ ਗਏ। ਹਰ ਇਕ ਨੇ ਇਕ ਇਕ ਕਮਾਨ ਭੇਟਾ ਕੀਤੀ ਤੇ ਯਾਰਾਂ ਯਾਰਾਂ ਸੌ ਰੁਪਏ ਸਿਰਵਾਰਨਾ ਕੀਤੇ। ਗਵਰਨਰ-ਜੈਨਰਲ ਨੇ ਸਭ ਨੂੰ ਸਿਰੋਪਾ ਦਿੱਤੇ। ਅਗਲੇ ਦਿਨ ੨੬ ਅਕਤੂਬਰ, ੧੮੩੧ ਨੂੰ ਮਹਾਰਾਜਾ ਤੇ ਗਵਰਨਰ ਜੈਨਰਲ ਦੀ ਮੁਲਾਕਾਤ ਹੋਣੀ ਨੀਯਤ ਹੋਈ।

ਪਹਿਲੇ ਦਿਨ (੨੬ ਨੂੰ) ਗਵਰਨਰ-ਜੈਨਰਲ ਦੇ ਰਾਜਦੂਤ ਮਹਾਰਾਜੇ ਨੂੰ ਲੈਣ ਆਏ। ਸਭ ਤੋਂ ਅੱਗੇ ਅਲਾਰਡ ਦੇ ਅੱਠ ਸੌ ਪੈਦਲ, ਫਿਰ ਤਿੰਨ ਹਜ਼ਾਰ ਰਸਾਲਾ ਤੇ ਮਗਰ—ਸਣੇ ਸਰਦਾਰਾਂ—ਮਹਾਰਾਜਾ ਪੁਲੋਂ ਪਾਰ ਹੋਇਆ। ਗਵਰਨਰ ਜੈਨਰਲ ਸਣੇ ਆਪਣੇ ਅਫ਼ਸਰਾਂ ਦੇ ਮਹਾਰਾਜੇ ਨੂੰ ਅੱਗੋਂ ਲੈਣ ਆਇਆ। ਜਦ ਦੋਹਾਂ ਦੇ ਹਾਥੀ ਕੋਲ ਕੋਲ ਹੋਏ ਤਾਂ ਮਹਾਰਾਜਾ ਗਵਰਨਰ-ਜੈਨਰਲ ਦੇ ਹੌਦੇ ਵਿਚ ਬਹਿ ਕੇ ਤੰਬੂ ਤੱਕ ਗਿਆ। ਮਹਾਰਾਜੇ ਤੇ ਉਸ ਦੇ ਸਰਦਾਰਾਂ ਵਾਸਤੇ ਬੜੀਆਂ ਸਜੀਆਂ ਹੋਈਆਂ ਕੁਰਸੀਆਂ ਸਨ। ਅੰਗਰੇਜ਼ ਅਫ਼ਸਰਾਂ ਤੇ ਗਵਰਨਰ-ਜੈਨਰਲ ਨੇ ਮਹਾਰਾਜੇ ਤੇ ਉਸ ਦੇ ਜਰਨੈਲਾਂ ਦਾ ਬੜਾ ਸਤਿਕਾਰ ਕੀਤਾ। ਗਵਰਨਰ-ਜੈਨਰਲ ਤੇ ਮਹਾਰਾਜਾ ਬਰਾਬਰ ਬਰਾਬਰ ਕੁਰਸੀਆਂ ’ਤੇ ਬੈਠੇ। ਇਕ ਪਾਸੇ ਲਾਹੌਰ ਦਰਬਾਰ ਦੇ ਜਰਨੈਲ ਤੇ ਇਕ ਪਾਸੇ ਅੰਗਰੇਜ਼ ਅਫ਼ਸਰ ਕੁਰਸੀਆਂ ’ਤੇ ਬੈਠੇ। ਗਵਰਨਰ-ਜੈਨਰਲ ਵੱਲੋਂ ਦੋ ਵਧੀਆ ਘੋੜੇ, ਇਕ ਹਾਥੀ, ਇਕ ਬੰਦੂਕ, ਹੀਰਿਆਂ ਜੜੀ ਤਲਵਾਰ, ਮੋਤੀਮਾਲਾ, ਹੀਰੇ ਜਵਾਹਰਗਾਤ, ਬਨਾਰਸ ਤੇ ਢਾਕੇ ਦਾ ਰੇਸ਼ਮ, ਮਹਾਰਾਜੇ ਦੀ ਭੇਟਾ ਕੀਤੇ ਗਏ। ਇਕ ਸੋਨੇ ਚਾਂਦੀ ਦੇ ਸਾਜ਼ ਵਾਲਾ ਸੁੰਦਰ ਘੋੜਾ ਤੇ ਹੀਰੇ ਤੇ ਰੇਸ਼ਮ ਸ. ਖੜਕ ਸਿੰਘ ਦੀ ਭੇਟਾ ਕੀਤਾ। ਬਾਕੀ ਸਰਦਾਰਾਂ ਨੂੰ ਵੀ ਤੋਹਫ਼ੇ ਦਿੱਤੇ ਗਏ। ਮਿੱਤਰਾਨਾ



Sri Satguru Jagjit Singh Ji eLibrary NamdhariElibrary@gmail.com

ਗੱਲਬਾਤ ਪਿਛੋਂ ਦਰਬਾਰ ਸਮਾਪਤ ਹੋਇਆ। ਮਹਾਰਾਜਾ ਵਾਪਸ ਆਪਣੇ ਡੇਰੇ ਆ ਗਿਆ। ਅਗਲੇ ਦਿਨ ਗਵਰਨਰ-ਜੈਨਰਲ ਮਹਾਰਾਜੇ ਦੇ ਡੇਰੇ ਵਿਚ ਮਿਲਣ ਗਿਆ। ਸਿੱਖਾਂ ਨੇ ਸ਼ਾਨਦਾਰ ਤੰਬੂ ਵਿਚ ਮੁਲਾਕਾਤ ਦਾ ਪ੍ਰਬੰਧ ਕੀਤਾ। ਸ. ਖੜਕ ਸਿੰਘ ਤੇ ਸ. ਸ਼ੇਰ ਸਿੰਘ ਗਵਰਨਰ-ਜੈਨਰਲ ਨੂੰ ਲੈਣ ਗਏ। ਪੁਲ ਤੋਂ ਪਾਰ ਮਹਾਰਾਜਾ ਸਵਾਗਤ ਵਾਸਤੇ ਮਿਲਿਆ ਤਾਂ ਗਵਰਨਰ-ਜੈਨਰਲ ਮਹਾਰਾਜੇ ਦੇ ਹਾਥੀ ਉੱਤੇ ਬਹਿ ਕੇ ਤੰਬੂ ਤੱਕ ਗਿਆ। ਦੋਸਤਾਨਾ ਗੱਲਬਾਤ ਪਿਛੋਂ ਮਹਾਰਾਜੇ ਵੱਲੋਂ ਉਸੇ ਤਰ੍ਹਾਂ ਮੋੜਵੇਂ ਤੋਹਫ਼ੇ ਦਿੱਤੇ ਗਏ। ਖ਼ੁਸ਼ੀ-ਖ਼ੁਸ਼ੀ ਮੁਲਾਕਾਤ ਸਮਾਪਤ ਹੋਈ। ਗਵਰਨਰ-ਜੈਨਰਲ ਵਾਪਸ ਆਪਣੇ ਡੇਰੇ ਚਲਾ ਗਿਆ। ਫਿਰ ਚਾਰ ਦਿਨ ਦੋਹਾਂ ਧਿਰਾਂ ਦੀਆਂ ਫ਼ੌਜਾਂ ਨੇ ਆਪੋ-ਆਪਣੇ ਕਰਤਵ ਵਿਖਾਏ। ੩੧ ਅਕਤੂਬਰ ਨੂੰ ਵਿਦਾਇਗੀ ਮੁਲਾਕਾਤ ਕਰਕੇ ਦੋਵੇਂ ਧਿਰਾਂ ਆਪੋ-ਆਪਣੇ ਟਿਕਾਣਿਆਂ ਨੂੰ ਮੁੜੀਆਂ।[1]

1. ਲਤੀਫ਼, ਪੰਨੇ ੪੫੧ ਤੋਂ ੪੫੪; ਮੈਕਗ੍ਰੇਗਰ, ਪੰਨੇ ੧੯੯-੨੦੦



Sri Satguru Jagjit Singh Ji eLibrary NamdhariElibrary@gmail.com

# ਸੱਤਵਾਂ ਕਾਂਡ

**ਪੋਟਿੰਜਰ ਸਿੰਧ ਵਿਚ**

ਜਿਸ ਵੇਲੇ ਰੋਪੜ ਮੁਲਾਕਾਤ ਦਾ ਪ੍ਰਬੰਧ ਹੋ ਰਿਹਾ ਸੀ, ਉਸ ਵੇਲੇ ਅੰਗਰੇਜ਼ ਏਜੰਟ ਕਰਨਲ ਪੋਟਿੰਜਰ ਸਿੰਧ ਵਿਚ ਉਥੋਂ ਦੇ ਅਮੀਰਾਂ (ਹਾਕਮਾਂ) ਨਾਲ ਦਰਿਆ ਵਿਚ ਜਹਾਜ਼ਰਾਨੀ ਦਾ ਤਜਾਰਤੀ ਗੰਢ-ਜੋੜ ਕਰ ਰਿਹਾ ਸੀ।

**ਗਵਰਨਰ-ਜੈਨਰਲ ਦੀ ਚਿੱਠੀ**

੧੯ ਦਸੰਬਰ, ੧੮੩੧ ਈਸਵੀ ਨੂੰ ਗਵਰਨਰ ਜੈਨਰਲ ਨੇ ਮਹਾਰਾਜੇ ਨੂੰ ਦਰਿਆ ਸਿੰਧ ਤੇ ਸਤਲੁਜ ਵਿਚ ਜਹਾਜ਼ਰਾਨੀ ਦਾ ਅਹਿਦਨਾਮਾ ਕਰਨ ਵਾਸਤੇ ਚਿੱਠੀ ਲਿਖੀ। ਫਿਰ ਕਪਤਾਨ ਵੇਡ ਨੇ ਲਾਹੌਰ ਜਾ ਕੇ ਜ਼ਬਾਨੀ ਗੱਲਬਾਤ ਕੀਤੀ, ਕਿ ਅੰਗਰੇਜ਼ਾਂ ਦਾ ਇਰਾਦਾ ਸਿੰਧ ਵਿਚ ਤਾਕਤ ਬਣਾਉਣ ਦਾ ਨਹੀਂ, ਸਿਰਫ਼ ਜਹਾਜ਼ਰਾਨੀ ਕਰਨ ਦਾ ਹੈ।[1] ਅਸਲ ਵਿਚ ਉਸ ਵੇਲੇ ਦੋਵੇਂ ਧਿਰਾਂ ਸਿੰਧ ਵਿਚ ਪੈਰ ਜਮਾਉਣ ਦਾ ਚਾਰਾ ਕਰ ਰਹੀਆਂ ਸਨ। ਜਦ ਕਰਨਲ ਪੋਟਿੰਜਰ ਸਿੰਧ ਦੇ ਅਮੀਰਾਂ ਨੂੰ ਆਪਣੇ ਜਾਲ ਵਿਚ ਫਸਾ ਰਿਹਾ ਸੀ, ਉਸ ਵੇਲੇ ਮਹਾਰਾਜਾ ਮੀਰਪੁਰ ਦੇ ਹਾਕਮ ਮੀਰ ਅਲੀ ਮੁਰਾਦ ਨੂੰ ਆਪਣੇ ਨਾਲ ਗੰਢ ਰਿਹਾ ਸੀ ਤੇ ਉਸ ਨੂੰ ਡੇਹਰਾ ਗ਼ਾਜ਼ੀ ਖ਼ਾਂ ਖ਼ਰਾਜ ਬਦਲੇ ਦੇਣ ਦਾ ਇਕਰਾਰ ਕਰ ਰਿਹਾ ਸੀ।[2]

**ਸਿੰਧ ਦੀ ਹਾਲਤ**

ਉਸ ਵੇਲੇ ਸਿੰਧ 'ਤਾਲਪੁਰ' ਨਸਲ ਦੇ ਤਿੰਨ ਬਲੋਚ ਘਰਾਣਿਆਂ ਵਿਚ ਵੰਡਿਆ ਹੋਇਆ ਸੀ : ਹੈਦਰਾਬਾਦ, ਖ਼ੈਰਪੁਰ ਤੇ ਮੀਰਪੁਰ। ਪੋਟਿੰਜਰ ਦੀ ਲਿਖਤ ਅਨੁਸਾਰ ਹੈਦਰਾਬਾਦ ਦੀ ਸਾਲਾਨਾ ਆਮਦਨ ੩੦ ਲੱਖ, ਖ਼ੈਰਪੁਰ ਦੀ ੧੫ ਲੱਖ ਤੇ ਮੀਰਪੁਰ ਦੀ ੭ ਲੱਖ ਸੀ। ਹੈਦਰਾਬਾਦ ਦੀ ਫ਼ੌਜ ੨੦ ਹਜ਼ਾਰ, ਖ਼ੈਰਪੁਰ ਦੀ ੧੨ ਹਜ਼ਾਰ ਤੇ ਮੀਰਪੁਰ ਦੀ ੮ ਹਜ਼ਾਰ ਸੀ।[3]

**ਅੰਗਰੇਜ਼ਾਂ ਦਾ ਸਿੰਧ ਨਾਲ ਅਹਿਦਨਾਮਾ**

ਆਖ਼ਰ ਪੋਟਿੰਜਰ ਸਿੰਧ ਦੇ ਤਿੰਨਾਂ ਅਮੀਰਾਂ ਨਾਲ ਤਜਾਰਤੀ ਅਹਿਦਨਾਮਾ ਕਰਨ ਵਿਚ ਕਾਮਯਾਬ ਹੋ ਗਿਆ। ਅਪ੍ਰੈਲ, ੧੮੩੨ ਈਸਵੀ ਨੂੰ ਅਹਿਦਨਾਮਾ ਲਿਖਿਆ ਗਿਆ, ਜਿਸ ਰਾਹੀਂ ਅੰਗਰੇਜ਼ਾਂ ਨੂੰ ਦਰਿਆ ਸਿੰਧ ਵਿਚ ਆਪਣਾ ਮਾਲ ਲੈ ਜਾਣ ਦੀ ਆਗਿਆ ਹੋ ਗਈ। ਏਸੇ ਅਹਿਦਨਾਮੇ ਦੇ ਅਸਰ ਨਾਲ ਅੰਗਰੇਜ਼ਾਂ ਨੇ ਫਿਰ ਸਿੰਧ ਵਿਚ ਪੱਕੇ ਪੈਰ ਜਮਾ ਲਏ।

---

1. ਕਨਿੰਘਮ, ਪੰਨਾ ੧੯੪
2. ਕਨਿੰਘਮ, ਪੰਨਾ ੧੯੫
3. ਸਿਨਹਾ, ਪੰਨਾ ੧੧੭



Sri Satguru Jagjit Singh Ji eLibrary NamdhariElibrary@gmail.com

**ਟਾਂਕ ਤੇ ਬੰਨੂੰ ਤੋਂ ਨਜ਼ਰਾਨੇ**

ਰੋਪੜ ਮੁਲਾਕਾਤ ਤੋਂ ਆਉਂਦਿਆਂ ਹੀ ਸ. ਸ਼ੇਰ ਸਿੰਘ ਨੂੰ ਕਸ਼ਮੀਰ ਜਾਣ ਦਾ ਹੁਕਮ ਮਿਲਿਆ ਤੇ ਸ. ਖੜਕ ਸਿੰਘ ਨੂੰ ਟਾਂਕ ਵੱਲ। ਮਗਰਲੇ ਨੇ ਟਾਂਕ ਤੇ ਬੰਨੂੰ ਦੇ ਹਾਕਮਾਂ ਤੋਂ ਨਜ਼ਰਾਨੇ ਜਾ ਵਸੂਲ ਕੀਤੇ।

**ਕੰਧਾਰ ਤੋਂ ਤੋਹਫ਼ੇ**

ਏਸੇ ਸਾਲ (੧੮੩੧) ਗਵਰਨਰ ਕੰਧਾਰ ਨੇ ਮਹਾਰਾਜੇ ਵਾਸਤੇ ਲਾਹੌਰ ਤੋਹਫ਼ੇ ਵਜੋਂ ਘੋੜੇ ਭੇਜੇ।

**ਦੇਸਾ ਸਿੰਘ ਸੁਰਗਵਾਸ**

ਸ. ਦੇਸਾ ਸਿੰਘ ਮਜੀਠੀਆ ਰਾਵੀ ਤੇ ਸਤਲੁਜ ਦੇ ਵਿਚਕਾਰ ਸਾਰੇ ਪਹਾੜੀ ਇਲਾਕੇ ਦਾ ਗਵਰਨਰ ਸੀ। ਮਹਾਰਾਜੇ ਵੱਲੋਂ ਉਸ ਨੂੰ ਸਵਾ ਲੱਖ ਸਾਲਾਨਾ ਦੀ ਜਾਗੀਰ ਮਿਲੀ ਹੋਈ ਸੀ। ਉਹ ਅਪ੍ਰੈਲ, ੧੮੩੨ ਈਸਵੀ ਵਿਚ ਸੁਰਗਵਾਸ ਹੋ ਗਿਆ। ਮਹਾਰਾਜੇ ਨੇ ਉਸ ਦੇ ਪੁੱਤਰ ਸ. ਲਹਿਣਾ ਸਿੰਘ ਨੂੰ 'ਕੈਸਰੁਲ ਇਕਤਦਾਰ' ਦਾ ਖ਼ਿਤਾਬ ਦੇ ਕੇ ਉਸ ਦੀ ਥਾਂ ਗਵਰਨਰ ਬਣਾ ਦਿੱਤਾ। ਨਾਲ ਹੀ ਪਿਤਾ ਦੀਆਂ

**ਲਹਿਣਾ ਸਿੰਘ ਗਵਰਨਰ**

ਸਾਰੀਆਂ ਜਾਗੀਰਾਂ ਸ. ਲਹਿਣਾ ਸਿੰਘ ਦੇ ਹਵਾਲੇ ਕਰ ਦਿੱਤੀਆਂ। ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਪਹਿਲਾਂ ਸ. ਦੇਸਾ ਸੰਘ ਦੇ ਹੱਥ ਵਿਚ ਹੁੰਦਾ ਸੀ, ਹੁਣ ਸ. ਲਹਿਣਾ ਸਿੰਘ ਦੇ ਹੱਥ ਦੇ ਦਿੱਤਾ ਗਿਆ। ਉਹਦੀ ਰਿਹਾਇਸ਼ ਵਧੇਰੇ ਅੰਮ੍ਰਿਤਸਰ ਜਾਂ ਮਜੀਠੇ ਹੀ ਹੁੰਦੀ ਸੀ। ਪਹਾੜੀ ਇਲਾਕੇ ਵਿਚ ਉਹ ਕੇਵਲ ਦੌਰਾ ਕਰਨ ਜਾਇਆ ਕਰਦਾ ਸੀ।

**ਹਜ਼ਾਰੇ ਤੇ ਪਿਸ਼ਾਵਰ ਤੋਂ ਖ਼ਰਾਜ**

ਸ. ਹਰੀ ਸਿੰਘ ਨਲਵੇ ਨੇ ਹਜ਼ਾਰੇ ਵਿਚੋਂ ਖ਼ਰਾਜ ਵਸੂਲ ਕਰਕੇ (ਘੋੜੇ ਤੇ ਖੱਚਰਾਂ) ਲਾਹੌਰ ਭੇਜੀਆਂ। ਪਿਸ਼ਾਵਰ ਦੇ ਗਵਰਨਰ ਸੁਲਤਾਨ ਮੁਹੰਮਦ ਖ਼ਾਂ ਨੇ ਖ਼ਰਾਜ ਵਜੋਂ ਘੋੜੇ ਭੇਜੇ, ਜਿਨ੍ਹਾਂ ਵਿਚ ਪ੍ਰਸਿੱਧ ਖ਼ੂਬਸੂਰਤ ਘੋੜਾ, 'ਪਰੀ ਪਰਵਾਜ਼' ਵੀ ਸੀ, ਜਿਸ ਨੂੰ ਵੇਖ ਕੇ ਮਹਾਰਾਜਾ ਬੜਾ ਖ਼ੁਸ਼ ਹੋਇਆ।[1] ਮਹਾਰਾਜਾ ਵਧੀਆ ਘੋੜਿਆਂ ਦਾ ਆਸ਼ਕ ਸੀ।

**ਬਸਾਖਾ ਸਿੰਘ ਨੂੰ ਸਜ਼ਾ**

ਕਸ਼ਮੀਰ ਦਾ ਗਵਰਨਰ ਸ਼ਹਿਜ਼ਾਦਾ ਸ਼ੇਰ ਸਿੰਘ ਸੀ ਤੇ ਮਹਿਕਮਾ ਮਾਲ ਦਾ ਅਫ਼ਸਰ ਦੀਵਾਨ ਵਸਾਖਾ ਸਿੰਘ। ਦੀਵਾਨ ਕਸ਼ਮੀਰ ਦਾ ਪ੍ਰਬੰਧ ਈਮਾਨਦਾਰੀ ਨਾਲ ਨਾ ਕਰ ਸਕਿਆ। ਸ਼ੱਕ ਪਿਆ ਕਿ ਉਹਨੇ ਕੁਝ ਸਰਕਾਰੀ ਰੁਪਇਆ ਗ਼ਬਨ ਕਰ ਲਿਆ ਹੈ। ਮਹਾਰਾਜੇ ਨੇ ਉਸ ਨੂੰ ਕੈਦੀ ਬਣਾ ਕੇ ਲਾਹੌਰ ਮੰਗਾ ਕੇ ਪੰਜ ਲੱਖ ਜੁਰਮਾਨਾ

**ਕਸ਼ਮੀਰ ਵਿਚ ਕਾਲ**

ਕੀਤਾ। ਉਹਦੀ ਥਾਂ ਜਮਾਂਦਾਰ ਖ਼ੁਸ਼ਹਾਲ ਸਿੰਘ ਤੇ ਸ਼ੇਖ਼ ਗ਼ੁਲਾਮ ਮਹੀਯੁੱਦੀਨ ਨੂੰ ਹਿਸਾਬ ਪੜਤਾਲ ਕਰਨ ਵਾਸਤੇ ਭੇਜਿਆ। ਇਸੇ ਸਾਲ ਫ਼ਸਲ ਤਬਾਹ ਹੋਣ ਕਰਕੇ ਕਸ਼ਮੀਰ ਵਿਚ ਕਾਲ ਪੈ

---

1. ਲਤੀਫ਼, ਪੰਨਾ ੪੫੮



Sri Satguru Jagjit Singh Ji eLibrary NamdhariElibrary@gmail.com

**ਗ਼ੁਲਾਮ ਮਹੀਯੁੱਦੀਨ ਨੂੰ ਸਜ਼ਾ**

ਗਿਆ। ਕਸ਼ਮੀਰੀਆਂ ਦੀ ਮਦਦ ਵਾਸਤੇ ਮਹਾਰਾਜੇ ਨੇ ਖ਼ਜ਼ਾਨੇ ਵਿਚੋਂ ਲੱਖਾਂ ਰੁਪਏ ਖ਼ਰਚ ਕੀਤੇ। ਕਸ਼ਮੀਰ ਦਾ ਪ੍ਰਬੰਧ ਜਮਾਂਦਾਰ ਤੇ ਸ਼ੇਖ਼ ਠੀਕ ਨਾ ਕਰ ਸਕੇ, ਸਗੋਂ ਸ਼ੇਖ਼ ਨੇ ਲੱਖਾਂ ਰੁਪਏ ਬੇਈਮਾਨੀ ਨਾਲ ਇਕੱਠੇ ਕਰ ਕੇ ਘਰ ਵਿਚ ਕਬਰ ਬਣਾ ਕੇ ਹੇਠਾਂ ਦੱਬ ਦਿੱਤੇ। ਮਹਾਰਾਜੇ ਨੇ ਨਾਰਾਜ਼ ਹੋ ਕੇ ਦੋਹਾਂ ਨੂੰ ਕਸ਼ਮੀਰ 'ਚੋਂ ਬੁਲਾ ਲਿਆ। ਜਰਨੈਲ ਮੀਹਾਂ ਸਿੰਘ ਨੂੰ ਸ. ਸ਼ੇਰ ਸਿੰਘ ਦਾ ਨਾਇਬ ਬਣਾ ਕੇ ਕਸ਼ਮੀਰ ਭੇਜ ਦਿੱਤਾ। ਜਮਾਂਦਾਰ ਖ਼ੁਸ਼ਹਾਲ ਸਿੰਘ ਨੂੰ ਇਕ ਮਹੀਨਾ ਹਜ਼ੂਰੀ ਵਿਚ ਨਾ ਆਉਣ ਦਿੱਤਾ। ਸ਼ੇਖ਼ ਗ਼ੁਲਾਮ ਮਹੀਯੁੱਦੀਨ ਨੂੰ ਕੈਦ ਕਰ ਦਿੱਤਾ। ਉਹਨੇ ਹੁਸ਼ਿਆਰਪੁਰ ਆਪਣੇ ਘਰ ਵਿਚ ਮੁਰਸ਼ਦ ਦੀ ਕਬਰ ਬਣਾਈ ਹੋਈ ਸੀ। ਜਦ ਉਹ ਕਬਰ ਪੁੱਟੀ ਗਈ ਤਾਂ ਹੇਠੋਂ ਸਾਢੇ ਨੌਂ ਲੱਖ ਰੁਪਏ ਦਾ ਸੋਨਾ ਚਾਂਦੀ ਨਿਕਲਿਆ।[1] ਸਭ ਰੁਪਇਆ ਜ਼ਬਤ ਕਰ ਲਿਆ ਗਿਆ। ਮਹਾਰਾਜੇ ਨੇ ਸ਼ੇਖ਼ ਨੂੰ ਤਾਹਨੇ ਨਾਲ ਕਿਹਾ, "ਤੇਰੇ ਮੁਰਸ਼ਦ ਦੀ ਇਬਾਦਤ ਖ਼ਾਲੀ ਨਹੀਂ ਗਈ, ਭਜਨ ਦੇ ਪ੍ਰਤਾਪ ਨਾਲ ਉਹਦੀਆਂ ਹੱਡੀਆਂ ਚਾਂਦੀ ਸੋਨੇ ਵਿਚ ਬਦਲ ਗਈਆਂ ਹਨ।[2]

**ਕੁਤਬੁੱਦੀਨ ਦਾ ਚਲਾਣਾ**

ਕੁਤਬੁੱਦੀਨ ਕਸੂਰੀਆ ੧੮੩੨ ਈਸਵੀ ਵਿਚ ਮਰ ਗਿਆ ਤੇ ਆਪਣੀ ਜਾਗੀਰ ਮਮਦੋਟ ਵਿਚ ਦਫ਼ਨਾਇਆ ਗਿਆ।

**ਸਦਾ ਕੌਰ ਸੁਰਗਵਾਸ**

੧੮੩੨ ਈਸਵੀ ਦੇ ਅਖ਼ੀਰ ਵਿਚ ਮਾਈ ਸਦਾ ਕੌਰ—ਜੋ ਅੰਮ੍ਰਿਤਸਰ ਨਜ਼ਰਬੰਦ ਸੀ—ਸੁਰਗਵਾਸ ਹੋ ਗਈ। ਦਸੰਬਰ ੧੮੩੨ ਈਸਵੀ ਵਿਚ ਕਪਤਾਨ ਵੇਡ ਲਾਹੌਰ ਆਇਆ। ੨੬ ਦਸੰਬਰ ਨੂੰ ਦੋਹਾਂ ਸਰਕਾਰਾਂ (ਲਾਹੌਰ ਦਰਬਾਰ ਤੇ ਸਰਕਾਰ ਅੰਗਰੇਜ਼ੀ) ਵਿਚ ਦਰਿਆ ਸਤਲੁਜ ਤੇ ਪੰਜਨਦ ਤੋਂ ਥੱਲੇ ਦਰਿਆ ਸਿੰਧ ਅੰਦਰ ਜਹਾਜ਼ਰਾਨੀ ਬਾਰੇ

**ਸਿੱਖਾਂ ਤੇ ਅੰਗਰੇਜ਼ਾਂ ਦੇ ਤਜਾਰਤੀ ਅਹਿਦਨਾਮੇ**

ਅਹਿਦਨਾਮਾ ਹੋਇਆ। ੨੯ ਨਵੰਬਰ, ੧੮੩੪ ਈਸਵੀ ਨੂੰ ਇਸ ਵਿਚ ਕੁਝ ਹੋਰ ਸ਼ਰਤਾਂ ਵਧਾਈਆਂ ਗਈਆਂ। ੧੯ ਮਈ, ੧੮੩੯ ਈਸਵੀ ਨੂੰ ਬੇੜੀਆਂ ਦੇ ਮਸੂਲ ਬਾਰੇ ਇਕ ਹੋਰ (ਉਪਰਲੇ ਅਹਿਦਨਾਮਿਆਂ ਨਾਲ ਸੰਬੰਧਿਤ) ਸੁਲ੍ਹਾ ਕੀਤੀ ਗਈ।[3]

**ਅਫ਼ਗਾਨਿਸਤਾਨ ਦੇ ਟੁਕੜੇ**

ਸਲਤਨਤ ਅਫ਼ਗਾਨਿਸਤਾਨ ਟੁਕੜੇ ਟੁਕੜੇ ਹੋ ਚੁੱਕੀ ਸੀ। ਬਲਖ਼ ਬੁਖ਼ਾਰਾ ਤੇ ਹਰਾਤ ਸ਼ਹਿਜ਼ਾਦਾ ਕਾਮਰਾਨ ਦੇ ਕਬਜ਼ੇ ਵਿਚ ਸੀ। ਮੁਹੰਮਦ ਅਜ਼ੀਮ ਖ਼ਾਂ ਦੇ ਮਰਨ ਪਿਛੋਂ ਉਸ ਦਾ ਭਰਾ ਸ਼ੇਰ ਦਿਲ ਖ਼ਾਂ ਕੰਧਾਰ ਦਾ ਸੁਤੰਤਰ ਹਾਕਮ ਬਣ ਬੈਠਾ ਸੀ। ਕਾਬਲ, ਗ਼ਜ਼ਨੀ ਤੇ ਜਲਾਲਾਬਾਦ ਉੱਤੇ ਦੋਸਤ ਮੁਹੰਮਦ ਖ਼ਾਂ ਨੇ ਕਬਜ਼ਾ ਕਰ ਲਿਆ

---

1. ਲਤੀਫ਼, ਪੰਨਾ ੪੬੫
2. ਅਮਰਨਾਥ, ਪੰਨਾ ੨੨੮; ਕੋਹਲੀ, ਪੰਨੇ ੨੭੭-੮
3. ਸ਼ਰਤਾਂ ਤੇ ਵੇਰਵੇ ਵਾਸਤੇ ਵੇਖੋ ਕਨਿੰਘਮ, ਪੰਨੇ ੩੮੫, ੩੮੭ ਅਤੇ ੩੯੩



Sri Satguru Jagjit Singh Ji eLibrary NamdhariElibrary@gmail.com

ਸੀ। ਪਿਸ਼ਾਵਰ ਦਾ ਸੂਬਾ ਸਿੱਖਾਂ ਨੇ ਫ਼ਤਹਿ ਕਰ ਕੇ ਸੁਲਤਾਨ ਮੁਹੰਮਦ ਖ਼ਾਂ ਨੂੰ ਖ਼ਰਾਜ ਬਦਲੇ ਦਿੱਤਾ ਹੋਇਆ ਸੀ। ਇਹ ਦੋਵੇਂ (ਦੋਸਤ ਤੇ ਸੁਲਤਾਨ) ਵੀ ਅਜ਼ੀਮ ਦੇ ਭਰਾ ਸਨ। ਕਸ਼ਮੀਰ ਤੇ ਡੇਹਰਾਜਾਤ ਸਿੱਖ ਰਾਜ ਵਿਚ ਮਿਲ ਚੁੱਕੇ ਸਨ। ਸਿੰਧ ਦੇ ਅਮੀਰ ਖ਼ੁਦਮੁਖ਼ਤਿਆਰ ਹੋ ਗਏ ਸਨ। ਇਹੋ ਜਿਹੇ ਅਫ਼ਗਾਨਿਸਤਾਨ ਦਾ, ਸ਼ਾਹ ਸ਼ੁਜਾਹ ਅਜੇ ਵੀ ਆਪਣੇ ਆਪ ਨੂੰ ਬਾਦਸ਼ਾਹ ਸਮਝਦਾ ਸੀ। ੧੮੩੧ ਈਸਵੀ ਵਿਚ ਉਹਨੇ ਕਾਬਲ ਦਾ ਤਖ਼ਤ ਲੈਣ ਬਦਲੇ ਸ਼ੇਰੇ-ਪੰਜਾਬ ਤੋਂ ਮਦਦ ਮੰਗੀ। ਸ਼ੇਰੇ-ਪੰਜਾਬ ਨੇ ਦੋ ਸ਼ਰਤਾਂ ਰੱਖੀਆਂ : ਇਕ ਅਫ਼ਗਾਨਿਸਤਾਨ ਵਿਚ ਗਊ-ਹੱਤਿਆ ਬੰਦ ਹੋਵੇ ਤੇ ਦੂਜੀ ਗ਼ਜ਼ਨੀ ਵਿਚੋਂ ਸੋਮਨਾਥ ਦੇ ਮੰਦਿਰ ਦੇ ਤਖ਼ਤੇ ਵਾਪਸ ਕੀਤੇ ਜਾਣ। ਸ਼ਾਹ ਸ਼ੁਜਾਹ ਇਹ ਸ਼ਰਤਾਂ ਨਾ ਮੰਨਿਆ।[1]

ਫ਼ਰਵਰੀ, ੧੮੩੩ ਈਸਵੀ ਨੂੰ ਸ਼ਾਹ ਸ਼ੁਜਾਹ ਕਾਬਲ ਫ਼ਤਹਿ ਕਰਨ ਵਾਸਤੇ ਲੁਧਿਆਣੇ ਤੋਂ ਤੁਰ ਪਿਆ। ਉਹ ਬਹਾਵਲਪੁਰ ਸ਼ਕਾਰਪੁਰ (ਸਿੰਧ) ਦੇ ਰਸਤੇ ਕੰਧਾਰ ਜਾ ਪੁੱਜਾ। ਪਹਿਲੀ ਜਨਵਰੀ, ੧੮੩੪ ਈਸਵੀ ਨੂੰ ਕੰਧਾਰ ਦੀ ਲੜਾਈ ਵਿਚ ਸ਼ੁਜਾਹ, ਦੋਸਤ ਮੁਹੰਮਦ ਖ਼ਾਂ ਤੋਂ ਹਾਰ ਗਿਆ।[2] ਸ਼ੁਜਾਹ ਸੀਸਤਾਨ, ਬਲੋਚਿਸਤਾਨ ਤੇ ਸਿੰਧ ਦੇ ਰਾਹੀਂ ਮਾਰਚ, ੧੮੩੫ ਈਸਵੀ ਵਿਚ ਲੁਧਿਆਣੇ ਆ ਪੁੱਜਾ।

**ਸ਼ੁਜਾਹ ਦਾ ਕਾਬਲ 'ਤੇ ਹਮਲਾ**

**ਸੰਘਰ ਜ਼ਬਤ**

ਇਲਾਕਾ ਸੰਘਰ ਦੇ ਨਵਾਬ ਅਸਦ ਖ਼ਾਂ ਨੇ ੧੮੩੩ ਈਸਵੀ ਵਿਚ ਗੜਬੜ ਕਰ ਦਿੱਤੀ। ਸ. ਖੜਕ ਸਿਘ ਫ਼ੌਜ ਲੈ ਕੇ ਗਿਆ, ਤਾਂ ਅਸਦ ਖ਼ਾਂ ਪਹਾੜਾਂ ਨੂੰ ਨੱਸ ਗਿਆ। ਸ. ਖੜਕ ਸਿੰਘ ਨੇ ਸੁਲੇਮਾਨ ਪਹਾੜ ਤੱਕ ਸਾਰਾ ਇਲਾਕਾ ਜ਼ਬਤ ਕਰਕੇ ਵੰਤੂਰਾ ਨੂੰ ਦੇ ਦਿੱਤਾ।[3]

**ਮਹਾਰਾਜਾ ਬਿਮਾਰ**

੧੮੩੩ ਈਸਵੀ ਵਿਚ ਮਹਾਰਾਜਾ ਲਾਹੌਰ ਵਿਚ ਕੁਝ ਬੀਮਾਰ ਹੋ ਗਿਆ ਤਾਂ ਹਜ਼ਾਰਾਂ ਕੈਦੀ ਰਿਹਾ ਕੀਤੇ ਗਏ। ੧੮੩੪ ਈਸਵੀ ਦੇ ਸ਼ੁਰੂ ਵਿਚ ਦੀਵਾਨ ਭਵਾਨੀ ਦਾਸ—ਵਜ਼ੀਰ ਮਾਲ—ਸੁਰਗਵਾਸ ਹੋ ਗਿਆ। ਉਸ ਦੀ ਥਾਂ ਪੰਡਿਤ ਦੀਨਾ ਨਾਥ ਨੂੰ ਦਿੱਤੀ ਗਈ। ਏਸੇ ਸਾਲ ਬੰਨੂੰ ਵਿਚ ਪਠਾਣਾਂ ਨੇ ਬਗ਼ਾਵਤ ਕਰ ਕੇ ਕੁਝ ਸਿੱਖ ਕਤਲ ਕਰ ਦਿੱਤੇ। ਅਟਾਰੀ ਵਾਲੇ ਸਰਦਾਰਾਂ ਤੇ ਰਾਜਾ ਸੁਚੇਤ ਸਿੰਘ ਨੇ ਬਾਗ਼ੀਆਂ ਨੂੰ ਸਜ਼ਾਵਾਂ ਦੇ ਕੇ ਇਲਾਕੇ ਵਿਚ ਅਮਨ ਕਾਇਮ ਕਰ ਲਿਆ।

**ਭਵਾਨੀਦਾਸ ਸੁਰਗਵਾਸ**

**ਬੰਨੂੰ ਦੀ ਬਗ਼ਾਵਤ**

ਸਿੱਖਾਂ ਨੇ ਮੁੱਦਤ ਤੋਂ ਪਿਸ਼ਾਵਰ ਦਾ ਸੂਬਾ ਫ਼ਤਹਿ ਕਰ ਕੇ ਬਾਰਕਜ਼ਈ ਸਰਦਾਰਾਂ ਨੂੰ ਦੇ ਛੱਡਿਆ ਸੀ। ਇਸ ਵੇਲੇ ਉਹ ਸੁਲਤਾਨ ਖ਼ਾਂ ਦੇ ਕਬਜ਼ੇ ਵਿਚ ਸੀ।

---

1. ਕਨਿੰਘਮ, ਪੰਨਾ ੧੯੬
2. ਲਤੀਫ਼, ਪੰਨਾ ੪੬੩
3. ਲਤੀਫ਼, ਪੰਨਾ ੪੬੪



Sri Satguru Jagjit Singh Ji eLibrary NamdhariElibrary@gmail.com

ਸ਼ਾਹ ਸ਼ੁਜਾਹ ਨੂੰ ਸ਼ਕੱਸਤ ਦੇ ਕੇ ਦੋਸਤ ਮੁਹੰਮਦ ਖ਼ਾਂ ਦੀ ਤਾਕਤ ਢੇਰ ਵੱਧ ਗਈ ਸੀ। ਮਹਾਰਾਜੇ ਨੇ ਸੋਚਿਆ ਕਿ ਕਿਤੇ ਦੋਸਤ ਮੁਹੰਮਦ ਖ਼ਾਂ ਆਪਣੇ ਭਰਾ ਸੁਲਤਾਨ ਖ਼ਾਂ ਨਾਲ ਮਿਲ ਕੇ ਪਿਸ਼ਾਵਰ 'ਤੇ ਕਬਜ਼ਾ ਨਾ ਕਰ ਲਏ। ਸੋ ਮਹਾਰਾਜੇ ਨੇ ਸ. ਹਰੀ ਸਿੰਘ ਨਲਵਾ ਤੇ ਕੰਵਰ ਨੌਨਿਹਾਲ ਸਿੰਘ ਨੂੰ ਬੜੀ ਭਾਰੀ ਫ਼ੌਜ ਦੇ ਕੇ ਪਿਸ਼ਾਵਰ 'ਤੇ ਪੂਰੀ ਤਰ੍ਹਾਂ ਕਬਜ਼ਾ ਕਰਨ ਵਾਸਤੇ ਭੇਜਿਆ। ਫ਼ੌਜ ਅਪ੍ਰੈਲ ਦੇ ਅਖ਼ੀਰ ਵਿਚ ਅਟਕੋਂ ਪਾਰ ਹੋਈ। ਜਦ ਖ਼ਾਲਸਾ ਫ਼ੌਜ ਪਿਸ਼ਾਵਰ ਕੋਲ ਪੁੱਜੀ ਤਾਂ ਸੁਲਤਾਨ ਖ਼ਾਂ ਤੇ ਪੀਰ ਮੁਹੰਮਦ ਖ਼ਾਂ ਨੇ ਪਿਸ਼ਾਵਰ ਖ਼ਾਲੀ ਕਰ ਦਿੱਤਾ। ਛੇ ਮਈ, ੧੮੩੪ ਈਸਵੀ ਨੂੰ ਬਿਨਾਂ ਲੜਾਈ ਸਿੱਖਾਂ ਨੇ ਪਿਸ਼ਾਵਰ ਉੱਤੇ ਕਬਜ਼ਾ ਕਰ ਲਿਆ।[1] ਕੰਵਰ ਨੌਨਿਹਾਲ ਸਿੰਘ ਪਿਸ਼ਾਵਰ ਦਾ ਪਹਿਲਾ ਸਿੱਖ ਗਵਰਨਰ ਨੀਯਤ ਹੋਇਆ। ਸ. ਹਰੀ ਸਿੰਘ ਨਲਵਾ, ਕੰਵਰ ਦਾ ਨਾਇਬ ਤੇ ਸੈਨਾਪਤੀ ਥਾਪਿਆ ਗਿਆ।

**ਪਿਸ਼ਾਵਰ ਜ਼ਬਤ, ਕੰਵਰ ਗਵਰਨਰ**

ਸਤੰਬਰ ੧੮੩੪ ਈਸਵੀ ਨੂੰ ਗੁੱਜਰ ਸਿੰਘ ਮਜੀਠੀਏ ਦੇ ਮਾਤਹਿਤ ਸਿੱਖ ਮਿਸ਼ਨ, ਬਾਦਸ਼ਾਹ ਇੰਗਲੈਂਡ ਤੇ ਗਵਰਨਰ-ਜੈਨਰਲ ਵਾਸਤੇ ਤੋਹਫ਼ੇ ਤੇ ਮਿੱਤਰਤਾ ਦੇ ਖ਼ਤ ਲੈ ਕੇ ਕਲਕੱਤੇ ਗਿਆ।[2] ਇਹ ਮਿਸ਼ਨ ਮਾਰਚ, ੧੮੩੬ ਈਸਵੀ ਨੂੰ ਵਾਪਸ ਮੁੜਿਆ।

**ਸਿੱਖ ਮਿਸ਼ਨ ਕਲਕੱਤੇ**

ਏਸੇ ਸਾਲ ਮਹਾਰਾਜੇ ਦੇ ਹੁਕਮ ਨਾਲ ਸਰਕਾਰੀ ਘੋੜਿਆਂ ਤੇ ਊਠਾਂ ਨੂੰ ਨੰਬਰ ਲਾਏ ਗਏ।

ਮਹਾਰਾਜਾ ਬਟਾਲੇ ਗਿਆ। ਸ. ਸ਼ੇਰ ਸਿੰਘ ਜਾਗੀਰ ਵਿਚ ਨਹੀਂ ਸੀ। ਕੰਵਰ ਪਰਤਾਪ ਸਿੰਘ ਨੇ ਮਹਾਰਾਜੇ ਦਾ ਸਵਾਗਤ ਕੀਤਾ ਤੇ ਨਜ਼ਰਾਨਾ ਦਿੱਤਾ। ਮਹਾਰਾਜੇ ਨੇ ਖ਼ੁਸ਼ ਹੋ ਕੇ ਪੋਤਰੇ (ਪਰਤਾਪ ਸਿੰਘ) ਨੂੰ ਕੀਮਤੀ ਸਿਰੋਪਾ ਬਖ਼ਸ਼ਿਆ। ਫਿਰ ਮਹਾਰਾਜਾ ਸਿਆਲਕੋਟ ਗਿਆ ਤੇ ਕੰਵਰ ਪਸ਼ੌਰਾ ਸਿੰਘ ਤੋਂ ਨਜ਼ਰਾਨਾ ਲਿਆ।

**ਕੰਵਰ ਪ੍ਰਤਾਪ ਸਿੰਘ ਤੇ ਪਸ਼ੌਰਾ ਸਿੰਘ ਤੋਂ ਨਜ਼ਰਾਨੇ**

ਲਦਾਖ਼ ਦੇ ਰਾਜਾ ਤੇ ਵਜ਼ੀਰ ਵਿਚ ਝਗੜਾ ਹੋ ਗਿਆ। ਰਾਜਾ ਗੁਲਾਬ ਸਿੰਘ ਜੰਮੂ ਦਾ ਜਰਨੈਲ ਜ਼ੋਰਾਵਰ ਸਿੰਘ ਕਿਸ਼ਤਵਾਰ ਦੇ ਰਸਤੇ ਫ਼ੌਜ ਲੈ ਕੇ ਲਦਾਖ਼ ਜਾ ਪਹੁੰਚਿਆ। ਉਹਨੇ ਵਜ਼ੀਰ ਦੀ ਮਦਦ ਕੀਤੀ। ਤੀਹ ਹਜ਼ਾਰ ਸਾਲਾਨਾ ਖ਼ਰਾਜ ਬਦਲੇ ਲਦਾਖ਼ ਦਾ ਸੂਬਾ ਵਜ਼ੀਰ ਨੂੰ ਦਿੱਤਾ ਤੇ ਸੂਬੇ ਦੀ ਰਾਜਧਾਨੀ 'ਲੀਹ' ਵਿਚ ਸਿੱਖ ਫ਼ੌਜ ਬਿਠਾ ਦਿੱਤੀ। ਲਦਾਖ਼ ਦੇ ਕੁਝ ਇਲਾਕੇ ਜੰਮੂ ਨਾਲ ਮਿਲਾ ਲਏ।[3] ਇਸ ਤਰ੍ਹਾਂ ਲਦਾਖ਼ ਫ਼ਤਹਿ ਕਰਕੇ ਜ਼ੋਰਾਵਰ ਸਿੰਘ ੧੮੩੫ ਈਸਵੀ ਦੇ ਅਰੰਭ ਵਿਚ ਵਾਪਸ ਆ ਗਿਆ ਤੇ ਮਹਾਰਾਜੇ ਵਾਸਤੇ ਨਜ਼ਰਾਨਾ ਲਿਆਇਆ।

**ਲਦਾਖ਼ ਫ਼ਤਹਿ**

---

1. ਕਨਿੰਘਮ, ਪੰਨਾ ੧੯੯; ਕੋਹਲੀ, ਪੰਨੇ ੨੮੧-੨
2. ਕਨਿੰਘਮ, ਪੰਨਾ ੨੦੦
3. ਕਨਿੰਘਮ, ਪੰਨਾ ੨੪੧



Sri Satguru Jagjit Singh Ji eLibrary NamdhariElibrary@gmail.com

ਨੌਨਿਹਾਲ ਸਿੰਘ ਦੀ ਮੰਗਣੀ

੧੮੩੪ ਈਸਵੀ ਵਿਚ ਅਖ਼ੀਰ ਵਿਚ ਕੰਵਰ ਨੌਨਿਹਾਲ ਸਿੰਘ ਦੀ ਮੰਗਣੀ ਸ. ਸ਼ਾਮ ਸਿੰਘ ਅਟਾਰੀ ਵਾਲੇ ਦੀ ਪੁੱਤਰੀ (ਬੀਬੀ ਨਾਨਕੀ) ਨਾਲ ਹੋਈ।[1]

ਦੋਸਤ ਮੁਹੰਮਦ ਦੀ ਪਿਸ਼ਾਵਰ 'ਤੇ ਚੜ੍ਹਾਈ ਤੇ ਵਾਪਸੀ

ਜਦ ਸਿੱਖਾਂ ਨੇ ਪਿਸ਼ਾਵਰ 'ਤੇ ਕਬਜ਼ਾ ਕਰਕੇ ਉਥੋਂ ਸੁਲਤਾਨ ਮੁਹੰਮਦ ਖ਼ਾਂ ਨੂੰ ਕੱਢ ਦਿੱਤਾ, ਤਾਂ ਸੁਣ ਕੇ ਦੋਸਤ ਮੁਹੰਮਦ ਖ਼ਾਂ (ਜੋ ਉਸ ਵੇਲੇ ਕਾਬਲ ਦਾ ਸੁਤੰਤਰ ਹਾਕਮ ਸੀ) ਨੂੰ ਅੱਗ ਲੱਗ ਉੱਠੀ। ਉਸ ਨੇ ਉਸੇ ਵੇਲੇ ਭਾਰੀ ਫ਼ੌਜ ਲੈ ਕੇ ਪਿਸ਼ਾਵਰ 'ਤੇ ਚੜ੍ਹਾਈ ਕਰ ਦਿੱਤੀ। ਇਸ ਸਮੇਂ ਉਹਨੇ ਸਿੱਖਾਂ ਦੇ ਵਿਰੁੱਧ ਅੰਗਰੇਜ਼ਾਂ ਤੋਂ ਮਦਦ ਮੰਗੀ, ਪਰ ਉਹਨਾਂ ਕਿਸੇ ਕਿਸਮ ਦੀ ਸਹਾਇਤਾ ਕਰਨੋ ਨਾਂਹ ਕਰ ਦਿੱਤੀ।[2] ਦੋਸਤ ਮੁਹੰਮਦ ਖ਼ਾਂ ਨੇ 'ਗ਼ਾਜ਼ੀ' ਦਾ ਲਕਬ ਧਾਰਨ ਕਰਕੇ ਮਜ਼੍ਹਬੀ ਜੰਗ ਦਾ ਨਾਅਰਾ ਲਾਇਆ। ਇਸ ਵਾਸਤੇ ਇਸਲਾਮ ਦੇ ਨਾਂ ਉੱਤੇ ਹਜ਼ਾਰਾਂ ਗ਼ਾਜ਼ੀ ਉਸ ਨਾਲ ਆ ਮਿਲੇ। ਉਹ ਜਲਾਲਾਬਾਦ ਤੋਂ ਤੁਰ ਕੇ ਖ਼ੈਬਰ ਦੱਰੇ ਦੇ ਚੜ੍ਹਦੇ ਪਾਸੇ ਪਹਾੜਾਂ ਦੇ ਪੈਰਾਂ ਵਿਚ ਆ ਬੈਠਾ।

ਜਦ ਕਾਬਲੀਆਂ ਦੀ ਚੜ੍ਹਾਈ ਦਾ ਮਹਾਰਾਜਾ ਨੂੰ ਪਤਾ ਲੱਗਾ ਤਾਂ ਉਹ ਆਪ ਪਿਸ਼ਾਵਰ ਜਾ ਪੁੱਜਾ। ਸੁਲਤਾਨ ਮੁਹੰਮਦ ਖ਼ਾਂ ਮਹਾਰਾਜੇ ਨਾਲ ਆ ਮਿਲਿਆ, ਪਰ ਉਹਦੇ ਕੋਲ ਕੁਝ ਨਹੀਂ ਸੀ।[3] ਮਹਾਰਾਜੇ ਨੇ ਇਕ ਪਾਸੇ ਤਾਂ ਫ਼ਕੀਰ ਅਜ਼ੀਜ਼ੁੱਦੀਨ, ਮਿਸਟਰ ਹਾਰਲਨ ਤੇ ਸੁਲਤਾਨ ਮੁਹੰਮਦ ਖ਼ਾਂ ਨੂੰ ਦੋਸਤ ਮੁਹੰਮਦ ਖ਼ਾਂ ਕੋਲ ਭੇਜਿਆ ਕਿ ਉਹ ਵਾਪਸ ਚਲਾ ਜਾਏ, ਤੇ ਦੂਜੇ ਪਾਸੇ ਖ਼ਾਲਸਾ ਫ਼ੌਜਾਂ ਨਾਲ ਗ਼ਾਜ਼ੀਆਂ ਨੂੰ ਘੇਰਾ ਪਾ ਲਆ। ੧੨ ਮਈ, ੧੮੩੫ ਈਸਵੀ ਨੂੰ ਸਿੱਖ ਫ਼ੌਜ ਨੇ ਵੈਰੀ ਉੱਤੇ ਤਿੰਨਾਂ ਪਾਸਿਆਂ ਤੋਂ ਹਮਲਾ ਕਰਨਾ ਸੀ। ਦੋਸਤ ਮੁਹੰਮਦ ਖ਼ਾਂ ਨੂੰ ਇਸ ਗੋਂਦ ਦਾ ਪਤਾ ਲੱਗ ਗਿਆ। ਉਹ ੧੧ ਮਈ ਦੀ ਰਾਤ ਨੂੰ ਮੈਦਾਨ ਵਿਚ ਦੋ ਤੋਪਾਂ ਤੇ ਕੁਝ ਸਾਮਾਨ ਛੱਡ ਕੇ ਪਿਛੇ ਨੱਸ ਗਿਆ। ਉਹਨੇ ਇਕ ਹੋਰ ਭੈੜੀ ਕਰਤੂਤ ਕੀਤੀ ਕਿ ਸਿੱਖ ਰਾਜ ਦੇ ਏਲਚੀ ਫ਼ਕੀਰ ਅਜ਼ੀਜ਼ੁੱਦੀਨ ਤੇ ਹਾਰਲਨ ਕੈਦ ਕਰ ਲਏ। ਫ਼ਕੀਰ ਨੇ ਦੋਸਤ ਨੂੰ ਸਮਝਾਇਆ ਕਿ ਤੇਰੇ ਏਸ ਕਰਮ ਦਾ ਫਲ ਹਜ਼ਾਰਾਂ ਮੁਸਲਮਾਨਾਂ ਦੀਆਂ ਜਾਨਾਂ ਸ਼ੇਰੇ-ਪੰਜਾਬ ਦੇ ਗ਼ੁੱਸੇ ਦੀ ਭੇਟਾ ਹੋ ਜਾਣਗੀਆਂ। ਦੋਸਤ ਮੁਹੰਮਦ ਖ਼ਾਂ ਨੇ ਸਿੱਖ ਰਾਜਦੂਤ ਆਪਣ ਭਰਾ ਸੁਲਤਾਨ ਮੁਹੰਮਦ ਖ਼ਾਂ ਦੇ ਹਵਾਲੇ ਕਰ ਦਿੱਤੇ। ਉਹ ਮਹਾਰਾਜੇ ਨਾਲ ਵਿਗਾੜ ਨਹੀਂ ਸੀ ਪਾਉਣਾ ਚਾਹੁੰਦਾ। ਉਹ ਦੋਹਾਂ ਏਲਚੀਆਂ ਨੂੰ ਬੜੀ ਇੱਜ਼ਤ ਨਾਲ ਲੈ ਕੇ ਮਹਾਰਾਜੇ ਕੋਲ ਆ ਗਿਆ। ਮਹਾਰਾਜੇ ਨੇ ਖ਼ੁਸ਼ ਹੋ ਕੇ ਸੁਲਤਾਨ ਮੁਹੰਮਦ ਖ਼ਾਂ ਤੇ ਪੀਰ ਮੁਹੰਮਦ ਖ਼ਾਂ ਨੂੰ ਹਸ਼ਤ ਨਗਰ ਤੇ ਕੋਹਾਟ ਵਿਚ

ਸਿੱਖ ਏਲਚੀ ਕੈਦ ਤੇ ਰਿਹਾਅ

---

1. ਲਤੀਫ਼, ਪੰਨਾ ੪੭੨
2. ਲਤੀਫ਼, ਪੰਨਾ ੪੬੯
3. ਲਤੀਫ਼, ਪੰਨਾ ੪੬੯



Sri Satguru Jagjit Singh Ji eLibrary NamdhariElibrary@gmail.com

ਜਾਗੀਰ ਦਿੱਤੀ। ਸੂਬਾ ਪਿਸ਼ਾਵਰ ਦੇ ਪ੍ਰਬੰਧ ਵਾਸਤੇ ਕੰਵਰ ਨੌਨਿਹਾਲ ਸਿੰਘ ਗਵਰਨਰ, ਸ. ਹਰੀ ਸਿੰਘ ਨਲਵਾ, ਸੈਨਾਪਤੀ ਤੇ ਰਾਜਾ ਗੁਲਾਬ ਸਿੰਘ ਮਹਿਕਮਾ ਮਾਲ 'ਤੇ ਨੀਯਤ ਕੀਤੇ। ਕੰਵਰ ਨੂੰ ਇਕ ਲੱਖ ਦੀ ਜਾਗੀਰ ਦਿੱਤੀ ਗਈ। ਇਹ ਪ੍ਰਬੰਧ ਕਰਕੇ ਮਹਾਰਾਜਾ ਵਾਪਸ ਆ ਗਿਆ।

**ਮਹਾਰਾਜਾ ਬਿਮਾਰ**

੧੮੩੬ ਈਸਵੀ ਵਿਚ ਮਹਾਰਾਜਾ ਅੰਮ੍ਰਿਤਸਰ ਬੀਮਾਰ ਹੋ ਗਿਆ। ਕਈ ਦਿਨ ਲਕਵੇ ਨਾਲ ਜ਼ੁਬਾਨ ਚੱਲਣੀ ਬੰਦ ਹੋ ਗਈ। ਪੰਜਾਬ ਭਰ ਵਿਚੋਂ ਕੈਦੀ ਰਿਹਾਅ ਕੀਤੇ ਗਏ। ਫ਼ਕੀਰ ਅਜ਼ੀਜ਼ੁੱਦੀਨ ਤੇ ਅਮਾਮੁੱਦੀਨ ਦੇ ਇਲਾਜ ਨਾਲ ਮਹਾਰਾਜਾ ਅਰੋਗ ਹੋਇਆ।

**ਸੈਲਾਨੀ ਤੇ ਏਲਚੀ ਆਏ**

ਏਸੇ ਸਾਲ ਡਾਕਟਰ ਹੋਨਿਗਬਰਗਰ ਜਰਮਨ, ਡਾਕਟਰ ਹਾਰਲਨ ਅਮਰੀਕਨ, ਡਾਕਟਰ ਮੈਕਗ੍ਰੇਗਰ, ਰਾਜਾ ਨੇਪਾਲ ਦਾ ਵਕੀਲ ਪੰਡਤ ਕਿਸ਼ਨ, ਰਾਜਾ ਬੀਕਾਨੇਰ ਦਾ ਵਕੀਲ ਸੁਰਜੂ, ਰਾਜਾ ਤਿੱਬਤ ਦਾ ਭਰਾ ਭੀਮਕਾਲ ਲਾਹੌਰ ਮਹਾਰਾਜੇ ਕੋਲ ਆਏ।

**ਡੇਹਰਾ ਇਸਮਾਈਲ ਖ਼ਾਂ ਜ਼ਬਤ**

ਡੇਹਰਾ ਇਸਮਾਈਲ ਖ਼ਾਂ, ਨਵਾਬ ਮਾਨਕੇਰਾ ਦੇ ਪੁੱਤਰ ਸ਼ਾਹ ਨਵਾਬ ਖ਼ਾਂ ਕੋਲ ਜਾਗੀਰ ਸੀ। ਸ਼ਾਹ ਨਵਾਬ ਖ਼ਾਂ ਦੀਆਂ ਨਾ-ਵਾਜਬ ਹਰਕਤਾਂ ਵੇਖ ਕੇ ਕੰਵਰ ਨੌਨਿਹਾਲ ਸਿੰਘ ਤੇ ਸ. ਅਤਰ ਸਿੰਘ ਸੰਧਾਵਾਲੀਏ ਨੇ ਸ਼ਾਹ ਨਵਾਬ ਖ਼ਾਂ ਨੂੰ ਕੈਦ ਕਰ ਲਿਆ ਤੇ ਡੇਹਰਾ ਇਸਮਾਈਲ ਖ਼ਾਂ ਜ਼ਬਤ ਕਰ ਲਿਆ। ਏਦੋਂ ਅੱਗੇ ਵੱਧ ਕੇ ਟਾਂਕ ਉੱਤੇ ਕਬਜ਼ਾ ਕਰ ਲਿਆ।[1]

**ਟਾਂਕ ਉੱਤੇ ਕਬਜ਼ਾ**

**ਪੰਜਤਾਰ ਉੱਤੇ ਕਬਜ਼ਾ**

ਏਸੇ ਸਾਲ ਸ. ਸ਼ੇਰ ਸਿੰਘ ਤੇ ਸ. ਤੇਜ ਸਿੰਘ ਨੇ ਫ਼ਤਹਿ ਖ਼ਾਂ ਯੂਸਫ਼ਜ਼ਈ ਨੂੰ ਸ਼ਕੱਸਤ ਦੇ ਕੇ ਪੰਜਤਾਰ ਉੱਤੇ ਕਬਜ਼ਾ ਕਰ ਲਿਆ। ਫ਼ਤਹਿ ਖ਼ਾਂ ਬੂਨੇਰ ਨੂੰ ਭੱਜ ਗਿਆ, ਪਰ ਉਹਦਾ ਸਹਾਇਕ ਅਮੀਰ ਖ਼ਾਂ ਕੈਦ ਕਰ ਲਿਆ ਗਿਆ।[2]

**ਰੋਝਾਨ ਤੇ ਕਾਨ ਉੱਤੇ ਕਬਜ਼ਾ**

ਇਸ ਵੇਲੇ ਸਿੰਧ ਦੀ ਕਿਸਮਤ ਦਾ ਫ਼ੈਸਲਾ ਹੋ ਰਿਹਾ ਸੀ। ਸ. ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਫ਼ੌਜ ਲੈਕੇ ਸਿੰਧ ਵੱਲ ਵਧੇ। ਰੋਝਾਨ ਦੀ ਕੌਮ 'ਮਜ਼ਾਰੀ' ਸਿੱਖ ਇਲਾਕੇ ਉੱਤੇ ਆਏ ਦਿਨ ਹਮਲੇ ਕਰਦੀ ਸੀ। ਸਿੱਖ ਫ਼ੌਜ ਨੇ ਉਹਨਾਂ ਨੂੰ ਲੜਾਈ ਵਿਚ ਸ਼ਕੱਸਤ ਦੇ ਕੇ ਕਿਲ੍ਹਾ 'ਰੋਝਾਨ' ਤੇ ਕਿਲ੍ਹਾ 'ਕਾਨ' ਉੱਤੇ ਕਬਜ਼ਾ ਕਰ ਲਿਆ। ਰੋਝਾਨ ਉੱਤੇ ਅਗਸਤ ਵਿਚ ਤੇ ਕਾਨ ਉੱਤੇ ਅਕਤੂਬਰ, ੧੮੩੬ ਈਸਵੀ ਵਿਚ ਕਬਜ਼ਾ ਹੋਇਆ।[3]

---

1. ਲਤੀਫ਼, ਪੰਨਾ ੪੭੩
2. ਲਤੀਫ਼, ਪੰਨਾ ੪੭੪
3. ਲਤੀਫ਼, ਪੰਨਾ ੪੭੪; ਕਨਿੰਘਮ, ਪੰਨਾ ੨੦੩



Sri Satguru Jagjit Singh Ji eLibrary NamdhariElibrary@gmail.com

ਜਰਨੈਲ ਅਲਾਰਡ ਫ਼ਰਾਂਸ ਨੂੰ ਛੁੱਟੀ ਕੱਟਣ ਗਿਆ ਹੋਇਆ ਸੀ। ਉਹ ੧੮੩੬ ਈਸਵੀ ਵਿਚ ਵਾਪਸ ਲਾਹੌਰ ਆਇਆ ਤਾਂ ਬਾਦਸ਼ਾਹ ਫ਼ਰਾਂਸ ਵੱਲੋਂ ਸ਼ੇਰੇ ਪੰਜਾਬ ਦੇ ਨਾਂ ਦੋਸਤੀ ਦਾ ਖ਼ਤ ਤੇ ਤੋਹਫ਼ੇ ਲੈ ਕੇ ਆਇਆ।

**ਅਲਾਰਡ ਹੱਥ ਫ਼ਰਾਂਸ ਦੇ ਖ਼ਤ**

ਅਸੀਂ ਉਪਰ ਲਿਖ ਆਏ ਹਾਂ ਕਿ ਸਿੰਧ ਦੀ ਸਰਹੱਦ ਉੱਤੇ ਕਿਲ੍ਹਾ ਰੋਝਾਨ ਤੇ ਕਾਨ ਸਿੱਖਾਂ ਨੇ ਮੱਲ ਲਏ ਸਨ। ਸਿੱਖ ਸ਼ਕਾਰਪੁਰ ਵੀ ਲੈਣਾ ਚਾਹੁੰਦੇ ਸਨ। ਦੂਜੇ ਪਾਸੇ ਅੰਗਰੇਜ਼ ਸਿੰਧ ਵਿਚ ਪੈਰ ਜਮਾ ਰਹੇ ਸਨ। ਏਥੇ ਪਹੁੰਚ ਕੇ ਅੰਗਰੇਜ਼ਾਂ ਤੇ ਸਿੱਖਾਂ ਵਿਚ ਟੱਕਰ ਹੋ ਚਲੀ ਸੀ। ਦੋਹੀਂ ਪਾਸੀਂ ਫ਼ੌਜਾਂ ਲੜਾਈ ਵਾਸਤੇ ਤਿਆਰ ਹੋ ਗਈਆਂ। ਮਹਾਰਾਜੇ ਦੇ ਜਰਨੈਲ ਬਹੁਤੇ ਲੜਾਈ ਦੇ ਹੱਕ ਵਿਚ ਸਨ।[1] ਕਪਤਾਨ ਵੇਡ ਲਾਹੌਰ ਆਇਆ। ਉਸ ਨੇ ਮਹਾਰਾਜੇ ਨਾਲ ਕਈ ਮੁਲਾਕਾਤਾਂ ਕੀਤੀਆਂ। ਵੇਡ ਨੇ ਸ਼ਰਤਾਂ ਰੱਖੀਆਂ ਕਿ ਰੋਝਾਨ ਦਾ ਕਿਲ੍ਹਾ ਮਹਾਰਾਜਾ ਕਬਜ਼ੇ ਵਿਚ ਰੱਖੇ, ਪਰ ਬਾਕੀ ਸਿੰਧ ਨਾਲ ਕੋਈ ਵਾਸਤਾ ਨਾ ਰੱਖੇ। ਮਹਾਰਾਜੇ ਨੇ ਇਹ ਸ਼ਰਤਾਂ ਪੱਕੀ ਤਰ੍ਹਾਂ ਨਾ ਮੰਨੀਆ, ਪਰ ਅਮਲੀ ਤੌਰ 'ਤੇ ਸਿੰਧ ਵੱਲੋਂ ਚੁੱਪ ਹੋ ਗਿਆ।

**ਸਿੰਧ ਬਾਰੇ ਝਗੜਾ**

ਮਾਰਚ, ੧੮੩੭ ਈਸਵੀ ਵਿਚ ਕੰਵਰ ਨੌਨਿਹਾਲ ਸਿੰਘ ਦਾ ਵਿਆਹ ਏਨੀ ਸਜ ਧਜ ਨਾਲ ਹੋਇਆ ਜਿਸ ਦੀ ਮਿਸਾਲ ਪੰਜਾਬ ਦੇ ਕੀ, ਹਿੰਦੁਸਤਾਨ ਦੇ ਇਤਿਹਾਸ ਵਿਚ ਵੀ ਨਹੀਂ ਮਿਲਦੀ। ਸ਼ੇਰੇ-ਪੰਜਾਬ ਦਾ ਇਸ ਵਿਆਹ ਉੱਤੇ ਵੀਹ ਲੱਖ ਤੋਂ ਵਧੇਰੇ ਖ਼ਰਚ ਹੋਇਆ। ਵਿਆਹ ਉੱਤੇ ਪੰਜਾਬ ਭਰ ਦੇ ਨਾਮੀ ਸਰਦਾਰਾਂ, ਜਾਗੀਰਦਾਰਾਂ, ਪਟਿਆਲਾ, ਨਾਭਾ, ਜੀਂਦ, ਫ਼ਰੀਦਕੋਟ, ਮਲੇਰਕੋਟਲਾ, ਕਪੂਰਥਲਾ, ਕਲਸੀਆਂ, ਨਰਾਇਣਗੜ੍ਹ, ਲਾਡਵਾ, ਸੁਕੇਤ ਮੰਡੀ, ਚੰਬਾ, ਨੂਰਪੁਰ ਆਦਿ ਦੇ ਰਾਜਿਆਂ, ਨਵਾਬਾਂ ਤੇ ਅੰਗਰੇਜ਼ ਕਰਮਚਾਰੀਆਂ—ਗਵਰਨਰ-ਜੈਨਰਲ, ਗਵਰਨਰ ਆਗਰਾ, ਕਮਾਂਡਰ-ਇਨ-ਚੀਫ਼—ਨੂੰ ਸੱਦਾ ਦਿੱਤਾ ਗਿਆ। ਅੰਗਰੇਜ਼ਾਂ ਵਿਚੋਂ ਸਿਰਫ਼ ਕਮਾਂਡਰ-ਇਨ-ਚੀਫ਼ ਸਰ ਹੈਨਰੀ ਫ਼ੇਨ ਹੀ ਆਇਆ। ਬਾਕੀਆਂ ਵਿਚੋਂ ਲਗਭਗ ਸਾਰੇ ਆਏ। ਜੰਞ ਅੰਮ੍ਰਿਤਸਰ ਤੋਂ ਚੜ੍ਹੀ। ਸੱਤ ਮਾਰਚ ਨੂੰ ਸਵੇਰੇ ਕੰਵਰ ਨੌਨਿਹਾਲ ਸਿੰਘ ਨੂੰ ਹੀਰੇ ਜਵਾਹਾਰਾਤ ਦਾ ਮੜ੍ਹਿਆ ਹੋਇਆ ਸੁਨਹਿਰੀ ਸੇਹਰਾ ਬੱਧਾ ਗਿਆ। ਸਭ ਤੋਂ ਪਹਿਲਾਂ ਪੰਜ ਸੌ ਰੁਪਏ ਭੇਟਾ ਧਰ ਕੇ ਹਰਿਮੰਦਰ ਸਾਹਿਬ ਮੱਥਾ ਟੇਕਿਆ ਗਿਆ। ੧੫੦) ਅਕਾਲ ਤਖ਼ਤ ਤੇ ੧੨੦) ਬਾਕੀ ਗੁਰਦੁਆਰਿਆਂ ਵਿਚ ਮੱਥਾ ਟੇਕਿਆ। ੫੦੦) ਅਕਾਲੀ ਫ਼ੌਜ ਨੂੰ ਕੜਾਹ ਪ੍ਰਸਾਦਿ ਵਾਸਤੇ ਭੇਟਾ ਕੀਤਾ ਗਿਆ। ਇਸੇ ਦਿਨ ਤਿੰਨ ਵਜੇ ਲੌਢੇਵਾਲ ਜੰਞ ਅੰਮ੍ਰਿਤਸਰ ਤੋਂ ਅਟਾਰੀ ਨੂੰ ਤੁਰੀ। ਮਹਾਰਾਜਾ ਤੇ ਹੈਨਰੀ ਫ਼ੇਨ ਇਕੋ ਹਾਥੀ ਉੱਤੇ ਸਨ। ਰਾਜੇ ਤੇ ਸਰਦਾਰ

**ਕੰਵਰ ਨੌਨਿਹਾਲ ਸਿੰਘ ਦਾ ਵਿਆਹ**

---
1. ਕਨਿੰਘਮ, ਪੰਨਾ ੨੦੫



Sri Satguru Jagjit Singh Ji eLibrary NamdhariElibrary@gmail.com

ਹਾਥੀਆਂ ਉੱਤੇ ਅਸਵਾਰ ਸਨ। ਹਰ ਇਕ ਹਾਥੀ ਉੱਤੇ ਦੋ-ਦੋ ਹਜ਼ਾਰ ਦੀ ਥੈਲੀ ਸੁੱਟ ਕਰਨ ਵਾਸਤੇ ਰੱਖੀ ਹੋਈ ਸੀ। ਨਾਲ ਰਸਾਲਾਂ ਤੋਪਖ਼ਾਨਾ ਤੇ ਫ਼ੌਜੀ ਵਾਜਾ ਸੀ। ਲੱਖਾਂ ਦੀ ਗਿਣਤੀ ਵਿਚ ਮੰਗਤੇ ਸੜਕ ਰੋਕੀ ਖੜੇ ਸਨ। ਢੁਕਾਉ ਉੱਤੇ ਮਿਲਣੀ ਸਮੇਂ ਸ. ਸ਼ਾਮ ਸਿੰਘ ਨੇ ਪੰਜ ਘੋੜੇ ਸਣੇ ਕੀਮਤੀ ਸਾਜ਼ ਤੇ ੧੦੧ ਮੋਹਰ ਮਹਾਰਾਜੇ ਨੂੰ ਭੇਟਾ ਕੀਤੇ। ਇਕ ਘੋੜਾ, ੫੧ ਮੋਹਰਾਂ ਸ. ਖੜਕ ਸਿੰਘ ਨੂੰ, ਇਕ ਘੋੜਾ ਤੇ ੧੧ ਮੋਹਰਾਂ ਸ. ਸ਼ੇਰ ਸਿੰਘ ਨੂੰ ਦਿੱਤੀਆਂ। ਬਾਕੀ ਹਰ ਜਾਂਞੀ ਨੂੰ ਉਹਦੀ ਪਦਵੀ ਅਨੁਸਾਰ ਨਜ਼ਰਾਨਾ ਦਿੱਤਾ ਗਿਆ। ਸਾਰੀ ਰਾਤ ਆਤਿਸ਼ਬਾਜ਼ੀ ਤੇ ਰਾਗ ਰੰਗ ਹੁੰਦਾ ਰਿਹਾ। ਸ. ਸ਼ਾਮ ਸਿੰਘ ਵੱਲੋਂ ਹਰ ਜਾਂਞੀ ਦੀ ਉਸ ਦੀ ਪਦਵੀ ਦੇ ਯੋਗ ਸੇਵਾ ਕੀਤੀ ਗਈ।

ਅਗਲੇ ਦਿਨ (੮ ਮਾਰਚ, ੧੮੩੭ ਈਸਵੀ) ਸਵੇਰੇ ੯ ਵਜੇ ਅਨੰਦ ਕਾਰਜ ਹੋਇਆ। ਏਸੇ ਦਿਨ ਬਾਹਰ ਖੁੱਲ੍ਹੇ ਮੈਦਾਨ ਵਿਚ ਪੰਜ ਮੀਲ ਲੰਮਾ ਤੇ ਪੰਜ ਮੀਲ ਚੌੜਾ ਵਾੜਾ ਬਣਾਇਆ ਗਿਆ। ਚੁਫੇਰੇ ਫ਼ੌਜ ਖੜੀ ਕਰ ਕੇ ਇਹ ਵਾੜਾ ਰਚਿਆ ਗਿਆ ਜਿਸ ਦੇ ਅੱਸੀ ਦਰਵਾਜ਼ੇ ਰੱਖੇ ਗਏ। ਸਭ ਮੰਗਤੇ—ਜਿਨ੍ਹਾਂ ਦੀ ਗਿਣਤੀ ਦਸ ਲੱਖ ਦੇ ਬਰਾਬਰ ਸੀ—ਇਕ ਵਾਰ ਇਸ ਵਾੜੇ ਵਿਚ ਦਾਖ਼ਲ ਕਰ ਦਿੱਤੇ। ਫਿਰ ਇਕ ਇਕ ਰੁਪਿਆ ਜੀ ਪਰਤੀ ਦੇ ਕੇ ਵਾੜੇ 'ਚੋਂ ਬਾਹਰ ਕੱਢੀ ਗਏ। ਇਹ ਸਭ ਕੁਝ ਸ. ਖੜਕ ਸਿੰਘ ਤੇ ਮਿਸਰ ਬੇਲੀ ਰਾਮ ਦੇ ਪ੍ਰਬੰਧ ਥੱਲੇ ਹੋਇਆ।

ਵਿਦਾਇਗੀ ਸਮੇਂ ਸ. ਸ਼ਾਮ ਸਿੰਘ ਵੱਲੋਂ ਦਾਜ ਵਿਚ ੧੦੧ ਘੋੜੇ ਸਣੇ ਕੀਮਤੀ ਸਾਜ਼, ੧੦੧ ਗਾਈਂ, ੧੦੧ ਮੱਝੀਂ, ੧੦੧ ਊਠ, ੧੧ ਹਾਥੀ, ੫੦੦ ਦੋਸ਼ਾਲੇ, ਸੋਨੇ ਚਾਂਦੀ ਦੇ ਬਰਤਨ, ਗਹਿਣੇ, ਹੀਰੇ, ਜ਼ਵਾਹਰਾਤ, ਰੇਸ਼ਮੀ ਕੱਪੜੇ ਤੇ ਨਕਦ ਧਨ ਦਿੱਤਾ ਗਿਆ। ਸਾਰੇ ਜਾਂਞੀਆਂ ਨੂੰ ਸਿਰੋਪਾ ਭੇਟ ਕੀਤੇ। ਇਸ ਵਿਆਹ ਉੱਤੇ ਸ. ਸ਼ਾਮ ਸਿੰਘ ਦਾ ਪੰਦਰਾਂ ਲੱਖ ਰੁਪਿਆ ਖ਼ਰਚ ਆਇਆ। ਅਟਾਰੀ ਤੋਂ ਵਿਦਿਆ ਹੋ ਕੇ ਜੰਞ ਸ਼ਾਲਾਮਾਰ ਬਾਗ਼ ਤੇ ਅਗਲੇ ਦਿਨ ਲਾਹੌਰ ਪਹੁੰਚੀ।[1]

**ਹੈਨਰੀ ਫ਼ੇਨ ਦੀ ਪੰਜਾਬ ਫ਼ਤਹਿ ਕਰਨ ਬਾਰੇ ਰਾਏ**

ਹੈਨਰੀ ਫ਼ੇਨ (ਅੰਗਰੇਜ਼ ਕਮਾਂਡਰ-ਇਨ-ਚੀਫ਼) ੨੭ ਮਾਰਚ ਤੱਕ ਲਾਹੌਰ ਰਿਹਾ। ਉਹਨੇ ਖ਼ਾਲਸਾ ਫ਼ੌਜ ਦੀ ਕਵਾਇਦ ਤੇ ਮਹਾਰਾਜੇ ਦੇ ਹੀਰੇ, ਜਵਾਹਰਾਤ, ਘੋੜੇ ਤੇ ਹਥਿਆਰ ਵੇਖੇ। ਵਾਪਸ ਜਾ ਕੇ ਉਹਨੇ ਆਪਣੀ ਸਰਕਾਰ ਕੋਲ ਰਾਏ ਪ੍ਰਗਟ ਕੀਤੀ ਕਿ ਪੂਰੀ ਤਰ੍ਹਾਂ ਪੰਜਾਬ (ਸਿੱਖ ਰਾਜ) ਫ਼ਤਹਿ ਕਰਨ ਵਾਸਤੇ ੬੭ ਹਜ਼ਾਰ ਫ਼ੌਜ ਦੀ ਲੋੜ ਹੈ, ਤੇ ਦੋ ਸਾਲ ਦੀ ਲੜਾਈ ਵਿਚ ਸਾਰਾ ਪੰਜਾਬ ਫ਼ਤਹਿ ਕਰ ਲਿਆ ਜਾਵੇਗਾ।[2] (ਐਸ ਕੰਮ ਵਾਸਤੇ ਹੈਨਰੀ ਫ਼ੇਨ ਪੰਜਾਬ ਵਿਚ ਵਿਆਹ ਉੱਤੇ ਆਇਆ ਸੀ ਤੇ ਆਹ ਹੈ ਅੰਗਰੇਜ਼ ਕੌਮ ਦੀ ਦੋਸਤੀ)।

---

1. ਲਤੀਫ਼, ਪੰਨੇ ੪੭੫ ਤੋਂ ੪੭੮; ਮੈਕਗ੍ਰੇਗਰ, ਪੰਨੇ ੨੦੫ ਤੋਂ ੨੧੧
2. ਕਨਿੰਘਮ, ਪੰਨਾ ੨੧੪



Sri Satguru Jagjit Singh Ji eLibrary NamdhariElibrary@gmail.com

ਕੰਵਰ ਨੌਨਿਹਾਲ ਸਿੰਘ ਦੇ ਵਿਆਹ ਉੱਤੇ ਬਹੁਤ ਸਾਰੀ ਫ਼ੌਜ ਅਟਾਰੀ ਆਈ ਹੋਈ ਸੀ। ਸ. ਹਰੀ ਸਿੰਘ ਨਲਵਾ ਪਿਸ਼ਾਵਰ ਵਿਚ ਬੁਖ਼ਾਰ ਨਾਲ ਬੀਮਾਰ ਪਿਆ ਸੀ। ਏਸ ਵਾਸਤੇ ਉਹ ਵਿਆਹ ਵਿਚ ਸ਼ਾਮਿਲ ਨਹੀਂ ਸੀ ਹੋਇਆ। ਦੱਰਾ ਖ਼ੈਬਰ ਦੇ ਚੜ੍ਹਦੇ ਦਰਵਾਜ਼ੇ ਵਿਚ ਸਿੱਖਾਂ ਨੇ ਕਿਲ੍ਹਾ ਜਮਰੌਦ ਮਜ਼ਬੂਤ ਕਰ ਲਿਆ ਸੀ। ਇਸ ਗੱਲੋਂ ਵਾਲੀਏ ਕਾਬਲ ਦੋਸਤ ਮੁਹੰਮਦ ਖ਼ਾਂ ਬੜਾ ਔਖਾ ਸੀ। ਉਸ ਨੂੰ ਇਹ ਵੀ ਪਤਾ ਸੀ ਕਿ ਸ. ਹਰੀ ਸਿੰਘ ਬਿਮਾਰ ਪਿਆ ਹੈ ਤੇ ਸੂਬਾ ਪਿਸ਼ਾਵਰ ਵਿਚ ਸਿੱਖ ਫ਼ੌਜ ਬਹੁਤ ਥੋੜ੍ਹੀ ਹੈ। ਉਹਨੇ ਪਿਛਲੀ ਹਾਰ ਦੇ ਦਾਗ਼ ਧੋਣ ਵਾਸਤੇ ਜਮਰੌਦ ਉੱਤੇ ਹਮਲਾ ਕਰਨ ਲਈ ਆਪਣੇ ਨਾਇਬ ਮਿਰਜ਼ਾ ਸੰਮੀ ਖ਼ਾਂ ਨੂੰ ਭੇਜ ਦਿੱਤਾ। ਸੰਮੀ ਖ਼ਾਂ ਦੇ ਮਾਤਹਿਤ ਸੱਤ ਹਜ਼ਾਰ ਬਾਕਾਇਦਾ ਰਸਾਲਾ, ਦੋ ਹਜ਼ਾਰ ਬੰਦੂਕਚੀ, ਵੀਹ ਹਜ਼ਾਰ ਖ਼ੈਬਰੀ ਗ਼ਾਜ਼ੀ, ਪੰਜਾਹ ਤੋਪਾਂ, ਜੱਬਾਰ ਖ਼ਾਂ, ਮੁਹੰਮਦ ਖ਼ਾਂ, ਉਸਮਾਨ ਖ਼ਾਂ, ਸ਼ੁਜਾਉੱਲਦੌਲਾ ਖ਼ਾਂ, ਸ਼ਮਸੁੱਦੀਨ ਖ਼ਾਂ, ਮੁੱਲਾਂ ਮੁਹੰਮਦ ਖ਼ਾਂ, ਜ਼ਰੀਂ ਖ਼ਾਂ ਅਰਜ਼ਬੇਗੀ ਤੇ ਦੋਸਤ ਮੁਹੰਮਦ ਖ਼ਾਂ ਦੇ ਪੰਜ ਪੁੱਤਰ (ਮੁਹੰਮਦ ਅਫ਼ਜ਼ਲ ਖ਼ਾਂ, ਮੁਹੰਮਦ ਅਕਬਰ ਖ਼ਾਂ, ਗ਼ੁਲਾਮ ਹੈਦਰ ਖ਼ਾਂ, ਮੁਹੰਮਦ ਆਜ਼ਮ ਖ਼ਾਂ, ਅਕਰਮ ਖ਼ਾਂ) ਕੀਤੇ ਗਏ। ਦੋਸਤ ਮੁਹੰਮਦ ਖ਼ਾਂ ਆਪ ਕਾਬਲ ਹੀ ਰਿਹਾ। ਏਸ ਦਲ ਨੇ ਕਿਲ੍ਹਾ ਜਮਰੌਦ ਵਿਚ ਮੁੱਠੀ ਭਰ ਸਿੱਖਾਂ (ਲਗਭਗ ਇਕ ਹਜ਼ਾਰ) ਨੂੰ ਘੇਰ ਲਿਆ। ਬੜੀ ਲਹੂ ਡੋਲ੍ਹਵੀਂ ਲੜਾਈ ਹੋਈ। ਦੋ-ਤਿੰਨ ਦਿਨ ਦੀ ਤੋਪਾਂ ਦੀ ਮਾਰ ਨੇ ਕਿਲ੍ਹਾ ਜਮਰੌਦ ਦੀਆਂ ਕੰਧਾਂ ਉਡਾ ਦਿੱਤੀਆਂ। ਇਸ ਤੋਂ ਪਹਿਲਾਂ ਕਿ ਵੈਰੀ ਕਿਲ੍ਹੇ ਵਿਚ ਦਾਖ਼ਲ ਹੁੰਦੇ, ੩੦ ਅਪ੍ਰੈਲ, ੧੮੩੭ ਈਸਵੀ ਨੂੰ ਸ. ਹਰੀ ਸਿੰਘ ਨਲਵਾ ਬੀਮਾਰੀ ਦੀ ਪ੍ਰਵਾਹ ਨਾ ਕਰਦਾ ਹੋਇਆ, ਦਸ ਹਜ਼ਾਰ ਫ਼ੌਜ ਲੈ ਕੇ ਜੰਗ ਵਿਚ ਆ ਸ਼ਾਮਿਲ ਹੋਇਆ। ਉਸ ਦੇ ਆਉਣ ਨਾਲ ਹੀ ਜੰਗ ਦਾ ਪਾਸਾ ਪਲਟ ਗਿਆ। ਸਿੱਖਾਂ ਨੇ ਏਨੇ ਜੋਸ਼ ਨਾਲ ਧਾਵਾ ਬੋਲਿਆ ਕਿ ਵੈਰੀ ਦੀਆਂ ਲੋਥਾਂ ਦੇ ਢੇਰ ਲਾ ਦਿੱਤੇ। ਪਠਾਣ ਮੋਰਚੇ ਛੱਡ ਕੇ ਖ਼ੈਬਰ ਦੀਆਂ ਪਹਾੜੀਆਂ ਵਿਚ ਜਾ ਵੜੇ। ਮਗਰੇ ਖ਼ਾਲਸਾ ਫ਼ੌਜਾਂ ਚਲੀਆਂ ਗਈਆਂ। ਇਕ ਪਹਾੜੀ ਗੁਫ਼ਾ ਵਿਚੋਂ ਸ. ਹਰੀ ਸਿੰਘ ਦੇ ਪੇਟ ਵਿਚ ਦੋ ਗੋਲੀਆਂ ਆ ਵੱਜੀਆਂ।[1] ਉਹ ਜ਼ਖ਼ਮੀ ਹੋਇਆ ਵਾਪਸ ਕਿਲ੍ਹੇ ਵਿਚ ਆ ਗਿਆ ਤੇ ਰਾਤ ਸ਼ਹੀਦ ਹੋ ਗਿਆ। ਰਾਤੋ ਰਾਤ ਚੁੱਪ ਚਾਪ ਕਿਲ੍ਹੇ ਦੇ ਅੰਦਰ ਨਲਵੇ ਸਰਦਾਰ ਦਾ ਸੰਸਕਾਰ ਕਰ ਦਿੱਤਾ ਗਿਆ। ਏਸ ਘਟਨਾ ਦੀ ਬਾਹਰ ਖ਼ਬਰ ਨਾ ਨਿਕਲਣ ਦਿੱਤੀ ਪਰ ਮਹਾਰਾਜਾ ਨੂੰ ਖ਼ਬਰ ਪੁਚਾ ਦਿੱਤੀ ਗਈ। ਕਈ ਦਿਨ ਤਕ ਪਠਾਣ ਏਸ ਡਰ ਨਾਲ ਕਿ ਹਰੀ ਸਿੰਘ ਕਿਲ੍ਹੇ ਵਿਚ ਬੈਠਾ ਹੈ, ਦੱਰਰਾ ਖ਼ੈਬਰ ਵਿਚ ਬੈਠੇ ਰਹੇ। ਖ਼ਾਲਸਾ ਫ਼ੌਜ ਕਿਲ੍ਹਾ ਜਮਰੌਦ ਨੂੰ ਪੱਕਿਆਂ ਕਰਨ ਵਿਚ ਰੁਝੀ ਰਹੀ।

**ਜੰਗ ਜਮਰੌਦ**

**ਨਲਵਾ ਸ਼ਹੀਦ**

ਸ. ਹਰੀ ਸਿੰਘ ਨਲਵਾ ਦੀ ਸ਼ਹੀਦੀ ਦੀ ਖ਼ਬਰ ਮਹਾਰਾਜੇ ਨੂੰ ਪਹੁੰਚੀ, ਤਾਂ

1. ਗ੍ਰਿਫ਼ਨ, ਪੰਨਾ ੧੫੯



Sri Satguru Jagjit Singh Ji eLibrary NamdhariElibrary@gmail.com

ਕਹਿਰ ਵਿਚ ਉਹ ਆਪ ਫ਼ੌਜ ਲੈ ਕੇ ਚੜ੍ਹ ਪਿਆ। ਮਹਾਰਾਜਾ ਆਪ ਰੁਹਤਾਸ ਜਾ ਪੁੱਜਾ ਤੇ ਰਾਜਾ ਧਿਆਨ ਸਿੰਘ ਨੂੰ ਫ਼ੌਜ ਦੇ ਕੇ ਅੱਗੇ ਭੇਜਿਆ। ਨਵੀਂ ਫ਼ੌਜ ਆ ਜਾਣ ਨਾਲ ਪਿਸ਼ਾਵਰ ਦੇ ਜਮਰੌਦ ਦੇ ਇਲਾਕੇ ਵਿਚ ਚਾਲੀ ਹਜ਼ਾਰ ਖ਼ਾਲਸਾ ਫ਼ੌਜ ਹੋ ਗਈ। ਏਸ ਗੱਲ ਦਾ ਪਤਾ ਪਠਾਣਾਂ ਨੂੰ ਲੱਗਾ, ਤਾਂ ਉਹ ਬਿਨਾਂ ਲੜਿਆਂ ਹੀ ਜਲਾਲਾਬਾਦ ਨੂੰ ਨੱਸ ਗਏ।[1]

ਦੂਜੇ ਪਾਸੇ ਸੱਯਦ ਬਾਬਾ ਜਾਨ, ਮੀਰ ਆਲਮ ਖ਼ਾਂ, ਸਆਦਤ ਖ਼ਾਂ ਤੇ ਹਾਜੀ ਖ਼ਾਂ ਹਸ਼ਤ ਨਗਰ ਉੱਤੇ ਹਮਲਾ ਕਰਨ ਵਾਸਤੇ ਗਏ ਸਨ। ਉਥੇ ਸ. ਲਹਿਣਾ ਸਿੰਘ ਸੰਧਾਵਾਲੀਆ ਮੋਰਚੇ ਮੱਲ ਕੇ ਬੈਠਾ ਰਿਹਾ। ਜਦ ਸੰਮੀ ਖ਼ਾਂ ਦੀ ਫ਼ੌਜ ਨੱਸ ਗਈ ਤਾਂ ਇਹ ਫ਼ੌਜ ਬਿਨਾਂ ਗੋਲੀ ਦਾਗ਼ਿਆਂ ਹੀ ਹਸ਼ਤ ਨਗਰ ਤੋਂ ਨੱਸ ਗਈ।

ਮਹਾਰਾਜਾ, ਸ. ਤੇਜ ਸਿੰਘ ਨੂੰ ਪਿਸ਼ਾਵਰ ਦਾ ਗਵਰਨਰ ਥਾਪ ਕੇ ਵਾਪਸ ਆ ਗਿਆ। ਥੋੜ੍ਹੇ ਚਿਰ ਪਿਛੋਂ ਸ. ਤੇਜ ਸਿੰਘ ਦੀ ਥਾਂ ਜਰਨੈਲ ਐਵੀਟੇਬਲ ਨੂੰ ਗਵਰਨਰ ਬਣਾ ਕੇ ਭੇਜ ਦਿੱਤਾ ਗਿਆ।

1. ਗੰਡਾ ਸਿੰਘ (ਰਣਜੀਤ ਸਿੰਘ), ਪੰਨਾ ੩੨; ਲਤੀਫ਼, ਪੰਨੇ ੪੮੨ ਤੋਂ ੪੮੪



Sri Satguru Jagjit Singh Ji eLibrary NamdhariElibrary@gmail.com

# ਅੱਠਵਾਂ ਕਾਂਡ

ਸ. ਹਰੀ ਸਿੰਘ ਨਲਵੇ ਦੇ ਸ਼ਹੀਦ ਹੋਣ ਨਾਲ ਸਿੱਖ ਰਾਜ ਦਾ ਇਕ ਥੰਮ੍ਹ ਡਿੱਗ ਪਿਆ ਸੀ। ਮਹਾਰਾਜਾ ਨੇ ਏਸ ਦੁੱਖ ਨੂੰ ਬਹੁਤ ਮਹਿਸੂਸ ਕੀਤਾ। ਅਕਤੂਬਰ, ੧੮੩੭ ਈਸਵੀ ਵਿਚ ਮਹਾਰਾਜੇ ਦਾ ਪੱਗ-ਵਟ ਭਰਾ ਸ. ਫ਼ਤਹਿ ਸਿੰਘ ਆਹਲੂਵਾਲੀਆ ਸੁਰਗਵਾਸ ਹੋ ਗਿਆ। ਉਹਦੇ ਵਿਛੋੜੇ ਨੂੰ ਮਹਾਰਾਜੇ ਨੇ ਸਕੇ ਵੀਰ ਦੇ ਵਿਛੋੜੇ ਵਾਂਗ ਅਨੁਭਵ ਕੀਤਾ। ਉਸ ਦੇ ਥਾਂ ਉਸ ਦਾ ਪੁੱਤਰ ਨਿਹਾਲ ਸਿੰਘ ਜਾਗੀਰਦਾਰ ਬਣਾਇਆ ਗਿਆ।

*ਫ਼ਤਹਿ ਸਿੰਘ ਆਹਲੂਵਾਲੀਆ ਸੁਰਗਵਾਸ*

ਮੰਡੀ ਦਾ ਰਾਜਾ ਬਿਮਾਰ ਰਹਿੰਦਾ ਸੀ। ਉਹ ਆਪਣੇ ਇਲਾਕੇ ਦਾ ਪ੍ਰਬੰਧ ਠੀਕ ਨਹੀਂ ਸੀ ਕਰ ਸਕਦਾ। ਸੋ ਉਸ ਦੇ ਭਤੀਜੇ ਬਲਬੀਰ ਸਿੰਘ ਨੂੰ ਮੰਡੀ ਦਾ ਰਾਜਾ ਬਣਾ ਕੇ ਵੀਹ ਹਜ਼ਾਰ ਨਜ਼ਰਾਨਾ ਲਿਆ। ਇਲਾਕਾ ਟਾਂਕ ਵਿਚ ਪੈਂਦੇ ਖ਼ਾਂ ਨੇ ਬਗ਼ਾਵਤ ਕਰ ਦਿੱਤੀ, ਜੋ ਸ. ਸਰਦੂਲ ਸਿੰਘ ਮਾਨ ਤੇ ਸ. ਚੇਤ ਸਿੰਘ ਨੇ ਦਬਾ ਦਿੱਤੀ। ਏਸੇ ਸਮੇਂ ਕਾਛੀ ਦਾ ਇਲਾਕਾ, ੧੧ ਘੋੜੇ, ੫੧ ਊਠ ਤੇ ੬੫ ਹਜ਼ਾਰ ਨਕਦ ਖ਼ਰਾਜ ਬਦਲੇ ਫ਼ਤਹਿ ਖ਼ਾਂ ਟਿਵਾਣਾ ਨੂੰ ਦਿੱਤਾ ਗਿਆ।

*ਬਲਬੀਰ ਸਿੰਘ ਰਾਜਾ ਮੰਡੀ*

*ਪੈਂਦੇ ਖ਼ਾਂ ਦੀ ਬਗ਼ਾਵਤ*

*ਫ਼ਤਹਿ ਖ਼ਾਂ ਨੂੰ ਜਾਗੀਰ*

੧੮੩੭ ਈਸਵੀ ਦੇ ਅਖ਼ੀਰ ਵਿਚ ਕਾਬਲ ਦਾ ਪੁਰਾਣਾ ਬਾਦਸ਼ਾਹ ਯਯੂਬ—ਜੋ ਸ਼ਰਨਾਰਥੀ ਬਣ ਕੇ ਲਾਹੌਰ ਆਇਆ ਸੀ—ਚਲਾਣਾ ਕਰ ਗਿਆ।[1]

*ਸ਼ਾਹ ਅਯੂਬ ਦਾ ਚਲਾਣਾ*

ਇਸੇ ਸਮੇਂ ਈਰਾਨ ਰਾਹੀਂ ਰੂਸ ਦੇ ਹਮਲੇ ਦਾ ਖ਼ਤਰਾ ਪੈਦਾ ਹੋ ਗਿਆ। ਸਰਕਾਰ ਅੰਗਰੇਜ਼ੀ ਨੇ ਸਰ ਅਲੈਗਜ਼ੈਂਡਰ ਬਰਨਜ਼ ਨੂੰ ਦੋਸਤ ਮੁਹੰਮਦ ਖ਼ਾਂ ਕੋਲ ਭੇਜਿਆ। ਉਹ ਸਤੰਬਰ ੧੮੩੭ ਈਸਵੀ ਨੂੰ ਕਾਬਲ ਪਹੁੰਚਿਆ। ਦੋਸਤ ਮੁਹੰਮਦ ਖ਼ਾਂ ਨੇ ਅੰਗਰੇਜ਼ ਏਲਚੀ ਸਾਹਮਣੇ ਸ਼ਰਤ ਰੱਖੀ, ਕਿ ਜੇ ਅੰਗਰੇਜ਼ ਉਸਨੂੰ ਸਿੱਖਾਂ ਕੋਲੋਂ ਪਿਸ਼ਾਵਰ ਲੈ ਦੇਣ, ਤਾਂ ਉਹ ਅੰਗਰੇਜ਼ਾਂ ਨਾਲ ਹਰ ਤਰ੍ਹਾਂ ਦੀ ਸੁਲ੍ਹਾ ਕਰਨ ਨੂੰ ਤਿਆਰ ਹੈ। ਅੰਗਰੇਜ਼ਾਂ ਨੇ ਇਹ ਸ਼ਰਤ ਨਾ ਮੰਨੀ। ਏਨੇ ਨੂੰ ਦੋਸਤ ਮੁਹੰਮਦ ਖ਼ਾਂ ਕੋਲ ਰੂਸ ਦਾ ਮਿਸ਼ਨ ਆ ਗਿਆ। ਉਹ ਅੰਗਰੇਜਾਂ ਵਲੋਂ ਹਟ ਕੇ ਰੂਸ ਨਾਲ ਗੱਲ ਬਾਤ

*ਅੰਗਰੇਜ਼ੀ ਮਿਸ਼ਨ ਕਾਬਲ*

---

1. ਲਤੀਫ਼, ਪੰਨਾ ੪੮੪



Sri Satguru Jagjit Singh Ji eLibrary NamdhariElibrary@gmail.com

ਕਰਨ ਲੱਗ ਪਿਆ। ਗਵਰਨਰ-ਜੈਨਰਲ ਹਿੰਦ ਨੇ ਦੋਸਤ ਮੁਹੰਮਦ ਖ਼ਾਂ ਨੂੰ ਲਿਖਿਆ ਕਿ ਰੂਸ ਦੇ ਮਿਸ਼ਨ ਨੂੰ ਆਪਣੇ ਦਰਬਾਰ ਵਿਚੋਂ ਕੱਢ ਦੇਵੇ ਪਰ ਦੋਸਤ ਮੁਹੰਮਦ ਖ਼ਾਂ ਨੇ ਇਸ ਚਿੱਠੀ ਦੀ ਪ੍ਵਾਹ ਨਾ ਕੀਤੀ। ਅੰਤ ੨੬ ਅਪ੍ਰੈਲ, ੧੮੩੮ ਈਸਵੀ ਨੂੰ ਅੰਗਰੇਜ਼ਾਂ ਦਾ ਮਿਸ਼ਨ (ਬਰਨਜ਼) ਕਾਬਲ ਤੋਂ ਰੁਸ ਕੇ ਤੁਰ ਆਇਆ। ਰੂਸੀ ਮਿਸ਼ਨ ਅਜੇ ਕਾਬਲ ਹੀ ਸੀ।

ਅੰਗਰੇਜ਼ ਕਰਮਚਾਰੀਆਂ ਹੁਣ ਫ਼ੈਸਲਾ ਕੀਤਾ ਕਿ ਕਾਬਲ ਦੇ ਤਖ਼ਤ ਉੱਤੇ ਸ਼ਾਹ ਸ਼ੁਜਾਹ ਨੂੰ ਬਿਠਾਇਆ ਜਾਵੇ। ਇਹ ਤਜਵੀਜ਼ ਸ਼ੇਰੇ-ਪੰਜਾਬ ਦੀ ਮਦਦ ਬਿਨਾਂ ਨੇਪਰੇ ਨਹੀਂ ਸੀ ਚੜ੍ਹ ਸਕਦੀ। ਮਹਾਰਾਜੇ ਦੀ ਮਦਦ ਹਾਸਲ ਕਰਨ ਵਾਸਤੇ ਮਈ, ੧੮੩੮ ਈਸਵੀ ਵਿਚ ਹੇਠ ਲਿਖੇ ਕਰਮਚਾਰੀਆਂ ਦਾ ਮਿਸ਼ਨ ਪੰਜਾਬ ਆਇਆ : ਸਰਕਾਰ ਅੰਗਰੇਜ਼ੀ ਦਾ ਪੋਲੀਟੀਕਲ ਸਕੱਤਰ ਮਿਸਟਰ ਮੈਕਨਾਟਨ, ਲੁਧਿਆਣੇ ਦਾ ਪੋਲੀਟੀਕਲ ਏਜੰਟ ਕਪਤਾਨ ਵੇਡ, ਗਵਰਨਰ-ਜੈਨਰਲ ਦਾ ਫ਼ੌਜੀ ਸਕੱਤਰ ਕਪਤਾਨ ਔਸਬੋਰਨ, ਗਵਰਨਰ-ਜੈਨਰਲ ਦਾ ਏ ਡੀ-ਡੀ-ਕੈਂਪ ਕਪਤਾਨ ਮੈਕਗ੍ਰੇਗਰ ਤੇ ਡਾਕਟਰ ਡਰੂਮੌਂਡ। ਇਹ ਮਿਸ਼ਨ ੨੦ ਮਈ ਨੂੰ ਰੋਪੜ ਤੋਂ ਦਰਿਆ ਟੱਪਿਆ। ਉਸ ਵੇਲੇ ਮਹਾਰਾਜੇ ਦਾ ਦਰਬਾਰ ਦੀਨਾ ਨਗਰ ਸੀ। ਮਿਸ਼ਨ ਦੇ ਸਵਾਗਤ ਵਾਸਤੇ ਸ਼ਹਿਜ਼ਾਦਾ ਪਰਤਾਪ ਸਿੰਘ (ਸ. ਸ਼ੇਰ ਸਿੰਘ ਦਾ ਵੱਡਾ ਪੁੱਤਰ) ਨੂੰ ਅੱਗੋਂ ਭੇਜਿਆ ਗਿਆ। ਔਸਬੋਰਨ ਲਿਖਦਾ ਹੈ, "ਮੈਂ ਜਿੰਨੇ ਬੱਚੇ ਵੀ ਅੱਜ ਤੱਕ ਵੇਖੇ ਹਨ, ਪ੍ਰਤਾਪ ਸਿੰਘ ਸਭ ਨਾਲੋਂ ਸਮਝਦਾਰ ਲੜਕਾ ਹੈ। ਉਹ ਖ਼ੂਬਸੂਰਤ, ਮੋਟੀਆਂ ਚਮਕਦਾਰ ਅੱਖਾਂ ਵਾਲਾ ਤੇ ਦਿਲ ਨੂੰ ਖਿਚ ਪਾਉਣ ਵਾਲਾ ਹੈ।"

**ਅੰਗਰੇਜ਼ੀ ਮਿਸ਼ਨ ਮਹਾਰਾਜੇ ਕੋਲ**

ਅੰਗਰੇਜ਼ੀ ਮਿਸ਼ਨ ਨੇ ੨੯ ਮਈ ਨੂੰ ਗਵਰਨਰ-ਜੈਨਰਲ ਦੇ ਭੇਜੇ ਤੋਹਫ਼ੇ ਮਹਾਰਾਜੇ ਦੀ ਭੇਟਾ ਕੀਤੇ। ੩੧ ਮਈ ਨੂੰ ਮਿਸ਼ਨ ਦੀ ਮਹਾਰਾਜੇ ਨਾਲ ਬਾਕਾਇਦਾ ਮੁਲਾਕਾਤ ਹੋਈ, ਜਿਸ ਵਿਚ ਅੰਗਰੇਜ਼ ਕਰਮਚਾਰੀਆਂ ਨੇ ਸ਼ੁਜਾਹ ਨੂੰ ਕਾਬਲ ਦੇ ਤਖ਼ਤ ਉੱਤੇ ਬਿਠਾਉਣ ਦੀ ਤਜਵੀਜ਼ ਦੱਸ ਕੇ ਮਦਦ ਮੰਗੀ। ਉਹਨਾਂ ਇਹ ਵੀ ਕਿਹਾ ਕਿ ਜੇ ਲਾਹੌਰ ਦਰਬਾਰ ਆਪ ਹੀ ਇਹ ਕੰਮ ਕਰਨਾ ਚਾਹੇ, ਤਾਂ ਅੰਗਰੇਜ਼ ਖ਼ੁਸ਼ ਹਨ। ਜੇ ਮਹਾਰਾਜਾ ਸਰਕਾਰ ਅੰਗਰੇਜ਼ੀ ਤੋਂ ਮਦਦ ਚਾਹੇ ਤਾਂ ਉਹ ਮਦਦ ਕਰਨ ਲਈ ਤਿਆਰ ਹਨ। ਮਹਾਰਾਜੇ ਨੇ ਏਸ ਕੰਮ ਵਿਚ ਅੰਗਰੇਜ਼ਾਂ ਦੀ ਮਦਦ ਕਰਨੀ ਮੰਨ ਲਈ।

**ਤਿੰਨ-ਧਿਰਾ ਅਹਿਦਨਾਮਾ**

੨੬ ਜੂਨ, ੧੮੩੮ ਈਸਵੀ (੧੫ ਹਾੜ, ੧੮੯੫ ਬਿ.) ਨੂੰ ਲਾਹੌਰ ਵਿਚ ਤਿੰਨ-ਧਿਰਾ ਅਹਿਦਨਾਮਾ ਹੋਇਆ। ਤਿੰਨ ਧਿਰਾਂ : ਮਹਾਰਾਜਾ ਰਣਜੀਤ ਸਿੰਘ, ਸ਼ਾਹ ਸ਼ੁਜਾਹ ਤੇ ਅੰਗਰੇਜ਼ੀ ਸਰਕਾਰ ਹਿੰਦ)। ਇਸ ਅਹਿਦਨਾਮੇ ਰਾਹੀਂ ਤਿੰਨ ਧਿਰਾਂ ਨੇ ਆਪਸ ਵਿਚ ਮਿੱਤਰ ਰਹਿਣ ਦਾ ਪ੍ਰਣ ਕੀਤਾ। ਸ਼ਾਹ ਸ਼ੁਜਾਹ ਨੇ ਕਸ਼ਮੀਰ, ਪਿਸ਼ਾਵਰ,



Sri Satguru Jagjit Singh Ji eLibrary NamdhariElibrary@gmail.com

ਡੇਹਰਾਜਾਤ, ਮਿਠਨਕੋਟ, ਮੁਲਤਾਨ, ਮਾਨਕੇਰਾ ਆਦਿ (ਖ਼ੈਬਰ ਤੋਂ ਚੜ੍ਹਦੇ ਪਾਸੇ ਦਾ ਸਾਰਾ ਇਲਾਕਾ ਜੋ ਮਹਾਰਾਜੇ ਨੇ ਫ਼ਤਹਿ ਕਰ ਲਿਆ ਸੀ।) ਦੇ ਹਰ ਤਰ੍ਹਾਂ ਦੇ ਰਾਜਸੀ ਹੱਕ ਮਹਾਰਾਜੇ ਵਾਸਤੇ ਤਿਆਗ ਦਿੱਤੇ। ਉਹਨੇ ਹਰ ਸਾਲ ਮਹਾਰਾਜੇ ਨੂੰ ਨਜ਼ਰਾਨੇ ਪੇਸ਼ ਕਰਨ ਦਾ ਇਕਰਾਰ ਕੀਤਾ। ਸਿੰਧ ਦੇ ਅਮੀਰਾਂ ਨੂੰ ਉਹਨੇ ਅੰਗਰੇਜ਼ੋਂ ਨੂੰ ਸੌਂਪ ਦਿੱਤਾ। ਉਹਨੇ ਇਹ ਵੀ ਮੰਨ ਲਿਆ ਕਿ ਸਿੱਖਾਂ ਤੇ ਅੰਗਰੇਜ਼ਾਂ ਤੋਂ ਬਿਨਾਂ ਹੋਰ ਕਿਸੇ ਬਾਹਰ ਦੀ ਤਾਕਤ ਨਾਲ ਕੋਈ ਸੰਬੰਧ ਨਹੀਂ ਰਖੇਗਾ।[1]

ਮਹਾਰਾਜੇ ਨਾਲ ਇਹ ਅਹਿਦਨਾਮਾ ਪੱਕਾ ਕਰਕੇ ਅੰਗਰੇਜ਼ੀ ਮਿਸ਼ਨ ੧੩ ਜੁਲਾਈ ਨੂੰ ਲਾਹੌਰੋਂ ਤੁਰਿਆ। ਲੁਧਿਆਣੇ ਸ਼ਾਹ ਸ਼ੁਜਾਹ ਨੇ ਇਸ ਉੱਤੇ ਦਸਤਖ਼ਤ ਕੀਤੇ ਤੇ ਸ਼ਿਮਲੇ ੨੩ ਜੁਲਾਈ ਨੂੰ ਗਵਰਨਰ-ਜੈਨਰਲ ਆਕਲੈਂਡ ਨੇ। ਹੁਣ ਸ਼ਾਹ ਸ਼ੁਜਾਹ ਨੂੰ ਕਾਬਲ ਦੇ ਤਖ਼ਤ ਉੱਤੇ ਬਿਠਾਉਣ ਦੀ ਤਿਆਰੀ ਹੋਣ ਲੱਗੀ।

**ਦਲੀਪ ਸਿੰਘ ਦਾ ਜਨਮ**

੪ ਸਤੰਬਰ, ੧੮੩੮ ਈਸਵੀ ਨੂੰ ਮਹਾਰਾਣੀ ਜਿੰਦ ਕੌਰ ਦੀ ਕੁੱਖੋਂ ਸ਼ਹਿਜ਼ਾਦਾ ਦਲੀਪ ਸਿੰਘ[2] ਦਾ ਜਨਮ ਹੋਇਆ। ਇਹ ਮਹਾਰਾਜਾ ਦੀ ਸਭ ਤੋਂ ਛੇਕੜਲੀ ਔਲਾਦ ਸੀ। ਲਾਹੌਰ ਵਿਚ ਕਈ ਦਿਨ ਖ਼ੁਸ਼ੀਆਂ ਮਨਾਈਆਂ ਗਈਆਂ ਤੇ ਗ਼ਰੀਬਾਂ ਨੂੰ ਹਜ਼ਾਰਾਂ ਰੁਪਏ ਦਾਨ ਦਿੱਤਾ ਗਿਆ।

**ਫਿਰੋਜ਼ਪੁਰ ਦੀ ਮੁਲਾਕਾਤ**

ਕਾਬਲ ਉੱਤੇ ਚੜ੍ਹਾਈ ਕਰਨ ਬਦਲੇ ਨਵੰਬਰ, ੧੮੩੮ ਈਸਵੀ ਨੂੰ ਅੰਗਰੇਜ਼ੀ ਫ਼ੌਜ ਫ਼ਿਰੋਜ਼ਪੁਰ ਇਕੱਠੀ ਹੋਈ। ੩੦ ਨਵੰਬਰ ਨੂੰ ਫ਼ਿਰੋਜ਼ਪੁਰ ਵਿਚ ਮਹਾਰਾਜੇ ਤੇ ਗਵਰਨਰ-ਜੈਨਰਲ ਆਕਲੈਂਡ ਦੀ ਮੁਲਾਕਾਤ ਹੋਈ। ਮਹਾਰਾਜੇ ਨੇ ਅੰਗਰੇਜ਼ੀ ਫ਼ੌਜ ਲਈ ਆਪਣੇ ਮੁਲਕ ਵਿਚ ਦੀ ਰਾਹ ਦੇਣਾ ਨਾ ਮੰਨਿਆ।

**ਸ਼ੁਜਾਹ ਦੀ ਕੰਧਾਰ 'ਤੇ ਚੜ੍ਹਾਈ**

੧੫ ਹਜ਼ਾਰ ਅੰਗਰੇਜ਼ੀ ਫ਼ੌਜ ਤੇ ਬਹੁਤ ਸਾਰੀ ਸ਼ਾਹ ਸ਼ੁਜਾਹ ਦੀ ਤਿਆਰ ਕੀਤੀ ਹਿੰਦੁਸਤਾਨੀ ਫ਼ੌਜ ਦਸੰਬਰ ਵਿਚ ਫ਼ਿਰੋਜ਼ਪੁਰੋਂ ਤੁਰੀ। ਇਹ ਫ਼ੌਜ ਬਹਾਵਲਪੁਰ, ਸ਼ਕਾਰਪੁਰ, (ਸਿੰਧ) ਕੋਇਟਾ ਦੇ ਰਾਹ ਦੱਰਾ ਬੋਲਾਨ ਥਾਣੀ ਲੰਘ ਕੇ ਕੰਧਾਰ ਉੱਤੇ ਜਾ ਪਈ। ਜਨਵਰੀ, ੧੮੩੯ ਈਸਵੀ ਨੂੰ ਸਿੱਖ ਫ਼ੌਜ ਲਾਹੌਰੋਂ ਤੁਰੀ। ਸ਼ਾਹ ਸ਼ੁਜਾਹ ਦਾ ਸ਼ਹਿਜ਼ਾਦਾ ਤੈਮੂਰ ਤੇ ਕਪਤਾਨ ਵੇਡ ਏਸ ਫ਼ੌਜ ਨਾਲ ਗਏ। ਇਹ ਪੰਜਾਬ

**ਕੰਧਾਰ 'ਤੇ ਕਬਜ਼ਾ ਸ਼ੁਜਾਹ ਬਾਦਸ਼ਾਹ ਬਣਿਆ**

ਵਿਚ ਦੀ ਸਿੱਧੇ ਰਸਤੇ ਪਿਸ਼ਾਵਰ ਥਾਣੀ ਗਈ। ਸ਼ੁਜਾਹ ਵਾਲੀ ਫ਼ੌਜ ਨੇ ੨੫ ਅਪ੍ਰੈਲ, ੧੮੩੯ ਈਸਵੀ ਨੂੰ ਬਿਨਾਂ ਟਾਕਰੇ ਕੰਧਾਰ ਉੱਤੇ ਕਬਜ਼ਾ ਕਰ ਲਿਆ। ੮ ਮਈ ਨੂੰ ਕੰਧਾਰ ਵਿਚ, ਸ਼ਾਹ

---

1. ਪੂਰੀਆਂ ਸ਼ਰਤਾਂ ਵਾਸਤੇ ਵੇਖੋ ਕਨਿੰਘਮ, ਪੰਨਾ ੩੮੯ ਤੋਂ ੩੮੩
2. ਮਹਾਰਾਜਾ ਦਲੀਪ ਸਿੰਘ ਤੇ ਮਹਾਰਾਣੀ ਜਿੰਦ ਕੌਰ ਦਾ ਜੀਵਨ : ਦੁਖੀਏ ਮਾਂ-ਪੁੱਤ ਨਾਮੀ ਪੁਸਤਕ ਵਿਚ ਵਿਸਥਾਰ ਨਾਲ ਲਿਖਿਆ ਗਿਆ ਹੈ।



Sri Satguru Jagjit Singh Ji eLibrary NamdhariElibrary@gmail.com

**ਕਾਬਲ ਫ਼ਤਹਿ**

ਸ਼ੁਜਾਹ ਨੂੰ ਤਖ਼ਤ 'ਤੇ ਬਿਠਾ ਕੇ ਅਫ਼ਗਾਨਿਸਤਾਨ ਦਾ ਬਾਦਸ਼ਾਹ ਹੋਣ ਦਾ ਐਲਾਨ ਕੀਤਾ ਗਿਆ। ਕੰਧਾਰ ਦੇ ਕਿਲ੍ਹੇ ਬਾਲਾ ਹਿਸਾਰ ਤੋਂ ੧੦੧ ਤੋਪਾਂ ਦੀ ਸ਼ਾਹ ਸ਼ੁਜਾਹ ਨੂੰ ਸਲਾਮੀ ਦਿੱਤੀ ਗਈ। ਉਸ ਨੂੰ ਸਰਕਾਰ ਅੰਗਰੇਜ਼ੀ ਵੱਲੋਂ ਤੋਹਫ਼ੇ ਤੇ ਅਫਸਰਾਂ ਵੱਲੋਂ ਨਜ਼ਰਾਨੇ ਦਿੱਤੇ ਗਏ। ਫਿਰ ਜੁਲਾਈ ਵਿਚ ਗ਼ਜ਼ਨੀ ਤੇ ਕਾਬਲ ਫ਼ਤਹਿ ਕੀਤੇ ਗਏ। ੮ ਅਗਸਤ, ੧੮੩੯ ਈਸਵੀ ਨੂੰ ਸ਼ਾਹ ਸ਼ੁਜਾਹ ਕਾਬਲ ਦੇ ਤਖ਼ਤ 'ਤੇ ਬੈਠਾ।[1]

**ਮਹਾਰਾਜ ਬਿਮਾਰ**

ਜਰਨੈਲ ਹਰੀ ਸਿੰਘ ਨਲਵਾ ਦੇ ਸ਼ਹੀਦ ਹੋਣ ਪਿਛੋਂ ਹਕੂਮਤ ਦਾ ਬਹੁਤਾ ਕੰਮ ਮਹਾਰਾਜੇ ਦੇ ਸਿਰ ਆ ਪਿਆ। ਇਸ ਵਾਸਤੇ ਉਹਦੀ ਅਰੋਗਤਾ ਨਾਸ ਹੋ ਗਈ। ਜਦ ਮਈ ਵਿਚ ਉਹਨੂੰ ਕੰਧਾਰ ਦੇ ਫ਼ਤਹਿ ਹੋਣ ਦੀ ਖ਼ਬਰ ਮਿਲੀ ਤਾਂ ਉਹ ਉਸ ਵੇਲੇ ਅਧਰੰਗ ਨਾਲ ਬਿਮਾਰ ਪਿਆ ਸੀ। ਅਧਰੰਗ ਤੇ ਲਕਵੇ ਦਾ ਜ਼ੋਰ ਦਿਨੋਂ ਦਿਨ ਵੱਧਦਾ ਹੀ

**ਅੰਤਮ ਦਰਬਾਰ**

ਗਿਆ। ਕੁਝ ਦਿਨ ਵਿਚੋਂ ਥੋੜਾ ਜਿਹਾ ਆਰਾਮ ਹੋਇਆ ਤਾਂ ਮਹਾਰਾਜੇ ਨੇ ਹਜ਼ੂਰੀ ਬਾਗ਼ ਵਿਚ ਸ਼ਾਹੀ ਦਰਬਾਰ ਕੀਤਾ। ਇਹ ਸ਼ੇਰੇ-ਪੰਜਾਬ ਦਾ ਅੰਤਿਮ ਦਰਬਾਰ ਸੀ। ਮਹਾਰਾਜਾ ਪਾਲਕੀ ਵਿਚ ਬਹਿ ਕੇ ਦਰਬਾਰ ਅੰਦਰ ਆਇਆ।

**ਖੜਕ ਸਿੰਘ ਨੂੰ ਰਾਜ ਤਿਲਕ**

ਸਾਰੇ ਸਰਦਾਰਾਂ, ਜਰਨੈਲਾਂ ਤੇ ਵਜ਼ੀਰਾਂ ਦੇ ਸਾਹਮਣੇ ਸ. ਖੜਕ ਸਿੰਘ ਨੂੰ ਰਾਜ-ਤਿਲਕ ਦਿੱਤਾ ਗਿਆ। ਉਸ ਦੀ ਬਾਂਹ ਰਾਜਾ ਧਿਆਨ ਸਿੰਘ ਦੇ ਹੱਥ ਵਿਚ ਫੜਾ ਕੇ ਵਫ਼ਾਦਾਰ ਰਹਿਣ ਦਾ ਪ੍ਰਣ ਲਿਆ ਗਿਆ। ਖੜਕ ਸਿੰਘ ਦੇ 'ਮਹਾਰਾਜਾ' ਤੇ ਰਾਜਾ ਧਿਆਨ ਸਿੰਘ

**ਧਿਆਨ ਸਿੰਘ ਵਜ਼ੀਰ**

ਦੇ 'ਪ੍ਰਧਾਨ ਮੰਤਰੀ' ਹੋਣ ਦਾ ਐਲਾਨ ਕੀਤਾ ਗਿਆ। ਮਹਾਰਾਜੇ ਨੇ 'ਕੋਹਿਨੂਰ' ਤੇ ਕੁਝ ਹੋਰ ਹੀਰੇ ਅੰਮ੍ਰਿਤਸਰ 'ਹਰਿਮੰਦਰ' ਸਾਹਿਬ ਦੀ ਭੇਟਾ ਕਰਨ ਵਾਸਤੇ ਮੰਗੇ, ਪਰ ਰਾਜਾ ਧਿਆਨ ਸਿੰਘ, ਜਮਾਂਦਾਰ ਖ਼ੁਸ਼ਹਾਲ ਸਿੰਘ ਤੇ ਮਿਸਰ ਬੇਲੀ ਰਾਮ ਨੇ ਹੀਰੇ ਨਾ ਦਿੱਤੇ। ਹਜ਼ਾਰਾਂ ਰੁਪਏ ਦਾਨ ਕਰਨ ਪਿਛੋਂ ਦਰਬਾਰ ਸਮਾਪਤ ਹੋਇਆ।

**ਸ਼ੇਰ-ਪੰਜਾਬ ਸੁਰਗਵਾਸ**

ਅੰਤ ਪੰਜਾਬ ਦਾ ਸ਼ੇਰ (ਸ਼ੇਰੇ-ਪੰਜਾਬ) ਮਹਾਰਾਜ ਰਣਜੀਤ ਸਿੰਘ ੫੮ ਸਾਲ, ੭ ਮਹੀਨੇ, ੨੬ ਦਿਨ ਦੀ ਉਮਰ ਭੋਗ ਕੇ ਪੂਰਨਮਾਸ਼ੀ, ਵੀਰਵਾਰ, ੧੫ ਹਾੜ੍ਹ, ੧੮੯੬ ਬਿ. (੨੭ ਜੂਨ, ੧੮੩੯ ਈਸਵੀ) ਨੂੰ ਛੇ ਘੜੀਆਂ ਸੂਰਜ ਖੜੇ ਸੁਰਗਵਾਸ ਹੋਇਆ। ਉਸ ਦਾ ਸਾਇਆ ਸਿਰ ਤੋਂ ਉਠ ਜਾਣ ਨਾਲ ਪੰਜਾਬ ਦੀ ਧਰਤੀ ਸੁੰਞੀ ਤੇ ਬਾਦਸ਼ਾਹੀ ਰੰਡੀ ਹੋ ਗਈ। ਉਸ ਤੋਂ ਮਗਰੋਂ ਪੰਜਾਬ ਉੱਤੇ ਉਹ ਦਿਨ ਨਾ ਆਏ। ਜਿਸ ਪੰਜਾਬੀ

1. ਲਤੀਫ਼, ਪੰਨੇ ੪੯੧-੨



Sri Satguru Jagjit Singh Ji eLibrary NamdhariElibrary@gmail.com

ਵਿਚ ਦੀ ਸ਼ੇਰੇ-ਪੰਜਾਬ ਨੇ ਅੰਗਰੇਜ਼ੀ ਫ਼ੌਜ ਨੂੰ ਲੰਘਣ ਨਹੀਂ ਸੀ ਦਿੱਤਾ, ਉਹਦੇ ਅੱਖੀਂ ਮੀਟਣ ਪਿਛੋਂ ਓਹਾ ਪਵਿੱਤਰ ਪੰਜਾਬ ਅੰਗਰੇਜ਼ਾਂ ਦੇ ਬੂਟਾਂ ਥੱਲੇ ਲਤਾੜਿਆ ਗਿਆ। ਸਦੀਆਂ ਪਿਛੋਂ ੧੫ ਅਗਸਤ, ੧੯੪੭ ਈਸਵੀ ਨੂੰ ਹਿੰਦੁਸਤਾਨ ਆਜ਼ਾਦ ਵੀ ਹੋਇਆ, ਤਾਂ ਮਹਾਰਾਜਾ ਰਣਜੀਤ ਸਿੰਘ ਦੇ ਪਿਆਰੇ ਪੰਜਾਬ ਦੀ ਕੁਰਬਾਨੀ ਦੇ ਕੇ। ਸ਼ੇਰੇ ਪੰਜਾਬ ਦੇ ਦਰਬਾਰੀ ਸਰਦਾਰਾਂ ਦੀ ਔਲਾਦ ਅੱਜ ਬੇਘਰ ਹੋਈ ਬੂਹੇ ਬੂਹੇ ਭਟਕਦੀ ਫਿਰਦੀ ਹੈ।............ਪੰਜਾਬ ਦੇ ਪਿਆਰੇ ਸਪੂਤ ਮਹਾਰਾਜਾ ਰਣਜੀਤ ਸਿੰਘ! ਕੀ ਤੇਰੀ ਰੂਹ ਕਦੇ ਫਿਰ ਵੀ ਕਿਸੇ ਵਜੂਦ ਵਿਚ ਪਰਗਟ ਹੋ ਕੇ ਇਹਨਾਂ ਨਿਥਾਵਿਆਂ ਦੀ ਬਾਂਹ ਫੜੇਗੀ ?.......

ਅਗਲੇ ਦਿਨ (੨੮ ਜੂਨ) ਮਹਾਰਾਜੇ ਦਾ ਸਸਕਾਰ ਗੁਰਦੁਆਰਾ ਡੇਹਰਾ ਸਾਹਿਬ ਦੇ ਨੇੜੇ ਕੀਤਾ ਗਿਆ। ਉਸ ਦੀਆਂ ਯਾਰਾਂ ਰਾਣੀਆਂ ਨਾਲ ਸਤੀ ਹੋਈਆਂ। ਉਸ ਦੇ ਜੇਠੇ ਪੁੱਤਰ ਮਹਾਰਾਜਾ ਖੜਕ ਸਿੰਘ ਨੇ ਲੰਬੂ ਲਾਇਆ। ਉਸ ਵੇਲੇ ੨੨ ਲੱਖ ਰੁਪਏ ਨਕਦ ਤੇ ੨੫ ਲੱਖ ਦਾ ਸਾਮਾਨ ਗ਼ਰੀਬਾਂ ਵਿਚ ਵੰਡਿਆ ਗਿਆ। ਇਸ ਤਰ੍ਹਾਂ ਉਹ ਮਰਦਿ-ਮੈਦਾਨ—ਕਦੇ ਨਾ ਭੁੱਲਣ ਵਾਲਾ ਨਾਮ ਇਤਿਹਾਸ ਦੇ ਪਤਰਿਆਂ 'ਤੇ ਛੱਡ ਕੇ—ਏਸ ਦੁਨੀਆਂ ਤੋਂ ਗੁਜ਼ਰ ਗਿਆ।[1]

1. ਏਸ ਤੋਂ ਪਿਛੋਂ ਸਿੱਖ ਰਾਜ ਦਾ ਕੀ ਹਾਲ ਹੋਇਆ, ਪੜ੍ਹਨ ਵਾਸਤੇ ਵੇਖੋ 'ਸਿੱਖ ਰਾਜ ਕਿਵੇਂ ਗਿਆ ?'



Sri Satguru Jagjit Singh Ji eLibrary NamdhariElibrary@gmail.com

## ਅੰਤਕਾ ਨੰ: ੧

# ਮਹਾਰਾਜੇ ਦੀ ਸ਼ਖ਼ਸੀਅਤ, ਫ਼ੌਜ ਤੇ ਆਮਦਨ

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਵੇਖਣ ਵਾਲਿਆਂ ਨੇ ਉਸ ਬਾਰੇ ਬੜੀ ਉੱਚੀ ਰਾਏ ਪ੍ਰਗਟ ਕੀਤੀ ਹੈ। ਅਸੀਂ ਕੇਵਲ ਦੋ ਸੱਜਣਾਂ ਦੇ ਸ਼ਬਦ ਦੁਹਰਾਉਂਦੇ ਹਾਂ :—

ਮੈਕਗ੍ਰੇਗਰ ਲਿਖਦਾ ਹੈ, "ਮਹਾਰਾਜਾ ਰਣਜੀਤ ਸਿੰਘ ਦਾ ਕੱਦ ਮਧਰਾ, ਚਿਹਰੇ 'ਤੇ ਚੀਚਕ ਦੇ ਦਾਗ਼ ਤੇ ਅੱਖ ਚੀਚਕ ਨਾਲ ਮਾਰੀ ਹੋਈ ਸੀ। ਸੱਜੀ ਅੱਖ ਬੜੀ ਮੋਟੀ ਤੇ ਚਮਕਦਾਰ ਸੀ। ਉਹਦੇ ਚਿਹਰੇ ਉੱਤੇ ਨਾ ਝੱਲਿਆ ਜਾਣ ਵਾਲਾ ਰੋਹਬ ਸੀ। ਉਸ ਦੀ ਮੁਸਕ੍ਰਾਹਟ ਬੜੀ ਮੋਹਣੀ ਸੀ। ਉਸ ਦਾ ਸੰਬੋਧਨ ਕਰਨ (ਬੁਲਾਉਣ) ਦਾ ਢੰਗ ਬੜਾ ਚੰਗਾ ਸੀ। ਗੱਲਬਾਤ ਦੇ ਆਰੰਭ ਹੁੰਦਿਆਂ ਹੀ ਉਹ ਅਖ਼ੀਰ ਤੱਕ ਭਾਵ ਸਮਝ ਲੈਂਦਾ ਸੀ। ਉਹ ਬੜਾ ਫੁਰਤੀਲਾ ਤੇ ਚੰਗਾ ਘੋੜ ਸਵਾਰ ਸੀ। ਹਰ ਫ਼ੌਜੀ ਕੰਮ ਦਾ ਉਹ ਉਸਤਾਦ ਸੀ। ਉਹ ਹਮਲੇ ਵਿਚ ਸਭ ਤੋਂ ਅੱਗੇ ਤੇ ਪਿੱਛੇ ਹਟਣ ਵਿਚ ਸਭ ਤੋਂ ਪਿੱਛੇ ਹੁੰਦਾ ਸੀ। ਉਹ ਨਹੀਂ ਸੀ ਜਾਣਦਾ, ਕਿ 'ਡਰ' ਕਿਸ ਨੂੰ ਆਖਦੇ ਹਨ। ਉਸ ਦਾ ਸਾਰਾ ਜੀਵਨ ਜੰਗ ਵਿਚ ਗੁਜ਼ਰਿਆ। ਉਹ ਘੋੜਿਆਂ ਦਾ ਆਸ਼ਕ ਸੀ। ਉਸ ਦੇ ਕੋਲ ਘੋੜੇ ਹਰ ਵੇਲੇ ਤਿਆਰ ਖੜੇ ਰਹਿੰਦੇ ਸਨ। ਉਹ 'ਕੋਹਿਨੂਰ' ਪਹਿਨਦਾ ਸੀ। ਉਹ ਲਿਬਾਸ ਆਮ ਸਾਦਾ ਰੱਖਦਾ ਸੀ। ਉਹ ਪੰਜਾਬੀਆਂ ਨਾਲ ਪੰਜਾਬੀ ਵਿਚ ਤੇ ਅੰਗਰੇਜ਼ਾਂ ਨਾਲ ਹਿੰਦੁਸਤਾਨੀ ਵਿਚ ਗੱਲਬਾਤ ਕਰਦਾ ਸੀ।........ਉਸ ਦਾ ਦਾੜ੍ਹਾ ਬੜਾ ਲੰਮਾ, ਸਫ਼ੈਦ ਤੇ ਭਰਵਾਂ ਸੀ। ਗੱਲਬਾਤ ਕਰਨ ਸਮੇਂ ਉਹ ਕੁਰਸੀ ਉੱਤੇ ਲੱਤ 'ਤੇ ਲੱਤ ਧਰ ਕੇ ਬਹਿੰਦਾ ਤੇ ਇਕ ਹੱਥ ਗੋਡੇ ਉੱਤੇ ਰੱਖ ਲੈਂਦਾ ਸੀ। ਬਹੁਤੀ ਗੱਲਬਾਤ ਉਹ ਫ਼ੌਜੀ ਵਿਸ਼ੇ ਉੱਤੇ ਕਰਦਾ ਸੀ।.........ਉਹ ਸਦਾ ਸਵੇਰੇ ਜਾਗਦਾ, ਦੋ ਘੰਟੇ ਰੋਜ਼ ਘੋੜੇ ਉੱਤੇ ਸੈਰ ਕਰਦਾ, ਅੱਠ ਤੋਂ ਬਾਰਾਂ ਵਜੇ ਤੱਕ ਦਰਬਾਰ ਕਰਦਾ, ਨੀਯਤ ਸਮੇਂ ਸਿਰ ਖਾਣਾ ਖਾਂਦਾ, ਦੁਪਹਿਰੇ ਕੁਝ ਚਿਰ ਸੌਂਦਾ, ਲੌਢੇ ਵੇਲੇ ਬਾਗ਼ ਵਿਚ ਟਹਿਲਦਾ, ਫਿਰ 'ਗੁਰੂ ਗ੍ਰੰਥ' ਸਾਹਿਬ ਦਾ ਪਾਠ ਸੁਣਦਾ, ਦਰਬਾਰ ਕਰਦਾ ਤੇ ਸ਼ਾਮ ਨੂੰ ਫਿਰ ਘੋੜੇ ਉੱਤੇ ਸੈਰ ਕਰਨ ਜਾਂਦਾ। ਉਹ ਲੋੜ ਪਈ 'ਤੇ ਦਿਨ ਜਾਂ ਰਾਤ—ਹਰ ਵੇਲੇ—ਹਕੂਮਤ ਦਾ ਕੰਮ ਕਰਨ ਲਈ ਤਿਆਰ ਰਹਿੰਦਾ। ਲਾਹੌਰ ਉਹ ਸੁੰਮਣ ਬੁਰਜ ਵਿਚ ਰਹਿੰਦਾ ਸੀ। ਉਹ ਸਰਦਾਰਾਂ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਜਾਂਦਾ, ਤਾਂ ਵਧੀਆ ਨਸਲ ਦੇ ਕੁੱਤੇ ਤੇ ਬਾਜ਼ ਨਾਲ ਹੁੰਦੇ। ਸ਼ੇਰ ਦਾ ਸ਼ਿਕਾਰ ਤਲਵਾਰ ਨਾਲ ਕੀਤਾ ਜਾਂਦਾ, ਬੰਦੂਕ



Sri Satguru Jagjit Singh Ji eLibrary NamdhariElibrary@gmail.com

ਚਲਾਉਣ ਦੀ ਆਗਿਆ ਨਾ ਹੁੰਦੀ। ਕਈ ਸਰਦਾਰ ਇਕੱਲੇ ਹੱਥੀਂ ਸ਼ੇਰ ਮਾਰਨ ਕਰਕੇ ਤਰੱਕੀ ਪਾ ਗਏ। ਸਿੱਖ ਸੂਰ ਦਾ ਸ਼ਿਕਾਰ ਤਲਵਾਰ ਨਾਲ ਕਰਨ ਦੇ ਸ਼ੌਕੀਨ ਸਨ।.........ਮਹਾਰਾਜਾ ਪੂਰਬੀ ਜਾਂ ਪੱਛਮੀ ਬਾਦਸ਼ਾਹਾਂ ਨਾਲੋਂ ਚੰਗੀ ਤਾਕਤ ਤੇ ਕਾਬਲੀਅਤ ਦਾ ਮਾਲਕ ਸੀ।[1]"

ਸਰ ਲੈਪਲ ਗ੍ਰਿਫ਼ਨ ਲਿਖਦਾ ਹੈ, "ਮਹਾਰਾਜਾ ਰਣਜੀਤ ਸਿੰਘ ਮਧਰੇ ਕੱਦ ਦਾ ਸੀ। ਚੀਚਕ ਦੇ ਦਾਗ਼ਾਂ ਦੇ ਕਾਰਨ ਚਿਹਰਾ ਖ਼ੂਬਸੂਰਤ ਨਹੀਂ ਸੀ। ਸਿਪਾਹਗੀਰੀ ਦੇ ਹੁਨਰ ਵਿਚ ਪੂਰਾ ਉਸਤਾਦ ਸੀ। ਉਹ ਮਜ਼ਬੂਤ ਇਕਹਿਰੇ ਬਦਨ ਦਾ, ਚੁਸਤ, ਚਲਾਕ, ਬਹਾਦਰ ਤੇ ਮਿਹਨਤੀ ਆਦਮੀ ਸੀ। ਉਹ ਬੜਾ ਸ਼ਾਹਸਵਾਰ ਸੀ। ਸਾਰਾ ਦਿਨ ਘੋੜੇ ਦੀ ਕੰਡ ਉੱਤੇ ਰਹਿਣ ਕਰਕੇ ਉਹਦੇ ਚਿਹਰੇ ਉੱਤੇ ਥਕਾਵਟ ਦੇ ਚਿੰਨ੍ਹ ਪ੍ਰਗਟ ਨਹੀਂ ਸਨ ਹੁੰਦੇ। ਉਸ ਦਾ ਘੋੜਿਆਂ ਦਾ ਸ਼ੌਕ, ਇਸ਼ਕ ਦੀ ਹੱਦ ਤੱਕ ਪਹੁੰਚ ਗਿਆ ਸੀ।.........ਬੜਾ ਸ਼ੌਕੀਨ ਸ਼ਿਕਾਰੀ ਸੀ। ਤਲਵਾਰ ਚਲਾਉਣ ਦਾ ਉਹ ਉਸਤਾਦ ਸੀ।.......ਉਹ ਸਾਦਾ ਲਿਬਾਸ ਪਹਿਨਦਾ ਸੀ। ਗਹਿਣੇ ਜਾਂ ਹੀਰੇ ਸਿਰਫ਼ ਖ਼ਾਸ ਦਰਬਾਰ ਸਮੇਂ ਹੀ ਪਹਿਨਦਾ।[2]"

ਇਹ ਹੈ ਉਸ ਮਹਾਰਾਜਾ ਰਣਜੀਤ ਸਿੰਘ ਦੀ ਅੱਖਰੀ ਤਸਵੀਰ, ਜੋ ਇਕ ਛੋਟੇ ਜਿਹੇ ਸਰਦਾਰ ਦੀ ਪਦਵੀ ਤੋਂ ਉਠ ਕੇ ਇਸ ਜੀਵਨ ਵਿਚ ਸਿੱਖਾਂ ਦੀ ਖਿਲਰੀ ਹੋਈ ਤਾਕਤ ਨੂੰ ਇਕ ਬਲਵਾਨ ਕੌਮ ਵਿਚ ਬਦਲ ਗਿਆ ਤੇ ਡੇਢ ਲੱਖ ਮੁਰੱਬਾ ਮੀਲ ਵਿਚ 'ਸਿੱਖ ਰਾਜ' ਕਾਇਮ ਕਰ ਗਿਆ। ਸਾਡੀ ਰਾਏ ਹੈ ਕਿ ਜੇ ਰਣਜੀਤ ਸਿੰਘ ਨਾ ਹੁੰਦਾ ਤਾਂ ਨਾ 'ਪੰਜਾਬ' ਦੀ ਕੋਈ ਕਦਰ ਹੁੰਦੀ ਤੇ ਨਾ ਹੀ 'ਸਿੱਖ ਇਕ ਕੌਮ' ਦੀ ਹੈਸੀਅਤ ਵਿਚ ਦੁਨੀਆ ਅੰਦਰ ਪ੍ਰਸਿੱਧ ਹੁੰਦੇ।

ਮਹਾਰਾਜਾ ਰਣਜੀਤ ਸਿੰਘ ੨੮੪੯੩੦੩੨ ਰੁਪਏ ਸਾਲਾਨਾ ਆਮਦਨ ਦੀ ਬਾਦਸ਼ਾਹੀ ਤੇ ੭੨੨੦੦ ਗਿਣਤੀ ਦੀ ਬਲਵਾਨ ਫ਼ੌਜ ਛੱਡ ਕੇ ਸੁਰਗਵਾਸ ਹੋਇਆ। ੧੮੪੪ ਈਸਵੀ ਵਿਚ ਇਹੋ ਆਮਦਨ ੩੨੪੭੫੦੦੦ ਰੁਪਏ ਤੱਕ ਪੁੱਜ ਗਈ ਤੇ ਫ਼ੌਜ ਦੀ ਗਿਣਤੀ ੧੨੩੦੦੦ ਤੱਕ। ਉਸ ਵੇਲੇ ਖ਼ਾਲਸਾ ਫ਼ੌਜ ਦੁਨੀਆਂ ਭਰ ਵਿਚੋਂ ਬਲਵਾਨ ਮੰਨੀ ਜਾਂਦੀ ਸੀ। ਉਸ ਵੇਲੇ ਸਿੱਖਾਂ ਦੀਆਂ ਵੱਡੀਆਂ ਤੋਪਾਂ ਦੀ ਗਿਣਤੀ ੩੮੪ ਸੀ। ਇਸ ਤੋਂ ਵੱਖਰੀਆਂ ੪੦੦ ਛੋਟੀਆਂ ਸ਼ੁਤਰੀ ਤੋਪਾਂ ਸਨ।

---

1. ਮੈਕਗ੍ਰੇਗਰ, ਪੰਨੇ ੨੧੫ ਤੋਂ ੨੨੫
2. ਗ੍ਰਿਫ਼ਨ, ਪੰਨੇ ੬੨-੬



Sri Satguru Jagjit Singh Ji eLibrary NamdhariElibrary@gmail.com

## ਅੰਤਕਾ ਨੰ: ੨

# ਮਹਾਰਾਜੇ ਦਾ ਪਰਿਵਾਰ

ਮਹਾਰਾਜਾ ਰਣਜੀਤ ਸਿੰਘ ਦੀਆਂ ਵੀਹ ਰਾਣੀਆਂ ਸਨ, ਜਿਨ੍ਹਾਂ ਨਾਲ ਸਿੱਖ-ਮਰਯਾਦਾ ਅਨੁਸਾਰ ਆਨੰਦ ਕਾਰਜ ਕੀਤਾ ਗਿਆ ਸੀ।

੧. ਮਹਾਰਾਣੀ ਮਹਿਤਾਬ ਕੌਰ, ਸ: ਗੁਰਬਖ਼ਸ਼ ਸਿੰਘ ਕਨ੍ਹਈਆ ਤੇ ਮਾਈ ਸਦਾ ਕੌਰ ਦੀ ਪੁੱਤਰੀ ਸੀ। ਇਸ ਦਾ ਵਿਆਹ ੧੭੮੬ ਈਸਵੀ ਵਿਚ ਹੋਇਆ। ਇਸ ਦੀ ਕੁੱਖੋਂ ਮਹਾਰਾਜਾ ਸ਼ੇਰ ਸਿੰਘ ਤੇ ਕੰਵਰ ਤਾਰਾ ਸਿੰਘ (ਜੌੜੇ) ਹੋਏ। ਇਸ ਨੇ ੧੮੧੩ ਈਸਵੀ ਵਿਚ ਚਲਾਣਾ ਕੀਤਾ।

੨. ਰਾਣੀ ਰਾਜ ਕੌਰ (ਦਾਤਾਰ ਕੌਰ), ਸ: ਗਿਆਨ ਸਿੰਘ ਨਕਈ ਦੀ ਭੈਣ ਸੀ। ਇਸ ਨੂੰ ਆਮ ਮਾਈ 'ਨਕਾਇਣ' ਆਖਦੇ ਸਨ। ਇਸ ਦਾ ਵਿਆਹ ੧੭੯੮ ਈਸਵੀ ਵਿਚ ਹੋਇਆ। ੧੮੦੨ ਈਸਵੀ ਵਿਚ ਇਸ ਦੀ ਕੁੱਖੋਂ ਮਹਾਰਾਜਾ ਖੜਕ ਸਿੰਘ ਹੋਇਆ। ਇਸ ਨੇ ੧੮੧੮ ਈਸਵੀ ਵਿਚ ਚਲਾਣਾ ਕੀਤਾ।

੩. ਰਾਣੀ ਰੂਪ ਕੌਰ, ਨੰਬਰਦਾਰ ਜੈ ਸਿੰਘ, ਕੋਟ ਸੈਦ ਮਹਿਮੂਦ (ਅੰਮ੍ਰਿਤਸਰ, ਖ਼ਾਲਸਾ ਕਾਲਜ ਦੇ ਸਾਹਮਣੇ) ਦੀ ਲੜਕੀ ਸੀ। ਇਸ ਦੀ ਸ਼ਾਦੀ ੧੮੧੫ ਈਸਵੀ ਵਿਚ ਹੋਈ।

੪. ਰਾਣੀ ਲਛਮੀ, ਸ. ਦੇਸਾ ਸਿੰਘ ਸੰਧੂ, ਪਿੰਡ 'ਜੋਗਕੀ ਖ਼ਾਂ' ਜ਼ਿਲ੍ਹਾ ਗੁੱਜਰਾਂਵਾਲਾ ਦੀ ਲੜਕੀ ਸੀ। ਇਸ ਦੀ ਸ਼ਾਦੀ ੧੮੨੦ ਵਿਚ ਹੋਈ।

੫. ਰਾਣੀ ਮਹਿਤਾਬ ਦੇਵੀ (ਰਾਣੀ ਕਟੋਚਨ), ਰਾਜਾ ਸੰਸਾਰ ਚੰਦ ਕਟੋਚੀਏ ਦੀ ਲੜਕੀ ਸੀ। ੧੮੨੯ ਈਸਵੀ ਵਿਚ ਸ਼ਾਦੀ ਹੋਈ।

੬. ਰਾਣੀ ਰਾਜ ਬੰਸੁ, ਰਾਣੀ ਮਹਿਤਾਬ ਦੇਵੀ ਦੀ ਭੈਣ (ਰਾਜਾ ਸੰਸਾਰ ਚੰਦ ਦੀ ਲੜਕੀ) ਸੀ। ੧੮੨੯ ਈਸਵੀ ਵਿਚ ਸ਼ਾਦੀ ਹੋਈ।

੭. ਰਾਣੀ ਰਾਜ ਦੇਵੀ, ਮੀਆਂ ਪਦਮ ਸਿੰਘ ਦੀ ਲੜਕੀ ਸੀ।

੮. ਰਾਣੀ ਹਰਿ ਦੇਵੀ, ਅਟੱਲਗੜ੍ਹ ਜ਼ਿਲ੍ਹਾ ਗੁਰਦਾਸਪੁਰ ਦੇ ਰਾਜਪੂਤ ਚੌਧਰੀ ਰਾਮ ਸਾਲਸਰਾਏ ਦੀ ਲੜਕੀ ਸੀ।

੯. ਰਾਣੀ ਦੇਵਨੋ, ਨਗਰ ਦੇਵ ਬਟਾਲਾ (ਜੰਮੂ) ਦੇ ਚੌਧਰੀ ਦੀ ਲੜਕੀ ਸੀ।

੧੦. ਰਾਣੀ ਰਾਮ ਦੇਵੀ, ਗੁੱਜਰਾਂਵਾਲਾ ਦੇ ਸ. ਗੁਰਮੁਖ ਸਿੰਘ ਦੀ ਲੜਕੀ ਸੀ।

੧੧. ਰਾਣੀ ਦੇਵੀ, ਰਿਆਸਤ ਜੱਸਵਾਂ ਦੇ ਵਜ਼ੀਰ 'ਨਕੌਦਾ' ਦੀ ਲੜਕੀ ਸੀ।



Sri Satguru Jagjit Singh Ji eLibrary NamdhariElibrary@gmail.com

੧੨. ਰਾਣੀ ਰਤਨ ਕੌਰ, ਸ. ਸਾਹਿਬ ਸਿੰਘ ਗੁਜਰਾਤ ਦੀ ਵਿਧਵਾ ਸੀ। ਇਸ ਦੀ ਕੁੱਖੋਂ ਕੰਵਰ ਮੁਲਤਾਨਾ ਸਿੰਘ ਹੋਇਆ।

੧੩. ਰਾਣੀ ਦਇਆ ਕੌਰ ਵੀ ਸ. ਸਾਹਿਬ ਸਿੰਘ ਗੁਜਰਾਤ ਦੀ ਵਿਧਵਾ ਸੀ। ਉਸ ਦੀ ਕੁੱਖੋਂ ਕੰਵਰ ਕਸ਼ਮੀਰਾ ਸਿੰਘ ਤੇ ਕੰਵਰ ਪਸ਼ੌਰਾ ਸਿੰਘ ਹੋਏ।

੧੪. ਰਾਣੀ ਚੰਦ ਕੌਰ, ਪਿੰਡ ਚੈਨਪੁਰ, ਜ਼ਿਲ੍ਹਾ ਅੰਮ੍ਰਿਤਸਰ ਦੇ ਸ: ਜੈ ਸਿੰਘ ਦੀ ਲੜਕੀ ਸੀ।

੧੫. ਰਾਣੀ ਮਹਿਤਾਬ ਕੌਰ, ਪਿੰਡ ਮੱਲ੍ਹਾ, ਜ਼ਿਲ੍ਹਾ ਗੁਰਦਾਸਪੁਰ ਦੇ ਚੌਧਰੀ ਸੁਜਾਨ ਸਿੰਘ ਦੀ ਲੜਕੀ ਸੀ।

੧੬. ਰਾਣੀ ਸਮਾਂ ਕੌਰ, ਸ: ਸੂਬਾ ਸਿੰਘ ਮਲਵਈ ਦੀ ਲੜਕੀ ਸੀ।

੧੭. ਰਾਣੀ ਗੁਲਾਬ ਕੌਰ, ਪਿੰਡ ਜਗਦੇਉ, ਜ਼ਿਲ੍ਹਾ ਅੰਮ੍ਰਿਤਸਰ ਦੇ ਇਕ ਜ਼ਿਮੀਂਦਾਰ ਦੀ ਲੜਕੀ ਸੀ।

੧੮. ਰਾਣੀ ਮੋਰਾਂ, ਦੁਆਬਾ ਜਲੰਧਰ ਦੇ ਇਕ ਪਤਵੰਤੇ ਮੁਸਲਮਾਨ ਦੀ ਲੜਕੀ ਸੀ।

੧੯. ਰਾਣੀ ਗੁਲ ਬੇਗਮ, ਅੰਮ੍ਰਿਤਸਰ ਦੇ ਇਕ ਮੁਸਲਮਾਨ ਚੌਧਰੀ ਦੀ ਲੜਕੀ ਸੀ।

੨੦ ਮਹਾਰਾਣੀ ਜਿੰਦ ਕੌਰਾਂ, ਘੋੜਸਵਾਰ ਸ: ਮੰਨਾ ਸਿੰਘ ਔਲਖ, ਜੱਟ, ਪਿੰਡ ਚਾਹੜ, ਜ਼ਿਲ੍ਹਾ ਸਿਆਲਕੋਟ ਦੀ ਲੜਕੀ ਸੀ। ਇਸ ਦੀ ਕੁੱਖੋਂ ਮਹਾਰਾਜਾ ਦਲੀਪ ਸਿੰਘ ਪੈਦਾ ਹੋਇਆ।



Sri Satguru Jagjit Singh Ji eLibrary NamdhariElibrary@gmail.com

# ਮਹਾਰਾਜੇ ਦੀ ਔਲਾਦ

## ਮਹਾਰਾਜਾ ਰਣਜੀਤ ਸਿੰਘ ਸ਼ੇਰੇ-ਪੰਜਾਬ






Sri Satguru Jagjit Singh Ji eLibrary NamdhariElibrary@gmail.com

## ਅੰਤਕਾ ਨੰ: ੩

# ਮਹਾਰਾਜੇ ਦੇ ਅਫ਼ਸਰ (ਦੇਸੀ)

੧. ਸ. ਫ਼ਤਹਿ ਸਿੰਘ ਆਹਲੂਵਾਲੀਆ, ਰਿਆਸਤ ਕਪੂਰਥਲਾ ਦਾ ਵੱਡਾ, ਮਹਾਰਾਜੇ ਦਾ ਪੱਗਵੱਟ ਭਾਈ ਸੀ।

੨. ਸ. ਹਰੀ ਸਿੰਘ ਨਲਵਾ ਖ਼ਾਲਸਾ ਫ਼ੌਜ ਦਾ ਪ੍ਰਧਾਨ ਸੈਨਾਪਤੀ (ਕਮਾਂਡਰ-ਇਨ-ਚੀਫ਼) ਸੀ। ਇਸ ਦੀ ਜਾਗੀਰ ਤਿੰਨ ਲੱਖ, ਸਤਾਹਠ ਹਜ਼ਾਰ ਸਾਲਾਨਾ ਆਮਦਨ ਦੀ ਸੀ।

੩. ਅਕਾਲੀ ਫੂਲਾ ਸਿੰਘ ਨਿਹੰਗ, ਪੂਰਨ ਸੰਤ ਸਿਪਾਹੀ ਅਕਾਲੀ ਫ਼ੌਜ ਦਾ ਲੀਡਰ ਸੀ।

੪. ਰਾਜਾ ਧਿਆਨ ਸਿੰਘ ਡੋਗਰਾ, ਪ੍ਰਧਾਨ ਮੰਤਰੀ ਸੀ।

੫. ਰਾਜਾ ਗੁਲਾਬ ਸਿੰਘ, ਰਾਜਾ ਧਿਆਨ ਸਿੰਘ ਦਾ ਵੱਡਾ ਭਾਈ ਤੇ

੬. ਰਾਜਾ ਸੁਚੇਤ ਸਿੰਘ, ਰਾਜਾ ਧਿਆਨ ਸਿੰਘ ਦਾ ਛੋਟਾ ਭਾਈ ਸੀ। ਇਹ ਪਹਿਲਾਂ ਮਹਾਰਾਜੇ ਦੀ ਫ਼ੌਜ ਵਿਚ ਤਿੰਨ-ਤਿੰਨ ਰੁਪਏ ਮਹੀਨੇ 'ਤੇ ਭਰਤੀ ਹੋਏ ਸਨ। ਇਹ ਡੋਗਰਾ ਤ੍ਰਿਕੜੀ ਸਿੱਖ ਰਾਜ ਦੀ ਤਬਾਹੀ ਦੇ ਵੱਡੇ ਮੋਢੀ ਸਨ।

੭.—੧੧—ਸ: ਅਤਰ ਸਿੰਘ, ਸ: ਬੁੱਧ ਸਿੰਘ, ਸ: ਵਸਾਵਾ ਸਿੰਘ, ਸ: ਲਹਿਣਾ ਸਿੰਘ ਤੇ ਸ: ਅਜੀਤ ਸਿੰਘ ਸੰਧਾਵਾਲੀਏ, ਮਹਾਰਾਜੇ ਦੇ ਨਜ਼ਦੀਕੀ ਸਰਦਾਰ ਸਨ। ਪਹਿਲੇ ਚਾਰੇ ਭਰਾ (ਸ: ਅਮੀਰ ਸਿੰਘ ਦੇ ਪੁੱਤਰ ਸਨ ਤੇ ਸ: ਅਜੀਤ ਸਿੰਘ, ਸ: ਵਸਾਵਾ ਸਿੰਘ ਦਾ ਪੁੱਤਰ ਸੀ।) ਮਹਾਰਾਜੇ ਨਾਲ ਇਹਨਾਂ ਦੀ ਬੰਸਾਵਲੀ ਸ: ਬੁੱਢਾ ਸਿੰਘ ਤੋਂ ਮਿਲਦੀ ਹੈ।



Sri Satguru Jagjit Singh Ji eLibrary NamdhariElibrary@gmail.com




੧੨. ਦੀਵਾਨ ਮੁਹਕਮ ਚੰਦ, ਮਹਾਰਾਜੇ ਦੇ ਪਹਿਲੇ ਜਰਨੈਲਾਂ ਵਿਚੋਂ ਪ੍ਰਸਿੱਧ ਸੀ। ਉਸ ਨੇ ੧੮੧੪ ਵਿਚ ਚਲਾਣਾ ਕੀਤਾ।

੧੩. ਦੀਵਾਨ ਮੋਤੀ ਰਾਮ, ਦੀਵਾਨ ਮੁਹਕਮ ਚੰਦ ਦਾ ਪੁੱਤਰ ਸੀ। ਉਹ ਕਈ ਸਾਲ ਕਸ਼ਮੀਰ ਦਾ ਗਵਰਨਰ ਰਿਹਾ।

੧੪. ਦੀਵਾਨ ਰਾਮ ਦਿਆਲ, (ਮੋਤੀ ਰਾਮ ਦਾ ਪੁੱਤਰ ਤੇ ਦੀਵਾਨ ਮੁਹਕਮ ਚੰਦ ਦਾ ਪੋਤਰਾ) ਸਿੱਖ ਫ਼ੌਜ ਦਾ ਨਾਮਵਰ ਜਰਨੈਲ ਸੀ। ਇਸ ਦਾ ਭਰਾ ਕਿਰਪਾ ਰਾਮ ਵੀ ਚੰਗੇ ਅਹੁਦੇ 'ਤੇ ਸੀ।

੧੫–੧੭. ਫ਼ਕੀਰ ਅਜ਼ੀਜ਼ੁੱਦੀਨ (ਸੂਫ਼ੀ ਮੁਸਲਮਾਨ[1]) ਮਹਾਰਾਜੇ ਦਾ ਪ੍ਰਦੇਸ-ਮੰਤਰੀ (ਵਜ਼ੀਰ ਖ਼ਾਰਜੀਆ) ਸੀ। ਇਸ ਦਾ ਭਰਾ ਇਮਾਮੁੱਦੀਨ ਤੇ ਨੂਰੁੱਦੀਨ ਵੀ ਚੰਗੇ ਅਫ਼ਸਰ ਸਨ।

੧੮. ਜਮਾਂਦਾਰ ਖ਼ੁਸ਼ਹਾਲ ਸਿੰਘ, ਜ਼ਿਲ੍ਹਾ ਮੇਰਠ ਦਾ ਬ੍ਰਾਹਮਣ ਸੀ। ਇਹ ਫ਼ੌਜ ਵਿਚ ਪੰਜ ਰੁਪਏ ਮਹੀਨੇ 'ਤੇ ਭਰਤੀ ਹੋਇਆ ਤੇ 'ਡਿਉਢੀਵਾਲਾ' ਦੇ ਉੱਚੇ ਅਹੁਦੇ 'ਤੇ ਪੁੱਜਾ। ਇਸ ਦਾ ਪੁੱਤਰ ਰਾਮ ਸਿੰਘ ਤੇ ਤੇਜ ਸਿੰਘ ਪਿਛੋਂ ਪ੍ਰਸਿੱਧ ਹੋਏ।

੧੯. ਮਿਸਰ ਦੀਵਾਨ ਚੰਦ ਪ੍ਰਸਿੱਧ ਜਰਨੈਲ ਸੀ। ਮੁਲਤਾਨ ਕਸ਼ਮੀਰ ਦੀ ਫ਼ਤਹਿ ਵਿਚ ਇਸ ਨੇ ਬੜਾ ਨਾਮ ਪੈਦਾ ਕੀਤਾ।

1. ਗ੍ਰਿਫ਼ਨ, ਪੰਨਾ ੮੪



Sri Satguru Jagjit Singh Ji eLibrary NamdhariElibrary@gmail.com

੨੦. ਸ. ਦੇਸਾ ਸਿੰਘ ਮਜੀਠੀਆ, ਪ੍ਰਸਿੱਧ ਸਰਦਾਰ ਸੀ, ਜੋ ਕਈ ਸਾਲ ਕਾਂਗੜਾ ਆਦਿ ਪਹਾੜੀ ਇਲਾਕਿਆਂ ਦਾ ਗਵਰਨਰ ਰਿਹਾ।

੨੧. ਸ. ਲਹਿਣਾ ਸਿੰਘ ਮਜੀਠੀਆ, ਸ: ਦੇਸਾ ਸਿੰਘ ਦਾ ਪੁੱਤਰ ਸੀ। ਪਿਤਾ ਦੇ ਪਿਛੋਂ ਇਹ ਕਾਂਗੜੇ ਦਾ ਗਵਰਨਰ ਬਣਿਆ। ਇਹ ਇਲਮ ਨਜੂਮ ਤੇ ਸਾਇੰਸ ਵਿਚ ਉਸਤਾਦ ਸੀ।

੨੨-੨੩. ਅਤਰ ਸਿੰਘ ਤੇ ਗੁੱਜਰ ਸਿੰਘ ਦੋਵੇਂ ਸ: ਲਹਿਣਾ ਸਿੰਘ ਮਜੀਠੀਏ ਦੇ ਭਾਈ ਪ੍ਰਸਿੱਧ ਸਰਦਾਰ ਸਨ।

੨੪. ਸ: ਫ਼ਤਹਿ ਸਿੰਘ ਕਾਲਿਆਂਵਾਲਾ, ਮਹਾਰਾਜੇ ਦੇ ਪਹਿਲੇ ਸਰਦਾਰਾਂ ਵਿਚੋਂ ਸੀ। ਇਹ ਨਰਾਇਣਗੜ੍ਹ ਦੀ ਲੜਾਈ ਵਿਚ ਸ਼ਹੀਦ ਹੋਇਆ।

੨੫. ਸ: ਫਤਹਿ ਸਿੰਘ ਧਾਰੀ, ਪ੍ਰਸਿੱਧ ਫ਼ੌਜੀ ਜਰਨੈਲ ਸੀ।

੨੬. ਸ: ਅਤਰ ਸਿੰਘ ਧਾਰੀ, ਸ: ਫ਼ਤਹਿ ਸਿੰਘ ਦਾ ਪੁੱਤਰ ਸੀ, ਜੋ ਪਿਤਾ ਪਿਛੋਂ ਫ਼ੌਜ ਦਾ ਅਫ਼ਸਰ ਬਣਿਆ।

੨੭. ਸ: ਮਿੱਤ ਸਿੰਘ ਭੜਾਣੀਆ, ੧੮੧੪ ਈਸਵੀ ਵਿਚ ਮੁਹਿੰਮ ਕਸ਼ਮੀਰ ਵਿਚ ਸ਼ਹੀਦ ਹੋਇਆ।

੨੮. ਸ: ਜਵਾਲਾ ਸਿੰਘ ਭੜਾਣੀਆ, ਸ: ਮਿੱਤ ਸਿੰਘ ਦਾ ਪੁੱਤਰ ਸੀ, ਜੋ ਪਿਤਾ ਪਿਛੋਂ ਜਗੀਰ ਦਾ ਮਾਲਕ ਬਣਿਆ।

੨੯. ਸ: ਦਲ ਸਿੰਘ ਨਹੇਰਨਾ, ਸ: ਫ਼ਤਹਿ ਸਿੰਘ ਕਾਲਿਆਂ ਵਾਲੇ ਦਾ ਮੁਤਬੰਨਾ ਸੀ।

੩੦. ਸ: ਜੋਧ ਸਿੰਘ ਰਾਮਗੜ੍ਹੀਆ, ਮਿਸਲ ਰਾਮਗੜ੍ਹੀਆ ਦਾ ਸਰਦਾਰ ਸੀ ਤੇ ਮਹਾਰਾਜੇ ਦਾ ਵਫ਼ਾਦਾਰ ਅਫ਼ਸਰ।

੩੧. ਦੀਵਾਨ ਸਾਵਣ ਮੱਲ ਸੂਬਾ ਮੁਲਤਾਨ ਦਾ ਗਵਰਨਰ ਸੀ।

੩੨. ਦੀਵਾਨ ਭਵਾਨੀ ਦਾਸ ਵਜ਼ੀਰ ਮਾਲ ਸੀ।

੩੩. ਦੀਵਾਨ ਦੇਵੀ ਦਾਸ, ਦੀਵਾਨ ਭਵਾਨੀ ਦਾਸ ਦਾ ਭਾਈ ਸੀ।

੩੪. ਦੀਵਾਨ ਗੰਗਾ ਰਾਮ ਕਸ਼ਮੀਰੀ ਪੰਡਿਤ ਸੀ। ਇਸ ਨੇ ਦਫ਼ਤਰ ਆਬਕਾਰੀ ਤੇ ਦਫ਼ਤਰ ਫ਼ੌਜ ਜਾਰੀ ਕੀਤੇ ਸਨ।

੩੫. ਦੀਵਾਨ ਅਯੁੱਧਿਆ ਪ੍ਰਸਾਦ, ਦੀਵਾਨ ਗੰਗਾ ਰਾਮ ਦਾ ਲੜਕਾ ਸੀ।

੩੬. ਦੀਵਾਨ ਦੀਨਾ ਨਾਥ ਕਸ਼ਮੀਰੀ ਪੰਡਿਤ ਸੀ। ਇਸ ਨੇ ਮਿਹਨਤ ਕਰਕੇ 'ਰਾਜਾ' ਦਾ ਖ਼ਤਾਬ ਪਾਇਆ ਤੇ ਵਜ਼ੀਰ ਮਾਲ ਬਣਿਆ।

੩੭. ਮਿਸਰ ਬੇਲੀ ਰਾਮ ਵਜ਼ੀਰ ਖ਼ਜ਼ਾਨਾ ਸੀ। ਇਸ ਦੇ ਚਾਰ ਭਾਈ ਹੋਰ (ਰੂਪ ਲਾਲ, ਮੇਘਰਾਜ, ਰਾਮ ਕਿਸ਼ਨ ਤੇ ਸੁਖਰਾਜ) ਵੀ ਨੌਕਰ ਸਨ।

੩੮. ਬਖ਼ਸ਼ੀ ਭਗਤ ਰਾਮ ਬਾਕਾਇਦਾ ਫ਼ੌਜ ਦੇ ਦਫ਼ਤਰ ਦਾ ਅਫ਼ਸਰ ਸੀ।

੩੯. ਮੁਨਸ਼ੀ ਕਰਮ ਚੰਦ ਤੇ ਉਸ ਦੇ ਤਿੰਨ ਪੁੱਤਰ (ਦੀਵਾਨ ਤਾਰਾ ਚੰਦ,



Sri Satguru Jagjit Singh Ji eLibrary NamdhariElibrary@gmail.com

ਦੀਵਾਨ ਮੰਗਲਸੈਨ, ਦੀਵਾਨ ਰਤਨ ਚੰਦ) ਚੰਗੇ ਅਹੁਦਿਆਂ 'ਤੇ ਸਨ।

੪੦. ਰਾਮ ਦਿਆਲ, ਮਹਾਰਾਜਾ ਦਾ ਹਜ਼ੂਰੀ ਮੁਨਸ਼ੀ ਸੀ।

੪੧. ਇਲਾਹੀ ਬਖ਼ਸ਼, ਘੋੜਿਆਂ ਤੇ ਤੋਪਖ਼ਾਨੇ ਦਾ ਜਰਨੈਲ ਸੀ।

੪੨. ਮੀਆਂ ਗ਼ੌਂਸ ਖ਼ਾਂ, ਤੋਪਖ਼ਾਨੇ ਵਿਚ ਅਫ਼ਸਰ ਸੀ।

੪੩. ਸਰਦਾਰ ਸੁਲਤਾਨ ਮਹਿਮੂਦ, ਮੀਆਂ ਗ਼ੌਂਸ ਖ਼ਾਂ ਦਾ ਪੁੱਤਰ ਸੀ। ਪਿਤਾ ਪਿਛੋਂ ਉਸ ਦੀ ਥਾਂ ਤੋਪਖ਼ਾਨੇ ਵਿਚ ਅਫ਼ਸਰ ਨੀਯਤ ਹੋਇਆ।

੪੪. ਸ: ਹੁਕਮ ਸਿੰਘ ਅਟਾਰੀ ਵਾਲਾ, ਮਹਾਰਾਜੇ ਦੇ ਪੁਰਾਣੇ ਸਰਦਾਰਾਂ ਵਿਚੋਂ ਸੀ।

੪੫. ਸ: ਨਿਹਾਲ ਸਿੰਘ ਅਟਾਰੀ ਵਾਲਾ ਨੇ ਮਹਾਰਾਜੇ ਉੱਤੋਂ ਆਪਣਾ ਆਪ ਕੁਰਬਾਨ ਕੀਤਾ ਸੀ।

੪੬. ਸ: ਸ਼ਾਮ ਸਿੰਘ ਅਟਾਰੀ ਵਾਲਾ, ਸ: ਨਿਹਾਲ ਸਿੰਘ ਦਾ ਪੁੱਤਰ ਸੀ। ਇਹ ਸਤਲੁਜ ਯੁੱਧ ਵਿਚ ਅੰਗੇਰਜ਼ਾਂ ਨਾਲ ਲੜਦਾ ਹੋਇਆ ਸਭਰਾਵਾਂ ਦੀ ਲੜਾਈ ਅੰਦਰ ਸ਼ਹੀਦ ਹੋਇਆ।

੪੭. ਸ: ਜੈ ਸਿੰਘ ਅਟਾਰੀ ਵਾਲਾ ਬੜਾ ਦਲੇਰ ਸਰਦਾਰ ਸੀ।

੪੮. ਸ: ਚਤਰ ਸਿੰਘ ਅਟਾਰੀ ਵਾਲਾ, ਅੰਗਰੇਜ਼ਾਂ ਦੀ ਆਖ਼ਰੀ ਲੜਾਈ ਵਿਚ ਲੜਿਆ। ਏਸੇ ਦਾ ਪੁੱਤਰ ਰਾਜਾ ਸ਼ੇਰ ਸਿੰਘ ਪ੍ਰਸਿੱਧ ਹੋਇਆ।

੪੯. ਦੀਵਾਨ ਹੁਕਮਾ ਸਿੰਘ ਚਿਮਨੀ, ਚੁੰਗੀਖ਼ਾਨੇ ਦਾ ਵੱਡਾ ਅਫ਼ਸਰ ਸੀ।

੫੦. ਸ: ਕਰਮ ਸਿੰਘ ਚਾਹਲ, ਯੂਸਫ਼ਜ਼ਈ ਇਲਾਕੇ ਵਿਚ ਸ਼ਹੀਦ ਹੋਇਆ, ਤਾਂ ਉਸ ਦਾ ਪੁੱਤਰ ਗੁਰਮੁਖ ਸਿੰਘ ਜਾਗੀਰ ਤੇ ਫ਼ੌਜ ਦਾ ਮਾਲਕ ਬਣਿਆ।

੫੧. ਸ: ਜੋਧ ਸਿੰਘ ਤੇ ਉਸ ਦਾ ਪੁੱਤਰ ਅਮੀਰ ਸਿੰਘ ਸੌੜੀਆਂ ਵਾਲੇ ਨਾਮਵਰ ਸਰਦਾਰ ਤੇ ਜਾਗੀਰਦਾਰ ਸਨ।

੫੨. ਸ: ਧੰਨਾ ਸਿੰਘ ਮਲਵਈ।

੫੩. ਸ: ਜਵੰਦ ਸਿੰਘ ਮੋਕਲ।

੫੪. ਸ਼ੇਖ਼ ਅਮਾਮੁੱਦੀਨ।

੫੫. ਸ: ਅਮਰ ਸਿੰਘ ਮਜੀਠੀਆ।

੫੬. ਸ: ਮਹਿਤਾਬ ਸਿੰਘ ਜਰਨੈਲ।

੫੭. ਸ: ਮੇਵਾ ਸਿੰਘ ਜਰਨੈਲ।

੫੮. ਦੀਵਾਨ ਰਤਨ ਚੰਦ ਦਾੜ੍ਹੀਵਾਲਾ।

੫੯. ਸ: ਰਤਨ ਸਿੰਘ ਘਰਜਾਖੀਆ।

੬੦. ਸ: ਗੁਲਾਬ ਸਿੰਘ ਪਿੰਡ ਕੁਤਬਾ।

੬੧. ਭਾਈ ਰਾਮ ਸਿੰਘ।



Sri Satguru Jagjit Singh Ji eLibrary NamdhariElibrary@gmail.com

ਇਹਨਾਂ ਤੋਂ ਇਲਾਵਾ ਹੋਰ ਵੀ ਕਈ ਫ਼ੌਜੀ ਸਰਦਾਰ ਸਨ।

ਬਦੇਸ਼ੀ ਅਫ਼ਸਰ ਬਹੁਤ ਸਾਰੇ (੪੨?) ਸਨ, ਜਿਨ੍ਹਾਂ ਵਿਚੋਂ ਪ੍ਰਸਿੱਧ ਇਹ ਹਨ :–

੧. ਵੰਤੂਰਾ, ਇਟਲੀ ਦਾ, ਪੈਦਲ ਫ਼ੌਜ ਦਾ ਅਫ਼ਸਰ।

੨. ਅਲਾਰਡ, ਫ਼ਰਾਂਸ ਦਾ, ਰਸਾਲੇ ਦਾ ਅਫ਼ਸਰ।

੩. ਐਵੀਟੇਬਲ, ਇਟਲੀ ਦਾ।

੪. ਕੋਰਟ, ਫ਼ਰਾਂਸ ਦਾ, ਤੋਪਖ਼ਾਨੇ ਦਾ ਅਫ਼ਸਰ।

੫. ਡਾ: ਮਾਰਟਿਨ ਹਾਮਿਗਬਰਗਰ, ਆਸਟਰੀਆ ਦਾ (ਜਰਮਨੀ ਦਾ?)।

੬. ਹਾਰਲਨ, ਅਮਰੀਕਨ ਸੀ।

੭. ਅਲੈਗਜ਼ੈਂਡਰ ਗਾਰਡਨਰ (ਗਰਦੋਨਾ), ਅਮਰੀਕਾ ਦੇ ਰਹਿਣ ਵਾਲਾ ਤੋਪਖ਼ਾਨੇ ਦਾ ਅਫ਼ਸਰ ਸੀ।

ਕੁਝ ਅਫ਼ਸਰ ਮਹਾਰਾਜਾ ਰਣਜੀਤ ਸਿੰਘ ਦੇ ਪਿਛੋਂ ਵੀ ਭਰਤੀ ਹੋਏ। ਕੇਵਲ ਇੰਗਲੈਂਡ ਨੂੰ ਛੱਡ ਕੇ ਮਹਾਰਾਜੇ ਨੇ ਹੋਰ ਕਈ ਯੂਰਪੀ ਮੁਲਕਾਂ ਦੇ ਲਾਇਕ ਅਫ਼ਸਰ ਭਰਤੀ ਕੀਤੇ ਹੋਏ ਸਨ।



Sri Satguru Jagjit Singh Ji eLibrary NamdhariElibrary@gmail.com

## ਅੰਤਕਾ ਨੰ: ੪

# ਪ੍ਰਸਿੱਧ ਤਾਰੀਖ਼ਾਂ

ਸ: ਬੁੱਢਾ ਸਿੰਘ ਸੁਰਗਵਾਸ, ੧੭੧੮ ਈਸਵੀ।

ਮਿਸਲਾਂ ਬਣੀਆਂ, ੧੭੪੮ ਈਸਵੀ।

ਸ: ਨੌਧ ਸਿੰਘ ਸੁਰਗਵਾਸ, ੧੭੫੨ ਈਸਵੀ।

ਸ: ਚੜ੍ਹਤ ਸਿੰਘ ਦਾ ਜਨਮ, ੧੭੨੧ ਈਸਵੀ।

ਸ: ਚੜ੍ਹਤ ਸਿੰਘ ਸੁਰਗਵਾਸ, ੧੭੭੪ ਈਸਵੀ।

ਸ: ਮਹਾਂ ਸਿੰਘ ਦਾ ਜਨਮ, ੧੭੬੫ ਈਸਵੀ।

ਮਹਾਰਾਜਾ ਰਣਜੀਤ ਸਿੰਘ ਦਾ ਜਨਮ, ਦੋ ਨਵੰਬਰ, ੧੭੮੦ ਈਸਵੀ।

ਸ: ਗੁਰਬਖਸ਼ ਸਿੰਘ ਕਨ੍ਹਈਆ ਸੁਰਗਵਾਸ, ੧੭੮੪ ਈਸਵੀ।

ਸ਼ੇਰੇ-ਪੰਜਾਬ ਦੀ ਮਹਿਤਾਬ ਕੌਰ (ਸਦਾ ਕੌਰ ਦੀ ਲੜਕੀ) ਨਾਲ ਮੰਗਣੀ, ੧੭੮੫ ਈਸਵੀ ਤੇ ਵਿਆਹ ੧੭੮੬ ਈਸਵੀ।

ਸ: ਮਹਾਂ ਸਿੰਘ ਸੁਰਗਵਾਸ, ੧੭੯੨ ਈਸਵੀ।

ਸ਼ਾਹ ਤੈਮੂਰ ਮਰਿਆ ਤੇ ਸ਼ਾਹ ਜ਼ਮਾਨ ਕਾਬਲ ਦੇ ਤਖ਼ਤ 'ਤੇ ਬੈਠਾ, ੧੮ ਮਈ, ੧੭੯੩ ਈਸਵੀ।

ਸ਼ਾਹ ਜ਼ਮਾਨ ਦਾ ਪਹਿਲਾ ਹਮਲਾ, ਦਸੰਬਰ, ੧੭੯੩ ਈਸਵੀ।

ਸ਼ਾਹ ਜ਼ਮਾਨ ਦਾ ਦੂਜਾ ਹਮਲਾ, ਨਵੰਬਰ-ਦਸੰਬਰ, ੧੭੯੫ ਈਸਵੀ।

ਸ਼ਾਹ ਜ਼ਮਾਨ ਦਾ ਤੀਜਾ ਹਮਲਾ, ਨਵੰਬਰ, ੧੭੯੬ ਈਸਵੀ ਤੋਂ ਫ਼ਰਵਰੀ, ੧੭੯੭ ਈਸਵੀ।

ਸ਼ਾਹ ਜ਼ਮਾਨ ਦਾ ਚੌਥਾ ਹਮਲਾ, ਅਕਤੂਬਰ, ੧੭੯੮ ਈਸਵੀ ਤੋਂ ਜਨਵਰੀ, ੧੭੯੯ ਈਸਵੀ।

ਰਣਜੀਤ ਸਿੰਘ ਦਾ ਲਾਹੌਰ 'ਤੇ ਕਬਜ਼ਾ, ੬ ਜੁਲਾਈ, ੧੭੯੯ ਈਸਵੀ।

ਭਸੀਨ ਦੀ ਲੜਾਈ, ੧੮੦੦ ਈਸਵੀ।

'ਮਹਾਰਾਜਾ' ਲਕਬ ਧਾਰਨ ਕੀਤਾ, ੧੨ ਅਪ੍ਰੈਲ, ੧੮੦੧ ਈਸਵੀ (ਵਿਸਾਖੀ, ੧੮੫੮ ਬਿਕਰਮੀ)।



Sri Satguru Jagjit Singh Ji eLibrary NamdhariElibrary@gmail.com

ਕਸੂਰ 'ਤੇ ਪਹਿਲਾ ਹਮਲਾ, ੧੮੦੧ ਈਸਵੀ ਦੇ ਅਖ਼ੀਰ ਵਿਚ।

ਸ਼ਹਿਜ਼ਾਦਾ ਖੜਕ ਸਿੰਘ ਦਾ ਜਨਮ, ੧੮੦੨ ਈਸਵੀ (ਫੱਗਣ ਸੁਦੀ ਸੱਤ, ੧੮੫੯ ਬਿਕਰਮੀ)।

ਕਸੂਰ 'ਤੇ ਦੂਜਾ ਹਮਲਾ, ੧੮੦੨ ਈਸਵੀ।

ਮੁਲਤਾਨ 'ਤੇ ਪਹਿਲਾ ਹਮਲਾ, ੧੮੦੩ ਈਸਵੀ।

ਅੰਮ੍ਰਿਤਸਰ 'ਤੇ ਕਬਜ਼ਾ, ਮਾਰਚ, ੧੮੦੪ ਈਸਵੀ।

ਝੰਗ 'ਤੇ ਪਹਿਲਾ ਹਮਲਾ, ੧੮੦੪-੫ ਈਸਵੀ।

ਮੁਲਤਾਨ 'ਤੇ ਦੂਜਾ ਹਮਲਾ, ੧੮੦੫ ਈਸਵੀ।

ਮਹਾਰਾਜਾ ਰਣਜੀਤ ਸਿੰਘ ਦੀ ਅੰਗਰੇਜ਼ਾਂ ਨਾਲ ਪਹਿਲੀ ਸੁਲ੍ਹਾ, ੧ ਜਨਵਰੀ, ੧੮੦੬ ਈਸਵੀ।

ਸ਼ ਸ਼ੇਰ ਸਿੰਘ ਦਾ ਜਨਮ, ੧੮੦੭ ਈਸਵੀ।

ਕਸੂਰ ਫ਼ਤਹਿ, ਕਬਜ਼ਾ, ਮਾਰਚ, ੧੮੦੭ ਈਸਵੀ।

ਮੁਲਤਾਨ ਉੱਤੇ ਤੀਜਾ ਹਮਲਾ, ੧੮੦੭ ਈਸਵੀ।

ਸ਼ੇਖ਼ੂਪੁਰਾ ਫ਼ਤਹਿ ਕਰਕੇ ਸ਼ ਖੜਕ ਸਿੰਘ ਨੂੰ ਜਾਗੀਰ, ਜਨਵਰੀ, ੧੮੦੮ ਈਸਵੀ।

ਮਹਾਰਾਜੇ ਤੇ ਅੰਗਰੇਜ਼ਾਂ ਵਿਚ ਦੋਸਤੀ ਤੇ ਸਰਹੱਦਾਂ ਦਾ ਅਹਿਦਨਾਮਾ, ੨੫ ਅਪ੍ਰੈਲ, ੧੮੦੯ ਈਸਵੀ।

ਕਿਲ੍ਹਾ ਕਾਂਗੜੇ 'ਤੇ ਕਬਜ਼ਾ, ੨੪ ਅਗਸਤ, ੧੮੦੯ ਈਸਵੀ।

ਗੁਜਰਾਤ ਉੱਤੇ ਕਬਜ਼ਾ, ਜਨਵਰੀ, ੧੮੧੦ ਈਸਵੀ।

ਖ਼ੁਸ਼ਾਬ ਉੱਤੇ ਕਬਜ਼ਾ, ਜਨਵਰੀ, ੧੮੧੦ ਈਸਵੀ।

ਸਾਹੀਵਾਲ ਉੱਤੇ ਕਬਜ਼ਾ, ੧੦ ਫਰਵਰੀ, ੧੮੧੦ ਈਸਵੀ।

ਮੁਲਤਾਨ ਉੱਤੇ ਚੌਥਾ ਹਮਲਾ, ਫ਼ਰਵਰੀ-ਅਪ੍ਰੈਲ, ੧੮੧੦ ਈਸਵੀ।

ਵਜ਼ੀਰਾਬਾਦ ਜ਼ਬਤ, ਜੂਨ, ੧੮੧੦ ਈਸਵੀ।

ਡਸਕੇ ਉੱਤੇ ਕਬਜ਼ਾ, ਨਵੰਬਰ, ੧੮੧੦ ਈਸਵੀ।

ਨਕਈ ਮਿਸਲ ਦਾ ਇਲਾਕਾ ਜ਼ਬਤ, ੧੮੧੧ ਈਸਵੀ।

ਸਿੰਘਪੁਰੀਆ ਮਿਸਲ ਦੇ ਸ: ਬੁੱਧ ਸਿੰਘ ਦੇ ਇਲਾਕੇ (ਜਲੰਧਰ ਤੇ ਪੱਟੀ) ਜ਼ਬਤ, ੧੮੧੧ ਈਸਵੀ।

ਸ: ਨਿਧਾਨ ਸਿੰਘ ਕਨ੍ਹਈਆ ਦਾ ਇਲਾਕਾ ਜ਼ਬਤ, ੧੮੧੧ ਈਸਵੀ।



Sri Satguru Jagjit Singh Ji eLibrary NamdhariElibrary@gmail.com

ਸ਼: ਖੜਕ ਸਿੰਘ ਦਾ ਵਿਆਹ, ੬ ਫ਼ਰਵਰੀ, ੧੮੧੨ ਈਸਵੀ।

ਕਿਲ੍ਹਾ ਅਟਕ ਉੱਤੇ ਕਬਜ਼ਾ, ੧੮੧੩ ਈਸਵੀ।

ਸ਼ਾਹ ਸ਼ੁਜਾਹ ਤੋਂ 'ਕੋਹਿਨੂਰ' ਹੀਰਾ ਲਿਆ, ਪਹਿਲੀ ਜੂਨ, ੧੮੧੩ ਈਸਵੀ।

ਹਜ਼ਰੋ ਦੀ ਲੜਾਈ, ੧੨-੧੩ ਜੁਲਾਈ, ੧੮੧੩ ਈਸਵੀ।

ਮੁਹਿੰਮ ਕਸ਼ਮੀਰ, ਜੂਨ-ਅਗਸਤ, ੧੮੧੪ ਈਸਵੀ।

ਸ: ਜੋਧ ਸਿੰਘ ਰਾਮਗੜ੍ਹੀਆ ਸੁਰਗਵਾਸ ਤੇ ਇਲਾਕਾ ਜ਼ਬਤ, ਸਤੰਬਰ, ੧੮੧੫ ਈਸਵੀ।

ਮੁਲਤਾਨ ਉੱਤੇ ਪੰਜਵਾਂ ਹਮਲਾ, ਅਪ੍ਰੈਲ, ੧੮੧੬ ਈਸਵੀ।

ਝੰਗ ਜ਼ਬਤ, ਮਈ, ੧੮੧੬ ਈਸਵੀ।

ਸ: ਖੜਕ ਸਿੰਘ ਨੂੰ ਰਾਜ ਤਿਲਕ, ਅਕਤੂਬਰ, ੧੮੧੬ ਈਸਵੀ।

ਧਿਆਨ ਸਿੰਘ ਡੋਗਰਾ ਡਿਉਢੀਵਾਲਾ ਬਣਿਆ, ੧੮੧੭ ਈਸਵੀ।

ਕਿਲ੍ਹਾ ਮੁਲਤਾਨ ਫ਼ਤਹਿ, ਮੁਜ਼ੱਫਰ ਖ਼ਾਂ ਕਤਲ, ਦੋ ਜੂਨ, ੧੮੧੮ ਈਸਵੀ।

ਪਿਸ਼ਾਵਰ ਉੱਤੇ ਪਹਿਲੀ ਵਾਰ ਕਬਜ਼ਾ, ੨੦ ਨਵੰਬਰ, ੧੮੧੮ ਈਸਵੀ।

ਕਸ਼ਮੀਰ ਫ਼ਤਹਿ, ਸ੍ਰੀਨਗਰ 'ਤੇ ਕਬਜ਼ਾ, ੪ ਜੁਲਾਈ, ੧੮੧੮ ਈਸਵੀ।

ਸਾਵਣ ਮੱਲ ਦੀਵਾਨ ਮੁਲਤਾਨ ਬਣਿਆ, ੧੮੧੯ ਈਸਵੀ।

ਕੰਵਰ ਨੌਨਿਹਾਲ ਸਿੰਘ ਦਾ ਜਨਮ, ੯ ਮਾਰਚ, ੧੮੨੧ ਈਸਵੀ।

ਸਦਾ ਕੌਰ ਕੈਦ, ੧੮੨੧ ਈਸਵੀ।

ਮਾਨਕੇਰਾ ਫ਼ਤਹਿ, ਜਨਵਰੀ, ੧੮੨੨ ਈਸਵੀ।

ਨੌਸ਼ਹਿਰੇ ਦੀ ਲੜਾਈ, ਅਕਾਲੀ ਫੂਲਾ ਸਿੰਘ ਸ਼ਹੀਦ, ੧੪ ਮਾਰਚ, ੧੮੨੪ ਈਸਵੀ।

ਰਾਜਾ ਧਿਆਨ ਸਿੰਘ ਵਜ਼ੀਰ ਬਣਿਆ, ਅਪ੍ਰੈਲ ੧੮੨੮ ਈਸਵੀ।

ਸੱਯਦ ਅਹਿਮਦ ਸ਼ਾਹ ਬਰੇਲਵੀ ਕਤਲ, ਮਈ, ੧੮੩੧ ਈਸਵੀ।

ਰੋਪੜ ਮੁਲਾਕਾਤ, ੨੬-੨੭ ਅਕਤੂਬਰ, ੧੮੩੧ ਈਸਵੀ।

ਸਦਾ ਕੌਰ ਸੁਰਗਵਾਸ, ੧੮੩੨ ਈਸਵੀ।

ਪਿਸ਼ਾਵਰ 'ਤੇ ਪੂਰਨ ਕਬਜ਼ਾ, ੬ ਮਈ, ੧੮੩੪ ਈਸਵੀ।

ਲਦਾਖ਼ ਫ਼ਤਹਿ, ੧੮੩੫ ਈਸਵੀ।

ਡੇਹਰਾ ਇਸਮਾਈਲ ਖ਼ਾਂ ਜ਼ਬਤ, ੧੮੩੬ ਈਸਵੀ।

ਕੰਵਰ ਨੌਨਿਹਾਲ ਸਿੰਘ ਦਾ ਵਿਆਹ, ੮ ਮਾਰਚ, ੧੮੩੭ ਈਸਵੀ।



Sri Satguru Jagjit Singh Ji eLibrary NamdhariElibrary@gmail.com

ਜੰਗ ਜਮਰੌਦ, ਸ: ਹਰੀ ਸਿੰਘ ਨਲਵਾ ਸ਼ਹੀਦ, ੩੦ ਅਪ੍ਰੈਲ, ੧੮੩੭ ਈਸਵੀ।

ਸ: ਫ਼ਤਹਿ ਸਿੰਘ ਆਹਲੂਵਾਲੀਆ ਸੁਰਗਵਾਸ, ਅਕਤੂਬਰ, ੧੮੩੭ ਈਸਵੀ।

ਸ਼: ਦਲੀਪ ਸਿੰਘ ਦਾ ਜਨਮ, ੪ ਸਤੰਬਰ, ੧੮੩੮ ਈਸਵੀ।

ਸ਼ੇਰੇ-ਪੰਜਾਬ ਸੁਰਗਵਾਸ, ੧੫ ਹਾੜ, ੧੮੯੬ ਬਿ. (੨੭ ਜੂਨ, ੧੮੩੯ ਈਸਵੀ) ਵੀਰਵਾਰ।

ਲੁਧਿਆਣਾ
੧੪-੮-੫੦

ਸੋਹਣ ਸਿੰਘ
'ਸੀਤਲ'

---



Sri Satguru Jagjit Singh Ji eLibrary NamdhariElibrary@gmail.com



ਗਿਆਨੀ ਸੋਹਣ ਸਿੰਘ ਸੀਤਲ

ISBN-978-81-7647-246-3

ਲਾਹੌਰ ਬੁੱਕ ਸ਼ਾਪ
ਲੁਧਿਆਣਾ

Sri Satguru Jagjit Singh Ji eLibrary NamdhariElibrary@gmail.com